


ਪਾਕਿਸਤਾਨ ਵਿੱਚ ਸਿੱਖਾਂ ਦੇ ਇਤਿਹਾਸਿਕ ਪਵਿੱਤਰ ਅਸਥਾਨ

پاکستان وِچ سِکھاں دیاں تاریخی پوِتّر تھاواں

HISTORICAL SIKH SHRINES IN PAKISTAN

ਪਾਕਿਸਤਾਨ ਵਿੱਚ ਸਿੱਖਾਂ ਦੇ ਇਤਿਹਾਸਿਕ ਪਵਿੱਤਰ ਅਸਥਾਨ

پاکستان وِچ سکھاں دِیاں تواریخی 'پوترتھاواں

HISTORICAL SIKH SHRINES IN PAKISTAN





Published by:
Punjabi History Board
130/3-B-1, Township, Lahore - 54770
Phone: 042 844972

Research & Photography
Iqbal Qaisar

Gurmukhi
Jameel Ahmad Paul, Asif Raza

English Translation
Khalid Mehboob, Shafqat Tanveer Mirza, Faiz-ul Islam

Printed in Pakistan by
A & W Printers, Abbot Road, Lahore. Ph 042 630 3289

Distributors in Pakistan
Book Traders
Mian Chambers, 3-Temple Road, Lahore.
Ph: 042 636 2412, 631 2968

America & Europe
The Council of Sikh Gurdwara in Birmingham
145 Soho Road, Handsworth, Birmingham B21 9ST, U.K.
Tel: 0121 523 4144, Fax: 0121 515 4080

Price In Pakistan Rs. 2000.00
Rest of the World $ 45.00

ਪਾਕਿਸਤਾਨ ਵਿੱਚ ਸਿੱਖਾਂ ਦੇ ਇਤਿਹਾਸਿਕ ਪਵਿੱਤਰ ਅਸਥਾਨ

HISTORICAL SIKH SHRINES IN PAKISTAN

پاکستان وِچ سِکھّاں دیاں تواریخی پوِتّر تھاواں

اقبال قیصر

ਇਕਬਾਲ ਕੈਸਰ

IQBAL QAISER

پنجابی تواریخ بورڈ

ਪੰਜਾਬੀ ਤ੍ਵਾਰੀਖ਼ ਬੋਰਡ

PUNJABI HISTORY BOARD

130/3, B-1, TOWNSHIP, LAHORE 54770





Dedicated to
Baba Farid Ji
&
Guru Nanak Dev Ji

ਵੇਰਵਾ

ویروا

Contents

ਆਪਣੇ ਵੱਲੋਂ

ਮੇਰੀ ਜਾਚੇ ਤਾਰੀਖ ਲੰਘੇ ਵੇਲਿਆਂ ਦੀ ਪੈੜ ਹੈ, ਜਿਹਦਾ ਖੁਰਾ ਨੱਪ ਕੇ ਅਸੀਂ ਪਿਛਾਂਹ ਅਤੇ ਅਗਾਂਹ ਦੋ ਪਾਸੀਂ ਜਾ ਸਕਦੇ ਹਾਂ । ਸਾਡੇ ਦੇਸ ਅੰਦਰ ਅਜਿਹੇ ਬੇਅੰਤ ਖੁਰੇ ਲੱਭੇ ਹਨ, ਜਿਹਨਾਂ ਤੋਂ ਅਸੀਂ ਆਪਣੀ ਕਰੋੜਾਂ ਸਾਲ ਪੁਰਾਣੀ ਤਾਰੀਖ ਦੇ ਸਾਂਗੇ ਆਪਣੀ ਅੱਜ ਤੇ ਭਲਕ ਨਾਲ ਜੋੜ ਸਕਦੇ ਹਾਂ । ਇਹਨਾਂ ਵਿੱਚ ਅਟਕ ਤੋਂ ਮਿਲਣ ਵਾਲੀ ਮਨੁੱਖੀ ਖੋਪੜੀ, ਹੜੱਪਾ, ਮੋਹਿਨਜੋਦੜੋ, ਗੜ੍ਹ ਮਹਾਰਾਜਾ (ਬਲੋਚਿਸਤਾਨ), ਟੈਕਸਲਾ ਤੇ ਚੱਕਵਾਲ ਜਿਹੀਆਂ ਵਡਮੁੱਲੀਆਂ ਪੈੜਾਂ ਸਾਡੇ ਹੱਥ ਲੱਗ ਚੁੱਕੀਆਂ ਹਨ , ਜਿਹਨਾਂ ਦੀ ਪਰਖ ਸਾਡੀ ਵਸੇਬੀ ਅਤੇ ਰਹਿਤਲੀ ਅਮੀਰੀ ਨੂੰ ਦਰਸਾਉਂਦੀ ਹੈ । ਅਸੀਂ ਆਪਣੀ ਇਸ ਅਮੀਰੀ ਉੱਤੇ ਜਿੰਨਾ ਮਾਣ ਕਰੀਏ ਥੋੜਾ ਹੈ ।

ਸਾਡੀ ਇਸ ਧਰਤੀ ਨੂੰ ਇਹ ਵਡਿਆਈ ਹਾਸਿਲ ਹੈ ਕਿ ਇਥੇ ਪਾਣਨੀ ਨੇ ਦੁਨੀਆ ਦੀ ਸਭ ਤੋਂ ਪਹਿਲੀ ਗਰਾਮਰ ਦੀ ਕਿਤਾਬ "ਅਸ਼ਟਾਧਿਆਈ" ਲਿਖੀ । ਇੱਥੇ ਹੀ ਪਤੰਜਲੀ ਨੇ "ਮਹਾਭਾਸ਼ੀਆ" ਰਚੀ । ਦੁਨੀਆ ਦੀ ਸਭ ਤੋਂ ਪਹਿਲੀ ਕਿਤਾਬ "ਰਿਗਵੇਦ" ਏਥੇ ਹੀ ਰਚੀ ਗਈ । ਇਸੇ ਹੀ ਦੇਸ਼ ਅੰਦਰ ਅਲੈਗਜ਼ੈਂਡਰ ਦਾ ਦੁਨੀਆ ਫਤਹਿ ਕਰਨ ਦਾ ਸੁਪਨਾ ਚਕਨਾਚੂਰ ਹੋਇਆ । ਇੱਥੋਂ ਹੀ ਉਹ ਆਪਣੇ ਸਰੀਰ ਉੱਤੇ ਫੱਟ ਲੈ ਕੇ ਮੁੜਿਆ, ਜਿਹਦੇ ਨਾਲ ਉਹਦੀ ਮੌਤ ਹੋਈ । ਏਥੇ ਹੀ ਅਬੂਰਿਹਾਨ ਅਲਬੇਰੂਨੀ ਆਪਣੀ ਮਸ਼ਹੂਰ ਕਿਤਾਬ "ਕਿਤਾਬੁਲ ਅਲਹਿੰਦ" ਲਿਖੀ ।

ਇਲਮੀ ਅਤੇ ਰਿਹਤਲੀ ਤਾਰੀਖ ਦੇ ਨਾਲ ਨਾਲ ਇਸ ਧਰਤੀ ਦੀ ਇੱਕ ਮਜ਼ਬੀ ਤਾਰੀਖ ਵੀ ਹੈ । ਬਾਲਮੀਕੀ ਜੀ ਨੇ ਇਸੇ ਹੀ ਖਿੱਤੇ ਅੰਦਰ ਆਪਣੀ "ਰਮਾਇਣ" ਰਚੀ । ਪੂਰੇ ਹਿੰਦੁਸਤਾਨ ਵਿੱਚੋਂ ਸਭ ਤੋਂ ਪਹਿਲਾਂ ਇੱਥੋਂ ਹੀ ਇਸਲਾਮ ਦੇ ਝੰਡੇ ਝੁਲੇ । ਇੱਥੋਂ ਹੀ ਚਾਨਣ ਲੈ ਕੇ ਸੂਫੀਆਂ ਨੇ ਪੂਰੇ ਹਿੰਦੁਸਤਾਨ ਨੂੰ ਤੌਹੀਦ ਦੀ ਲੋ ਵਰਤਾਈ । ਇਸੇ ਲੋਅ ਦੇ ਸੁਮੇਲ ਵਿੱਚ ਸਤਿਗੁਰੂ ਸ੍ਰੀ ਗੁਰੂ ਨਾਨਕ ਦੇਵ

اپݨے ولوں

میری جاچے تاریخ لنگھے ویلیاں دی پیڑاے. جہدا کھرا نپ کے اسیں پچھانہہ اتے اگانہہ دو پاسی جا سکدے ہاں. ساڈے دیس اندر اجہے بے انت کھرے لبھے ہن جہناں توں اسیں اپݨی کروڑاں ورھے پرانی تواریخ دے سانگے اپݨی اج تے بھلک نال جوڑ سکنے آں. ایہناں وچ اٹک توں ملݨ والی منکھی کھوپڑی' ہڑپا' موہنجو داڑو' گڑھ مہاراجا (بلوچستان) ٹیکسلا تے چکوال جہیاں وڈملیاں پیڑاں ساڈے ہتھ لگ چکیاں ہن. جہناں دی پرکھ ساڈی وسیبی اتے رہتلی امیری نوں درساوندی ہے. اسیں اپݨی ایس امیری اُتے جناوی ماں کریے تھوڑا اے.

ساڈی ایس دھرتی نوں ایہ وڈیائی حاصل اے کہ ایتھے پاݨنی نے دنیا دی سبھ توں پہلی گریمر دی کتاب اشٹا دھیائی لکھی. ایتھے ای پتنجلی نے "مہابھاشیا" رچی. دنیا دی سبھ توں پہلی کتاب رِگ وید ایتھے ای رچی گئی. ایسے ای دیس اندر الیگزینڈر دا دنیا فتح کرن دا سفنا چکنا چور ہویا اتے ایتھوں ای اوہ اپنے سریر اُتے پھٹ لے کے مڑیا جہدے نال اوہدی موت ہوئی. ایتھے ای ابو ریحان البیرونی نے اپݨی مشہور کتاب "کتاب الہند" لکھی.

علمی اتے رہتلی تواریخ دے نال نال ایس دھرتی دی اک مذہبی تواریخ وی ہے. بالمیکی نے ایسے ای خطے اندر اپݨی "رامائݨ" رچی. پورے ہندستان وِچوں

PREFACE

History to me are footprints marked by time on its trail. Following these footprints we can travel both towards our future and our past. Innumerable such landmarks have been found in our motherland and we can link millions of years of our past history with our future through them. We have already discovered some major land marks like human skull found in Attock, ruins of Harappa, Moen jo Daro, Garh Maharaja•(Baluchistan), Taxila and Chakwal. The research carried on these finds highlights our richness in culture and civilization. Our pride in it should not have any bounds. Our mother land can boast that it was here that Panani compiled "Ashta Dhiyaee", the first book on grammar. It was here that Patanjili wrote "Maha Bhashia". Rig Veda, the first book of the world, was also written in this land of ours. Alexander's dream to conquer the world was smashed to smithereens in this land of ours and he was inflicted with the injuries which caused his death. Abu Rehan Alberouni wrote his renowned book "Kitab ul Hind" in this very land.

This land has a religious history along with its literary and cultural history. Balmiki wrote his "Ramain" in this part of the world. It was here that the flag of Islam was hoisted for the first time on the Indian soil. It was from here that the Soofi's got enlightenment and carried the torch of

ਜੀ ਦਾ ਜ਼ਹੂਰ ਹੋਇਆ ਤੇ ਅਲਾਮਾ ਇਕਬਾਲ ਹੋਰਾਂ ਫਰਮਾਇਆ :

ਬੁਤ ਕਦਾ ਫਿਰ ਬਆਦ ਮੁਦਤ ਕੇ ਰੋਸ਼ਨ ਹੂਆ
ਨੂਰੇ ਇਬਰਾਹਿਮ ਸੇ ਆਜ਼ਰ ਕਾ ਘਰ ਰੋਸ਼ਨ ਹੂਆ
ਫਿਰ ਉਠੀ ਆਖਿਰ ਸਦਾਅ ਤੌਹੀਦ ਕੀ ਪੰਜਾਬ ਸੇ
ਹਿੰਦ ਕੋ ਇੱਕ ਮਰਦ-ਏ-ਕਾਮਿਲ ਨੇ ਜਗਾਇਆ ਖ੍ਵਾਬ ਸੇ ।

ਗੁਰੂ ਨਾਨਕ ਦੇਵ ਜੀ ਸਿੱਖ ਪੰਥ ਦੇ ਪਹਿਲੇ ਗੁਰੂ ਹਨ । ਇਹਨਾਂ ਦਾ ਜਨਮ ਨਨਕਾਣਾ ਸਾਹਿਬ ਜ਼ਿਲਾ ਸ਼ੇਖ਼ੂਪੁਰਾ ਪਾਕਿਸਤਾਨ ਵਿੱਚ ਹੋਇਆ । ਜ਼ਿਲਾ ਨਾਰੋਵਾਲ ਤਹਿਸੀਲ ਸ਼ੱਕਰਗੜ ਵਿੱਚ ਜੋਤੀ ਜੋਤ ਸਮਾਏ । ਇਹਨਾਂ ਤੋਂ ਮਗਰੋਂ ਆਉਣ ਵਾਲੇ ਗੁਰੂਆਂ ਵਿੱਚੋਂ ਸ੍ਰੀ ਗੁਰੂ ਰਾਮਦਾਸ ਜੀ, ਸ੍ਰੀ ਗੁਰੂ ਅਰਜਨ ਦੇਵ ਜੀ, ਸ੍ਰੀ ਗੁਰੂ ਹਰਿਗੋਬਿੰਦ ਜੀ ਅਤੇ ਕਈ ਮਹਾਨ ਸਿੱਖ ਹਸਤੀਆਂ ਦੇ ਪਾਵਨ ਅਸਥਾਨ ਸਾਡੇ ਦੇਸ਼ ਦੀ ਧਰਤੀ ਉੱਤੇ ਯਾਦਗਾਰ ਵਜੋਂ ਮੌਜੂਦ ਹਨ । ਇਹ ਯਾਦਗਾਰਾਂ ਹੁਣ ਸਾਡੀ ਤਾਰੀਖ ਦਾ ਹਿੱਸਾ ਹਨ । ਮੈਂ ਇਹਨਾਂ ਯਾਦਗਾਰਾਂ ਨੂੰ ਖਿੱਲਰੇ ਹੋਏ ਤਾਰੀਖੀ ਅੱਖਰਾਂ ਵਜੋਂ ਇਸ ਕਿਤਾਬ ਅੰਦਰ ਤਾਰੀਖ ਦੇ ਵਰਕਿਆਂ ਉੱਤੇ ਇੱਕ ਥਾਂ ਇਕੱਠਾ ਕਰਨ ਦੀ ਕੋਸ਼ਿਸ਼ ਕੀਤੀ ਹੈ । ਇਸ ਕੰਮ ਵਾਸਤੇ ਮੁਢਲੀ ਜਾਣਕਾਰੀ ਭਾਈ ਕਾਹਨ ਸਿੰਘ ਜੀ ਨਾਭਾ ਹੋਰਾਂ ਦੀ ਸੋਧੀ ਕਿਤਾਬ "ਮਹਾਨਕੋਸ਼" ਤੋਂ ਲਈ ਹੈ । ਇਸ ਤੋਂ ਅੱਡ ਹੋਰ ਬਹੁਤ ਸਾਰੀਆਂ ਤਾਰੀਖੀ ਕਿਤਾਬਾਂ ਤੋਂ ਵੀ ਮਦਦ ਲਈ ਗਈ ਹੈ, ਜਿਹਨਾਂ ਦੀ ਲੜੀ ਇਸ ਕਿਤਾਬ ਦੇ ਅਖੀਰ ਉੱਤੇ ਦਿੱਤੀ ਜਾ ਰਹੀ ਹੈ ।

ਤਾਰੀਖ ਦੇ ਇਹਨਾਂ ਨਿਸ਼ਾਨਾਂ ਨੂੰ ਸਾਂਭਣ ਵਾਸਤੇ ਮੈਨੂੰ ਪੂਰੇ ਪੰਜ ਵਰ੍ਹੇ ਲੱਗ ਗਏ । ਇਸ ਕੰਮ ਲਈ ਇੰਨਾ ਚੋਖਾ ਸਮਾਂ ਲੱਗਣ ਦੀ ਵੱਡੀ ਵਜ੍ਹਾ ਇਹ ਸੀ ਕਿ ਬਹੁਤ ਸਾਰੇ ਪਿੰਡਾਂ ਅਤੇ ਗਰਾਵਾਂ ਦੇ ਨਾਂ ਬਦਲ ਚੁੱਕੇ ਹਨ । ਨਵੇਂ ਜ਼ਿਲੇ ਅਤੇ ਤਹਿਸੀਲਾਂ ਬਣ ਚੁੱਕੀਆਂ ਹਨ । ਜਿਵੇਂ ਕਿ ਜ਼ਿਲਾ ਲਾਹੌਰ ਭਾਈ ਕਾਹਨ ਸਿੰਘ ਨਾਭਾ ਜੀ ਹੋਰਾਂ ਵੇਲੇ ਇੱਕ ਬਹੁਤ ਵੱਡਾ ਜ਼ਿਲਾ ਸੀ, ਜਿਸ ਅੰਦਰ ਤਹਿਸੀਲ

سبھ توں پہلوں ایتھے ای اسلام دے جھنڈے جھولے. ایتھوں ای چانن لے کے صوفیاں نے پورے ہندستان نوں توحید دی لوء ورتائی. ایسے لوء دے سمیل ست گر نانک دیو جی دا ظہور ہویا تے علاما اقبال ہوراں فرمایا

بت کدہ پھر بعد مدت کے روشن ہوا
نور ابراہیم سے آذر کا گھر روشن ہوا
پھر اُٹھی آخر صدا توحید کی پنجاب سے
ہند کو اک مرد کامل نے جگایا خواب سے

گرو نانک دیو جی سِکھ پنتھ دے پہلے گرو ہن. ایہناں دا جنم ننکانا صاحب ضلع شیخوپورا' پاکستان وچ ہویا. ضلع نارووال تحصیل شکر گڑھ وچ جوتی جوت سمائے. ایہناں توں مگروں آون والے گرواں وچوں گرو ارجن دیو جی' گرو ہرگوبند جی' گرو رام داس جی اتے ہور کئی مہان سکھ ہستیاں دے پاون استھان پورے دیس دی دھرتی اُتے یادگار وجوں موجود ہن. ایہ یادگاراں ہُن ساڈی تاریخ دا حصّا نیں. میں ایہناں یادگاراں نوں کھلرے ہوئے تاریخی اکھراں وجوں ایس کتاب اندر تواریخ دے ورقیاں اُتے اک تھاں اکٹھا کر دِتا اے. ایس کم واسطے مُڈھلی جانکاری بھائی کاہن سنگھ جی نابھا ہوراں دی سودھی کتاب "مہان کوش" توں لئی ہے. ایس توں اڈ ہور بہت ساریاں تواریخی کتاباں توں وی مدد لئی گئی ہے. جِہناں دی لڑی ایس کتاب دے اخیر اتے دِتی جا رہی ہے.

تواریخ دے ایہناں نشاناں نُوں سانبھن واسطے مینوں پورے پنج ورھے لگ گئے. ایس کم لئی اینا چوکھا سما لگن دی وڈی وجھا ایہ سی کہ بہت سارے پنڈاں

oneness of God throughout India. Guru Nanak Dev Ji too emerged out of this flame. Allama Iqbal said:

The idol-temple was once again lit after a long time
The house of Aazar was brightened by the Abraham's light.
Once again the voice of oneness of the almighty started from the land of Punjab
A perfect man awoke the people of India from their deep slumber.
(From Iqbal's Bange Dara)

Guru Nanak Dev Ji was the first Guru of the Sikh nation. He was born at Nankana Sahib (District Sheikhupura of Pakistan) and breathed his last in Tehsil Shakar Garh of the Narowal district. Out of the Gurus that succeeded Guru Nanak Dev Ji, the holy places of Guru Ramdas Ji, Guru Arjun Dev Ji, Guru Hargobind Ji and other great Sikh personalities are lying around in our motherland as monuments of the past. These are a part of our history. I have compiled an account of these scattered monuments as the words of history in the pages of this book. Information, in the main, has been obtained from Bhai Kahn Singh Ji Nabha's famous book " Mahan Kosh". Help has also been sought from a number of other historical books listed at the end of this book.

It took me full five years to locate these milestones of history. Such a long period of time was

ਲਾਹੌਰ, ਤਹਿਸੀਲ ਕਸੂਰ ਅਤੇ ਤਹਿਸੀਲ ਚੂਣੀਆਂ ਸ਼ਾਮਲ ਸਨ । ਹੁਣ ਤਹਿਸੀਲ ਚੂਣੀਆਂ ਅਤੇ ਕਸੂਰ ਨੂੰ ਰਲਾ ਕੇ ਇੱਕ ਜ਼ਿਲਾ ਬਣਾ ਦਿੱਤਾ ਗਿਆ ਹੈ । ੧੯੪੭ ਵੇਲੇ ਜ਼ਿਲਾ ਲਾਹੌਰ ਅਤੇ ਕਸੂਰ ਦੇ ਬਹੁਤ ਸਾਰੇ ਪਿੰਡ ਭਾਰਤ ਵਿੱਚ ਚਲੇ ਗਏ । ਇਹਨਾਂ ਥਾਵਾਂ ਦਾ ਨਖੇੜਾ ਕਰਨਾ ਕਿ ਕਿਹੜਾ ਪਿੰਡ ਹੁਣ ਕਿਸ ਜ਼ਿਲੇ, ਤਹਿਸੀਲ ਅਤੇ ਦੇਸ਼ ਵਿੱਚ ਹੈ ਬਹੁਤ ਹੀ ਔਖਾ ਸੀ । ਬਹੁਤ ਸਾਰੇ ਪਿੰਡ ਹੜਾਂ ਵਿੱਚ ਰੁੜ ਗਏ, ਉਹਨਾਂ ਦੀ ਥਾਂ ਨਵੇ ਪਿੰਡ ਉਸਰ ਗਏ, ਇਹ ਸਾਰੀਆਂ ਗੱਲਾਂ ਸਮੇਂ ਨੂੰ ਖਾਂਦੀਆਂ ਰਹੀਆਂ । ਫਿਰ ਵੀ ਰੱਬ ਦਾ ਸ਼ੁਕਰ ਹੈ ਕਿ ਮੈਂ ਇਸ ਤਾਰੀਖੀ ਕੰਮ ਨੂੰ ਨੇਪਰੇ ਚਾੜ੍ਹਨ ਵਿੱਚ ਸਫਲ ਹੋਇਆ । ਇਸ ਕੰਮ ਨੂੰ ਨੇਪਰੇ ਚਾੜਨ ਵਾਸਤੇ ਮੈਨੂੰ ਘੱਟੋ ਘੱਟ ਕੋਈ ਪੱਚੀ ਤੋ ਤੀਹ ਹਜ਼ਾਰ ਕਿਲੋਮੀਟਰ ਦਾ ਪੈਂਡਾ ਕਰਨਾ ਪਿਆ ।

ਮੈਨੂੰ ਇਸ ਗੱਲ ਦੀ ਬੇਅੰਤ ਖੁਸ਼ੀ ਹੈ ਕਿ ਇਹ ਕੰਮ ਉਸ ਵੇਲੇ ਸਾਹਮਣੇ ਆ ਰਿਹਾ ਹੈ ਜਦੋ ਅਸੀਂ ਆਪਣੀ ਅਜ਼ਾਦੀ ਦੇ ੫੦ ਵਰ੍ਹੇ ਪੂਰੇ ਕਰ ਚੁੱਕੇ ਹਾਂ ਅਤੇ ਸਿੱਖ ਕੌਮ ਆਉਂਦੇ ਵਰ੍ਹੇ ਆਪਣਾ ਤਿੰਨ ਸੌ ਸਾਲਾ ਜਨਮ ਦਿਨ ਮਨਾ ਰਹੀ ਹੋਵੇਗੀ । ਮੈ ਆਪਣੀ ਕੌਮ ਵੱਲੋਂ ਸਿੱਖ ਪੰਥ ਦੀ ੩੦੦ ਸਾਲਾ ਵਰ੍ਹੇਗੰਢ ਨੂੰ ਜੀ ਆਇਆਂ ਕਹਿੰਦੇ ਹੋਏ ਇਹ ਕਿਤਾਬ ਤੋਹਫੇ ਵਜੋਂ ਪੇਸ਼ ਕਰਨ ਦਾ ਮਾਣ ਪ੍ਰਾਪਤ ਕਰਦਾ ਹਾਂ । ਇਸ ਕਿਤਾਬ ਨੂੰ ਮੈਂ ਬਾਬਾ ਫਰੀਦ ਜੀ ਅਤੇ ਸਤਿਗੁਰੂ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਨਿੱਘੀ ਵਿਚਾਰ ਮਿਤ੍ਰਤਾ ਦੇ ਨਾਂ ਅਰਪਣ ਕਰਦਾ ਹਾਂ ।

ਇਸ ਕਿਤਾਬ ਦੀ ਤਿਆਰੀ ਮੇਰੇ ਵਰਗੇ ਨਿਮਾਣੇ ਬੰਦੇ ਕੋਲੋਂ ਹੋਣੀ, ਇੱਕ ਬਹੁਤ ਹੀ ਔਖਾ ਤੇ ਨਾਂ ਹੋਣ ਵਾਲਾ ਕੰਮ ਸੀ । ਇਸ ਕੰਮ ਨੂੰ ਮੈ ਜਿਹਨਾਂ ਮਿੱਤਰਾਂ ਦੀ ਸਾਂਝ ਨਾਲ ਨੇਪਰੇ ਚਾੜ੍ਹਿਆ ਹੈ, ਮੈ ਉਹਨਾਂ ਦਾ ਬਹੁਤ ਹੀ ਧੰਨਵਾਦੀ ਹਾਂ ।

ਇਕਬਾਲ ਕੈਸਰ

اتے گراواں دے نال بدل چکے ہن. نویں ضلعے اُتے تحصیلاں بن چکیاں ہن جویں کہ لاہور ضلع بھائی کاہن سنگھ جی نابھا ہوراں ویلے اک بہُت وڈا ضلع سی جس اندر تحصیل لاہور، تحصیل قصور اتے تحصیل چونیاں شامل سن. ہُن تحصیل چونیاں اُتے قصور نُوں رلا کے اک ضلع قصور بنا دِتا گیا ہے. 1947 ویلے ضلع لاہور اتے قصور دے بہُت سارے پنڈ بھارت وچ چلے گئے. تھاواں دا نکھیڑ کرنا کِہ کہڑا پنڈ ہُن کس ضلعے، تحصیل اتے دیس وچ ہے، بہُت ای اوکھا کم سی. بہُت سارے پنڈ ہڑاں وچ رڑھ گئے. اوہناں دی تھاں نویں پنڈ اُسر گئے. ایہ ساریاں گلاں سمے نُوں کھاندیاں رہیاں. فیروی رب دا شکر اے کہ میں ایس تواریخی کم نُوں نیپرے چاڑھن وچ سپھل ہویا. ایس کم نُوں نیپرے چاڑھن واسطے مینوں گھٹو گھٹ کوئی 25 توں 30 ہزار کلو میٹر دا پینڈا کرنا پیا. ایس پینڈے نُوں آواجائی دے سارے سادھن ورت کے توڑ اپڑایا.

مینوں ایس گل دی بے انت خُشی ہے کہ ایہ کم اوس ویلے ساہمنے آ رہیا ہے جدوں اسیں اپنی آزادی دے پنجاہ ورھے پورے کر چکے ہاں اتے سکھ قوم آوندے ورھے اپنا تِن سو سالا جنم دِن منا رہی ہووے گی. میں اپنی قوم ولوں سکھ پنتھ دی تِن سو سالا ورھے گنڈھ نُوں جی آیاں کہندے ہویاں ایہ کتاب تحفے وجوں پیش کرن دا مان پراپت کردا ہاں. ایس کتاب نُوں میں بابا فرید اتے ست گُرنانک دیو جی دی نگھی وچارک مترتا دے ناں ارپن کردا ہاں.

ایس کتاب دی تیاری میرے ورگے نمانے بندے کولوں ہونی اِک بہُت ای اوکھا اتے نہ ہون والا کم سی. ایس کم نوں میں جنہاں متراں دی سانجھ نال نیپرے چاڑھیا میں اوہناں دا بہُت تھورایت ہاں.

—— اقبال قیصر

taken mainly because the names of many villages and places had been changed. New tehsils and districts have been created. For instance, Lahore was a very big district during Bhai Kahn Singh Ji's lifetime and included Tehsils of Lahore, Kasur and Chunian. Now Tehsils of Chunian and Kasur have been merged together to form Kasur District. Many villages of Kasur and Lahore went over to India. It was difficult to ascertain as to which district a particular village belonged now. Many villages had been washed in floods and new villages were built at their sites. All these details kept consuming time. I, however, thank Almighty God that I have been successful in completing this monumental work. I had to cover a distance of 25 to 30 thousand kilometers for this purpose and used all available means of transportation for this travelling.

This work is being published at a time when we have completed 50 years of our independence and the Sikh nation would be celebrating her 300th birthday in the coming year on 13th April, 1999. This makes me extremely happy and I present this work as a gift on behalf of my nation to the Sikh nation on its 300th birthday. I dedicate this book to the close ideological harmony that exists between Baba Farid and Sat Guru Nanak Dev Ji.

It was a very difficult, nay, an impossible task for an ordinary mortal like me. I am extremely grateful to the friends with whose help this task was completed.

Iqbal Qaisar

ਸ੍ਰੀ ਗੁਰੂ ਨਾਨਕ ਦੇਵ ਜੀ

ਰਾਵੀ ਅਤੇ ਝਨਾਂ ਦੇ ਵਿਚਕਾਰਲੇ ਇਲਾਕੇ ਨੂੰ ਸਾਂਦਲ ਬਾਰ ਆਖਿਆ ਜਾਂਦਾ ਹੈ । ਇਸ ਸਾਂਦੇਲ ਬਾਰ ਦਾ ਇੱਕ ਮਸ਼ਹੂਰ ਸ਼ਹਿਰ ਨਨਕਾਣਾ ਸਾਹਿਬ ਹੈ । ਇਸ ਸ਼ਹਿਰ ਨੂੰ ਇਹ ਮਾਣ ਹਾਸਿਲ ਹੈ ਕਿ ਇੱਥੇ ਸਿੱਖ ਧਰਮ ਦੇ ਅਚਾਰਯ, ਅਗਿਆਨ ਅੰਧਕਾਰ ਦੇ ਵਿਨਾਸ਼ਕ ਸੂਰੀਆ ਰੂਪ ਜਗਤ ਗੁਰੂ ਨਾਨਕ ਦੇਵ ਜੀ ਮਹਾਰਾਜ ਨੇ ਅਵਤਾਰ ਧਾਰਿਆ । ਇਸ ਸ਼ਹਿਰ ਦੇ ਦੱਖਣ ਵੱਲ ਇੱਕ ਥੇਹ ਹੈ । ਇਸ ਥੇਹ ਨੂੰ "ਧੌਲਰ" ਕਰਕੇ ਜਾਣਿਆ ਜਾਂਦਾ ਹੈ । ਧੌਲਰ ਦਾ ਅਰਥ ਹੈ "ਚਿੱਟੇ ਰਾਜ ਮੰਦਰ"ਜਿਵੇਂ ਕਿ ਗੁਰੂ ਗਰੰਥ ਸਾਹਿਬ ਅੰਦਰ ਸ਼ਸ਼ੋਭਿਤ ਹੈ ।

ਕਿਤਹੀ ਕਾਮਿ ਨ ਧਉਲਹਰ ਜਿਤੁ ਹਰਿ ਬਿਸਰਾਏ ॥ (ਸੂਹੀ ਮ: ੫)

ਇਸ ਥੇਹ ਤੋਂ ਮਿਲੇ ਕਈ ਪੱਥਰਾਂ ਉੱਪਰ ਉਕਰੀਆਂ ਮੂਰਤੀਆਂ ਤੋਂ ਪਤਾ ਚਲਦਾ ਹੈ ਕਿ ਕਈ ਸਦੀਆਂ ਪਹਿਲਾਂ ਇਹ ਇੱਕ ਪ੍ਰਤਾਪੀ ਰਾਜੇ ਦਾ ਮਹਿਲ ਸੀ । ਖਵਰੇ ਇਸੇ ਕਰਕੇ "ਧੌਲਰ" ਪ੍ਰਸਿੱਧ ਹੈ । ਇਸ ਦੇ ਪੈਰਾਂ ਵਿੱਚ "ਸੀਤਾਵਾਲਾ" ਨਾਮੀ ਖੂਹ ਹੈ । ਇਸ ਤੋਂ ਵੀ ਇਹ ਸਪੱਸ਼ਟ ਹੁੰਦਾ ਹੈ ਕਿ ਇਹ ਖੂਹ ਕਿਸੇ ਸੀਤਾ ਨਾਮੀ ਰਾਣੀ ਦੇ ਇਸ਼ਨਾਨ ਵਾਸਤੇ ਬਣਾਇਆ ਗਿਆ ਸੀ । ਉਹਨਾਂ ਸਮਿਆਂ ਵਿੱਚ ਜਦੋਂ ਪੱਥਰਾਂ ਵਿੱਚ ਉੱਕਰੀਆਂ ਹੋਈਆਂ ਮੂਰਤੀਆਂ ਨੂੰ ਬੜੀ ਮਹੱਤਤਾ ਪ੍ਰਾਪਤ ਸੀ, ਉਸ ਵੇਲੇ ਇਹ ਸ਼ਹਿਰ ਘੁੱਗ ਵਸਦਾ ਸੀ । ਫਿਰ ਪਤਾ ਨਹੀ ਕੀ ਵਾਪਰੀ ਕਿ ਇਹ ਸ਼ਹਿਰ ਮਿੱਟੀ ਦਾ ਢੇਰ ਹੋ ਗਿਆ ।

"ਬਸਤੇ ਹੋਇ, ਹੋਇ ਸੋ ਊਜਰੁ ਊਜਰੁ ਹੋਇ ਸੁ ਬਸੈ ॥"

ਪੰਦਰਵੀਂ ਸਦੀ ਈਸਵੀ ਵਿੱਚ ਇਸ ਥਾਂ ਰਾਏ ਭੋਇ ਦੀ ਤਲਵੰਡੀ ਨਾਮ ਦਾ ਇੱਕ ਛੋਟਾ ਜਿਹਾ ਨਗਰ ਸੀ । ਇਸ ਨੂੰ ਭੱਟੀ ਗੋਤ ਦੇ ਕਿਸੇ ਰਾਏ ਭੋਏ ਨਾਮੀਂ ਸੱਜਣ ਨੇ ਵਸਾਇਆ ਸੀ । ਇਸ ਦੇ ਪ੍ਰਵਾਰ ਵਿੱਚੋ ਰਾਏ ਬੁਲਾਰ ਉਸ ਵੇਲੇ ਉੱਥੇ ਦਾ ਹਾਕਿਮ ਸੀ । ਬੇਦੀ ਬੰਸ ਵਿੱਚੋ

ست گر نانک دیو جی

راوی اتے چنھاں دے وچکارلے علاقے نوں ساندل بار آکھیا جاندا اے. ایس ساندل بار دا اِک مشہور شہر ننکانا صاحب ہے. ایس شہر نوں ایہ مان حاصل ہے کہ ایتھے سکھ دھرم دے اچارے' اگیان اندھکار دے وناشک سوریہ روپ جگت گرو نانک دیو جی مہاراج نے اوتار دھاریا ایس شہر دے دکھن ول اِک تھیہ ہے. ایس تھیہ نوں "دھولر" کر کے جانیا جاندا ہے. دھولر دا ارتھ ہے. "چٹے راج مندر" جویں کہ گرو گرنتھ صاحب جی اندر درج ہے.

کتہی کام دھوؤلہر جت ہر وسرائے (سوہی محلا: 5

ایس تھیہ توں ملے کئی پتھراں اُپر اُکریاں مورتیاں توں پتا چلدا ہے کہ کئی صدیاں پہلوں ایہ کسے پرتاپی راجے دا محل سی. خورے ایسے کر کے "دھولر" پرسدھ ہے. ایس دے پیراں وچ "سیتا والا" نامی کھوہ ہے. ایس توں وی ظاہر ہوندا ہے کہ ایہ کھوہ کسے سیتا نامی رانی دے اشنان واسطے بنایا گیا سی. اوہناں سمیاں وچ جدوں پتھراں وچ اُکریاں مورتیاں نوں بڑی مہتتا پراپت سی اوس ویلے ایہ شہر گھوک وسدا سی. فیر پتا نہیں کیہ واپری کہ ایہ شہر مٹی دا ڈھیر ہو گیا.

.ستو ہوئے' ہوئے سو اجرو اجرو ہوئے سو بسے

SATGUR GURU NANAK DEV JI

The area between the river Ravi and the Chenab is known as Sandal Bar in which lies famous city of Nankana Sahib where the founder of the Sikh religion — the man who fought against the forces of darkness and ignorance — was born. He was Guru Nanak. In the south of Nankana lies a mound named as Dhaular also mentioned in the Granth Sahib.

Those mansions where the Lord is forgotten are useless. (Suhi 5)

Many of the stones recovered from the mound have carvings of the faces of religious objects of worship. Probably here was a palace (or a fort) of some Raja. There is a well known as "Sita da Khooh" in the feet of this mound. The well perhaps was specially dug for some lady Sita. It was once a prosperous town and later on deserted or devastated for reasons not known yet.

What is inhabited becomes deserted, and what is deserted becomes inhabited.

In the 15th century the modest settlement at this area was known as Talwandi Rai Bhoey. The Rai was Bhatti Rajput and Rai Bular from the same family was the ruler. A well-read person Mehta Kalyan Das (Kalu) of Bedi caste was an employee of Rai Balar. Kalu's wife was Tripta to whom was born Nanak in Visakh suddi 3rd (20th Visakh) Samvat 1526 (15th April 1469 AD) who had lighted the whole world.

(When Nanak was born there was light all over the world)

ਮਹਿਤਾ ਕਲਿਆਣ ਦਾਸ (ਕਾਲੂ) ਨਾਮ ਦਾ ਪੜ੍ਹਿਆ ਲਿਖਿਆ ਇੱਕ ਸੱਜਣ ਰਾਇ ਬੁਲਾਰ ਪਾਸ ਮੁਲਾਜ਼ਿਮ ਸੀ । ਇੱਥੇ ਹੀ ਇਸ ਮੁਲਾਜ਼ਿਮ ਦੇ ਘਰ ਵਿਸਾਖ ਸੁਦੀ ੩ (੨੦ ਵਿਸਾਖ) ਸੰਮਤ ੧੫੨੬ (੧੫ ਅਪ੍ਰੈਲ ਸੰਨ ੧੪੬੯) ਨੂੰ ਮਾਤਾ ਤ੍ਰਿਪਤਾ ਜੀ ਦੇ ਉਦਰ ਤੋਂ ਇੱਕ ਨੂਰ ਪ੍ਰਗਟਿਆ, ਜਿਸ ਨੇ ਸਾਰਾ ਜੱਗ ਰੁਸ਼ਨਾ ਦਿੱਤਾ ।

ਸਤਿਗੁਰ ਨਾਨਕ ਪ੍ਰਗਟਿਆ, ਮਿਟੀ ਧੁੰਦ ਜਗ ਚਾਨਣ ਹੋਆ ॥

ਸੰਮਤ ੧੫੩੨ ਵਿੱਚ ਗੋਪਾਲ ਪੰਡਿਤ ਪਾਸ ਹਿੰਦੀ, ਸੰਮਤ ੧੫੩੫ ਵਿੱਚ ਬ੍ਰਿਜ ਲਾਲ ਪੰਡਿਤ ਪਾਸ ਸੰਸਕ੍ਰਿਤ ਅਤੇ ਸੰਮਤ ੧੫੩੯ ਵਿੱਚ ਮੌਲਵੀ ਕੁਤਬੁਦੀਨ ਪਾਸ ਅਰਬੀ ਫਾਰਸੀ ਪੜ੍ਹਣ ਬਿਠਾਇਆ, ਪਰ ਇਹਨਾਂ ਤਿੰਨਾਂ ਉਸਤਾਦਾਂ ਨੂੰ ਆਪਣੇ ਆਤਮਿਕ ਬਲ ਨਾਲ ਸ਼ਾਗਿਰਦ ਬਣਾ ਕੇ ਸਮਝਾਇਆ ਕਿ ਵਿਦਿਆ ਦੇ ਤੱਤ ਜਾਣੇ ਬਿਨਾਂ ਪੜਿਆ ਹੋਇਆ ਵੀ ਮੂਰਖ ਹੈ । ਇਸੇ ਵਰ੍ਹੇ ਪਿਤਾ ਕਾਲੂ ਜੀ ਨੇ ਖੱਤਰੀਆਂ ਦੀ ਰੀਤ ਅਨੁਸਾਰ ਹਰਦਿਆਲ ਕੁਲ ਪ੍ਰੋਹਿਤ ਤੋਂ ਗੁਰੂ ਸਾਹਿਬ ਦੇ ਜਨੇਊ ਪਵਾਉਣ ਦਾ ਪ੍ਰਬੰਧ ਕੀਤਾ । ਜਦ ਪ੍ਰੋਹਿਤ ਨੇ ਜਨੇਊ ਲੈ ਕੇ ਮੰਤਰ ਉਪਦੇਸ਼ ਸਹਿਤ ਗੁਰੂ ਨਾਨਕ ਦੇਵ ਜੀ ਦੇ ਗਲ ਪਾਉਣਾ ਚਾਹਿਆ ਤਦ ਸਤਿਗੁਰੂ ਜੀ ਨੇ ਜਨੇਊ ਨੂੰ ਜਾਤੀ ਬੰਧਨ ਜਾਣ ਕੇ ਪਹਿਨਣ ਤੋਂ ਇਨਕਾਰ ਕਰ ਦਿੱਤਾ ਅਤੇ ਕਿਹਾ ।

"ਦਇਆ ਕਪਾਹ ਸੰਤੋਖੁ ਸੂਤੁ ਜਤੁ ਗੰਢੀ ਸਤੁ ਵਟੁ ॥
ਏਹੁ ਜਨੇਊ ਜੀਅ ਕਾ ਹਈ ਤ ਪਾਡੇ ਘਤੁ ॥"

ਆਦਿ ਸਲੋਕ ਉਚਾਰੇ ਜੋ ਆਸਾ ਦੀ ਵਾਰ ਵਿੱਚ ਸ਼ਸ਼ੋਭਿਤ ਹਨ ।

ਗੁਰੂ ਸਾਹਿਬ ਦਾ ਮਨ ਸਦਾ ਕਰਤਾਰ ਦੇ ਚਿੰਤਨ ਵਿੱਚ ਲੀਨ ਰਹਿੰਦਾ । ਆਪ ਕਾਰ ਵਿਹਾਰ ਵੱਲ ਧਿਆਨ ਨਹੀ ਦਿੰਦੇ ਸਨ, ਪਰ ਬਾਬਾ ਕਾਲੂ ਜੀ ਦੀ ਬਹੁਤ ਇੱਛਾ ਸੀ ਕਿ ਆਪ ਕਿਵੇਂ ਨਾ ਕਿਵੇਂ ਘਰ ਦੇ ਧੰਦਿਆਂ ਵਿੱਚ ਲੱਗਣ । ਉਹਨਾਂ ਅਨੇਕਾਂ ਜਤਨ ਕੀਤੇ

پندرھویں صدی عیسوی وچ ایس تھاں رائے بھوئے دی تلونڈی ناں دا اِک چھوٹا نگر سی. ایس نوں بھٹی گوت دے کے رائے بھوئے نامی سجن نے وسایا سی. ایس دے پروار وچوں رائے بلار ایس ویلے ایتھوں دا حاکم سی. بیدی بنس وچوں مہتا کلیان داس (کالو) ناں دا پڑھیا لکھیا اِک سجن ایس سے رائے بلار پاس ملازم سی. ایتھے ہی ایس ملازم دے گھر وساکھ سدی 3 (20 وساکھ) سمت 1526 (15 اپریل سن 1469) نوں ماتا ترپتا جی دے اُدر توں اک نُور پرگٹیا جس سارا جگ روشنا دتا.

ست گر نانک پرگٹیا مٹی دھند جگ چانن ہووا

سمت 1532 وچ گوپال پنڈت پاس ہندی سمت 1535 وچ برج لال پنڈت پاس سنسکرت اتے سمت 1539 وچ مولوی قطب الدین پاس عربی فارسی پڑھن بٹھائے پر ایہناں تناں اُستاداں نوں آپ نے اپنے آتمک بل نال شاگرد بنا کے سمجھایا کہ ودیا دے تت جانے بِنا پڑھیا ہویا آپجی بھی مورکھ ہے. ایسے ورھے پتا کالو جی نے کھتریاں دی ریت انوسار ہردیال کُل پروہت توں گرو صاحب دے جینو پوان دا پربندھ کیتا جد پروہت نے جنیو لے کے منتر اُپدیش ست گرو نانک دیو جی دے گل پاؤنا چاہیا تد ست گرو جی نے جنیو نوں جاتی بندھن جان کے پہنن توں انکار کر دتا اتے کہیا.

"دیا کپاہ سنتوکھ سوت جت گنڈھی ست وٹ
ایہ جنیو جیٔ کا ہئی تا پاڈے گھت"

A place emerges as a big city to be deserted and to be rehabilitated again and deserted again.

Nanak was taught Hindi by Gopal Pandit in Samvat 1532, Sanskrit by Brij Lal Pandit in Samvat 1535 and Arabic and Persian by Maulvi Qutbuddin in 1539. Nanak with his spiritual power convinced his teachers that without knowing the real object of knowledge the most knowledgeable person would be an ignorant one. According to the Khatri tradition, his father Kalu led him to the religious leader Hardayal to baptize him through Janju or Janau but Nanak refused to wear Janau the reasons being that he did not believe in caste and creed (then Hindu religion). The following is the verse which Nanak recited on the occasion. (included in Aasa di Var in the Granth Sahib)

Make compassion the cotton, contentment the thread, modesty the knot and truth the twist. This is the sacred thread of the soul; if you have it, then go ahead and put it on me.

This was the period when young Nanak was more absorbed and involved in the search of Truth or God (Kartar). He was least interested in worldly affairs and he practically disappointed his father, who tried his best to engage his young son in business. On the suggestion of Nanak's sister Bebe Nanaki Ji he was sent to sultanpur Lodhi (Samvat 1541) where the governor Daulat Khan Lodhi in Samvat 1542. appointed him as a store- keeper.

On 24th Jaith, Samvat 1544, he was married to Salukhni Ji daughter of Mool Chand Ji. They had two sons. Baba Shri Chand Ji and Baba Lakhmi Das Ji. He tried to preach his views against the oppression, division of the humanity into classes enmity and the social plight of the common man. In this mission he could approach to a very limited people and areas, therefore, he decided to embark

ਜੋ ਸਫਲ ਨਾਂ ਹੋ ਸਕੇ । ਆਖਿਰ ਬੇਬੇ ਨਾਨਕੀ ਜੀ ਦੇ ਕਹਿਣ ਉੱਤੇ ਆਪ ਜੀ ਨੂੰ ਸੁਲਤਾਨਪੁਰ ਲੋਧੀ ਭੇਜ ਦਿੱਤਾ ਗਿਆ ਤਾ ਜੋ ਸਤਿਗੁਰੂ ਜੀ ਦੀ ਸ਼ਾਤੀ ਵਿੱਚ ਵਿਘਨ ਨਾਂ ਪਏ । ਸੰਮਤ ੧੫੪੧ ਵਿੱਚ ਆਪ ਸੁਲਤਾਨਪੁਰ ਲੋਧੀ ਚਲੇ ਗਏ । ਉਥੇ ਆਪ ਨੇ ਸੰਮਤ ੧੫੪੨ ਵਿੱਚ ਉਥੋ ਦੇ ਹੁਕਮਰਾਨ ਦੌਲਤ ਖਾਨ ਲੋਧੀ ਦਾ ਮੋਦੀ ਖਾਨਾ ਸੰਭਾਲਿਆ ।

੨੪ ਜੇਠ ਸੰਮਤ ੧੫੪੪ ਨੂੰ ਆਪ ਦਾ ਵਿਆਹ ਮੂਲ ਚੰਦ ਜੀ ਦੀ ਸਪੁੱਤਰੀ ਸੁਲੱਖਣੀ ਜੀ ਨਾਲ ਹੋਇਆ, ਜਿਸ ਤੋਂ ਬਾਬਾ ਸ੍ਰੀ ਚੰਦ ਤੇ ਬਾਬਾ ਲਖਮੀ ਦਾਸ ਜੀ ਪੈਦਾ ਹੋਏ । ਰਾਜ ਯੋਗੀ ਗੁਰੂ ਜੀ ਨੇ ਵਿਚਾਰਿਆ ਕਿ ਘਰ ਬੈਠ ਕੇ ਉਪਦੇਸ਼ ਕਰਨ ਨਾਲ ਸੰਸਾਰ ਤੇ ਪੂਰਨ ਉਪਕਾਰ ਨਹੀਂ ਹੋ ਸਕਦਾ, ਇਸ ਲਈ ਫੁੱਟ, ਈਰਖਾ, ਵੈਰ ਅਤੇ ਜਾਤ ਪਾਤ ਦੇ ਭਾਂਬੜਾ ਵਿੱਚ ਸੜ ਰਹੀ ਲੋਕਾਈ ਨੂੰ ਅੰਮ੍ਰਿਤ ਦਾਨ ਦਾ ਛੱਟਾ ਦੇਣ ਵਾਸਤੇ ਉਦਾਸੀ ਬਾਣਾ ਪਹਿਨ ਲਿਆ ।

ਸੰਮਤ ੧੫੫੪ ਵਿੱਚ ਆਪ ਪਹਿਲੀ ਉਦਾਸੀ ਉੱਤੇ ਰਵਾਨਾ ਹੋਏ । ਦੂਜੀ ਉਦਾਸੀ ਸੰਮਤ ੧੫੬੭ ਵਿੱਚ ਦੱਖਣ ਵਿੱਚ ਕੀਤੀ । ੧੫੭੧ ਵਿੱਚ ਤੀਜੀ ਉਦਾਸੀ ਅਰੰਭ ਕੀਤੀ । ਇਉਂ ਚੋਥੀ ਅਤੇ ਆਖਰੀ ਉਦਾਸੀ ਸੰਮਤ ੧੫੭੫ ਵਿੱਚ ਪੱਛਮ ਵੱਲ ਕੀਤੀ ਇਹਨਾਂ ਉਦਾਸੀਆਂ ਸਮੇਂ ਆਪ ਨੇ ਹਿੰਦੁਸਤਾਨ, ਚੀਨ, ਰੂਸ ਤੇ ਅਰਬ ਦੇਸ਼ਾਂ ਦੀ ਯਾਤਰਾ ਕੀਤੀ । ਹਰ ਥਾਂ ਉੱਥੋਂ ਦੇ ਪ੍ਰਸਿੱਧ ਹਿੰਦੂ, ਮੁਸਲਮਾਨ, ਬੁਧ ਆਦਿਕ ਧਰਮਾਂ ਦੇ ਆਲਮਾਂ , ਗਿਆਨੀਆਂ, ਤਪੀਆਂ, ਸਾਧੂਆਂ ਅਤੇ ਦਰਵੇਸ਼ਾਂ ਨਾਲ ਗੋਸ਼ਟੀਆਂ ਕੀਤੀਆਂ ਅਤੇ ਉਹਨਾਂ ਨੂੰ "੧ਓ" ਦਾ ਭੇਤ ਸਮਝਾਇਆ ।

ਸੰਮਤ ੧੫੭੯ ਵਿੱਚ ਕਰਤਾਰਪੁਰ (ਜਿਸ ਨੂੰ ਸਤਿਗੁਰੂ ਜੀ ਨੇ ਸੰਮਤ ੧੫੬੧ ਵਿੱਚ ਵਸਾਇਆ ਸੀ) ਵਿੱਚ ਬਿਰਾਜ ਕੇ ਗਿਆਨ ਅਤੇ ਭਗਤੀ ਦੇ ਸਦਾ ਵਰਤ ਨਾਲ ਅੰਨ ਦਾ ਲੰਗਰ ਸਭ ਲਈ ਜਾਰੀ ਕੀਤਾ, ਇਸੇ ਵਰ੍ਹੇ ਗੁਰੂ ਸਾਹਿਬ ਦੇ ਮਾਤਾ ਪਿਤਾ ਪ੍ਰਲੋਕ ਸਿਧਾਰੇ ।

آد شلوک اُچارے جو آسا وار وچ شُشوبت ہن.

گرو صاحب دا من سدا کرتار دے چنتن وچ لین رہندا. آپ کاراں ویہاراں ول دھیان نہیں سن دیندے پر بابا کالو جی دی وڈی اِچھیا سی کہ آپ کویں نہ کویں گھر دے دھندیاں وچ لگن. اوہناں کئی جتن کیتے جو سپھل نہ ہو سکے. آخر بے بے نانکی جی دے کہن اُتے آپ نوں سلطان پور لودھی بھیج دتا گیا تاں جو ست گر جی دی شانتی وچ وگھن نہ پوے سمت 1541 وچ آپ سلطان پور لودھی چلے گئے. اوتھے آپ نے سمت 1542 وچ اوتھوں دے حکمران دولت خان لودھی دا مودی خانا سنبھالیا.

24 جیٹھ سمت 1544 نوں آپ دا ویاہ مول چند جی دی سپُتری سلکھنی جی نال ہویا جس توں بابا شری چند جی اتے بابا لکھمی داس جی جنمے. راج یوگی گرو جی نے وچاریا کہ گھر بیٹھ کے اُپدیش کرن نالوں سنسار تے پورن اُپکار نہیں ہو سکدا. ایس لئی پھُٹ' ایرکھا' ویر اتے جات پات دے بھانبڑاں وچ سڑ رہی لوکائی نوں امرت دان دا چھٹا دین دے واسطے اُداسی بانا پہن لیا.

سمت 1554 وچ آپ پہلی اُداسی اُتے روانا ہوئے. دوجی اُداسی سمت 1567 وچ دکھن وچ کیتی. 1571 وچ تیجی اُداس ارنبھ کیتی. ایوں چوتھی اتے اخیری اُداسی سمت 1575 وچ پچھم ول دی کیتی. ایہناں اداسیاں سمے آپ نے ہندستان' چین' روس تے عرب دیشاں دی یاترا کیتی. ہر تھاں اوتھوں دے پرسدھ ہندو' مسلمان' بدھ آدوغیرا دھرماں دے عالماں' گیانیاں' تپیاں' سادھواں اتے درویشاں نال گوشٹیاں کیتیاں اتے اوہناں نوں "ایک اونکار" دا بھیت سمجھایا.

upon a long journey.

His first journey was in Samvat 1554. This was called udasi and his second udasi was in the southern India in Samvat 1567. He completed his third round in Samvat 1571. His last journey (Samvat 1575) was in the west. During these journeys he visited the whole of Hindustan, China, Russia and Arab countries. where he met the saints, scholars mystics and fakirs of different religions. About thirty years Nanak spent as a wandering fakir renouncing the life of a householder. In Samvat 1579 he finally settled in Kartarpur. (which he founded in Samvat 1561) and started Langar. His parents died this year.

Satgur Nanak Dev Ji appointed Satgur Angad Dev Ji as his successor. He left for heaven on 23rd Asuj Samvat 1596 Suddi 10th (22nd September 1539) on the bank of the river Ravi. The light had merged in its source.

O Nanak, their faces are radiant in the Court of the Lord, and many are saved along with them !

His education or message is based on Mool Mantar and the whole Sikhi is founded on that which has been summed up.

One universal creator God. The name is truth. Creative being personified. No fear. No hatred. Image of the undying, beyond birth, sele-existent.

He believed in One God who was supreme. He was against the worshipping of statues, graves and remains in Shamshan and Marrhis.

ਸਤਿਗੁਰੂ ਨਾਨਕ ਦੇਵ ਜੀ ਨੇ ਸਤਿਗੁਰੂ ਅੰਗਦ ਦੇਵ ਜੀ ਨੂੰ ਗੁਰਗੱਦੀ ਸੌਂਪ ਕੇ ਆਪ ੨੩ ਅੱਸੂ (ਸੁਦੀ ੧੦) ਸੰਮਤ ੧੫੯੬ (੨੨ ਸਤੰਬਰ ਸੰਨ ੧੫੩੯) ਨੂੰ ਰਾਵੀ ਕਿਨਾਰੇ ਜੋਤੀ ਜੋਤ ਸਮਾਏ ।

ਨਾਨਕ ਤੇ ਮੁਖ ਉਜਲੇ, ਕੇਤੀ ਛੁਟੀ ਨਾਲ ॥

ਆਪ ਦੀ ਸਿੱਖਿਆ ਦਾ ਮੁਢਲਾ ਧੁਰਾ ਮੂਲ ਮੰਤਰ ਹੈ । ਇਸ ਉੱਤੇ ਹੀ ਸਿੱਖੀ ਦੀ ਬਾਕੀ ਇਮਾਰਤ ਉੱਸਰੀ ਹੋਈ ਹੈ । ਜੋ ਇਸ ਪ੍ਰਕਾਰ ਹੈ

ੴ ਸਤਿਨਾਮੁ ਕਰਤਾਪੁਰਖ ਨਿਰਭਉ ਨਿਰਵੈਰ ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ

ਸਤਿਗੁਰੂ ਨਾਨਕ ਦੇਵ ਜੀ ਰਬ (ਵਾਹਿਗੁਰੂ) ਤੋਂ ਬਿਨਾਂ ਕਿਸੇ ਨੂੰ ਵੀ ਬੁੱਤ ਪੂਜਣ, ਮੜੀਆਂ ਮਸਾਣਾਂ, ਕਬਰਾਂ ਪੂਜਣ ਤੋਂ ਵਰਜਦੇ ਹਨ ।

ਸ੍ਰੀ ਗੁਰੂ ਅੰਗਦ ਦੇਵ ਜੀ

ਸਿੱਖ ਕੌਮ ਦੇ ਦੂਜੇ ਪਾਤਿਸ਼ਾਹ ਜਿਹਨਾਂ ਦਾ ਜਨਮ ਐਤਵਾਰ, ਵਿਸਾਖ ਵਦੀ ੧ (੫ ਵਿਸਾਖ) ਸੰਮਤ ੧੫੬੧ (੩੧ ਮਾਰਚ ੧੫੦੪) ਨੂੰ ਬਾਬਾ ਫੇਰੂ ਮੱਲ ਜੀ ਦੇ ਘਰ ਮਾਤਾ ਦਿਆ ਕੌਰ ਦੇ ਉਦਰ ਤੋਂ ਮੱਤੇ ਦੀ ਸਰਾਂ ਜ਼ਿਲਾ ਜ਼ਿਲਾ ਫਿਰੋਜ਼ਪੁਰ ਵਿੱਚ ਹੋਇਆ । ਇਹਨਾਂ ਦਾ ਪਹਿਲਾ ਨਾਮ ਲਹਿਣਾ ਸੀ । ਸੰਮਤ ੧੫੭੬ ਵਿੱਚ ਦੇਵੀ ਚੰਦ ਖੱਤਰੀ ਜੀ ਦੀ ਸਪੁੱਤਰੀ ਖੀਵੀ ਜੀ ਨਾਲ (ਪਿੰਡ ਸੰਘਰ) ਜਿਸ ਦਾ ਹੁਣ ਖਡੂਰ ਸਾਹਿਬ ਪਾਸੇ ਥੇਹ ਹੈ, ਵਿਆਹ ਹੋਇਆ ਜਿਸ ਤੋਂ ੨ ਪੁੱਤਰ ਦਾਸੂ ਜੀ ਤੇ ਦਾਤੂ ਜੀ ਤੇ ਦੋ ਸਪੁੱਤਰੀਆਂ ਬੀਬੀ ਅਮਰੋ ਤੇ ਬੀਬੀ ਅਨੋਖੀ ਜੀ ਜਨਮੀਆਂ । ਲਹਿਣਾ ਜੀ ਦੇਵੀ ਭਗਤ ਸਨ ਸਗੋਂ ਦੇਵੀ ਦੇ ਭਗਤਾ ਦੀ ਜਮਾਤ ਦੇ ਮੁਖੀ ਬਣ ਕੇ ਹਰ ਵਰ੍ਹੇ ਦੁਰਗਾ ਦੇ ਦਰਸ਼ਨਾਂ ਨੂੰ ਜਾਂਦੇ ਸਨ । ਸੰਮਤ ੧੫੮੯ ਵਿੱਚ ਦੇਵੀ ਯਾਤਰਾ ਨੂੰ ਜਾਦੇ ਹੋਏ ਕਰਤਾਰਪੁਰ ਵਿੱਚ ਸਤਿਗੁਰੂ ਸ੍ਰੀ ਗੁਰੂ ਨਾਨਕ ਦੇਵ ਜੀ ਨੂੰ ਮਿਲੇ । ਦਰਸ਼ਨ ਕਰਦਿਆ

سمت 1579 وچ کرتار پور (جس نوں ست گر نانک دیو جی نے سمت 1561 وچ وسایا سی) وچ ویراج کے گیان اتے بھگتی دے سدا ورت نال ان دا لنگر سبھ لئی جاری کیتا. ایس ورھے گرو صاحب دے ماتا پتا جی پرلوک سدھارے.

ست گر نانک دیو جی نے ست گر انگد دیو جی نوں گر گدی دے کے 23 اسوج (سدی 10) سمت 1596 (22 ستمبر سن 1539 نوں) راوی کنارے جوتی جوت سمائے   نانک تے مکھ اُجلے' کیتی چھٹی نال"

آپ دی سکھیا دا مڈھلا دھرا مول منتر ہے. ایس اُتے ہی سکھی دی باقی عمارت اُسری ہوئی ہے. جو ایس پرکار ہے.

"ایک اونکار ست نام' کرتا پرکھ' نربھو' نرویر' اکال مورت اجونی سے بھنگ گر پرساد"

ست گر نانک دیو جی بت پوجن' مڑھیاں' مساناں' قبراں نوں پوجن توں ورجدے ہن اتے رب (واہے گرو) توں اُپرنت کسے نُوں وی پوجن توں روکدے ہن.

ست گر انگد دیو جی

سکھ قوم دے دوجے پاتشاہ جہناں دا جنم ایتوار وساکھ ودی اِک (5 وساکھ) سمت 1561 (31 مارچ سن 1504) نوں بابا پھیرو مل جی دے گھر ماتا دیا کور دے اُدر توں متے دی سراں ضلع فیروزپور وچ ہویا. ایہناں دا پہلاں ناؤں لہنا سی. سمنت 1576 وچ دیوی چند کھتری دی سپتری کھیوی جی نال پنڈ سنگھر (جس دا ہُن

SATGUR ANGAD DEV JI

The second Sikh Guru (or Patshah as they call it) was born on 5th Visakh Samvat 1561 (31st March 1504 AD) in Matey di Saran (Ferozepur district). His father was Baba Phairu Mal and mother's name was Daya Kaur. His original name was Lehna. In Samvat 1576 he was married to Bibi Khivi Ji daughter of Devi Chand Khatri of village Sanghar (now a ruin close to Khadur Sahib). He had two sons Wasu Ji and Datu Ji and two daughters Bibi Amro and Bibi Anokhi Ji. Lehna was a worshipper of Devi and was the chief of Devi Bhagats who used to visit Durga Devi's temple annually. In Samvat 1589 while on his pilgrimage to Durga Devi he visited Guru Nanak at Kartarpur, where he abandoned his belief (religion) and became a Sikh. He remained in Kartarpur and under the guidance of Guru Nanak practised his new religion.

According to Balwant Ji he was qualified by dint of his devotion and spiritual involvement to be the successor to the founder of the Sikh religion.

The Master gave His approval, when Angad exerted Himself heroically. Such is the Husband of mother Khivi; He sustains the world.

Satgur Nanak Dev Ji was much impressed by the performance of Lehna and first he renamed him as Angad Dev and on 17th Harr Samvat 1596 nominated him as his successor. The Guru had illuminated the house of Lehna.

ਹੀ ਮਨ ਸ਼ਾਂਤ ਹੋ ਗਿਆ ਤੇ ਗੁਰੂ ਪ੍ਰੇਮ ਦੀ ਜੋਤੀ ਜਗ ਪਈ । ਦੇਵੀ ਦੀ ਉਪਾਸਨਾ ਛੱਡ ਕੇ ਸਤਿਗੁਰਾਂ ਦੇ ਅਨਿੰਨ ਸਿੱਖ ਹੋ ਗਏ । ਆਪ ਨੇ ਕਰਤਾਰਪੁਰ ਵਿੱਚ ਸਤਿਗੁਰੂ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਨਿਗਰਾਨੀ ਹੇਠ ਸੱਤ ਸਾਲ ਗੁਰ ਮਾਰਗ ਉੱਤੇ ਚੱਲਣ ਦੀ ਮਿਹਨਤ ਕੀਤੀ । ਬਲਵੰਡ ਜੀ ਦੇ ਸ਼ਬਦਾਂ ਅਨੁਸਾਰ ਆਪ ਜੀ ਨੇ ਮਰਦਾਂ ਵਾਲੀ ਘਾਲ ਘਾਲੀ ਤਾਂ ਆਪਣੇ ਮਾਲਿਕ ਦੇ ਦਰ ਕਬੂਲ ਹੋਏ ।

ਪਏ ਕਬੂਲੁ ਖਸੰਮ ਨਾਲਿ, ਜਾ ਘਾਲ ਮਰਦੀ ਘਾਲੀ

ਸਤਿਗੁਰੂ ਸ੍ਰੀ ਗੁਰੂ ਨਾਨਕ ਦੇਵ ਜੀ ਇਹਨਾਂ ਦੀ ਸੇਵਾ ਭਗਤੀ ਤੋਂ ਅਜਿਹੇ ਰੀਝੇ ਕਿ ਆਪ ਜੀ ਨੂੰ ਲਹਿਣੇ ਤੋਂ ਅੰਗਦ ਕਰ ਦਿੱਤਾ । ੧੭ ਹਾੜ੍ਹ ਸੰਮਤ ੧੫੯੬ ਨੂੰ ਗੁਰਗੱਦੀ ਉੱਤੇ ਸਥਾਪਤ ਕਰ ਦਿੱਤਾ ਗਿਆ ਇਉਂ "ਬਾਬਾਣੇ ਘਰ ਚਾਨਣ ਲਹਿਣਾ " ਹੋ ਨਿੱਬੜਿਆ । ਆਪ ਨੇ ੨੩ ਅੱਸੂ ਸੰਮਤ ੧੫੯੬ ਤੋਂ ਗੁਰਵਤਾ ਦਾ ਕੰਮ ਆਰੰਭਿਆ ਤੇ ਗੁਰੂ ਦੇ ਸਿਧਾਂਤ ਦਾ ਪ੍ਰਚਾਰ ਬਹੁਤ ਉੱਤਮ ਰੀਤੀ ਨਾਲ ਕੀਤਾ । ਸੰਮਤ ੧੫੯੮ ਵਿੱਚ ਗੁਰਮੁਖੀ ਅੱਖਰਾਂ ਵਿੱਚ ਵਿਦਿਆ ਦਾ ਪ੍ਰਚਾਰ, ਜਾਤ ਪਾਤ ਦੇ ਵਿਤਕਰੇ ਤੋ ਬਿਨਾਂ ਅਰੰਭਿਆ । ਸੰਮਤ ੧੬੦੧ ਵਿੱਚ ਗੁਰੂ ਨਾਨਕ ਦੇਵ ਜੀ ਦੀ ਜਨਮ ਸਾਖੀ ਲਿਖਵਾਈ । ਮਹਾ ਕੋਸ਼ ਦੇ ਅਨੁਸਾਰ " ਜਿਸ ਦਾ ਵਿਗੜਿਆ ਸਰੂਪ ਇਸ ਵੇਲੇ ਭਾਈ ਬਾਲੇ ਵਾਲੀ ਸਾਖੀ ਹੈ । "

ਆਪ ੩ ਵਿਸਾਖ (ਚੇਤ ਸੁਦੀ ੪ ਸੰਮਤ ੧੬੦੯, ੨੯ ਮਾਰਚ ੧੫੫੨) ਨੂੰ ਖਡੂਰ ਸਾਹਿਬ ਵਿੱਖੇ ੧੨ ਸਾਲ ਨੌ ਮਹੀਨੇ, ੧੭ ਦਿਨ ਗੁਰਵਤਾ ਕਰਕੇ ਅਤੇ ਸਾਰੀ ਅਵਸਥਾ ੪੭ ਵਰ੍ਹੇ ੪ ਮਹੀਨੇ ੨੯ ਦਿਨ ਭੋਗ ਕੇ ਜੋਤੀ ਜੋਤ ਸਮਾਏ ।

ਸਤਿਗੁਰੂ ਸ੍ਰੀ ਗੁਰੂ ਅੰਗਦ ਦੇਵ ਜੀ ਦਾ ਫੁਰਮਾਨ ਹੈ " ਮੱਲਾਂ ਮਾਰਨੀਆਂ ਮਨੁੱਖ ਦਾ ਠੀਕ ਆਦਰਸ਼ ਨਹੀਂ, ਜੇ ਮਨੁੱਖ ਸਾਰੀ ਕੋਸ਼ਿਸ਼ ਧਨ ਪਦਾਰਥ ਲਈ ਹੀ ਕਰੇ ਤੇ ਫਿਰ ਆਖੇ ਸੁੱਖ ਨਹੀਂ ਤਾਂ ਇਹ ਠੀਕ ਨਹੀ । ਧਨ ਜੋੜਨ ਦੀ ਲਾਲਸਾ ਅਤੇ ਪ੍ਰਭੂ ਪਿਆਰ ਇੱਕੋ ਹਿਰਦੇ ਵਿੱਚ ਇੱਕੋ ਵੇਲੇ ਨਹੀ ਰਹਿ ਸਕਦੇ । ਅਮੀਰ ਗਰੀਬ ਸਭ ਇੱਕੋ ਜਿਹੇ ਹਨ । ਵਾਹਿਗੁਰੂ ਨੇ ਕਿਸੇ ਨੂੰ ਉੱਚਾ ਨੀਵਾਂ ਨਹੀਂ

کھڈور پاس بھتیہ ہے) ویاہ ہویا جس توں دو پتر داسو جی اتے داتو جی اتے دو سپتریاں بی بی امرو اتے بی بی انوکھی جی جنمے. لہنا جی دیوی بھگت سن. سگوں دیوی دے بھگتاں دی جماعت دے مکھیے ہو کے ہر ورھے درگا دے درشناں نوں جاندے سن. سمنت 1589 وچ دیوی یاتراں نوں جاندے ہوئے کرتار پور وکھے ست گر نانک دیو جی نوں ملے. درشن کردیاں ہی من شانت ہو گیا اتے گرو پریم دی جوت جگ پئی. دیوی دی اپاسنا چھڈ کے ست گر دے انن سکھ ہو گئے. آپ نے کرتار پور وکھے ست گر نانک صاحب پاتشاہ جی دی نگرانی ہیٹھ ست سال گرمارگ اُتے چلن دی محنت کیتی. بلونڈ جی دے شبداں انوسار آپ نے مرداں والی گھال گھالی تاں اپنے مالک دے در قبول ہوئے.

"پئے قبول کھسم نال' جا گھال مردی گھالی"

ست گرنانک دیو جی ایہناں دی سیوا اتے بھگتی توں اجے ریجھے کہ آپ نوں لہنے توں انگد کر کے 17 ہاڑ سمنت 1596 نوں گرگدی اُتے استھاپت کر دتا. ایوں "بابانے گھر چانن لہنا" ہو نبڑیا.

آپ نے 23 اسوج سمنت 1596 توں گروتا دا کم ارنبھیا اتے گرو دے سدھانت دا پرچار بہت اتم ریتی نال کیتا. سمنت 1598 وچ گرمکھی اکھراں وچ ودیا دا پرچار ذات پات دے وتکرے توں بنا ارنبھیا. سمنت 1601 وچ گرو نانک دیو جی دی جنم ساکھی لکھوائی. مہان کوش دے کتھن انوسار "جس دا وگڑیا سروپ ایس ویلے بھائی بالے والی ساکھی ہے".

On 23rd Asuj Samvat 1596 he assumed the duties of Guru, introduced Gurmukhi script, initiated education without discrimination to any of the groups (in Hindu society the education was all imparted on class basis). In Samvat 1601 he had written a biography of Guru Nanak which, according to Mahan Kosh, survives in the distorted version of Sakhi of Bhai Bala.

He served as Guru for 12 years, 9 months and 17 days and left for heaven on 3rd Visakh Samvat 1609 (29th March 1552 AD) at Khadur. He was about 48 years. Some of his famous sayings are :

To grab property is not ideal of the man

If one devotes one's whole energy to amass wealth he is not a Sikh.

Love with God and wish to grab wealth cannot stay together in a heart

There is no difference between the rich and the poor. God had not created them in lower and upper classes. His blessings are for all.

The humanity has a common religion. Those who have the blessings of God and forget God they are fools' fool.

Those who are blessed by His Glance of Grace, O Nanak, bear the Insignia of the Naam.

ਬਣਾਇਆ । ਉਸ ਦੀ ਰਹਿਮਤ ਸਭ ਲਈ ਸਾਂਝੀ ਹੈ । ਇਹ ਅਮੀਰੀ ਗਰੀਬੀ ਦੀ ਵੰਡ ਸਾਡੀ ਆਪਣੀ ਪਾਈ ਹੋਈ ਹੈ । ਮਨੁੱਖਤਾ ਦਾ ਧਰਮ ਸਾਝਾ ਹੈ ਤੇ ਉਹ ਹੈ "ਸਿਮਰਨ" ਜੋ ਦਾਤਾਂ ਪਾਕੇ ਦਾਤੇ ਨੂੰ ਵਿਸਾਰ ਦੇਂਦੇ ਹਨ, ਉਹਨਾਂ ਤੋਂ ਵੱਡਾ ਮੂਰਖ ਕੋਈ ਨਹੀਂ ।

ਨਦਰਿ ਤਿਨਾ ਕੋ ਨਾਨਕਾ ਨਾਮ ਜਿੰਨਾ ਨੀਸਾਣਿ

ਸ੍ਰੀ ਗੁਰੂ ਅਮਰਦਾਸ ਜੀ

ਸਿੱਖ ਕੌਮ ਦੇ ਤੀਜੇ ਪਾਤਿਸ਼ਾਹ ਜਿਹਨਾਂ ਦਾ ਜਨਮ ਵਿਸਾਖ ਸੁਦੀ ੧੪, ਸੰਮਤ ੧੫੭੯, ੧੦ ਜੇਠ ੧੫੩੬, ੫ ਮਈ ੧੪੭੯ ਨੂੰ ਪਿੰਡ ਬਾਸਰਕੇ, ਜ਼ਿਲਾ ਅੰਮ੍ਰਿਤਸਰ ਵਿੱਚ ਹੋਇਆ । ਆਪ ਜੀ ਦੇ ਪਿਤਾ ਦਾ ਨਾਮ ਤੇਜ ਭਾਨ (ਤੇਜੂ) ਜੋ ਭੱਲੇ ਖੱਤਰੀ ਗੋਤ ਦੇ ਸਨ ਤੇ ਆਪ ਜੀ ਦੀ ਮਾਤਾ ਦਾ ਨਾਮ ਬੀਬੀ ਸੁਲੱਖਣੀ (ਲਛਮੀ) ਸੀ ।

ਆਪ ਜੀ ਦਾ ਵਿਆਹ ੧੦ ਮਾਘ, ਸੰਮਤ ੧੫੫੯ ਨੂੰ ਮਨਸਾ ਦੇਵੀ ਜੀ ਨਾਲ ਹੋਇਆ । ਉਹਨਾਂ ਦੇ ਉਦਰ ਤੋਂ ਬੀਬੀ ਦਾਨੀ, ਬੀਬੀ ਭਾਨੀ, ਬਾਬਾ ਮੋਹਨ ਅਤੇ ਬਾਬਾ ਮੋਹਰੀ ਜੀ ਜਨਮੇ । ਆਪ ਵੀਹਵੀ ਵਾਰ ਗੰਗਾ ਇਸ਼ਨਾਨ ਨੂੰ ਜਾਂਦੇ ਹੋਏ ਇੱਕ ਘਟਨਾ ਦਾ ਸ਼ਿਕਾਰ ਹੋਏ । ਇੱਕ ਬ੍ਰਹਮਚਾਰੀ ਜੋ ਆਪ ਦਾ ਮਿੱਤਰ ਸੀ, ਉਸ ਨੇ ਆਪ ਜੀ ਤੋ ਪੁੱਛਿਆ ਕਿ ਉਹਨਾਂ ਦਾ ਗੁਰੂ ਕਿਹੜਾ ਹੈ । ਤਾਂ ਆਪ ਜੀ ਨੇ ਉੱਤਰ ਦਿੱਤਾ ਕਿ ਗੁਰੂ ਦੀ ਭਾਲ ਵਿੱਚ ਤਾਂ ਉਮਰ ਗੁਜਰੀ ਹੈ । ਇਹ ਸੁਣ ਕੇ ਉਸ ਬ੍ਰਹਮਚਾਰੀ ਨੇ ਬੁਰਾ ਮਨਾਉਦਿਆ ਕਿਹਾ ਕਿ " ਹੇ ਰਾਮ ਨਗੁਰੇ ਕਾ ਸੰਗ ਨਾ ਗੁਰੇ ਕਾ ਪੰਥ, ਨਾਗੁਰੇ ਕੇ ਹਾਥ ਕਾ ਪੱਕਾ ਅੰਨ ਜਨਮ ਗਿਆ ਤੇਰਾ " ਤੇ ਸਾਥ ਛੱਡ ਦਿੱਤਾ । ਇਸ ਦਾ ਆਪ ਦੇ ਹਿਰਦੇ ਤੇ ਚੋਖਾ ਅਸਰ ਪਿਆ ਅਤੇ ਚੋਟ ਲੱਗੀ । ਆਪ ਬੀਬੀ ਅਮਰੋ ਜੀ ਕੋਲੋ ਗੁਰ ਸ਼ਬਦ ਸੁਣ ਕੇ ਸਤਿਗੁਰੂ ਸ੍ਰੀ ਗੁਰੂ ਅੰਗਦ ਦੇਵ ਜੀ ਦੇ ਲੜ ਆਣ ਲੱਗੇ । ਸੰਮਤ ੧੫੯੭ ਵਿੱਚ ਆਪ ਸਤਿਗੁਰੂ ਸ੍ਰੀ ਗੁਰੂ ਅੰਗਦ ਦੇਵ ਜੀ ਦੇ ਸਿੱਖ ਹੋਏ ਤੇ ਐਸੀ ਕਠਨ ਨਿਸ਼ਕਾਮ ਸੇਵਾ ਕੀਤੀ

آپ تن وساکھ (چیت سدی 4) سمنت 1609 (29 مارچ سن 1552) نوں کھڈور صاحب وکھے 12 سال 9 مہینے 17 دن گروتا کر کے اتے ساری اوستھا 47 ورھے 11 مہینے 29 دن بھوگ کے جوتی جوت سمائے.

ست گر انگد دیو جی دا فرمان ہے. ملاں مارنیا منگھ دا ٹھیک آدرش نہیں ہے. جے منگھ ساری کوشش دھن پدارتھ لئی ہی کرے تے فیر آکھے کہ سکھ نہیں تاں ایہ ٹھیک نہیں. دھن جوڑن دی لالسا اتے پربھو پیار اکو ہردے وچ اکو ویلے نہیں رہ سکدے. امیری غریبی سبھ اِکو جہے ہن واہے گرو نے کسے نوں اچا نیواں نہیں بنایا اوس دی رحمت سبھ لئی سانجھی ہے. ایہ امیر غریب دی ونڈ ساڈی اپنی پائی ہوئی ہے. منکھتا دا دھرم سانجھا ہے تے اوہ ہے "سمرن" جو داتاں پا کے داتے نُوں وسار دیندے ہن. اوہناں توں وڈا مورکھ کوئی نہیں.

ندر تہناں کو نانکا' نام جہناں نسان

ست گُرامرداس جی

سِکھ قوم دے تیجے پاتشاہ جہناں دا جنم وساکھ سُدی 14 سمت 1579' 10 جیٹھ 1536' 5 مئی سن 1479 نُوں پنڈ باسرکے ضلع امرتسر وچ ہویا. آپ جی دے پِتا دا ناں تیج بھان (تیجو) جو بھلے کھتری گوت دے سن تے آپ جی دی ماتا جی دا ناؤں بی بی سلکھنْ (لچھمی) سی.

SATGUR AMAR DAS JI

The third Sikh Guru (The Patshah) was born in village Basarke (district Amritsar) on 10th Jaith Samvat 1536 (5th May 1479). His father Tej Bhan (Teju) was Bhalla Khatri and mother's name was Bibi Salakhni (Lachhmi).

He was married to Mansa Devi Ji on 10th Magh Samvat 1559. He had two daughters and two sons. Bibi Dani, Bibi Bhani; Baba Mohan and Baba Mohri Ji. He was on his 20th pilgrimage to the Ganga when he met an unhappy incident. A Hindu ascetic (Brahamchari) was his companion who asked him who was his Master (Guru). Amar Das told him he was still in search of his Guru. On this Brahamchari was shocked and he said that because of his (Amar Das), company (common journey, money and meals), who had no guru, he (the Brahmanchari) had lost the worship of whole of his life. This too hurt the Guru. Then he heard the hymns of Gurus from Amro Bibi (daughter of Angad Dev married in the Das family) and came to Satgur Angad Dev Ji. In 1597 Samvat he embraced Sikh religion at the hand of Angad Dev Ji. He became a devoted Sikh and Guru Angad Dev nominated him as his successor. He was Guru on 3rd Visakh, 1609 Samvat and aggressively preached the Sikh religion; established Dharam salas (religious cum community center) sent preachers to other areas and countries, established twenty-two seats for the preaching and promotion of his belief. He marked twenty two preaching provinces. The chief of these seats of learning were asked to preach the belief and organise the Sikh and had more close relation with the centre. These

ਜਿਸ ਤੋਂ ਪ੍ਰਸੰਨ ਹੋ ਕੇ ਦੂਜੇ ਸਤਿਗੁਰੂ ਜੀ ਨੇ ੩ ਵਿਸਾਖ ਸੰਮਤ ੧੬੦੯ ਨੂੰ ਗੁਰਗੱਦੀ ਬਖਸ਼ੀ ।

ਆਪ ਨੇ ਸਤਿਗੁਰੂ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਗੁਰਗੱਦੀ ਉੱਤੇ ਬਿਰਾਜਮਾਨ ਹੁੰਦਿਆਂ ਸਿੱਖ ਧਰਮ ਦਾ ਉੱਤਮ ਪ੍ਰਚਾਰ ਅਰੰਭ ਕੀਤਾ । ਧਰਮ ਪ੍ਰਚਾਰ ਵਾਸਤੇ ਵੱਖ ਵੱਖ ਥਾਵਾਂ ਤੇ ੨੨ ਮੰਜੀਆਂ ਬਖਸ਼ਿਸ਼ ਕੀਤੀਆਂ ਭਾਵ ਪ੍ਰਚਾਰ ਦੇ ੨੨ ਸੂਬੇ ਬਣਾਏ । ਇਸ ਮੰਜੀ ਦੇ ਮਾਲਕ ਦਾ ਫਰਜ਼ ਸੀ ਕਿ ਉਹ ਸਿੱਖੀ ਦੇ ਆਦਰਸ਼ ਦਾ ਪ੍ਰਚਾਰ ਕਰੇ ਅਤੇ ਉੱਥੋ ਦੇ ਸਿੱਖਾਂ ਨੂੰ ਕੇਂਦਰ ਨਾਲ ਜੋੜੀ ਰੱਖੇ । ਇਹਨਾਂ ੨੨ ਪਰਚਾਰਕਾਂ ਵਿੱਚ ਮੁਸਲਮਾਨ ਵੀ ਸ਼ਾਮਿਲ ਸਨ । ਜਿਵੇਂ ਕਿ ਅੱਲਾ ਯਾਰ ਖਾਂ ਦੀ ਉਦਾਹਰਨ ਦਿੱਤੀ ਜਾ ਸਕਦੀ ਹੈ । ਇਹਨਾਂ ੨੨ ਮੰਜੀਆ ਤੋਂ ਬਾਅਦ ਆਪ ਨੇ ੫੨ ਪੀੜ੍ਹੀਆਂ ਸਥਾਪਿਤ ਕੀਤੀਆ । ਇੱਕ ਪੰਗਤ ਵਿੱਚ ਪ੍ਰਸ਼ਾਦਾ ਛਕਣ ਦੀ ਰੀਤ ਤੋਰ ਕੇ ਜਾਤ ਪਾਤ ਤੇ ਕਰਾਰੀ ਸੱਟ ਮਾਰੀ । ਅੰਮ੍ਰਿਤਸਰ ਜੀ ਦੀ ਥਾਂ ਆਪ ਨੇ ਆਪਣੀ ਆਗਿਆ ਨਾਲ ਰਾਮਦਾਸ (ਸਤਿਗੁਰੂ) ਜੀ ਨੂੰ ਸੰਮਤ ੧੬੨੧ ਵਿੱਚ ਤਾਲ ਬਣਾਉਣ ਦੇ ਹੁਕਮ ਦਿੱਤੇ । ਆਪ ਨੇ ਗੋਇੰਦਵਾਲ ਸਾਹਿਬ ਨੂੰ ਭਾਰੀ ਰੌਣਕ ਦਿੱਤੀ । ਰੋਗੀਆ ਦੇ ਰੋਗ ਦੂਰ ਕਰਨ ਦੇ ਯਤਨ ਕੀਤੇ । ਸਭ ਦੇ ਹਿੱਤ ਲਈ ਸੰਮਤ ੧੬੧੬ ਵਿੱਚ ੮੪ ਪੌੜੀਆਂ ਦੀ ਬਾਉਲੀ ਰਚ ਕੇ ਤੀਰਥਾਂ ਦੀ ਯਾਤਰਾ ਵੱਲੋਂ ਸਿੱਖਾਂ ਦਾ ਧਿਆਨ ਹਟਾਇਆ । ਸਤਿਗੁਰੂ ਜੀ ਨੇ ਹਿੰਦੂ ਧਰਮ ਦੇ ਪ੍ਰਭਾਵ ਤੋਂ ਸਿੱਖੀ ਨੂੰ ਬਚਾਉਣ ਲਈ ਬੜੀ ਸਿਆਣਪ ਨਾਲ ਸਿੱਖੀ ਨੂੰ ਉਦਾਸੀ ਮਤ ਤੋਂ ਵੱਖ ਕੀਤਾ । ਆਪ ਨੇ ਸਤੀ ਦੀ ਰਸਮ ਨੂੰ ਖਤਮ ਕੀਤਾ ਅਤੇ ਉਹਦੇ ਵਿਰੁੱਧ ਪ੍ਰਚਾਰ ਕੀਤਾ ।

ਸਤੀਆ ਏਹਿ ਨ ਆਖੀਅਨਿ ਜੋ ਮੜਿਆ ਲਗਿ ਜਲੰਨਿ ॥
ਨਾਨਕ ਸਤੀਆ ਜਾਣੀਅਨਿ, ਜਿ ਬਿਰਹੇ ਚੋਟ ਮਰੰਨਿ੍ ॥(ਮ: ੩)

ਸਤਿਗੁਰੂ ਸ੍ਰੀ ਗੁਰੂ ਅਮਰਦਾਸ ਜੀ ਨੇ ਭਾਈ ਪਾਰੋ ਜੀ ਨੂੰ ਆਗਿਆ ਦਿੱਤੀ ਕਿ ਕੋਈ ਇੱਕ ਦਿਨ ਐਸਾ ਨਿਸ਼ਚਤ ਕੀਤਾ ਜਾਵੇ ਜਦ ਸਾਰੇ ਇੱਕ ਥਾ ਇਕੱਠੇ ਹੋ ਕੇ ਵਿਚਾਰਾ ਕਰਨ ਤੇ ਉਤਸ਼ਾਹ ਲੈਣ । ਇਸ ਕਾਰਜ ਵਾਸਤੇ ਵਿਸਾਖੀ ਵਾਲਾ ਦਿਨ ਚੁਣਿਆ ਗਿਆ । ਇਉਂ ਪੰਜਾਬ ਦਾ

آپ جی دا ویاہ 10 ماگھ سمت 1559 منسا دیوی جی نال ہویا. اوہناں دے اُدر توں بی بی دانی' بی بی بھانی' بابا موہن اَتے بابا موہری جی جنمے. آپ ویہویں وار گنگا اشنان نوں جاندے ہوئے اِک گھٹنا دا شکار ہوئے. اِک برہم چاری جو آپ دا متری اوس نے آپ جی توں پچھیا کہ اوہناں دا گرو کہڑا ہے تاں آپ نے اُتر دتا کہ گرو دی بھال وچ ہی تاں عمر گزری ہے. ایہ سُن کے اوس برہم چاری نے بُرا مناوندیاں آکھیا کہ "ہے رام ناگرے کا سنگ' ناگرے کا دھن' ناگرے کے ہاتھ کا پکا ان؟ جنم گیا تیرا" تے ساتھ چھڈ دتا. ایس دا آپ جی دے ہردے اُتے چوکھا اثر پیا اتے چوٹ لگی. آپ بی بی امرو جی کولوں گُر شبد سن کے ست گُر انگد دیو جی دے لڑ آن لگے. سمت 1597 وچ آپ ست گر انگد دیو جی دے سکھ ہوئے اتے ایسی کٹھن شکام سیوا کیتی جس توں پرسن ہو کے دوجے ست گر جی نے 3 وساکھ سمت 1609 نوں گُر گدی بخشی.

آپ نے ست گُر نانک دیو جی دی گُر گدی اُتے براجمان ہوندیاں سکھ دھرم دا اُتم پرچار ارنبھ دتا. دیش دیشانتراں وچ پرچارک بھیجے اتے دھرم شالاواں تھاپیاں. دھرم پرچار واسطے وکھو وکھ تھاواں اُتے بائی منجیاں بخشش کیتیاں. بھاوٗ پرچار دے بائی صوبے (Preaching Province) بنائے. ایس منجی دے مالک دا فرض سی کہ اوہ سکھی دے آدرشاں دا پرچار کرے اتے اوتھوں دے سکھاں نوں کیندر نال جوڑی رکھے. ایہناں بائی پرچارکاں وچ مسلمان وی شامل سن جِویں کہ اللہ یار خان پٹھان دی اُدھارن دتی جا سکدی ہے. ایہناں بائی منجیاں توں اُپرنت آپ نے "بونجا پیڑیاں" دی وی تھاپنا کیتی. اِک پنگت وچ پرشادا چھکن دی ریتی تور کے ذات پات اُتے کراری سٹ ماری. امرتسر جی دی تھاں آپ نے اپنی آگیا نال رام داس (ست گرو) جی نوں سمت 1621 وچ تال

preachers included Muslims also like Allah Yar Khan Pathan. He established about 52 branches more where, the prasad was distributed among all those present without any discrimination. This was a form of crusade against religious and social stratification. He ordered his successor (Satgur) Ram Das Ji to dug a tank at Amritsar in 1621. Goindwal was made the centre of activities and treated the suffering people. To distract the attention of the Sikhs from Hardawar, he constructed a Baoli (Deep well) having 84 steps. It was done in 1616 Samvat He tried his best to establish the identity of the Sikhs independent of Hinduism. He abolished Udasi way of life and the ritual of Sati:

"Do not call them 'satee', who burn themselves along with their husbands' corpses. O Nanak they alone are known as 'satee', who die from the shock of separation."

"Those widows who immolate themselves are not real satis instead those are the satis who live with pains of their dead husbands and are in the deep love with God".

He proposed an annual gathering of the Sikhs where they can exchange views and also make merry. Bhai Paro was consulted and Vaisakhi was made the National Day of the Sikhs.

He left for heaven on 2nd Asuj 1631 (1st September 1574) Bhadon Suddi 15 Samvat 1631 at the age of 95 years, 3 months and 23 days. He acted as Guru for 22 years and five months.

Those who serve Guru Amar Das — their pains and poverty are taken away, far away. ||3||17||

He composed his poetry (Bani) in 17 ragas. Of his longer composition, more famous are Anand in Ramkali and Patti in Aasa rag. Anand is recited on special occasions of life of the Sikhs like birth, death, and other happy and sad events.

ਸਦੀਆਂ ਤੋਂ ਚੱਲਿਆ ਆ ਰਿਹਾ ਮੌਸਮੀ ਤਿਉਹਾਰ ਸਿੱਖ ਕੌਮ ਦਾ ਕੌਮੀ ਦਿਨ ਵੀ ਹੋ ਨਿੱਬੜਿਆ । ਭਾਦੋਂ ਸੁਦੀ ੧੫ ਸੰਮਤ ੧੬੩੧ (੨ ਅੱਸੂ, ਸੰਮਤ ੧੬੩੧) ਇੱਕ ਸਤੰਬਰ ੧੫੭੪ ਨੂੰ ਆਪ ਜੀ ਜੋਤੀ ਜੋਤ ਸਮਾਏ । ਆਪ ਨੇ ੨੨ ਵਰ੍ਹੇ ੫ ਮਹੀਨੇ ਗੁਰਿਆਈ ਕੀਤੀ ਅਤੇ ੯੫ ਵਰ੍ਹੇ ੩ ਮਹੀਨੇ ਸਾਰੀ ਅਵਸਥਾ ਭੋਗੀ ।

ਗੁਰ ਅਮਰਦਾਸ ਜਿਨਿ ਸੇਵਿਓ ਤਿਨਿ ਦੁਖ ਦਰਿਦ੍ਰ ਪਰਹਰ ਪਰੈ "(ਸਵੈਯੇ ਮ: ੩ ਕੇ)

ਸਤਿਗੁਰੂ ਸ੍ਰੀ ਗੁਰੂ ਅਮਰਦਾਸ ਜੀ ਨੇ ਸਤਾਰਾਂ ਰਾਗਾਂ ਵਿੱਚ ਬਾਣੀ ਉਚਾਰੀ ਹੈ । ਰਾਮਕਲੀ ਰਾਗ ਵਿੱਚ ਅਨੰਦ ਸਾਹਿਬ ਤੇ ਆਸਾ ਰਾਗ ਵਿੱਚ ਪੱਟੀ ਆਪ ਦੀਆ ਵੱਡੀਆਂ ਬਾਣੀਆਂ ਹਨ । ਸਿੱਖ, ਜਨਮ, ਮੌਤ, ਖੁਸ਼ੀ ਗਮੀ, ਘਰਬਾਰ, ਨਿਜ ਤੇ ਸੰਗਤ ਹਰ ਥਾਂਵੇਂ ਇਸ ਅਨੰਦ ਸਾਹਿਬ ਨੂੰ ਹੀ ਪੜ੍ਹਦਾ ਹੈ ।

ਇਨਸਾਨੀ ਜ਼ਿੰਦਗੀ ਦੀ ਕਦਰ ਕਰਨਾ ਸਗਿਰੂ ਜੀ ਦੀ ਮੁਢਲੀ ਸਿੱਖਿਆ ਹੈ । ਨੀਵਿਆਂ ਨੂੰ ਛਾਤੀ ਨਾਲ ਲਗਾਉਣ, ਜਾਤ ਪਾਤ ਦਾ ਵਿਨਾਸ਼ ਕਰਨਾ, ਨਿਮਰਤਾ ਦਾ ਜੀਵਨ ਜੀਣਾ ਆਪ ਦੇ ਮੁਢਲੇ ਸਿਧਾਂਤ ਹਨ ।

ਭਲੇ ਅਮਰਦਾਸ ਗੁਣ ਤੇਰੇ ਤੇਰੀ ਉਪਮਾ ਤੋਹਿ ਬਨਿ ਆਵੈ ॥

ਸ੍ਰੀ ਗੁਰੂ ਰਾਮਦਾਸ ਜੀ

ਸਿੱਖ ਕੌਮ ਦੇ ਚੋਥੇ ਪਾਤਿਸ਼ਾਹ ਜਿਹਨਾਂ ਦਾ ਜਨਮ ਸੋਢੀ ਹਰਦਾਸ ਜੀ ਦੇ ਘਰ ਮਾਤਾ ਦਇਆ ਕੌਰ ਦੇ ਉਦਰ ਤੋਂ ੨੬ ਅਸੋਜ਼ (ਕਤਕ ਵਦੀ ੨) ਸੰਮਤ ੧੫੯੧ (ਅਕਤੂਬਰ ੧੫੩੪) ਨੂੰ ਲਾਹੌਰ ਚੂਨਾ ਮੰਡੀ ਵਿਖੇ ਹੋਇਆ । ਮਾਪਿਆਂ ਨੇ ਆਪ ਦਾ ਨਾਂ ਜੇਠਾ ਰੱਖਿਆ । ਗੁਰਸਿੱਖ ਹੋਣ ਮਗਰੋਂ ਆਪ ਜੇਠੇ ਤੋਂ ਰਾਮਦਾਸ ਹੋ ਨਿੱਬੜੇ ।

بناؤن دے حکم دتے. آپ نے گوئند وال صاحب نوں بھاری رونق دتی. روگیاں دے روگ دور کرن دے یتن کیتے. سبھ دے ہت لئی سمت 1616 وچ 84 پوڑیاں دی باؤلی رچ کے تیرتھاں دی یاترا ولوں سکھاں دا دھیان ہٹایا. ست گراں ہندو دھرم دے پربھاؤ توں سکھی نوں بچان واسطے بڑی سیانف نال سکھی نوں اُداسی مت نالوں وکھرا کیتا. آپ نے ستی دی رسم نوں ختم کیتا اتے اوہدے وروده پرچار کیتا.

ستیاں ایہے نہ آکھین جو مڑھیاں لگ جلن   نانک ستیاں جانین جے برہے چوٹ مرن (محلا III)

ست گر امرداس جی نے بھائی پارو جی نوں آگیا کیتی کہ کوئی اِک دِن ایسا نسچت کیتا جائے جد سارے اِک تھاں اکٹھے ہو کے وچاراں کرن تے اُتشاہ لین. ایس کارج واسطے وساکھی والا دن چنیا گیا. ایوں پنجاب دا صدیاں توں چلیا آ رہیا موسمی تہوار سکھ قوم دا قومی دن وی ہو نبڑیا.

بھادوں سدی 15 سمت 1631 (2 اسوں سمت 1631) پہلی ستمبر 1574ء نوں آپ جی جوتی جوت سمائے. آپ نے 22 ورھے 5 مہینے گُریائی کیتی اتے 95 ورھے 3 مہینے 23 دن ساری اوستھا بھوگی.

(گُرامرداس جن سیویے تن دُکھ درد پرہرپرے (سوئیے محلا III)

ست گر امرداس جی نے 17 راگاں وچ بانی اُچاری ہے. رام کلی راگ وچ "آنند صاحب" اتے آسا راگ وچ "پٹی" آپ دیاں وڈیاں بانیاں ہن. سکھ جنم، موت، خوشی، غمی، گھر باہر، نج تے سنگت ہر تھاویں ایس آنند صاحب نوں ہی پڑھدا ہے.

The Bani message of Satguru Amar Das is that love and respect the human life, be friend to down-trodden and lower classes, discard the class distinction and class division and live in a humble way.

O Guru Amar Das, Your Glorious Virtues are so sublime; Your praises belong only to you. ||1||22||

SATGUR RAM DAS JI

The fourth Sikh Guru (The Fourth Patshah) was born in a Lahore locality Chuna Mandi on 26th Asuj Samvat 1591 (October 1534). His father was Sodhi Har Das Ji and mother's name was Mata Daya Kaur. He was named as Jathha later on Ram Das.

He was married to Bibi Bhani daughter of Sutgur Amar Das Ji on 22nd Phagan 1610 Samvat. With the blessings of the Satgur he founded village Guru da Chak in the vicinity of Gumtala Sultan Wind in 1631 Samvat. On its east a tank was dug. The same village was renamed in Satgur Arjan Dev Ji, times, Ramdaspur and the tank was named Amritsar and the present Amritsar is the same village and tank where people of 52 professions were brought and settled He all the time served the Sikh religion and the people and in Bansawali Nama rich tributes were paid to the Satguru for his devotion and services for the promotion of the cause. Here are the verses.

Saak na Jaat hirday rakhya sevaki bhao,
Chachlai na chatraee na khedn hasn da chao,

੨੨ ਫੱਗਣ ਸੰਮਤ ੧੬੧੦ ਨੂੰ ਸਤਿਗੁਰ ਅਮਰਦਾਸ ਜੀ ਦੀ ਸਪੁੱਤਰੀ ਬੀਬੀ ਭਾਨੀ ਜੀ ਨਾਲ ਆਪ ਜੀ ਦੀ ਸ਼ਾਦੀ ਹੋਈ। ਆਪ ਨੇ ਸਤਿਗੁਰ ਅਮਰਦਾਸ ਜੀ ਦੀ ਆਗਿਆ ਨਾਲ ਗੁਮਟਾਲਾ, ਸੁਲਤਾਨ ਵਿੰਡ ਆਦਿਕ ਪਿੰਡਾਂ ਪਾਸ ਸੰਮਤ ੧੬੩੧ ਵਿੱਚ ਇੱਕ ਪਿੰਡ ਬੰਨਿਆ ਜਿਸ ਦਾ ਨਾਮ " ਗੁਰੂ ਕਾ ਚੱਕ ਰੱਖਿਆ "। ਉਸ ਦੇ ਪੂਰਬ ਵਾਲੇ ਪਾਸੇ ਇੱਕ ਕੱਚਾ ਤਾਲ ਖੁਦਵਾਇਆ। ਇਸ ਪਿੰਡ ਦਾ ਨਾਮ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਸਮੇ "ਰਾਮਦਾਸਪੁਰ" ਅਤੇ ਤਾਲ ਦਾ ਨਾਮ " ਅੰਮ੍ਰਿਤਸਰ " ਹੋਇਆ। ਇਸ ਸ਼ਹਿਰ ਵਿੱਚ ੫੨ ਕਿੱਤਿਆਂ ਦੇ ਲੋਕ ਲਿਆ ਕੇ ਵਸਾਏ ਗਏ। ਇਸੇ ਤਾਲ ਦੇ ਨਾਮ ਤੋਂ ਹੀ ਸ਼ਹਿਰ ਦਾ ਨਾਮ " ਅੰਮ੍ਰਿਤਸਰ " ਪ੍ਰਸਿੱਧ ਹੋਇਆ। ਭਾਈ ਜੇਠਾ ਜੀ ਹਰ ਵੇਲੇ ਸੇਵਾ ਵਿੱਚ ਹੀ ਜੁੱਟੇ ਰਹਿੰਦੇ। ਆਪ ਦੀ ਸੇਵਾ ਬਾਰੇ ਬੰਸਾਵਲੀ ਨਾਮੇ ਵਿੱਚ ਲਿਖਿਆ ਹੈ :

ਸਾਕ ਨ ਜਾਤ ਹਿਰਦੇ ਰਖਿਆ ਸੇਵਕੀ ਭਾਓ
ਚਿਚਲਾਈ ਨ ਚਿਤਰਾਈ, ਨ ਖੇਡਣ ਹਸਣ ਦਾ ਚਾਓ
ਪ੍ਰੀਤ ਚਰਨਾ ਦੀ ਸੇਵਕੀ ਰੱਖੀ, ਬਿਨ ਸਤਿਗੁਰੂ ਹੋਰ ਨ ਵੇਖਣ ਅੱਖੀ
ਬਰਸ ਅਠਾਈ ਸੇਵਕੀ ਕੀਤੀ ਸਹੁਰੇ ਨ ਜਾਤੇ (ਬੰਸਾਵਲੀ ਨਾਮਾ)

ਸਤਿਗੁਰੂ ਅਮਰਦਾਸ ਜੀ ਨੇ ਜਦ ਰਾਮਦਾਸ ਜੀ ਦੀ ਘਾਲ ਪੂਰਨ ਹੋਈ ਦੇਖੀ ਤਦ ਪਰਸੰਨ ਹੋ ਕੇ ੨ ਅਸੋਜ਼ ਸੰਮਤ ੧੬੩੧ (੧੫੭੪) ਨੂੰ ਗੁਰੂਤਾ ਬਖਸ਼ੀ।

ਗੁਰੂ ਅਮਰਦਾਸ ਜੀ ਵੱਲੋਂ ਥਾਪੀਆਂ ੫੨ ਮੰਜੀਆਂ ਅਤੇ ਗੁਰੂਘਰ ਵਿਚਕਾਰ ਤਾਲਮੇਲ ਵਾਸਤੇ ਆਪ ਜੀ ਨੇ ਮਸੰਦ ਨਿਯੁਕਤ ਕੀਤੇ। ਸਿੱਖ ਕੌਮ ਨੂੰ ਇੱਕ ਕੇਂਦਰ ਉੱਤੇ ਜੁੜਨ ਦਾ ਹੁਕਮ ਦਿੱਤਾ। ਗੁਰੂ ਅਮਰਦਾਸ ਜੀ ਨੇ ਅਨੰਦ ਵਿਆਹ ਦੀ ਰਸਮ ਜਾਰੀ ਕੀਤੀ ਤੇ ਆਪ ਨੇ ਉਹਨੂੰ ਪੱਕਿਆਂ ਕੀਤਾ। ਉਦਾਸੀ ਪੰਥ ਨਾਲ ਮੇਲ ਵਧਾਇਆ ਅਤੇ ਅਯੋਸਿੱਖੀ ਮਹਿਲ ਦੀ ਉਸਾਰੀ ਲਈ ਆਪ ਨੇ ਠੋਸ

انسانی زندگی دی قدر کرنا ست گر امرداس جی دی مڈھلی سکھیا ہے. نیویاں نُوں چھاتی نال لگانا' ذات پات دا وناش کرنا. نمرتا دا جیون جینا آپ دے مڈھلے سدھانت ہن. بھلے امرداس گن تیرے' تیری اُپما توہے بن آوے

ست گر رام داس جی

سکھ قوم دے چوتھے پاتشاہ جنہاں دا جنم سوڈھی ہرداس جی دے گھر ماتا دیا کور دے اُدر توں 26 اسُوں (کتک ودی 2) سمت 1591 نُوں (اکتوبر 1534ء) نوں لاہور چونا منڈی وکھے ہویا. ماپیاں آپ دا ناں جیٹھا رکھیا. گُر سِکھ ہون مگروں آپ جیٹھے توں رام داس ہو نبڑے.

22 پھگّن سمت 1610 نوں ست گر امرداس جی دی سپتّری بی بی بھانی جی نال آپ دی شادی ہوئی. آپ نے ست گر امرداس جی دی آگیا نال گُمٹالا سلطان وِنڈ آدک پنڈاں پاس سمت 1631 وچ اِک پنڈ بنھیا جس دا ناؤں "گرو کا چک" رکھیا. اُس دے پورب ول اِک کچا تال کھدوایا. ایس پِنڈ دا ناؤں ست گر ارجن دیو جی دے سمے "رام داس پور" اتے تال دا ناؤں "امرتسر" ہویا. ایس شہر وچ 52 کتیاں دے لوک لیا کے وسائے گئے. ایسے تال دے نام توں ہی شہر دا ناں "امرتسر" پرسدھ ہویا. بھائی جیٹھا جی ہر ویلے سیوا وچ ہی جُٹے رہندے آپ دی سیوا بارے بنساولی نامے وچ لکھیا ہے.

ساک نَ جات' ہِردے رکھیا سیوکی بھاو   چچلائی نَ چترائی' ن کھیڈن ہسن دا چاو   پریت چرنا دی سیوکی رکھی   بن ست گُر ہور نَ ویکھن اکھی

preet charnan di sevaki rakhi,
Bin satgur hor na dekhn akheen,
Bars athaii sevaki kiti, sahure na jaate.

The Satgur paid no attention to his relatives and concentrated all his energies to serve the cause of the belief. He had no other interest whatsoever and devoted 28 years to promote the belief.

Satgur Amar Das (who was also his father-in-law) appreciated the services rendered by Ram Das and nominated him next Guru on 12th Asuj Samvat 1631 (1574).

Satgur Ram Das Ji further streamlined the working of 52 sub-centres established by his predecessor. These branches developed more understanding and mutual relations with the centre. Now the Sikh people were more organised. He introduced the ritual of Anand marriage and strengthened it. He engineered more close ties with the Udasi Panth. All these steps led the religion, the people and the organisation more stronger. He had also stressed the need of the recitation of the Gurbani.

"The Word, the Bani is Guru, and Guru is the Bani. Within the Bani, the Ambrosial Nectar is contained. If His humble servant believes, and acts according to the Words of the Guru's Bani, then the Guru, in person, emancipates him." ||5||

Guru is scripture (Bani) and Bani is Guru. In Bani is Amrit. Servant of the Guru recites the Bani and seeks guidance from it.

ਇੱਟਾਂ ਲਗਾਈਆਂ ਜਿਸ ਨਾਲ ਸਿੱਖੀ ਦਾ ਮੰਦਰ ਨਾਂ ਕੇਵਲ ਮਜ਼ਬੂਤ ਹੋਇਆ ਸਗੋਂ ਖ਼ੂਬਸੂਰਤ ਵੀ ਬਣਿਆ । ਆਪ ਨੇ ਸਿੱਖਾਂ ਦੇ ਮਨਾਂ ਵਿੱਚ ਗੁਰਬਾਣੀ ਦੀ ਮਹੱਤਤਾ ਨੂੰ ਦ੍ਰਿੜ ਕਰਾਇਆ ਤੇ ਫੁਰਮਾਇਆ :

ਬਾਣੀ ਗੁਰੂ, ਗੁਰੂ ਹੈ ਬਾਣੀ, ਵਿਚਿ ਬਾਣੀ ਅੰਮ੍ਰਿਤੁ ਸਾਰੇ ॥
ਗੁਰੁ ਬਾਣੀ ਕਹੈ ਸੇਵਕੁ ਜਨੁ ਮਾਨੈ, ਪਰਤਖਿ ਗੁਰੂ ਨਿਸਤਾਰੇ ॥(ਨਟ ਮਹਲਾ ੫, ਪੰਨਾ ੯੮੨)

ਗੁਰੂ ਰਾਮਦਾਸ ਜੀ ਦੇ ਤਿੰਨ ਪੁੱਤਰ ਭਾਨੀ ਜੀ ਤੋਂ ਉਪਜੇ । ਜਿਨਾਂ ਦੇ ਨਾਮ ਸਨ ਪ੍ਰਿਥੀ ਚੰਦ, ਮਹਾਦੇਵ ਅਤੇ ਸ੍ਰੀ ਗੁਰੂ ਅਰਜਨ ਦੇਵ ਜੀ ।
ਆਪ ੨ ਅਸੋਜ਼ (ਭਾਦਰੋ ਸੁਦੀ ੩) ਸੰਮਤ ੧੬੩੮ (੧੫੮੧ ਈਸਵੀ) ਨੂੰ ਗੋਇੰਦਵਾਲ ਵਿਖੇ ਜੋਤੀ ਜੋਤ ਸਮਾਏ ।

ਧੰਨੁ ਧੰਨੁ ਰਾਮਦਾਸ ਗੁਰੁ, ਜਿਨਿ ਸਿਰਿਆ ਤਿਨੈ ਸਵਾਰਿਆ ॥
ਪੂਰੀ ਹੋਈ ਕਰਾਮਤਿ, ਆਪ ਸਿਰਜਣਹਾਰੈ ਧਾਰਿਆ ॥

ਆਪ ਨੇ ੭ ਵਰ੍ਹੇ ਗੁਰਿਆਈ ਕੀਤੀ ਤੇ ਸਾਰੀ ਅਵਸਥਾ ੪੬ ਵਰ੍ਹੇ, ੧੧ ਮਹੀਨੇ ਤੇ ੭ ਦਿਨ ਭੋਗੀ ।

ਇਕ ਅਰਦਾਸਿ ਭਾਟ ਕੀਰਤਿ ਕੀ ਗੁਰ ਰਮਦਾਸ ਰਾਖਹੁ ਸਰਣਾਈ ॥ (ਸਵੈਯੇ ਮਹਲੇ ੫ ਕੇ)

ਸ੍ਰੀ ਗੁਰੂ ਅਰਜਨ ਦੇਵ ਜੀ

ਪੰਚਮ ਪਿਤਾ ਸਤਿਗੁਰੂ ਅਰਜਨ ਦੇਵ ਜੀ ਦਾ ਜਨਮ ੧੯ ਵਿਸਾਖ (ਵਿਸਾਖ ਵਦੀ ੭) ਸੰਮਤ ੧੬੨੦ (੧੫ ਅਪ੍ਰੈਲ ੧੫੬੩) ਨੂੰ ਸਤਿਗੁਰੂ ਰਾਮਦਾਸ ਜੀ ਦੇ ਘਰ ਮਾਤਾ ਬੀਬੀ ਭਾਨੀ ਜੀ ਦੇ ਉਦਰ ਤੋਂ ਗੋਇੰਦਵਾਲ ਵਿਖੇ ਹੋਇਆ । ੨੩ ਹਾੜ ਸੰਮਤ ੧੬੩੬ ਨੂੰ ਕ੍ਰਿਸ਼ਨ ਚੰਦ ਜੀ ਦੀ ਸਪੁੱਤਰੀ ਗੰਗਾ ਦੇਵੀ ਜੀ ਨਾਲ ਵਿਆਹ ਹੋਇਆ ਜਿਸ ਦੇ ਉਦਰ ਤੋਂ ਸੂਰਬੀਰ ਸਪੁੱਤਰ ਹਰਗੋਬਿੰਦ ਜੀ ਨੇ ਜਨਮ ਲਿਆ । ਆਪ ਪਹਿਲੇ ਗੁਰੂ ਸਨ ਜੋ ਬਚਪਨ ਤੋਂ ਹੀ ਗੁਰੂ ਦੇ ਆਲੇ ਦੁਆਲੇ ਤੇ ਸਿੱਖੀ ਵਾਯੂਮੰਡਲ ਵਿੱਚ ਵਧੇ ਫੁੱਲੇ । ਹਰ ਪ੍ਰਕਾਰ ਦੀ ਧਾਰਮਿਕ ਤੇ

برس اٹھائی سیو کی کیتی سو ہرے ن جاتے (بنساولی ناما)

ست گر امرداس جی نے جد رام داس جی دی گھال پورن ہوئی ویکھی تد پرسن ہو کے 2 اسُوں سمت 1631 (سن 1574ء) نُوں گروتا بخشی.

گرو امرداس جی ولوں تھاپیاں 52 منجیاں اتے گرو گھر وچکار تال میل واسطے آپ جی نے "مسند" نیوکت کیتے. سِکھ قوم نُوں اِک کیندر اُتے جُڑن دا حکم کیتا. گرو امرداس جی نے آنند ویاہ دی رسم جاری کیتی تے آپ نے اوہنوں پکیاں کیتا. اُداسی پنتھ نال میل ودھایا اتے ایوں سکھی محل دی اُساری لئی آپ نے ٹھوس اِٹاں لگائیاں. جس نال سکھی دا مندر نہ کیول مضبوط ہویا سگوں خوبصورت وی بنیا. آپ نے سکھاں دے مناں وچ گربانی دی مہتتا نُوں درڑ کروایا اتے فرمایا: بانی گرو' گرو ہے بانی' وچ بانی امرت سارے گربانی کہے سیوک جن مانے پرتکھ گرو نستارے (نٹ محلا 4' پنا 982)

گرو رام داس جی دے تِن پُتر' بھانی جی توں اُپجے. جنہاں دے ناں سن پرتھی چند' مہادیو اتے ست گر ارجن دیو جی. آپ 2 اسُوں (بھادوں سُدی 3) سمت 1638 (سن 1581ء) نُوں گوئند وال وکھے جوتی جوت سمائے

دھن دھن رام داس گرو' جن سریا تنے سواریا پوری ہوئی کرامت' آپ سِرجن ہارے دھاریا

آپ نے 7 ورھے گریائی کیتی. تے ساری اوستھا 46 ورھے 11 مہینے 7 دن بھوگی. اک ارداس بھاٹ کیرت کی گرو رام داس راکھو سرنائی (سوئیے محلا 4)

He had three sons from Bibi Bhani Ji : Prithi Chand, Mahadev, and Satgur Arjun Dev. He left for heaven on 12th Asuj 1638 Samvat (1581. AD) in Goindwal.

"Blessed, blessed is Guru Ram Das; He who created You, has also exalted You. Perfect is Your Miracle; the Creator Lord Himself has installed You on the throne."

In the above lines rich tributes have been paid to the services of Satgur Ram Das which he rendered during almost eight years as the leader of the Sikhs.

"O Guru Ram Das, save me! Take me into Your Sanctuary! ||4||58||

SATGUR ARJUN DEV JI

The Fifth Guru (Patshah) was born on 19th Visakh Samvat 1620 (15th April 1563) in Goindwal. His father was Satgur Ram Das Ji and mother was Bibi Bhani Ji. He was married to Ganga Devi Ji, daughter of Krishan Chandar Ji on 23rd Harr, Samvat 1636. Who gave birth to the great leader Hargobind Ji: He was the first Guru who as a child was closer to the Satgur's circle and he learnt a lot in his enviable position. He was brought up in the scholarly tradition of the Sikh establishment as distinguished by the other Gurus. Guru Arjun Dev Ji was drawn more and more to the scholarly and erudite tradition of the other religions centres of India.

He was made Guru on 2nd Asuj Samvat 1638 (1st September 1581) and forcefully preached

ਆਤਮਿਕ ਸਿੱਖਿਆ ਆਪ ਜੀ ਨੂੰ ਇੱਥੋ ਮਿਲੀ ।

ਸਤਿਗੁਰੁ ਸ੍ਰੀ ਗੁਰੂ ਅਰਜਨ ਦੇਵ ਜੀ ੨ ਅਸੋਜ਼ ੧੬੩੮ (੧ ਸਤੰਬਰ ੧੫੮੧) ਨੂੰ ਗੁਰਗੱਦੀ ਤੇ ਬਿਰਾਜੇ ਅਤੇ ਉੱਤਮ ਰੀਤੀ ਨਾਲ ਸਿੱਖ ਧਰਮ ਦਾ ਪ੍ਰਚਾਰ ਕੀਤਾ । ਕਿਰਤ ਵਿੱਚੋ ਦਸਵੰਧ (ਦਸਮਾਂਸ਼) ਲੈਣ ਦੀ ਮਰਿਆਦਾ ਬੰਨੀ । ਆਪ ਜੀ ਨੇ ਸੰਮਤ ੧੬੪੫ ਵਿੱਚ ਸੰਤੋਖਸਰ ਤਾਲ ਅੰਮ੍ਰਿਤਸਰ ਵਿਖੇ ਪੱਕਾ ਕਰਵਾਇਆ ਅਤੇ ਇਸੇ ਸਾਲ ਹੀ ੩ ਜਨਵਰੀ ੧੫੮੮ ਨੂੰ ਮਾਘੀ ਵਾਲੇ ਦਿਨ ਹਜ਼ਰਤ ਮੀਆਂ ਮੀਰ ਪਾਸੋਂ ਹਰਿਮੰਦਰ ਸਾਹਿਬ ਦਾ ਨੀਂਹ ਪੱਥਰ ਰਖਵਾਇਆ । ਜਿਸ ਨਾਲ ਸਿੱਖੀ ਦਾ ਕੇਂਦਰ ਹੋਰ ਮਜ਼ਬੂਤ ਹੋ ਗਿਆ । ਸੰਮਤ ੧੬੪੭ ਵਿੱਚ ਤਰਨਤਾਰਨ ਤਾਲ ਰਚਿਆ, ਸੰਮਤ ੧੬੫੧ ਵਿੱਚ ਜਿਲ੍ਹਾ ਜਲੰਧਰ ਦਾ ਕਰਤਾਰਪੁਰ ਨਗਰ ਵਸਾਇਆ ਤੇ ਸੰਮਤ ੧੬੫੯ - ੬੦ ਵਿੱਚ ਰਾਮਸਰ ਰਚਿਆ । ਪੰਚਮ ਪਾਤਸ਼ਾਹ ਜੀ ਨੇ ਬਾਣੀ ਨੂੰ ਤਰਤੀਬ ਦੇਣਾ ਅਰੰਭਿਆ । ਆਪ ਜੀ ਕੋਲ ਸਾਰੇ ਗੁਰੂ, ਭਗਤਾਂ ਅਤੇ ਸਤਿਗੁਰ ਨਾਨਕ ਦੇਵ ਜੀ ਵੱਲੋ ਇਕੱਤਰ ਕੀਤੀ ਗਈ ਭਗਤ ਬਾਣੀ ਮੌਜੂਦ ਸੀ । ਆਪ ਜੀ ਨੇ ਭਾਈ ਗੁਰਦਾਸ ਜੀ ਨੂੰ ਇਹ ਬਾਣੀ ਲਿਖਣ ਲਈ ਲਗਾਇਆ । ਉਹਨਾਂ ਇਕੱਤਰ ਹੋਈ ਬਾਣੀ ਦਾ ਉਤਾਰਾ ਕੀਤਾ, ਇਸ ਬੀੜ ਨੂੰ ਭਾਈ ਗੁਰਦਾਸ ਜੀ ਵਾਲੀ ਬੀੜ ਆਖਿਆ ਜਾਂਦਾ ਹੈ । ਭਾਦਰੋਂ ਦੀ ਪਹਿਲੀ ਸੰਮਤ ੧੬੬੧ ਅਰਥਾਤ ੧੬੦੪ ਨੂੰ ਭਾਈ ਗੁਰਦਾਸ ਜੀ ਵਾਲੀ ਬੀੜ ਤਿਆਰ ਹੋਈ ਤੇ ਭਾਦਰੋ ਸੁਦੀ ਪਹਿਲੀ ਨੂੰ ਇਸ ਬੀੜ ਦੀ ਹਰਿਮੰਦਰ ਸਾਹਿਬ ਵਿੱਚ ਸਥਾਪਨਾ ਕੀਤੀ ਗਈ ਤੇ ਬਾਬਾ ਬੁੱਢਾ ਜੀ ਪਹਿਲੇ ਗ੍ਰੰਥੀ ਥਾਪੇ ਗਏ । ਇਸੇ ਹੀ ਦਿਨ ਪਹਿਲਾਂ ਪਰਕਾਸ਼ ਹੋਇਆ । ਗੁਰਮਤਿ ਦੇ ਨਿਯਮਾਂ ਦੀ ਰਾਖੀ ਕਰਦੇ ਹੋਏ ਅਤੇ ਸਤਿਯ ਪ੍ਰਤਿਗਿਆ ਦੀ ਕਸੌਟੀ ਉੱਤੇ ਸਿੱਖਾਂ ਨੂੰ ਅਚੱਲ ਰਹਿਣ ਦਾ ਸਬਕ ਦੱਸਣ ਲਈ ਜੇਠ ਸੁਦੀ ੪ (੨ ਹਾੜ) ਸੰਮਤ ੧੬੬੩ (੩੦ ਮਈ ੧੬੦੬) ਨੂੰ ਰਾਵੀ ਕਿਨਾਰੇ ਲਾਹੌਰ ਵਿਖੇ ਚੰਦੂ ਦੀਆ ਸਾਜਿਸ਼ਾਂ ਅਤੇ ਤਸੀਹਿਆਂ ਨੂੰ ਸਹਾਰਦੇ ਹੋਏ ਜੋਤੀ ਜੋਤ ਸਮਾਏ ।

ست گُرارجن دیو جی

پنچم پِتا ست گر ارجن دیو جی دا جنم 19 وساکھ (وساکھ وِدی 7) سمت 1620 (15 اپریل سن 1563ء) نوں ست گر رام داس جی دے گھر ماتا بی بی بھانی جی دے اُدر توں گوئند وال وکھے ہویا. 23 ہاڑ سمت 1636 نوں کرشن چند جی دی سپُتری گنگا دیوی جی نال ویاہ ہویا. جس دے اُدر توں مہاویر سپُتر گرو ہرگوبند جی نے جنم لیا. آپ پہلے گرو سن جو بچپن توں ہی گرو دے آل دوالے اتے سکھی وایو منڈل وچ ودھے پھُلے. ہر پرکار دی دھارمک تے آتمک سکھیا آپ جی نوں ایتھوں ملی.

ست گر ارجن دیو جی 2 اسوج سمت 1638 (1 ستمبر 1581ء) نُوں گر گدی تے وِراجے اتے اُتم ریتی نال سِکھ دھرم دا پرچار کیتا. کِرت وچوں دسوندھ (دشمانش) لین دی مریادا بنھی. آپ نے سمت 1645 وچ سنتوکھ سرتال (امرتسر) پکا کروایا اتے ایسے سال ہی 3 جنوری 1588ء نوں ماگھی والے دن حضرت میاں میر جی پاسوں ہرمندر صاحب دا نینہ پتھر رکھوایا. جس نال سکھی دا کیندر ہور مضبوط ہو گیا. سمت 1647 وچ ترن تارن تال رچیا سمت 1651 وچ ضلع جالندھر دا کرتار پور نگر وسایا تے سمت 60-1659 وچ رام سر رچیا. پنچم پاتشاہ جی نے بانی نوں ترتیب دینا ارنبھیا. آپ کول سارے گرو' بھگتاں اتے ست گر نانک دیو جی ولوں اِکتر کیتی گئی بھگت بانی موجود سی. آپ نے بھائی گرداس جی نوں ایہ بانی لکھن لئی لگایا. اوہناں اِکتر ہوئی بانی دا اُتارا کیتا. ایس بیڑ نوں بھائی گرداس والی بیڑ آکھیا جاندا ہے. بھادروں ودی پہلی سمت 1661 ارتھات 1604 نوں بھائی گرداس جی والی بیڑ تیار ہوئی تے بھادروں سُدی پہلی نُوں ایس

his religion. In 1645 Samvat, the Amritsar tank was reconstructed and the same year on Maghi Day the foundation stone of Har Mandir Sahib was laid by Hazrat Mian Mir on 3rd Januar 1588 AD. That further strengthened the Sikh centre. In Samvat 1647 Tran Taran Tank and four years later founded another Kartarpur in district Jullunder. He started compiling and editing of the Granth Sahib. He had all the writings and sayings of the saints and mystics including Baba Nanak. Bhai Gurdas was assigned this job, who copied the whole collection to be known as Beerr (version or edition) Bhai Gurdas, which was completed in 1661 Samvat (1604 AD). This was placed in Harmandir Sahib on first Bhadroan and the same day the first Granthi Baba Budha recited the Gurbani publicly.

He was committed to the promotion of the Sikh way of life. On this issue his attitude was uncompromising. He refused to surrender therefore because of the intrigues of Chandu (Lal - a Mughal official). He was tortured to death on the bank of the (river Ravi) in Lahore. on 2nd Harr Samvat 1663 Jaith Suddi 4 (30th May 1606 AD).

"First, accept death, and give up any hope of life. Become the dust of the feet of all, and then, you may come to me."

The fifth Patshah Satgur Arjun Dev Ji is the first Sikh martyr (shaheed). His martyrdom inspired the Sikh people to offer supreme sacrifice whenever it was required. He also made a tremendous contribution to the sikh literature. And it was he who set the tradition of offering supreme sacrifice for a greater cause. His relentless efforts won a much higher place for the Sikh religion and the people.

ਪਹਿਲਾ ਮਰਣੁ ਕਬੂਲਿ ਜੀਵਣ ਕੀ ਛਡਿ ਆਸ ॥
ਹੋਹੁ ਸਭਨਾ ਕੀ ਰੇਣੁਕਾ ਤਉ ਆਉ ਹਮਾਰੈ ਪਾਸ ॥

ਪੰਚਮ ਪਾਤਿਸ਼ਾਹ ਸਤਿਗੁਰ ਸ੍ਰੀ ਗੁਰੂ ਅਰਜਨ ਦੇਵ ਜੀ ਸਿੱਖ ਧਰਮ ਦੇ ਪਹਿਲੇ ਸ਼ਹੀਦ ਸਨ । ਉਹਨਾਂ ਦੀ ਸ਼ਹਾਦਤ ਨੇ ਸਿੱਖੀ ਦੇ ਬਿਰਛ ਨੂੰ ਸੂਹੇ ਫੁੱਲ ਬਖਸ਼ਿਸ਼ ਕੀਤੇ । ਸਿੱਖਾਂ ਵਿੱਚ ਕੁਰਬਾਨੀ ਦੇ ਜਜ਼ਬੇ ਨੇ ਜਨਮ ਲਿਆ ਅਤੇ ਇਤਿਹਾਸ ਵਿੱਚ ਨਵੇਂ ਪੰਨਿਆਂ ਦਾ ਵਾਧਾ ਹੋਇਆ । ਇੱਥੋਂ ਹੀ ਵਡਜੋਧੇ ਬਹੁ ਪਰਉਪਕਾਰੀ ਦੀ ਰੀਤ ਚੱਲੀ ।

ਸ੍ਰੀ ਗੁਰੂ ਹਰਗੋਬਿੰਦ ਸਾਹਿਬ ਜੀ

ਆਪ ਸਿੱਖ ਕੌਮ ਦੇ ਛੇਵੇਂ ਪਾਤਿਸ਼ਾਹ ਸਨ । ਆਪ ਜੀ ਦਾ ਜਨਮ ੨੧ ਹਾੜ (ਵਦੀ ੬) ਸੰਮਤ ੧੬੫੨ (੧੪ ਜੂਨ ੧੫੯੫ ਨੂੰ ਸਤਿਗੁਰ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਘਰ ਮਾਤਾ ਗੰਗਾ ਜੀ ਦੇ ਉਦਰ ਤੋਂ ਵਡਾਲੀ ਪਿੰਡ ਵਿੱਚ ਹੋਇਆ । ਆਪ ਨੇ ਬਾਬਾ ਬੁੱਢਾ ਜੀ ਤੋਂ ਧਾਰਮਿਕ ਵਿਦਿਆ ਪ੍ਰਾਪਤ ਕੀਤੀ । ਆਪ ਜੀ ਦੇ ਤਿੰਨ ਵਿਆਹ ਹੋਏ । ਪਹਿਲਾ ਵਿਆਹ ਡੱਲਾ ਨਿਵਾਸੀ ਨਰਾਇਣ ਦਾਸ ਜੀ ਦੀ ਸਪੁੱਤਰੀ ਦਾਮੋਦਰੀ ਜੀ ਨਾਲ ੧੨ ਭਾਦੋਂ ਸੰਮਤ ੧੬੬੧ ਨੂੰ ਹੋਇਆ, ਦੂਜਾ ਬਕਾਲਾ ਨਿਵਾਸੀ ਹਰੀ ਚੰਦ ਦੀ ਸਪੁੱਤਰੀ ਨਾਨਕੀ ਜੀ ਨਾਲ ਹੋਇਆ, ਇਹ ਵਿਆਹ ੮ ਵਿਸਾਖ ੧੬੭੦ ਨੂੰ ਹੋਇਆ । ਤੀਜਾ ਵਿਆਹ ਪੰਡਾਲੀ ਨਿਵਾਸੀ ਦਿਆ ਰਾਮ ਦੀ ਸਪੁੱਤਰੀ ਮਹਾਦੇਵੀ ਜੀ ਨਾਲ ੧੧ ਸਾਵਣ ੧੬੭੨ ਨੂੰ ਹੋਇਆ ।

ਧਰਮਵੀਰ ਸਤਿਗੁਰ ਜੀ ਦੇ ਪੰਜ ਪੁੱਤਰ (ਬਾਬਾ ਦਿੱਤਾ ਜੀ, ਸੂਰਜ ਮੱਲ, ਅਣੀ ਰਾਏ, ਅਟੱਲ ਰਾਏ, ਅਤੇ ਗੁਰਤੇਗ ਬਹਾਦਰ ਜੀ, ਤੇ ਇੱਕ ਸਪੁੱਤਰੀ ਬੀਰੋ ਉਤਪੰਨ ਹੋਈ । ਆਪ ੨੯ ਜੇਠ (ਵਦੀ ੧੪) ਸੰਮਤ ੧੬੬੩ (੨੫ ਮਈ ੧੬੦੬) ਨੂੰ ਨਾਨਕ

بیڑ دی ہرمندر صاحب وچ ستھاپنا کیتی گئی تے بابا بُڈھا جی پہلے گرنتھی ستھاپے گئے. ایسے ہی دن پہلا پرکاش ہویا.

گرمت دے نیماں دی راکھی کردے ہوئے اتے ستے پرتگیا دی کسوٹی اُتے سکھاں نوں اچل رہن دا سبق دسن لئی جیٹھ سُدی 4 (2 ہاڑ) سمت 1663 (30 مئی سن 1606ء) نُوں راوی کنارے لاہور وِکھے چندو دیاں سازشاں اتے تسیہاں نُوں سہاردے ہوئے جوتی جوت سمائے.

پہلا مرن قبول جیون کی چھڈ آس   ہوہ سبھنا کی رینکا توء آؤ ہمارے پاس

پنچم پاتشاہ ست گرو ارجن دیو جی سکھ دھرم دے پہلے شہید ہن. اوہناں دی شہادت سکھی دے بِرچھ نُوں سُوہے پھُل بخشش کیتے. سکھاں وچ قربانی دے جذبے نے جنم لیا اتے اِتہاس وِچ نوَیں پنیاں دا وادھا ہویا. ایتھوں ہی وڈ جودھے بہو اُپکاری دی ریت چلی.

ست گر ہرگوبند صاحب

آپ سکھ قوم دے چھیویں پاتشاہ ہن. آپ جی دا جنم 21 ہاڑ (ودی 6) سمت 1652 (14 جون 1595ء) نوں ست گر ارجن دیو جی دے گھر ماتا گنگا جی دے اُدر توں وڈالی پِنڈ وچ ہویا. آپ نے بابا بُڈھا جی توں دھارمک ودیا پراپت کیتی. آپ جی دے تِن ویاہ ہوئے. پہلا ویاہ ڈلا نواسی نرائن داس جی دی سپُتری دمودری جی نال 12 بھادروں سمت 1661 نوں' دوجا بکالا نواسی ہری چند دی سپُتری نانکی جی نال. ایہ ویاہ 8 وساکھ 1670 نوں ہویا. تیجا ویاہ منڈالی نواسی دیا رام دی سپُتری مہا دیوی جی نال 11 ساون 1672 نوں ہویا.

SATGUR HARGOBIND SAHIB JI

He is the Sixth Patshah of the Sikh nation. He was born on 21st Harr 1652 Samvat (14th June 1595) in village Wadali. He was the only son of Guru Arjun Dev and Mata Ganga Ji. Baba Budha Ji was his teacher. He was married for three times. First wife was Damodari Ji daughter of Narain Das Ji of Dalla (12th Bhadron Samvat 1661). The second wife was Nanki Ji daughter of Hari Chand of Bakala (8th Visakh Samvat 1670). His third wife was Maha Devi Ji daughter of Daya Ram of Mandali (11th Savan Samvat 1672).

Satgur Ji had five sons and one daughter : Baba Gur Ditta Ji, Suraj Mal, Ani Rai, Atal Rai, and Guru Tegh Bahadur and Beero. He was made Guru on 29th Jaith Samvat 1663 (25th May 1606). He abolished the white cap the Sikhs used to wear to be replaced by a turban having plume. With the religious leadership (piri) he also presented himself as the temporal leader and started wearing a sword. He propogated well this new concept of a Sikh. In 1665 Samvat he built the Akal Takht and raised it to 12 feet high. He himself named it "Akal Takht Sahib". All the thrones of the world can be raised to ground but not the Akal Takht. In 1984 AD the Indian army targeted this Takht with guns and tanks. The invaders are no more but the Takht still rules supreme. Here meets the Surbat Khalsa. The Takht has the blessings of the Satgur. The Takht was raised by the satgur himself with the manual labour of Baba Budha Ji and Bhai Guru Ditta. (The Guru carried bricks, Bhai Ditta carried

ਪਾਤਿਸ਼ਾਹ ਦੀ ਗੱਦੀ ਉੱਤੇ ਬਿਰਾਜਮਾਨ ਹੋਏ । ਆਪ ਜੀ ਨੇ ਇਸ ਸਮੇਂ ਸਹਿਲੀ ਟੋਪੀ ਪਹਿਨਣ ਦੀ ਪੁਰਾਣੀ ਰੀਤ ਹਟਾ ਕੇ ਕਲਗੀ ਸੀਸ ਤੇ ਸਜਾਈ ਅਤੇ ਮੀਰੀ ਪੀਰੀ ਦੀਆਂ ਦੋ ਤਲਵਾਰਾਂ ਧਾਰਨ ਕੀਤੀਆਂ ।

ਆਪ ਜੀ ਨੇ ਮੀਰੀ ਤੇ ਪੀਰੀ ਦੀਆ ਦੋ ਤਲਵਾਰਾਂ ਪਹਿਨੀਆਂ । ਇਉਂ ਆਪ ਨੇ ਭਗਤੀ ਦੇ ਨਾਲ ਨਾਲ ਗੁਰਸਿੱਖਾਂ ਵਿੱਚ ਸੂਰਬੀਰਤਾ ਅਤੇ ਰਾਜਨੀਤੀ ਨੂੰ ਵੀ ਜਰੂਰੀ ਜਾਣਿਆ ਅਤੇ ਉਸ ਦਾ ਪਰਚਾਰ ਕੀਤਾ । ਸੰਮਤ ੧੬੬੫ ਵਿੱਚ ਆਪ ਜੀ ਨੇ ਹਰਿਮੰਦਰ ਸਾਹਿਬ ਦੇ ਸਨਮੁੱਖ ਅਕਾਲ ਬੁੰਗਾ ਰਚਿਆ । ਅਕਾਲ ਤਖ਼ਤ ਸਾਹਿਬ ਦੀ ਸਥਾਪਨਾ ੧੨ ਫੁੱਟ ਉੱਚੀ ਕੀਤੀ ਗਈ । ਗੁਰੂ ਸਾਹਿਬ ਨੇ ਆਪ ਹੀ ਇਸ ਤਖ਼ਤ ਦਾ ਨਾਮ ਅਕਾਲ ਤਖ਼ਤ ਸਾਹਿਬ ਰੱਖਿਆ । ਹੋਰ ਦੁਨਿਆਵੀ ਤਖ਼ਤ ਖਤਮ ਹੋ ਸਕਦੇ ਹਨ ਪਰ ਇਹ ਅਕਾਲ ਤਖ਼ਤ ਕਦੇ ਖਤਮ ਨਹੀਂ ਹੋ ਸਕਦਾ । ੧੯੮੪ ਵਿੱਚ ਇਸੇ ਤਖ਼ਤ ਨੂੰ ਹੀ ਭਾਰਤੀ ਫੌਜਾਂ ਨੇ ਤੋਪਾਂ ਅਤੇ ਟੈਂਕਾ ਦਾ ਨਿਸ਼ਾਨਾ ਬਣਾਇਆ । ਮਿਟਾਉਣ ਵਾਲੇ ਮਿਟ ਗਏ, ਪਰ ਅਕਾਲ ਤਖ਼ਤ ਅੱਜ ਵੀ ਉਸੇ ਤਰਾਂ ਕਾਇਮ ਹੈ । ਇੱਥੇ ਹੀ ਸਰਬੱਤ ਖਾਲਸਾ ਜੁੜਦਾ ਹੈ । ਇਸ ਤਖ਼ਤ ਨੂੰ ਇਹ ਮਾਣ ਹਾਸਿਲ ਹੈ ਕਿ ਇਹਨੂੰ ਸਤਿਗੁਰਾਂ ਦੇ ਪਾਵਨ ਕਰਕਮਲਾਂ ਦੀ ਛੋਹ ਪ੍ਰਾਪਤ ਹੋਈ ਹੈ । ਉਸਾਰੀ ਵੇਲੇ ਗੁਰੂ ਜੀ ਆਪ ਇੱਟਾਂ ਲਿਆਂਦੇ, ਭਾਈ ਗੁਰਦਾਸ ਜੀ ਗਾਰਾ ਅਤੇ ਬਾਬਾ ਬੁੱਢਾ ਜੀ ਉਸਾਰੀ ਕਰਦੇ ।

ਕਿਸੀ ਰਾਜ ਨਹਿ ਹਾਥ ਲਗਾਊ ।
ਬੁੱਢਾ ਓ ਗੁਰ ਦਾਸ ਬਣਾਉ ।

ਸਤਿਗੁਰਾਂ ਜੰਗਾਂ ਵਿੱਚ ਨਿਵਾਸ ਕਰਕੇ ਕਿਰਤਾਰਥ ਕੀਤਾ । ਸੰਮਤ ੧੬੮੪ ਵਿੱਚ ਮੋਹਨ ਅਤੇ ਕਾਲੇ ਦੀ ਸਹਾਇਤਾ ਕਰਕੇ ਮਾਲਵੇ ਵਿੱਚ ਮੇਹਰਾਜ ਵਸਾਇਆ ਅਤੇ ਇਸੇ ਵਰੇ ਅੰਮ੍ਰਿਤਸਰ ਸਾਹਿਬ ਵਿਖੇ ਕੌਲਸਰ ਸਾਹਿਬ ਤਾਲ ਲਗਵਾਇਆ । ਸੰਮਤ ੧੬੮੫ ਵਿੱਚ ਬਿਬੇਕੀ ਸਿੱਖਾਂ ਦੇ ਨਿਵਾਸ ਲਈ ਬਿਬੇਕਸਰ ਰਚਿਆ । ਭਾਈ ਕਾਹਨ ਸਿੰਘ ਨਾਭਾ ਜੀ ਦੇ ਕਥਨ ਅਨੁਸਾਰ " ਅਕਬਰ ਦੀ

دھرم ویر ست گر جی دے پنج پتر (باباگر دِتا جی' سورج مل' انی رائے' اٹل رائے' اتے گرتیغ بہادر جی) تے اِک سپتری بیرو' اُتپن ہوئی آپ 29 جیٹھ (ودی 14) سمت 1663 (25 مئی 1606ء) نوں نانک پاتشاہ جی دی گرگدی اُتے براجمان ہوئے. آپ جی نے ایس سے سیلی ٹوپی پہنن دی پرانی ریت ہٹا کے کلغی سیس تے سجائی اتے میری پیری دیاں دو تلواراں دھارن کیتیاں.

ایوں آپ نے بھگتی دے نال نال گرسکھاں وچ سوربیرتا اتے راجنیتی نوں وی ضروری جانیا تے اُس دا پرچار کیتا. سمت 1665 وچ آپ نے ہرمندر صاحب دے سن مکھ اکال بُونگا رچیا. اکال تخت صاحب دی ستھاپنا 12 فٹ اُچی کیتی گئی. گرو صاحب نے آپ ہی ایس تخت دا ناں اکال تخت صاحب رکھیا. ہور دنیاوی تخت ختم ہو سکدے ہن پر ایہ اکال تخت کدے ختم نہیں ہو سکدا. 1984ء وچ ایسے تخت نوں ہی بھارتی فوجاں نے توپاں اتے ٹینکاں دا نشانا بنایا. مٹاؤن والے مٹ گئے پر اکال تخت اوسے طرحاں اج وی قائم ہے. ایتھے ہی سربت خالصا جُڑدا ہے. ایس تخت نُوں ایہ مان حاصل ہے کہ ایہنوں ست گراں دیاں پاون کرکملاں دی چھوہ پراپت ہوئی ہے. اُساری ویلے گرو جی آپ اٹاں لیاندے' بھائی گر دِتا جی گارا اتے بابا بُڈھا جی اُساری کردے.

کسی راج نہیں ہاتھ لگایو
بُڈھا او گرداس بنایو

ست گراں جنگاں وچ نواس کر کے کرتارتھ کیتا. سمت 1684 وچ موہن اتے کالے دی سہایتا کر کے مالوے وچ مہراج وسایا اتے ایسے ورھے امرتسر

mud and Baba Budha Ji worked as a mason.

"*Kisi raaj neh haath lagayo, Boodha au gurdas banayo.*

(No professional had any contribution. Only Budha and Gurdas built this Takht). He was engaged in many battles. In 1684 Samvat. he supported Mohan and Kala and established Sikhism in Malva on sound basis. He also constructed Ram Sar Sahib (Tank) near Amritsar and founded Babek Sar in 1685 Samvat.

According to Bhai Kahan Singh Nabha Ji, after the liberal policy of Akbar, Jehangir had developed some reservations about the peace-loving Sikhs. The Fifth Satgur was martyred. Satgur Har Gobind ordered the Sikhs to get themselves militarily ready to face the state forces. He was put under detention in the fort of Gawaliar which enhanced the honour and power of the Satgur. Many of the Muslims had suggested to Jehangir to set the Guru free. He was not only set free but Jehangir treated him well and had developed better understanding. These good relations ended when Shahjahan has ascended to the throne in 1685 Samvat. Shahjahan had hardened his policy towards the Sikhs. With a view to defend the Sikhs the Guru had to fight against the Mughal forces four times.

After the war of Kartarpur he migrated to Kirtarpur and continued his religious mission. He sent Sikh missions to Kashmir, Pili Bhit (U.P) Bars and Malwa and showed the way to deliverance to millions of the people. He also sent Udasi preachers to many foreign countries to spread the message of Guru Nanak.

ਸਲਾਹਕੁੰਨ ਪਾਲਿਸੀ ਦੀ ਥਾਂ ਜਦ ਜਹਾਂਗੀਰ ਨੇ ਲੋਕਾਂ ਦੇ ਸਿੱਖੇ ਸਿਖਾਏ ਸਿੱਖਾਂ ਵਲ ਮੈਲੀ ਨਜ਼ਰ ਕਰ ਲਈ ਅਤੇ ਪੰਜਵੇਂ ਸਤਿਗੁਰੂ ਸ਼ਹੀਦ ਕੀਤੇ ਗਏ ਤਾਂ ਸੁਰੱਖਿਆ ਲਈ ਗੁਰੂ ਹਰਗੋਬਿੰਦ ਸਾਹਿਬ ਨੇ ਸਿੱਖਾਂ ਨੂੰ ਸ਼ਸਤਰ ਪਹਿਨਣ ਅਤੇ ਸੂਰਬੀਰਤਾ ਦਾ ਉਪਦੇਸ਼ ਦਿੱਤਾ । ਇਹ ਵੇਖ ਕੇ ਜਹਾਂਗੀਰ ਨੇ ਗੁਰੂ ਸਾਹਿਬ ਨੂੰ ਗਵਾਲੀਅਰ ਦੇ ਕਿਲੇ ਵਿੱਚ ਬੰਦ ਕਰ ਦਿੱਤਾ । ਇਸ ਤੋਂ ਗੁਰੂ ਜੀ ਦਾ ਮਾਣ ਘਟਣ ਦੀ ਥਾਂ ਹੋਰ ਵਧ ਗਿਆ । ਕਈ ਪਤਵੰਤੇ ਮੁਸਲਮਾਨਾਂ ਨੇ ਬਾਦਸ਼ਾਹ ਨੂੰ ਗੁਰੂ ਸਾਹਿਬ ਦੇ ਛੱਡਣ ਦੀ ਪ੍ਰੇਰਨਾ ਕੀਤੀ । ਇਸ ਤੋ ਜਹਾਂਗੀਰ ਨੇ ਛੇਵੇਂ ਪਾਤਿਸ਼ਾਹ ਨੂੰ ਛੱਡ ਦਿੱਤਾ ਸਗੋਂ ਮਿੱਤਰਤਾ ਦਾ ਵਰਤਾਅ ਕਰਦਾ ਰਿਹਾ । ਪਰ ਜਦ ਸੰਮਤ ੧੬੮੫ ਵਿੱਚ ਸ਼ਾਹਜਹਾਨ ਗੱਦੀ ਤੇ ਬੈਠਾ ਤਾਂ ਉਸ ਨੇ ਸਿੱਖਾਂ ਵੱਲ ਕਰੜੀ ਪਾਲਿਸੀ ਕਰ ਲਈ । ਇਸ ਲਈ ਸੁਰੱਖਿਆ ਵਾਸਤੇ ਗੁਰੂ ਸਾਹਿਬ ਤੇ ਮੁਗਲ ਪੁੱਤਰ ਸ਼ਾਹਜਹਾਨ ਦੀ ਸੈਨਾ ਦੇ ੪ ਜੰਗ ਹੋਏ ।

ਕਰਤਾਰਪੁਰ ਦੀ ਜੰਗ ਮਗਰੋਂ ਗੁਰੂ ਜੀ ਕੀਰਤਪੁਰ ਜਾ ਬਿਰਾਜੇ ਅਤੇ ਧਰਮ ਪ੍ਰਚਾਰ ਦਾ ਕੰਮ ਜਾਰੀ ਰੱਖਿਆ । ਇਹਨਾਂ ਦੂਰ ਦੂਰ ਜਾ ਕੇ ਸਿੱਖ ਧਰਮ ਫੈਲਾਇਆ । ਕਸ਼ਮੀਰ, ਪੀਲੀਭੀਤ, ਬਾਰ ਅਤੇ ਮਾਲਵੇ ਵਿੱਚ ਲੱਖਾਂ ਪ੍ਰਾਣੀਆ ਨੂੰ ਮੁਕਤੀ ਦਾ ਰਾਹ ਦੱਸਿਆ । ਉਦਾਸੀ ਪ੍ਰਚਾਰਕਾ ਨੂੰ ਦੇਸ਼ਾ ਦੇਸ਼ਾਂਤਰਾ ਵਿੱਚ ਭੇਜ ਕੇ ਗੁਰੂ ਨਾਨਕ ਦੇਵ ਜੀ ਦੇ ਨਾਮ ਦਾ ਝੰਡਾ ਝੁਲਾਇਆ ।

ਆਪ ੭ ਚੇਤਰ (ਸੁਦੀ ੫) ਸੰਮਤ ੧੭੦੧ (੩ ਮਾਰਚ ੧੬੪੪) ਨੂੰ ਜੋਤੀ ਜੋਤ ਸਮਾਏ । ਆਪ ਦੇ ਦੇਹੁਰੇ ਦਾ ਨਾਮ ਕੀਰਤਪੁਰ ਵਿੱਚ " ਪਤਾਲਪੁਰੀ " ਹੈ । ਛੇਵੇਂ ਗੁਰੂ ਸਾਹਿਬ ਨੇ ੩੭ ਵਰੇ, ੧੦ ਮਹੀਨੇ, ੭ ਦਿਨ ਗੁਰੂਤਾ ਕੀਤੀ ਅਤੇ ਸਾਰੀ ਅਵਸਥਾ ੪੮ ਵਰੇ, ੮ ਮਹੀਨੇ, ੧੫ ਦਿਨ ਭੋਗੀ ।

ਅਰਜਨ ਹਰਗੋਬਿੰਦ ਨੋ ਸਿਮਰੌ ਸ੍ਰੀ ਹਰਿ ਰਾਏ (ਚੰਡੀ ੩)

صاحب وکھے کول سر صاحب تال لگوایا. سمت 1685 وچ بیکی سکھاں دے نواس لئی بیک سر رچیا.

بھائی کاہن سنگھ نابھا جی دے کتھن انوسار "اکبر دی صلح کُل پالسی دی تھاں جد جہانگیر نے لوکاں دے سکھے سکھائے سکھاں ول میلی نظر کر لئی اتے پنجویں ست گر شہید کیتے گئے تاں سورکھیا لئی گرو ہرگوبند صاحب نے سکھاں نوں ششتر پہنن اتے سوربیرتا دا اُپدیش دِتا. ایہ ویکھ کے جہانگیر نے گرو صاحب نوں گوالیار دے قلعے وچ قید کر دتا. ایس توں گرو جی دا مان گھٹن دی تھاں ہور ودھ گیا. کئی پتونتے مسلماناں نے بادشاہ نوں گرو صاحب دے چھڈن دی پریرنا کیتی. ایس توں جہانگیر نے چھیویں پاتشاہ جی نوں چھڈ دتا. سگوں مترتا دا ورتاء کردا رہیا. پر جد سمت 1685 وچ شاہ جہاں گدی تے آیا تاں اوس نے سکھاں ول پالسی کرڑی کر لئی. ایس لئی سورکھیا واسطے گرو صاحب دے مغل پتر شاہ جہان دی سینا نال چار جنگ ہوئے.

کرتار پور دی جنگ مگروں گرو صاحب کیرت پور جا ویراجے اتے دھرم پرچار دا کم جاری رکھیا. ایہناں دور دور جا کے سکھ دھرم پھیلایا. کشمیر' پیلی بھیت' بار اتے مالوے وچ لکھاں پرانیاں نُوں مکتی دا راہ دسیا' اُداسی پرچارکاں نُوں دیش دیشانتراں وچ بھیج کے گرو نانک دیو جی دا جھنڈا جھلایا.

آپ 7 چیتر (سدی 5) سمت 1701 (3 مارچ 1644ء) نوں جوتی جوت سمائے. آپ دے دیہرے دا ناؤں کیرت پور وچ "پاتال پوری" ہے. چھیویں گرو صاحب نے 37 ورھے 10 مہینے 7 دن گروتا کیتی اتے ساری اوستھا 48 ورھے 8 مہینے 15 دن بھوگی.

ارجن ہرگوبند نوں سمرو سری ہر رائے (چنڈی محلا 3)

He left for heaven on 7th Chaiter Samvat 1701 Suddi 5 (3rd March 1644) in Kiratpur Sahib and his eternal abode is known as "Paatalpuri". His age was 48 years 8 months and 15 days in which his guruship was spread over 37 years, 10 months and 7 days.

"Arjun Hargobind noon simro siri Har Rai" (Chandi)

ਸ੍ਰੀ ਗੁਰੂ ਹਰਿ ਰਾਏ ਸਾਹਿਬ ਜੀ

ਸਤਿਗੁਰੂ ਹਰਿਰਾਏ ਸਾਹਿਬ ਜੀ ਦਾ ਜਨਮ ੨੦ ਮਾਘ (ਸੁਦੀ ੩) ਸੰਮਤ ੧੬੮੬ (੨੬ ਫਰਵਰੀ ੧੬੩੦) ਨੂੰ ਬਾਬਾ ਗੁਰਦਿੱਤਾ ਜੀ ਦੇ ਘਰ ਮਾਤਾ ਨਿਹਾਲ ਕੌਰ ਜੀ ਦੇ ਉਦਰ ਤੋਂ ਕੀਰਤਪੁਰ ਵਿੱਖੇ ਹੋਇਆ । ਆਪ ਜੀ ਦੇ ਸੁਭਾਅ ਵਿੱਚ ਕੋਮਲਤਾ ਅਤੇ ਪਿਆਰ ਦਾ ਰਚਾਅ ਭਰਪੂਰ ਸੀ ।

ਹਾੜ ਸੁਦੀ ੩ ਸੰਮਤ ੧੬੯੭ ਨੂੰ ਅਨੂਪ ਸ਼ਹਿਰ ਜ਼ਿਲਾ ਬੁਲੰਦ, ਸ਼ਹਿਰ ਯੂ ਪੀ ਨਿਵਾਸੀ ਦਿਆ ਰਾਮ ਦੀਆਂ ਪੁਤਰੀਆਂ ਨਾਲ ਆਪ ਜੀ ਦਾ ਵਿਆਹ ਹੋਇਆ । ਕੋਟ ਕਲਿਆਣੀ ਜੀ ਦੇ ਉਦਰ ਤੋਂ ਰਾਮਰਾਏ ਜੀ ਅਤੇ ਕ੍ਰਿਸ਼ਨ ਕੌਰ ਜੀ ਤੋਂ ਗੁਰੂ ਹਰਕ੍ਰਿਸ਼ਨ ਜੀ ਜਨਮੇ ।

ਆਪ ੧੨ ਚੇਤ (ਸੁਦੀ ੧੦) ਸੰਮਤ ੧੭੦੯ (੮ ਮਾਰਚ ੧੬੪੪) ਨੂੰ ਗੁਰੂ ਨਾਨਕ ਦੇਵ ਜੀ ਦੀ ਗੱਦੀ ਤੇ ਬਿਰਾਜੇ ਅਤੇ ਉੱਤਮ ਰੀਤ ਨਾਲ ਗੂਰੂ ਨਾਨਕ ਦੇਵ ਜੀ ਦੇ ਧਰਮ ਦਾ ਪ੍ਰਚਾਰ ਕੀਤਾ ।

ਸਰੀਪਤ ਜੋਤਿ ਸਰੂਪ ਅਨੂਪਮਿ, ਭੁਪਨ ਭੁਪ, ਨਮੋ ਹਰਿਰਾਯਾ ॥ (ਕਵੀ ਸੰਤੋਖ ਸਿੰਘ)

ਸੰਮਤ ੧੭੦੩ ਵਿੱਚ ਆਪ ਨੇ ਮਾਲਵੇ (ਜੰਗਲ) ਦੀ ਸੰਗਤ ਨੂੰ ਸੁਮੱਤ ਦੇਣ ਲਈ ਦੌਰਾ ਕੀਤਾ ਅਤੇ ਮਹਿਰਾਜ ਦੇ ਮੁਕਾਮ ਤੇ ਫੂਲ ਵੰਸ਼ ਨੂੰ ਦਾਦਾ ਗੂਰੂ ਜੀ ਦੇ ਵਰਦਾਨ ਦੀ ਪੁਸ਼ਟੀ ਕਰਨ ਹਿੱਤ ਆਸ਼ੀਰਵਾਦ ਦੇ ਕੇ ਨਿਹਾਲ ਕੀਤਾ ।

ਆਪ ਨੇ ਸਤਿਗੁਰ ਹਰਿਗੋਬਿੰਦ ਜੀ ਦੀ ਬਣਾਈ ਫੌਜ ਨੂੰ ਬਣਾਈ ਰੱਖਿਆ ਪਰ ਤਾਕਤ ਦੇ ਹੁੰਦਿਆਂ ਤਾਕਤ ਦੀ ਵਰਤੋਂ ਨਾਂ ਕਰਕੇ ਸੱਚੀ ਅਹਿੰਸਾ ਦੀ ਬੁਨਿਆਦ ਰੱਖੀ । ਉਹਨਾਂ ਨੇ ਆਪਣੀ ਜ਼ਿੰਦਗੀ ਵਿੱਚ ਇੱਕ ਵੀ ਲੜਾਈ ਨਾਂ ਲੜੀ । ਜਦ ਸ਼ਾਹਜਹਾਨ ਦੇ ਪੁੱਤਰਾਂ ਵਿੱਚ ਤਖਤ ਦੀ ਲੜਾਈ ਛਿੜੀ ਤਾਂ ਦਾਰਾ ਸ਼ਿਕੋਹ, ਔਰੰਗਜ਼ੇਬ ਤੋਂ ਬਚਦਾ ਹੋਇਆ ਸਤਿਗੁਰ ਜੀ ਦੀ ਸ਼ਰਨ ਆਇਆ । ਚੌਧਰੀ

ست گر ہررائے صاحب

ست گر ہر رائے صاحب جی دا جنم 20 ماگھ (سدی 13) سمت 1686 (26 فروری سن 1630ء) نُوں بابا گردتا جی دے گھر ماتا نہال کور جی دے اُدر توں کیرت پور وچ ہویا. آپ دے سبھاوچ کوملتا اتے پیار دا رچاء بھرپور سی.

ہاڑ سُدی 3 سمت 1697 نوں انوپ شہر ضلع بلند شہریو پی نواسی دیا رام دیاں پُتریاں نال آپ جی دا ویاہ ہویا. کوٹ کلیانْ جی دے اُدر توں رام رائے جی تے کرشن کور جی توں گرو ہر کرشن جی جنمے. آپ 12 چیت (سُدی 10) سمت 1709 (8 مارچ 1644ء) نوں گرو نانک دیو جی دی گُر گدی اُتے وِراجے اتے اُتم ریت نال گرو نانک جی دے دھرم دا پرچار کیتا.

(سری پت' جوت سروپ انوپم' بھوپن بھوپ' نمو ہر رایا) (کوی سنتوکھ سنگھ)

سمت 1703 وچ آپ نے مالوے (جنگل) دی سنگت نوں سمت دین لئی دورا کیتا اتے میہراج دے مقام اُپر پھول ونش نُوں دادا گرو جی دے وردان دی پشٹی کرن ہت آشیرواد دے کے نہال کیتا.

آپ نے ست گر ہرگوبند جی دی بنائی فوج نوں بنائی رکھیا پر طاقت دے ہوندیاں طاقت دی ورتوں نہ کر کے سچی اہنسا دی بنیاد رکھی. اوہناں لپئ زندگی وِچ اِک وی لڑائی نہ لڑی. جد شاہ جہاں دے پُتراں وچکار تخت دی جنگ چھڑی تاں دارا شکوہ اورنگزیب توں بچدا ہویا ست گر جی دے شرن آیا. چودھری

SATGUR HAR RAI SAHIB JI

The seventh Patshah Satgur Har Rai Sahib was the son of Baba Guru Ditta and Mata Nehal Kaur Ji. he was born in Kiratpur on 20th Magh Samvat 1686 Suddi 13 (26th February 1630). He was a peace-loving and very kind hearted person.

He was married to the daughters of Daya Ram of village Anop of Baland Shehr (U.P) district. His wife Kot Kalyani Ji gave birth to Ram Rai Ji and Krishan Kaur Ji gave birth to Har Krishan Ji. He became Guru on 12th Charit 1709 Samvat 10 Suddi (8th March 1644) and had done his best to spread the Dharam of Guru Nanak.

"Sripat jot anupam, bhoopan bhoop namo har raya". (Kavi Santokh Singh)

In Samvat 1703 he went to Malwa to bless Phool Vanash at Mehraj on behalf of the grand Guru and was extended full support to carry on his mission. He maintained the army raised by Satgur Har Gobind but in spite of having force preferred to non-violence. He had not engaged himself in any battle: When the war of succession started among the sons of Shahjahan his son Dara Shikoh came to him while fleeing from Delhi. The Satgur ordered Sikandar son of Chaudhry Langah to let Dara Shikoh cross the river Beas. After Aurangzeb captured the throne he called for the Satgur who was accused of extending support to Dara Shikoh. He sent his elder son Baba Ram Rai Ji to Delhi who satisfied the king but unfortunately he violated the orders of the Gurus and performed

ਲੰਗਾਹ ਦੇ ਪੁੱਤਰ ਸਿਕੰਦਰ ਨੂੰ ਗੁਰੂ ਮਹਾਰਾਜ ਨੇ ਆਪਣੀ ਫੌਜ ਦੇ ਕੇ ਦਾਰਾ ਨੂੰ ਬਿਆਸ ਪਾਰ ਕਰਾਇਆ ।

ਤਖਤ ਉੱਤੇ ਕਬਜ਼ਾ ਕਰਨ ਮਗਰੋਂ ਔਰੰਗਜ਼ੇਬ ਨੇ ਦਾਰਾ ਸ਼ਿਕੋਹ ਦੀ ਮਦਦ ਦੇ ਜੁਰਮ ਵਿੱਚ ਸਤਿਗੁਰ ਜੀ ਨੂੰ ਦਿੱਲੀ ਸੱਦ ਲਿਆ । ਸਤਿਗੁਰਾਂ ਆਪਣੀ ਥਾਂ ਆਪਣੇ ਵੱਡੇ ਪੁੱਤਰ ਬਾਬਾ ਰਾਮਰਾਏ ਜੀ ਨੂੰ ਦਿੱਲੀ ਭੇਜ ਦਿੱਤਾ ਜਿਹਨੇ ਗੁਰੂ ਹੁਕਮਾਂ ਅਨੁਸਾਰ ਔਰੰਗਜ਼ੇਬ ਦੀ ਤਸੱਲੀ ਕਰਵਾ ਦਿੱਤੀ ਪਰ ਆਪ ਅਹੰਕਾਰ ਵਿੱਚ ਆ ਗਿਆ । ਉਹਨੇ ਦਰਬਾਰ ਵਿੱਚ ਆਪਣੀਆ ਕਰਾਮਾਤਾਂ ਵਿਖਾਈਆਂ ਅਤੇ ਹਾਕਮਾਂ ਦੇ ਦਬਾਅ ਵਿੱਚ ਆ ਕੇ ਗੁਰੂ ਦੀ ਬਾਣੀ ਬਦਲਣ ਦੀ ਕੋਸ਼ਿਸ਼ ਕੀਤੀ, ਇਹ ਗੁਰੂ ਹੁਕਮਾਂ ਦੀ ਉਲੰਘਣਾ ਸੀ ਜੋ ਰਾਮਰਾਇ ਨੇ ਕੀਤੀ । ਜਦ ਗੁਰੂ ਹਰਿਰਾਇ ਜੀ ਨੇ ਗੁਰੂ ਹਰਕ੍ਰਿਸ਼ਨ ਜੀ ਨੂੰ ਗੁਰਗੱਦੀ ਉੱਤੇ ਬਿਠਾਇਆ ਤਾਂ ਰਾਮ ਰਾਏ ਦੋਖੀ ਹੋ ਗਿਆ ਅਤੇ ਲੱਗਾ ਦਰਬਾਰ ਵਿੱਚ ਸ਼ਿਕਾਇਤਾਂ ਕਰਨ ।

ਆਖਿਰ ੭ ਕੱਤਕ (ਵਦੀ ੯) ਸੰਮਤ ੧੭੧੮ (੬ ਅਕਤੂਬਰ ੧੬੬੧) ਨੂੰ ਗੁਰੂ ਹਰਕ੍ਰਿਸ਼ਨ ਜੀ ਨੂੰ ਗੁਰਗੱਦੀ ਦੇ ਕੇ ਕੀਰਤਪੁਰ ਸਾਹਿਬ ਵਿਖੇ ਜੋਤੀ ਜੋਤ ਸਮਾਏ । ਆਪ ਨੇ ੧੭ ਵਰੇ, ੫ ਮਹੀਨੇ, ੮ ਦਿਨ ਗੁਰੂਤਾ ਕੀਤੀ ਅਤੇ ਸਾਰੀ ਅਵਸਥਾ ੩੧ ਵਰੇ, ੮ ਮਹੀਨੇ, ੧੭ ਦਿਨ ਭੋਗੀ ।

ਆਪ ਜੀ ਦਾ ਹੁਕਮ ਹੈ ਕਿ ਆਏ ਅਤਿਥੀ ਨੂੰ ਪੂਰਾ ਆਦਰ ਦਿਓ । ਯਕੀਨ ਦੇ ਘਰ ਰਹੋ, ਸੁਭ ਕਰਮਨ ਤੇ ਕਬਹੂ ਨ ਟਰੋ, ਕਿਰਤ ਸੱਚੀ ਰੱਖੋ, ਕਿਸੇ ਨੂੰ ਮੰਦਾ ਨਾ ਆਖੋ, ਦਿਲ ਦੁਖਾਣਾ ਹਰਾਮ ਜਾਣੋ, ਮਾਂ ਪਿਓ ਦੀ ਸੇਵਾ ਹੀ ਭਗਤੀ ਹੈ । ਮਨੁੱਖੀ ਦੇਹ ਦੁਰਲਭ ਹੈ, ਵਿਸ਼ੇ ਵਿਕਾਰਾਂ ਵਿੱਚ ਪੈ ਕੇ ਜੀਵਨ ਦੀ ਬਾਜ਼ੀ ਨਾਂ ਹਾਰੋ । ਸੰਸਾਰ ਪਾਰ ਕਰਨ ਦਾ ਜਹਾਜ਼ ਸਾਧਸੰਗਤ ਹੈ, ਦਸਵੰਧ ਜ਼ਰੂਰ ਕੱਢੋ, ਘਰ ਦੇ ਸਾਰੇ ਸੁੱਖ ਬਣੇ ਰਹਿਣਗੇ ।

ਅਨ ਭਏ ਛਬ ਸਤਗੁਰ ਹਰ ਰਾਏ

لنگاہ دے پُتر سکندر نوں گرو مہاراج نے اپنی فوج دے کے دارا نُوں بیاس پار کرایا. اورنگزیب نے تخت اُتے قبضا کرن مگروں دارا شکوہ دی مدد دے جرم وچ ست گر جی نُوں دلی سد لیا. ست گراں اپنی تھاں اپنے وڈے پُتر بابا رام رائے جی نُوں دِلی بھیج دتا جنّے گرو حکماں انُوسار اورنگزیب دی تسلی تے کروا دتی پر آپ ہنکار وچ آ گیا. اوس دربار وچ اپنیاں کرامتاں وکھائیاں اتے حاکماں دے دباء وچ آ کے گرو دی بانی بدلن دی کوشش کیتی. ایہ گرو حکماں دی اُلنگھنا سی جو رام رائے کیتی. جد گرو ہر رائے جی نے گرو ہر کرشن جی نُوں گر گدی اُتے بٹھایا تاں رام رائے دوکھی ہو گیا اتے لگا دربار وچ شکایتاں کرن.

آخر ست کتک (ودی 9) سمت 1718 (6 اکتوبر 1661ء) نوں گرو ہر کرشن جی نوں گرگدی دے کے کیرت پور جوتی جوت سمائے. آپ نے 17 ورھے 5 مہینے 8 دن گروتا کیتی اتے ساری اوستھا 31 ورھے 8 مہینے 17 دن بھوگی.

آپ دا حکم ہے کہ آئے آتھتی نوں پورا آدر دیو. یقین دے گھر رہو. شبھ کرمن تے کدے نہ ٹرو. کرت سچی رکھو. مندا کسے نُوں نہ آکھو. دِل دکھانا حرام جانو. ماں پیو دی سیوا ہی بھگتی ہے. منکھا دیہ درلبھ ہے. وشے وکاراں وچ پے کے جیون دی بازی نہ ہارو. سنسار پار کرن دا جہاز سادھ سنگت ہے. دسوندھ ضرور کڈھو. گھر دے سارے سکھ بنے رہن گے.

ان بھے چھب ست گر ہر رائے

some miracles. He was welcomed by the mughals and under the court pressure he had tried to change the Bani of the Gurus. Thus he violated the Guru order. Satgur Har Rai Sahib nominated his second son Har Krishan Ji his successor which annoyed Baba Ram Rai who lodged complaints against his brother in Aurang zeb's court.

Satgur Har Rai Sahib left for heaven on 7th Katak 1718 Samvat 9 Viddi (6th October 1661) in Kiratpur at the age of 31 years, 8 months and 17 days while he remained Guru for 17 years, 5 months and 8 days. Some of his sayings and addresses are : Give respect to him who comes to you. Have a strong faith, Never go on uncertain faith, Do good deeds.

Don't abuse anyone; Don't hurt anyone, it is a sin; love your parents; Don't spoil your life in frivolous acts ; Noble men's company steers well life through rough sea :

"An bai chab Satgur Har Rai"

ਸ੍ਰੀ ਗੁਰੂ ਹਰਕ੍ਰਿਸ਼ਨ ਜੀ

ਸਤਿਗੁਰੂ ਸ੍ਰੀ ਗੁਰੂ ਹਰਕ੍ਰਿਸ਼ਨ ਜੀ ਦਾ ਜਨਮ ਸੋਮਵਾਰ ੮ ਸਾਵਣ (ਵਦੀ ੧੦) ਸੰਮਤ ੧੭੧੩ (੭ ਜੁਲਾਈ ੧੬੫੬) ਨੂੰ ਕੀਰਤਪੁਰ ਵਿਖੇ ਸਤਿਗੁਰੂ ਸ੍ਰੀ ਗੁਰੂ ਹਰਰਾਏ ਜੀ ਦੇ ਘਰ ਮਾਤਾ ਕ੍ਰਿਸ਼ਨ ਕੌਰ ਦੀ ਕੁਖੋਂ ਹੋਇਆ । ਆਪ ੮ ਕੱਤਕ ਸੰਮਤ ੧੭੧੮ (੭ ਅਕਤੂਬਰ ੧੬੬੧) ਨੂੰ ਗੁਰਗੱਦੀ ਤੇ ਬਿਰਾਜੇ । ਬਾਬਾ ਰਾਮਰਾਏ ਦੀ ਸ਼ਿਕਾਇਤ ਉੱਤੇ ਔਰੰਗਜ਼ੇਬ ਨੇ ਆਪ ਜੀ ਨੂੰ ਦਿਲੀ ਬੁਲਾਇਆ । ਉੱਥੇ ਆਪ ਚੇਚਕ ਦੇ ਰੋਗ ਨਾਲ ਚੇਤ ਸੁਦੀ ੧੪ (੩ ਵਿਸਾਖ) ਸੰਮਤ ੧੭੨੧ (੩੦ ਮਾਰਚ ੧੬੬੪) ਨੂੰ ਜੋਤੀ ਜੋਤ ਸਮਾਏ । ਆਪ ਜੀ ਦੇ ਪਵਿੱਤਰ ਅਸਥਾਨ ਬਾਲਾ ਸਾਹਿਬ ਅਤੇ ਬੰਗਲਾ ਸਾਹਿਬ ਦਿਲੀ ਵਿਖੇ ਵਿਧੀਮਾਨ ਹਨ । ਸਤਿਗੁਰੂ ਹਰਕ੍ਰਿਸ਼ਨ ਜੀ ਨੇ ੨ ਵਰ੍ਹੇ ੫ ਮਹੀਨੇ ਤੇ ੨੬ ਦਿਨ ਗੁਰਿਆਈ ਕੀਤੀ । ਆਪ ਦੀ ਸਾਰੀ ਅਵਸਥਾ ੭ ਵਰ੍ਹੇ, ੮ ਮਹੀਨੇ, ਤੇ ੨੬ ਦਿਨ ਸੀ । ਔਰੰਗਜ਼ੇਬ ਨੇ ਰਾਮਰਾਏ ਨੂੰ ਝੂਠਾ ਜਾਣ ਕੇ ਦੁਰਕਾਰ ਦਿੱਤਾ ਤਾਂ ਆਪ ਸਤਿਗੁਰੂ ਸ੍ਰੀ ਗੁਰੂ ਹਰਕ੍ਰਿਸ਼ਨ ਜੀ ਦੇ ਦਰਸ਼ਨਾਂ ਨੂੰ ਆਇਆ, ਸਤਿਗੁਰਾਂ ਉਸ ਨੂੰ ਦਰਸ਼ਨ ਦੇਣ ਤੋਂ ਇਨਕਾਰ ਕਰ ਦਿੱਤਾ । ਉਹ ੮ ਪਹਿਰ ਬੂਹੇ ਉੱਤੇ ਬੈਠਾ ਰਿਹਾ, ਪਰ ਆਪ ਨੇ ਦਰਸ਼ਨ ਨਾਂ ਦਿੱਤੇ ।

ਸ੍ਰੀ ਹਰਿ ਕ੍ਰਿਸ਼ਨ ਧਿਆਈਐ ਜਿਸ ਡਿਠੈ ਸਭਿ ਦੁਖਿ ਜਾਇ ॥

ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ

ਸਿੱਖ ਕੌਮ ਦੇ ਨੌਵੇਂ ਪਾਤਸ਼ਾਹ ਸ੍ਰੀ ਗੁਰੂ ਤੇਗ ਬਹਾਦਰ ਜੀ ਦਾ ਜਨਮ ੫ ਵਿਸਾਖ (ਵਿਸਾਖ ਵਦੀ ੫) ਸੰਮਤ ੧੬੭੮ (ਪਹਿਲੀ ਅਪ੍ਰੈਲ ੧੬੨੧) ਨੂੰ ਗੁਰੂ ਹਰਗੋਬਿੰਦ ਜੀ ਦੇ ਘਰ ਮਾਤਾ ਨਾਨਕੀ ਜੀ ਦੀ ਕੁੱਖੋਂ ਅੰਮ੍ਰਿਤਸਰ ਵਿਖੇ ਹੋਇਆ । ਆਪ ਜੀ ਦਾ ਵਿਆਹ ੧੫ ਅਸੋਜ਼ ਸੰਮਤ ੧੬੮੯ ਨੂੰ ਮਾਤਾ ਗੁਜਰੀ ਜੀ ਨਾਲ ਕਰਤਾਰਪੁਰ ਵਿੱਚ ਹੋਇਆ । ਆਪ ਜੇਠ ਸੁਦੀ ੧੪ (੨੪ ਚੇਤ) ਸੰਮਤ ੧੭੨੨ (੨੦ ਮਾਰਚ

ست گر ہرکرشن

ست گر ہرکرشن جی مہاراج دا جنم سوموار 8 ساون (ودی 10) سمت 1713 (7 جولائی 1656ء) نوں کیرت پور وکھے ست گر ہر رائے جی دے گھر ماتا کرشن کور جی دی ککھوں ہویا. آپ 8 کتک سمت 1718 (7 اکتوبر 1661ء) نوں گر گدی تے وراجے. بابا رام رائے دی شکایت اُتے اورنگزیب نے آپ نوں دلی بلایا. اوتھے آپ چیچک دی بیماری نال چیت سُدی 14 (3 وساکھ) سمت 1721 (30 مارچ 1664ء) نوں جوتی جوت سمائے. آپ دے پوتر استھان بالا صاحب اتے بنگلا صاحب دلی ودیمان ہن. ست گر ہرکرشن جی نے 2 ورھے 5 مہینے تے 26 دن گریائی کیتی. آپ دی ساری اوستھا 7 ورھے 8 مہینے' تے 26 دن سی.

اورنگزیب نے رام رائے نوں جھوٹھا جان کے درکار دِتا. مگروں اورنگزیب آپ ست گُر ہرکرشن جی دے درشناں نوں آیا تے ست گُراں درشن دین توں انکار کر دِتا. اوہ اٹھ پہر بوہے اُتے بیٹھا رہیا پر آپ نے درشن نہ دِتے. سری ہرکرشن دھایئے جس ڈِٹھے سبھ دُکھ جائے

ست گر تیغ بہادر

سکھ قوم دے نوویں پاتشاہ. آپ جی دا جنم 5 وساکھ (وساکھی ودی 5) سمت 1678 (پہلی اپریل 1621ء) نوں گرو ہرگوبند جی دے گھر ماتا نانکی جی توں امرتسر وکھے ہویا. 15 اسوج سمت 1689 نُوں شری متی گجُری جی نال کرتار پور وچ ویاہ ہویا. چیت سُدی 14 (24 چیت) سمت 1722 (20 مارچ 1665ء) نوں گرو

SATGUR HAR KRISHAN JI

Satgur Har Krishan Ji Maharaj was born on 8th Sawan Samvat 1713 Viddi 10 (7th July 1656 AD) in Kiratpur. His father was Satgur Har Rai Ji and mother Krishan Kaur Ji and was made Guru on 8th Katak 1718 Samvat (7th October 1661). On Baba Ram Rai Ji's complaint he was called by Aurangzeb to Delhi where he left for heaven of small-pox on 3rd Visakh Samvat 1721 (30th March 1664 AD). His sacred remains are knows as Bala Sahib and Bangla Sahib in Delhi. He left for heaven in the age of 7 years, 8 months and 26 days and he remaind Guru for 2 years, 5 months and 26 days.

Aurangzeb was convinced that Ram Rai was a liar and he rejected him. While he went to see Satgur Har Krishan Ji he refused. Aurangzeb waited for twenty four hours.

"Siri Har Krishan dhyaeay jis ditthe sab dukh jai"

SATGUR TEGH BAHADUR JI

The ninth Guru (The Patshah) Satgur Tegh Bahadur was the son of Sat gur Har Gobind Ji and Mata Nanaki Ji born in Amritsar on 5th Visakh 1678 Samvat (April 1621 AD). He was married to Shrimati Gujri Ji in Kartarpur on 15th Asuj Samvat 1689. He was made Guru on 24th Chait 1722 Samvat (20th March 1665). His Bani wins over even the most hardened hearts. He had travelled to

੧੬੬੫) ਨੂੰ ਗੁਰੂ ਨਾਨਕ ਦੇਵ ਜੀ ਦੇ ਸਿੰਘਾਸਨ ਤੇ ਬਿਰਾਜਮਾਨ ਹੋ ਕੇ ਅਨੰਤ ਜੀਵਾਂ ਨੂੰ ਸੁਮਾਰਗ ਪਾਇਆ । ਪ੍ਰਚਾਰ ਲਈ ਮਾਲਵਾ (ਜੰਗਲ), ਪੁਆਧ, ਬਾਗਰ, ਪੋਰੋ, ਬਿਹਾਰ, ਬੰਗਾਲ ਵਿੱਚ ਵਿਚਰ ਕੇ ਸੱਚਾ ਧਰਮ ਦ੍ਰਿੜਾਇਆ । ਆਪ ਜੀ ਦੀ ਬਾਣੀ ਪ੍ਰੇਮ ਅਤੇ ਵੈਰਾਗਮਈ ਅਜਿਹੀ ਅਦਭੁਤ ਹੈ ਕਿ ਕਠੋਰ ਮਨਾਂ ਨੂੰ ਕੋਮਲ ਕਰਨ ਦੀ ਅਪਾਰ ਸ਼ਕਤੀ ਰੱਖਦੀ ਹੈ ।

ਆਪ ਜੀ ਨੇ ਸਤਲੁਜ ਕਿਨਾਰੇ ਪਹਾੜੀ ਰਾਜਿਆ ਤੋਂ ਜ਼ਮੀਨ ਖਰੀਦ ਕੇ ਅਨੰਦਪੁਰ ਸਾਹਿਬ ਨਗਰ ਵਸਾਇਆ, ਜੋ ਖਾਲਸੇ ਦੀ ਜਨਮ ਭੂਮੀ ਹੈ । ਮਈ ੧੬੭੫ ਨੂੰ ਕਸ਼ਮੀਰੀ ਪੰਡਤ ਤਿਲਕ ਜੰਞੂ ਦੀ ਰਾਖੀ ਦੀ ਬੇਨਤੀ ਕਰਨ ਆਪ ਜੀ ਦੀ ਸ਼ਰਨ ਆਏ । ਆਪ ਇਹਨਾਂ ਪੰਡਿਤਾਂ ਦੀ ਪੁਕਾਰ ਉੱਤੇ ਜ਼ੁਲਮ ਦੇ ਹੜ੍ਹ ਨੂੰ ਰੋਕਣ ਲਈ ਦਿੱਲੀ ਰਵਾਨਾ ਹੋਏ ।

ਮੱਘਰ ਸੁਦੀ ੫ ਸੰਮਤ ੧੭੩੨ (੧੨ ਮੱਘਰ) ੧੧ ਨਵੰਬਰ ੧੬੭੫ ਨੂੰ ਚਾਂਦਨੀ ਚੋਕ ਦਿੱਲੀ ਵਿਖੇ ਆਪ ਜੀ ਨੇ ਆਪਣਾ ਸਿਰ ਤਿਲਕ ਜੰਞੂ ਦੀ ਰੱਖਿਆ ਵਾਸਤੇ ਵਾਰ ਦਿੱਤਾ । ਆਪ ਜੀ ਦੀ ਸ਼ਹਾਦਤ ਹਿੰਦੂਸਤਾਨ ਦੇ ਇਤਿਹਾਸ ਵਿੱਚ ਇੱਕ ਅਦੁੱਤੀ ਕਾਰਨਾਮਾ ਹੈ । ਅੱਜ ਤੱਕ ਕਿਸੇ ਬੰਦੇ ਨੇ ਕਿਸੇ ਦੂਜੇ ਧਰਮ ਵਾਸਤੇ ਆਪਣਾ ਸਿਰ ਨਹੀਂ ਵਾਰਿਆ । ਇਹ ਵੀ ਇਤਿਹਾਸਕ ਸਚਾਈ ਹੈ ਕਿ ੧੯੮੪ ਵਿੱਚ ਇਹਨਾਂ ਹੀ ਕਸ਼ਮੀਰੀ ਪੰਡਤਾਂ ਦੀ ਵੰਸ਼ ਵਿੱਚੋਂ ਭਾਰਤ ਦੀ ਪ੍ਰਧਾਨ ਮੰਤਰੀ ਮਿਸਿਜ਼ ਇੰਦਰਾ ਗਾਂਧੀ ਨੇ ਸਿੱਖਾਂ ਦੇ ਸਭ ਤੋਂ ਵੱਡੇ ਕੇਂਦਰ ਹਰਿਮੰਦਰ ਸਾਹਿਬ ਉੱਤੇ ਫੌਜਾਂ ਨਾਲ ਹਮਲਾ ਕੀਤਾ ਅਤੇ ਉਹਨੂੰ ਤੋਪਾਂ ਤੇ ਟੈਂਕਾ ਦੇ ਗੋਲਿਆਂ ਦਾ ਨਿਸ਼ਾਨਾ ਬਣਾਇਆ ।

ਨੌਂਵੇ ਪਾਤਸ਼ਾਹ ਜੀ ਦੇ ਸ਼ਹੀਦੀ ਸਥਾਨ ਦਾ ਨਾਂ " ਸੀਸ ਗੰਜ " ਹੈ ਜੋ ਕਿ ਦਿੱਲੀ ਦੇ ਚਾਦਨੀ ਚੋਕ ਵਿੱਚ ਸਥਿੱਤ ਹੈ ਅਤੇ ਦੇਹ ਦੇ ਸਸਕਾਰ ਦੀ ਥਾਂ ਦਾ ਨਾਂ ਰਕਾਬਗੰਜ ਹੈ ਜੋ ਭਾਰਤੀ ਪਾਰਲੀਮੈਂਟ ਦੇ ਬਿਲਕੁਲ ਸਾਹਮਣੇ ਹੈ ।

ਆਪ ਨੇ ੧੦ ਵਰੇ, ੭ ਮਹੀਨੇ, ੧੮ ਦਿਨ ਗੁਰੂਤਾ ਕੀਤੀ ਅਤੇ ੫੪ ਵਰੇ, ੭ ਮਹੀਨੇ, ੭ ਦਿਨ ਸਾਰੀ ਅਵਸਥਾ ਭੋਗੀ । ਪਹਿਲੇ ਪਾਤਸ਼ਾਹ ਜੀ ਤੋਂ ਮਗਰੋਂ ਆਪ ਪਹਿਲੇ ਗੁਰੂ ਹਨ ਜਿਹਨਾਂ ਸਿੱਖ ਧਰਮ ਦੇ ਪ੍ਰਚਾਰ ਵਾਸਤੇ ਪੂਰੇ ਹਿੰਦੁਸਤਾਨ ਦੀ ਧਰਤੀ ਨੂੰ ਆਪਣੀ

نانک دیو جی دے سنگھاسن تے وراج کے اننت جیواں نوں سمارگ پایا. پرچار لئی جنگل (مالوا) پوادھ' بانگر' پورو' بہار' بنگال وچ وچر کے سچا دھرم درڑایا. آپ دی بانی پریم اتے ویراگ مئی اجہی ادبھوت ہے کہ کٹھور مناں نُوں کومل کرن دی آپار شکتی رکھدی ہے. آپ نے ستلج کنارے پہاڑی راجیاں توں زمین خرید کے آنند پور صاحب نگر وسایا جو خالصے دی جنم بھومی ہے.

مئی 1675ء نوں کشمیری پنڈت تلک جنیو دی راکھی دی بینتی کردے شرن آئے. آپ ایہناں پنڈتاں دی پکار اُتے ظلم دے ہڑ نوں روکن واسطے دِلی روانا ہو گئے. مگھر سُدی 5 سمت 1732 (12 مگھر) 11 نومبر 1675ء نُوں چاندنی چوک دلی وکھے آپ جی نے اپنا سر تلک جنیو دی راکھی واسطے وار دتا. آپ جی دی شہادت ہندستان اتے دُنیا دے اتہاس اندر اک اودتی کارناما ہے. اج تیک کسے بندے کسے دوجے دھرم واسطے سیس نہیں سی واریا. ایہ وی اتہاسک سچائی ہے کہ 1984ء وچ ایہناں ہی کشمیری پنڈتاں دی ونش وچوں بھارت دی پردھان منتری مسزاندرا گاندھی نے سکھاں دے سبھ توں وڈے کیندر ہرمندر صاحب اُتے فوجاں نال حملا کیتا اتے اوہنوں توپاں اتے ٹینکاں دے گولیاں دا نشانا بنایا.

نوویں پاتشاہ جی دے شہیدی استھان دا ناں "سیس گنج" ہے. جو دلی دے چاندنی چوک وچ ودیمان ہے. اتے دیہ دے سسکار دی تھاں دا ناں "رکاب گنج" ہے جو بھارتی پارلیمنٹ دے اُکا ساہمنے ہے. آپ نے 10 ورھے 7 مہینے 18 دن گروتا کیتی اتے 54 ورھے 7 مہینے 7 دن ساری اوستھا بھوگی. پہلے پاتشاہ جی توں مگروں آپ پہلے گرو ہن جہناں سکھ دھرم دے پرچار واسطے پورے ہندستان دی دھرتی نوں اپنی چرن چھوہ دان کیتی.

Malwa, Pawadh, Bangar, Poro, Bihar, and Bengal to spread his faith. He bought a piece of land from the rajas of the adjacent hills and founded Anandpur Sahib which is known as the birth place of Khalsa.

In May 1675 Kashmiri Pandits came to seek his help to save their faith. The Satgur accompanied them to Delhi to stop the oppression and on 12th Maghar 1732 (11th November 1675) he offered his supreme sacrifice at the Chandani Chowk. His martyrdom is a supreme act in the history of India and world. No one had offered such a supreme sacrifice in defence of the belief of others. And the other tragic aspect is that Indira Gandhi, from the stock of same Kashmiri pandits, in 1984 AD invaded the biggest Sikh centre. Har Mandir Sahib with mighty military force.

The sacrifice place of the ninth Guru was named Sees Ganj at Chandni Chowk, Delhi. The Gurdwara is known as Rakab Ganj which is just in front of the building of the Indian parliament.. He lived for 54 years, 7 months and 7 days. He remained Guru for 10 years 7 months and 18 days. After Guru Nanak, he was the only Guru who travelled throughout India for the promotion of his religion.

"Gur Tegh Bahadur simriay ghar naun nidh aaway dhaiay"

ਚਰਨ ਛੋਹ ਦਾਨ ਕੀਤੀ ।

ਗੁਰ ਤੇਗ ਬਹਾਦਰ ਸਿਮਰੀਐ, ਘਰ ਨਉ ਨਿਧਿ ਆਵੈ ਧਾਇ ॥

ਸ੍ਰੀ ਗੁਰੂ ਗੋਬਿੰਦ ਸਿੰਘ ਜੀ

ਸਾਹਿਬੇ ਕਮਾਲ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਜਨਮ ਨੌਵੇਂ ਪਾਤਸ਼ਾਹ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਘਰ ਮਾਤਾ ਗੁਜਰੀ ਜੀ ਦੇ ਉਦਰ ਤੋਂ ਪਟਨਾ ਸਾਹਿਬ ਵਿਖੇ ਪੋਹ ਸੁਦੀ ੭ (੨੩) ਸ਼ਨੀਵਾਰ ਸੰਮਤ ੧੭੨੩ (੨੨ ਦਸੰਬਰ ੧੬੬੬) ਨੂੰ ਹੋਇਆ ।

ਆਪ ਬਚਪਨ ਤੋਂ ਹੀ ਸਰਕਾਰੀ ਕਾਰ ਵਿਹਾਰ, ਵਹਿਮਾਂ ਭਰਮਾਂ ਅਤੇ ਵਿਖਾਵੇ ਦੀ ਪਾਠ ਪੂਜਾ ਦੇ ਵਿਰੋਧੀ ਸਨ । ਆਪ ਨੇ ਬਚਪਨ ਤੋਂ ਹੀ ਗੁਰੂ ਹੁਕਮਾ ਤੇ ਚੱਲਣਾ ਅਰੰਭ ਦਿੱਤਾ । ਨੌਵੇ ਪਿਤਾ ਜੀ ਨੇ ਆਪ ਦੇ ਨਾਂ ਜੋ ਪਹਿਲਾ ਹੁਕਮਨਾਮਾ ਭੇਜਿਆ ਉਹ ਇਸ ਤਰਾਂ ਸੀ " ਜੋ ਗੋਬਿੰਦ ਕੀਆ ਭਲਾ ਕੀਆ । ਅੱਵਲ ਤਾਂ ਸਰਕਾਰੀ ਅਹਿਲਕਾਰ ਕੋ ਸਲਾਮ ਨਹੀਂ ਕਰਨਾ, ਅਗਰ ਆ ਹੀ ਬੈਠੇ ਤੋਂ ਪੁਆਦੀ ਦੇਣੀ, ਸਿਰਹਾਂਦੀ ਨਹੀ ਦੇਣੀ " ।

੧੨ ਮੱਘਰ ਸੰਮਤ ੧੭੩੨ (੧੧ ਨਵੰਬਰ ੧੬੭੫) ਨੂੰ ਆਪ ਸਤਿਗੁਰੂ ਨਾਨਕ ਦੇਵ ਜੀ ਦੇ ਸਿੰਘਾਸਨ ਤੇ ਬਿਰਾਜਮਾਨ ਹੋਏ । ਉਸ ਵੇਲੇ ਆਪ ਦੀ ਉਮਰ ੮ ਸਾਲ ਦੀ ਸੀ । ਗੁਰੂ ਸਾਹਿਬ ਨੂੰ ਸ਼ਸਤਰ ਅਤੇ ਸ਼ਾਸਤਰ ਵਿਦਿਆ ਦਾ ਮੁੱਢ ਤੋਂ ਹੀ ਸ਼ੋਕ ਸੀ, ਇਸ ਲਈ ਥੋੜੇ ਸਮੇਂ ਵਿੱਚ ਹੀ ਦੋਹਾਂ ਦੇ ਪੂਰਨ ਵਿਦਵਾਨ ਹੋ ਗਏ । ਆਪ ਦਾ ਦਰਬਾਰ ਵਿਦਵਾਨਾਂ ਨਾਲ ਸਦਾ ਭਰਪੂਰ ਰਹਿੰਦਾ ਸੀ । ਦੂਰ ਦੂਰ ਦੇ ਕਵੀ ਆ ਕੇ ਆਪ ਜੀ ਦੀ ਸੇਵਾ ਵਿੱਚ ਹਾਜ਼ਰ ਰਹਿੰਦੇ ਅਤੇ ਦਾਨ ਸਨਮਾਨ ਨਾਲ ਪਰਸੰਸਾ ਲਾਭ ਕਰਦੇ । ਆਪ ਦਾ ਸਭ ਸੰਕਲਪ ਇਹ ਸੀ ਕਿ ਮੱਤ ਮਤਾਂਤਰਾ ਦੀਆਂ ਸਭ ਪੁਸਤਕਾਂ ਪੰਜਾਬੀ ਵਿੱਚ ਹੋਣ ਅਤੇ ਸਿੱਖ ਕੌਮ ਸੰਸਾਰ ਵਿੱਚ ਵਿਦਵਾਨਾਂ ਦੀ ਮੰਡੀ ਹੋਵੇ । ਅਨੰਦਪੁਰ ਨੂੰ

گرو تیغ بہادر سمریے گھر نوں ندھ آوے دھائیے

ست گُرگوبند سنگھ جی مہاراج

صاحب کمال گرو گوبند سنگھ جی دا جنم نویں گرو ست گر تیغ بہادر جی دے گھر ماتا گُجری جی دے اُدر توں پٹنا صاحب وکھے پوہ سُدی 7 (23 پوہ) شنی وار سمت 1723 (22 دسمبر 1666ء) نُوں ہویا. آپ بچپن توں ہی سرکاری کار ویہار' وہماں بھرماں اتے وکھاوے دی پوجا پاٹھ دے ورودھی سن. آپ نے بچپن توں ہی گرو حکماں اُتے چلنا ارنبھ دِتا. نوویں پِتا آپ دے ناں جو پہلا حکم ناما بھیجیا اوہ سی "جو گوبند کیا بھلا کیا. اول تاں سرکاری اہلکار کو سلام نہیں کرنا اگر آ ہی بیٹھے تو پواندی دیئی' سرھاندی نہیں دیئی"

12 مگھر سمت 1732 (11 نومبر سن 1675ء) نُوں آپ ست گُر نانک دیو جی دے سنگھاسن پر براجمان ہوئے. اوس ویلے آپ دی عمر اٹھ سال سی.

گرو صاحب نوں شستر (ہتھیار) اتے شاستر ودیا دا مُڈھ توں ہی وڈا پریم سی. ایس لئی تھوڑے سمے وچ ہی دوہاں دے پورن پنڈت ہو گئے. آپ دا دربار ودواناں نال سدا بھرپور رہندا سی. دور دور دے کوی آ کے آپ جی دی سیوا وچ حاضر رہندے اتے دان سنمان نال پرسنتا لابھ کردے. آپ دا سنکلپ ایہ ہی سی کہ مت متانتراں دیاں سبھ پستکاں پنجابی وچ ہون اتے سکھ قوم سنسار وچ ودواناں دی منڈلی ہووے. آنند پور نُوں ودیا دا کیندر بناؤن واسطے آپ نے سکھاں نوں دور دور علم حاصل کرن لئی اوس ویلے دے مشہور عالماں پاس بھیجیا. اِک ویلا ایسا وی آیا کہ آپ دے دربار وچ پنجابی' سنسکرت' فارسی' عربی

SATGUR GOBIND SINGH JI MAHARAJ

The most talented Guru Gobind Singh was born in Patna Sahib on 23rd Poh 1723 Samvat (22nd December 1666) in the house of Satgur Tegh Bahadur. Mata Gujri Ji was his mother. From the very childhood he became a committed Sikh and the first order he received from his father, Guru Tegh Bahadur was: Don't ever wish any official and if he comes to you and wants to sit offer him not the head side of the cot. Let him sit on foot side.

At the age of 8 he was made the Guru on 12th Maghar 1732 Samvat (November 1675 AD). He was a keen seeker of knowledge and the martial arts which he mastered in a very short period. A large number of intellectuals poets and scholars used to visit him. He wanted that all the great books of the world be translated into Punjabi. The Sikhs should get the maximum education and knowledge. With a view to establish a seat of learning at Anandpur Sahib he sent the Sikh scholars to other seats of learning to get further knowledge.

Once 52 prominent poets of Punjabi, Sanskrit, Persian, and Arabic had gathered at the Guru's place. Among them were the Muslims, the Hindus and the Sikhs. The Muslims included Alam Shah and Husain Ali. The Guru had got translated the treasures of world knowledge into Punjabi which was preserved at Anandpur Sahib. But all was burnt down in the battle of 1761 Samvat. These scholars have compiled a voluminous Vidya Sagar which also met the same fate.

ਵਿਦਿਆ ਦਾ ਕੇਂਦਰ ਬਣਾਉਣ ਵਾਸਤੇ ਆਪ ਨੇ ਸਿੱਖਾਂ ਨੂੰ ਦੂਰ ਦੂਰ ਇਲਮ ਹਾਸਿਲ ਕਰਨ ਲਈ ਉਸ ਵੇਲੇ ਦੇ ਮਸ਼ਹੂਰ ਵਿਦਵਾਨਾਂ ਕੋਲ ਭੇਜਿਆ । ਇੱਕ ਵੇਲਾ ਐਸਾ ਵੀ ਆਇਆ ਕਿ ਆਪ ਦੇ ਦਰਬਾਰ ਵਿੱਚ ਪੰਜਾਬੀ, ਸੰਸਕ੍ਰਿਤ, ਫਾਰਸੀ ਤੇ ਅਰਬੀ ਦੇ ੫੨ ਸਿਰਕੱਢਵੇ ਕਵੀ ਇਕੱਠੇ ਹੋ ਗਏ । ਇਹਨਾਂ ਵਿੱਚ ਸਿੱਖ ਹਿੰਦੂ ਤੇ ਮੁਸਲਮਾਨ ਵੀ ਸ਼ਾਮਲ ਸਨ । ਮੁਸਲਮਾਨਾਂ ਵਿੱਚੋਂ ਆਲਿਮ ਸ਼ਾਹ ਤੇ ਹੁਸੈਨ ਅਲੀ ਦੇ ਨਾਮ ਲਏ ਜਾ ਸਕਦੇ ਹਨ । ਇਹਨਾਂ ਲਿਖਾਰੀਆਂ ਨੇ ਦੂਜੀਆਂ ਜੁਬਾਨਾਂ ਤੋਂ ਬਹੁਤ ਸਾਰੀਆ ਇਲਮ ਭਰਪੂਰ ਕਿਤਾਬਾਂ ਦਾ ਪੰਜਾਬੀ ਵਿੱਚ ਅਨੁਵਾਦ ਕੀਤਾ, ਜੋ ਪੰਜਾਬੀ ਜਬਾਨ ਦਾ ਇੱਕ ਵਡਮੁੱਲਾ ਸਰਮਾਇਆ ਸੀ । ਸੰਮਤ ੧੭੬੧ ਨੂੰ ਇਹ ਸਰਮਾਇਆ ਅਨੰਦਪੁਰ ਦੀ ਲੜਾਈ ਵੇਲੇ ਸੜ ਗਿਆ ਸੀ । ਇਹਨਾਂ ਆਲਮਾਂ ਕਈਆਂ ਜਬਾਨਾਂ ਦਾ ਇਲਮ " ਵਿਦਿਆ ਸਾਗਰ " ਨਾਂ ਦੀ ਇੱਕ ਪੁਸਤਕ ਅੰਦਰ ਪੰਜਾਬੀ ਜੁਬਾਨ ਵਿੱਚ ਤਰਜਮਾ ਕਰਕੇ ਇਕੱਠਾ ਕੀਤਾ । ਇਹ ਗਰੰਥ ਵੀ ਇਸੇ ਲੜਾਈ ਵਿੱਚ ਅਗਨ ਭੇਟ ਗਿਆ ।

ਆਪ ਨੇ ਇੱਕ ਵੈਸਾਖ ਸੰਮਤ ੧੭੫੬ ਨੂੰ ਕੇਸਗੜ ਦੇ ਦੀਵਾਨ ਵਿੱਚ ਅੰਮ੍ਰਿਤ ਦਾਨ ਦਿੱਤਾ ਅਤੇ ਅੰਮ੍ਰਿਤਧਾਰੀਆਂ ਦੀ " ਖਾਲਸਾ " ਸੰਗਿਆ ਸਥਾਪੀ । ਆਪ ਨੇ ਸਤਿਗੁਰ ਨਾਨਕ ਦੇਵ ਜੀ ਦੇ ਪ੍ਰਗਟ ਕੀਤੇ ਅਕਾਲੀ ਧਰਮ ਦਾ ਵੱਡੇ ਉਤਸ਼ਾਹ ਅਤੇ ਯਤਨ ਨਾਲ ਪ੍ਰਚਾਰ ਅਰੰਭਿਆ । ਜਿਸ ਤੋਂ ਹਿੰਦੂ ਪਹਾੜੀ ਰਾਜੇ ਤੇ ਸਮੇਂ ਦੇ ਹਾਕਮ ਸਤਿਗੁਰੂ ਜੀ ਦਾ ਸਿਧਾਂਤ ਸਮਝੇ ਬਿਨਾਂ ਅਕਾਰਨ ਹੀ ਵੈਰੀ ਹੋ ਗਏ ਅਤੇ ਆਪ ਨੂੰ ਸੁਰੱਖਿਆ ਲਈ ਕਈ ਜੰਗ ਲੜਨੇ ਪਏ । ਸੰਮਤ ੧੭੬੧ ਵਿੱਚ ਸਰਕਾਰੀ ਫੌਜ ਨੇ ਝੂਠੀ ਕਸਮ ਖਾ ਕੇ ਆਪ ਤੋ ਅਨੰਦਪੁਰ ਖਾਲੀ ਕਰਵਾਇਆ । ਜਦ ਗੁਰੂ ਜੀ ਕਿਲੇ ਤੋਂ ਬਾਹਰ ਆਏ ਤਾਂ ਤੁਰੰਤ ਹਮਲਾ ਕਰ ਦਿੱਤਾ ਜਿਸ ਨਾਲ ਦਸ਼ਮੇਸ਼ ਪਿਤਾ ਦਾ ਭਾਰੀ ਨੁਕਸਾਨ ਹੋਇਆ । ਆਪ ਵੱਡੀ ਵੀਰਤਾ ਧੀਰਤਾ ਨਾਲ ਸ਼ਾਹੀ ਫੌਜ ਦਾ ਮੁਕਾਬਲਾ ਕਰਦੇ ਹੋਏ ਸ਼ਹਿਰ ਤੋਂ ਬਚ ਕੇ ਜੰਗਲ ਦੀ ਸੁਰ ਭੂਮੀ ਵਿੱਚ ਪਹੁੰਚੇ । ਉਸ ਥਾਂ ਆਪ ਜੀ ਨੇ ਆਪਣੇ ਅਲੌਕਿਕ ਪ੍ਰਭਾਵ ਨਾਲ ਭੂਤ ਦੇਸ਼ ਨੂੰ ਦੇਵ ਦੇਸ਼ ਅਤੇ ਜੰਗਲ ਨੂੰ ਮੰਗਲ ਪੂਰਨ ਮਾਲਵਾ ਬਣਾਇਆ । ਅਨੰਤ ਜੀਵਾਂ ਨੂੰ ਸ਼ਾਤ ਤੇ ਵੀਰਤਾ ਦੀ ਸੰਥਾ ਦੇ ਕੇ ਆਤਮ ਗਿਆਨ ਤੇ ਕੁਰਬਾਨੀ ਦਾ ਉੱਚ ਭਾਵ ਦ੍ਰਿੜਾਇਆ ।

دے 52 سِر کڈھویں کوی اکٹھے ہو گئے. ایہناں وچ سکھ' ہندو اتے مسلمان وی شامل سن. مسلماناں وچوں عالم شاہ تے حسین علی دے ناں لئے جا سکدے نیں. ایہناں لکھاریاں دوجیاں زباناں توں بہُت ساریاں علم بھرپور کتاباں دا پنجابی ترجما (انوواد) کیتا جو پنجابی زبان دا اک وڈملا سرمایا سی. سمت 1761 نوں ایہ سرمایا آنندپور دی لڑائی ویلے سڑ گیا سی. ایہناں عالماں کئیاں زباناں دا علم "ودیا ساگر" ناں دی اِک پُستک اندر پنجابی زبان وچ ترجما کر کے اکٹھا کیتا. ایہ گرنتھ وی ایسے لڑائی وچ ختم ہو گیا.

آپ نے اِک وساکھ سمت 1756 نوں کیس گڑھ دے دیوان وچ امرت دان دتا. اتے امرت دھاریاں دی "خالصا" سنگیا تھاپی. آپ نے ست گر نانک دیو جی دے پرگٹ کیتے اکالی دھرم دا وڈے اُتشاہ اتے یتن نال پرچار ارنبھیا. جس توں ہندو پہاڑی راجے تے سمے دے حاکم ست گرو دا سدھانت سمجھے بنا اکارن ہی ویری ہو گئے اتے آپ نوں سورکھیا لئی کئی جنگ کرنے پئے. سمت 1761 وچ سرکاری فوج نے جھوٹھی قسم کھا کے آپ توں آنند پور خالی کروایا. جد گرو جی قلعے توں باہر آئے' تُرت حملا کر دتا. جِس کارن دشمیش دا بھاری نقصان ہویا. آپ وڈی ویرتا اتے دھریتے نال شاہی فوج دا مقابلا کردے ہوئے شسترتوں بچ کے جنگل دی مربھوم وچ پہنچے. اوس تھاں آپ جی نے اپنے الوکک پربھاو نال بھوت دیش نوں دیو دیش اتے جنگل نوں منگل پور مالوا بنایا. آنت جیواں نوں شانت اتے ویرتا دی سنتھا دے کے آتم گیان اتے قربانی دا اُچ بھاو درڑایا.

ماتا جیتو جی اتے ماتا سُندری جی توں اُتپن ہوئے پِتا تے پتاماتں آپ دے دھرم ویر چار صاجزادے بابا اجیت سنگھ جی' جھار سنگھ جی' زوراور سنگھ جی اتے

In 1st Visakh 1756 he formed the Khalsa organisation at a meeting held at Kesgarh Sahib and he urged them to initiate a full-blooded campaign to promote the religion. But the Hindu rajas of nearby hill states and the rulers of the day misunderstood his policy. He was engaged in many battles. In 1761 Samvat the state forces cleverly got Anandpur vacated and when he came out of the fort himself, the attack was launched in which the Guru had to suffer a heavy loss. He took refuge in jungles where his followers gathered. Among his relatives who defended the cause at the cost of their lives included Baba Ajeet Singh, Baba Jhujhar Singh, Baba Zorawar Singh, and Baba Fateh Singh. They were the sons of Mata Jeeto Ji and Mata Sundri Ji.

He left for heaven on 8th Katak 1765 Samvat Katak Suddi 5 (17th October 1708 AD) at Nadair on the bank of the river Godawari. He was of 41 years, 9 months and 15 days and the period of his guruship was 32 years, 10 months and 26 days. He also composed a Granth which is known as Dasam Granth.

"Wah Guru Gobind Gaazi jin singh sajaye"

ਮਾਤਾ ਜੀਤੋ ਜੀ ਅਤੇ ਮਾਤਾ ਸੁੰਦਰੀ ਜੀ ਦੀ ਕੁੱਖੋਂ ਪੈਦਾ ਹੋਏ ਆਪ ਦੇ ਧਰਮਵੀਰ ਚਾਰ ਸਾਹਿਬਜ਼ਾਦੇ ਬਾਬਾ ਅਜੀਤ ਸਿੰਘ ਜੀ, ਬਾਬਾ ਜੁਝਾਰ ਸਿੰਘ ਜੀ, ਬਾਬਾ ਜ਼ੋਰਾਵਰ ਸਿੰਘ ਜੀ, ਬਾਬਾ ਫਤਿਹ ਸਿੰਘ ਜੀ ਨੇ ਵੀ ਆਪਣੇ ਲਹੂ ਦੇ ਨਾਲ ਜਲ ਦੀ ਥਾਂ ਸਿੰਜ ਕੇ, ਆਪ ਦੇ ਲਾਏ ਹੋਏ ਬੂਟੇ ਨੂੰ ਮੁਰਝਾਉਣ ਦੀ ਦਸ਼ਾ ਤੋਂ ਪਰਫੁੱਲਿਤ ਕੀਤਾ।

ਕੱਤਕ ਸੁਦੀ ੫ (੮ ਕੱਤਕ) ਸੰਮਤ ੧੭੬੫ (੭ ਅਕਤੂਬਰ ੧੭੦੮) ਨੂੰ ਗੋਦਾਵਰੀ ਨਦੀ ਦੇ ਕਿਨਾਰੇ ਨਾਂਦੇੜ ਸ਼ਹਿਰ ਕੋਲ ਗੁਰੂ ਗਰੰਥ ਸਾਹਿਬ ਉੱਤੇ ਪੰਥ ਨੂੰ ਗੁਰੂਤਾ ਦੇ ਕੇ ਅਦੁੱਤੀ ਪੇਸ਼ਵਾ ਸਤਿਗੁਰੂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਜੋਤੀ ਜੋਤ ਸਮਾਏ । ਆਪ ਨੇ ੩੨ ਵਰੇ, ੧੦ ਮਹੀਨੇ, ੨੬ ਦਿਨ ਗੁਰੂਤਾ ਕੀਤੀ ਅਤੇ ਸਾਰੀ ਅਵਸਥਾ ੪੧ ਸਾਲ, ੯ ਮਹੀਨੇ, ੧੫ ਦਿਨ ਭੋਗੀ । ਆਪ ਦੇ ਰਚੇ ਗਰੰਥ ਨੂੰ ਦਸਮ ਗਰੰਥ ਕਿਹਾ ਜਾਂਦਾ ਹੈ ।

ਵਾਹ ਗੁਰੂ ਗੋਬਿੰਦ ਗਾਜ਼ੀ, ਜਿਨ ਸਿੰਘ ਜਗਾਏ ।

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ

ਸਭ ਗਰੰਥਾਂ ਦੇ ਸਵਾਮੀ ਗਰੰਥ, ਸ੍ਰੀ ਗੁਰੂ ਗਰੰਥ ਸਾਹਿਬ ਜਿਸ ਨੂੰ ਸਤਿਗੁਰੂ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਪਹਿਲੇ ਸਤਿਗੁਰਾਂ ਦੀ ਬਾਣੀ ਇਕੱਤਰ ਕਰਕੇ ਸੰਮਤ ੧੬੬੦ ਵਿੱਚ ਰਾਮਸਰ (ਅੰਮ੍ਰਿਤਸਰ) ਦੇ ਕਿਨਾਰੇ ਭਾਈ ਗੁਰਦਾਸ ਜੀ ਤੋਂ ਲਿਖਵਾਉਣਾ ਅਰੰਭਿਆ । ਆਪਣੀ ਰਚਨਾਂ ਅਤੇ ਭਗਤ ਆਦਿਕਾਂ ਦੀ ਬਾਣੀ ਸ਼ਾਮਲ ਕਰਕੇ ਸੰਮਤ ੧੬੬੧ ਵਿੱਚ ਸਮਾਪਤ ਕੀਤਾ । ਇਸੇ ਸਾਲ ਭਾਦਰੋਂ ਸੁਦੀ ੧ ਨੂੰ ਹਰਿਮੰਦਰ ਸਾਹਿਬ ਵਿੱਚ ਗੁਰਮਤਿ ਦੇ ਪ੍ਰਚਾਰ ਲਈ ਅਸਥਾਪਨ ਕਰਕੇ ਬਾਬਾ ਬੁੱਢਾ ਜੀ ਨੂੰ ਪਹਿਲਾ ਗਰੰਥੀ ਥਾਪਿਆ ਗਿਆ । ਗੁਰੂ ਗਰੰਥ ਸਾਹਿਬ ਜੀ ਦੀਆ ਤਿੰਨ ਬੀੜਾਂ ਵੇਖੀਆ ਜਾ ਸਕਦੀਆਂ ਹਨ :

فتح سنگھ جی نے وی اپنے لہو نال جل دی تھاں سنج کے آپ دے لائے ہوئے بوٹے نوں مرجھاؤن دی دشا توں پرپھلت کیتا.

کتک سُدی 5 (8 کتک) سمت 1765 (7 اکتوبر 1708ء) نُوں گوداوری ندی دے کنارے نادیڑ شہر پاس گرو گرنتھ صاحب اتے پنتھ نوں گروتا دے کے ادوتی پیشوا ست گرو گوبند سنگھ جی مہاراج جوتی جوت سمائے. آپ نے 32 ورھے 10 مہینے 26 دن گروتا کیتی اتے ساری اوستھا 41 سال 9 مہینے 15 دن بھوگی. آپ دے رچے گرنتھ نُوں دسم گرنتھ کہیا جاندا ہے.

واہ گرو گوبند 'غازی' جن سنگھ جگائے

گرو گرنتھ صاحب جی

سبھ گرنتھاں دے سوامی گرنتھ گرو گرنتھ صاحب جس نوں ست گرو ارجن دیو جی نے پہلے ست گُراں دی بانْی اِکتر کر کے سمت 1660 وچ رام سر (امرتسر) دے کنارے بھائی گرداس جی توں لکھوانا ارنبھیا. اپنْی رچنا اتے بھگت آدکاں دی بانْی شامل کر کے سمت 1661 وچ سماپت کیتا. ایسے سال بھادوں سُدی اِک نوں ہرمندر صاحب وچ گرمت دے پرچار لئی استھاپن کر کے بابا بُڈھا جی نُوں پہلا گرنتھی تھاپیا.

گرو گرنتھ صاحب جی دیاں تِن بیڑاں ویکھیاں جاندیاں ہن. (1) بھائی گرداس جی دی (2) بھائی بنو جی دی (3) دمدے والی.

GURU GRANTH SAHIB

The Swami of all Granths is the volume in which Guru Arjun Dev collected the rhymes and verses of all the previous Gurus. In Samvat 1660 he, while at the bank of Ram Sar (Amritsar), commissioned Bhai Gurdas Ji to start writing Guru Granth Sahib. He completed it in Samvat 1661 adding his own composition and that of other Bhagti saints. In the month of Bhadun of the same year he placed it in Harmandar Sahib to propagate the teaching of Guru. Baba Buddha Ji was appointed the first Granthi.

1. The volume which Guru Arjun Dev got written by Bhai Gurdas Ji came to be known as "Bhai Gurdas Ji's volume." It has 30 rags from Sri Rag to Parbhati Rag and the total counts of Bani, Shabd, Shalok, Pauri etc upto Mandavni is 5751.
2. Bhai Bannu of village Mangat borrowed Guru Granth Sahib from Sat Guru Arjun Dev Ji for binding at Lahore while making a copy of this volume he added some extra banis according to his own free will. This volume was named as Bhai Bannu's Volume. It has 30 rags but the count of Shabd, Shalok etc is 5757. It is also called as Khari Beerr.
3. The volume written at the dictation given by Sat Guru Gobind Singh, using his spiritual powers

(੧) ਭਾਈ ਗੁਰਦਾਸ ਜੀ ਵਾਲੀ ਬੀੜ (੨) ਭਾਈ ਬੰਨੋ ਜੀ ਵਾਲੀ ਬੀੜ (੩) ਦਮਦਮੇ ਵਾਲੀ ਬੀੜ

(੧) ਭਾਈ ਗੁਰਦਾਸ ਜੀ ਵਾਲੀ ਬੀੜ :- ਸਤਿਗੁਰੂ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਜੋ ਬੀੜ ਭਾਈ ਗੁਰਦਾਸ ਜੀ ਦੀ ਕਲਮ ਤੋ ਲਿਖਵਾਈ, ਉਸ ਦਾ ਨਾਮ " ਭਾਈ ਗੁਰਦਾਸ ਵਾਲੀ ਬੀੜ " ਪ੍ਰਸਿੱਧ ਹੋ ਗਿਆ । ਇਸ ਵਿੱਚ ਸਿਰੀ ਰਾਗ ਤੋ ਲੈ ਕੇ ਪ੍ਰਭਾਤੀ ਤੱਕ ੩੦ ਰਾਗ ਹਨ ਅਤੇ ਕੁੱਲ ਬਾਕੀ ਸ਼ਬਦ ਸਲੋਕ ਪਉੜੀ ਆਦਿਕ ਦੀ ਗਿਣਤੀ ਮੁੰਦਾਵਣੀ ਤੱਕ ੫੭੫੧ ਹੈ ।

(੨) ਭਾਈ ਬੰਨੋ ਜੀ ਵਾਲੀ ਬੀੜ : - ਮਾਂਗਤ ਨਿਵਾਸੀ ਭਾਈ ਬੰਨੋ ਨੇ ਸਤਿਗੁਰੂ ਸ੍ਰੀ ਗੁਰੂ ਅਰਜਨ ਦੇਵ ਜੀ ਤੋ ਗੁਰੂ ਗਰੰਥ ਸਾਹਿਬ ਮੰਗਵਾ ਕੇ ਅਥਵਾ ਲਾਹੌਰ ਜਿਲਦ ਬੰਨਵਾਉਣ ਸਮੇ ਜੋ ਨਕਲ ਕੀਤੀ, ਅਤੇ ਆਪਣੀ ਇੱਛਾ ਅਨੁਸਾਰ ਕੁਝ ਵਾਧੂ ਬਾਣੀ ਦਰਜ ਕੀਤੀ, ਉਸ ਦਾ ਨਾਮ ਭਾਈ ਬੰਨੋ ਜੀ ਵਾਲੀ ਬੀੜ ਹੋ ਗਿਆ । ਇਸ ਵਿੱਚ ਵੀ ੩੦ ਰਾਗ ਹਨ ਅਤੇ ਸ਼ਬਦਾਂ ਦੀ ਗਿਣਤੀ ੫੭੫੭ ਹੈ । ਇਸ ਨੂੰ ਖਾਰੀ ਬੀੜ ਵੀ ਆਖਿਆ ਜਾਂਦਾ ਹੈ ।

(੩) ਦਮਦਮੇ ਵਾਲੀ ਬੀੜ :- ਸਤਿਗੁਰੂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਦਮਦਮੇ ਦੇ ਮੁਕਾਮ ਉੱਤੇ ਸੰਮਤ ੧੭੬੨ - ੬੩ ਵਿੱਚ, ਜੋ ਆਤਮਿਕ ਸ਼ਕਤੀ ਨਾਲ ਕੰਠ ਤੋ ਬਾਣੀ ਉਚਾਰਨ ਕਰਕੇ ਗੁਰੂ ਗ੍ਰੰਥ ਸਾਹਿਬ ਲਿਖਵਾਇਆ, ਉਸ ਦਾ ਨਾਮ ਦਮਦਮੇ ਵਾਲੀ ਬੀੜ ਹੈ । ਇਸ ਵਿੱਚ ਜੈ ਜੈ ਵੰਤੀ ਸਮੇਤ ੩੧ ਰਾਗ ਹਨ ਤੇ ਸ਼ਬਦ, ਸਲੋਕ ਪੌੜੀ ਆਦਿ ਦੀ ਜਪ ਤੋ ਲੈ ਕੇ ਮੁੰਦਾਵਣੀ ਤੱਕ ਗਿਣਤੀ ੫੮੬੭ ਹੈ । ਇਹ ਬੀੜ ਸੰਮਤ ੧੮੧੮ ਵਿੱਚ ਕੁੱਪ ਰਹੀੜੇ ਦੀ ਜੰਗ " ਵੱਡੇ ਘੱਲੂਘਾਰੇ " ਵਿੱਚ ਖਾਲਸਾ ਦਲ ਦੇ ਹੱਥੋ ਜਾਂਦੀ ਰਹੀ ਪਰ ਇਸ ਤੋ ਪਹਿਲਾਂ ਇਸ ਦੀਆ ਕਈ ਨਕਲਾਂ ਤਿਆਰ ਹੋ ਚੁੱਕੀਆਂ ਸਨ ।

ਗੁਰੂ ਗਰੰਥ ਸਾਹਿਬ ਵਿੱਚ ਸ਼ਾਮਲ ਬਾਣੀ ਪਦ, ਸ਼ਬਦ, ਸਲੋਕ, ਛੰਤ ਪਉੜੀ ਆਦਿ ਦੀ ਗਿਣਤੀ ਇਉ ਹੈ ।

ਸ੍ਰੀ ਗੁਰੂ ਨਾਨਕ ਦੇਵ ਜੀ ਦੇ ੯੪੭, ਸਤਿਗੁਰੂ ਸ੍ਰੀ ਗੁਰੂ ਅੰਗਦ ਦੇਵ ਜੀ ਦੇ੬੩ (ਕੇਵਲ ਸਲੋਕ), ਸਤਿਗੁਰੂ ਸ੍ਰੀ ਗੁਰੂ ਅਮਰਦਾਸ ਸਾਹਿਬ

(1) ست گرو ارجن دیو جی نے جو بیڑ بھائی گرداس جی دی قلم توں لکھوائی اوس دا ناؤں "بھائی گرداس والی بیڑ" پرسدھ ہو گیا. ایس وچ سری راگ توں لے کے پربھاتی تیک. 30 راگ ہن اتے کُل بانی شبد شلوک' پوڑی آد دی گنتی منداونی تیک 5751 ہے.

(2) مانگٹ نواس بھائی بنو نے ست گرو ارجن صاحب توں گرو گرنتھ صاحب منگ کے اتھوا لاہور جلد بندھوان سمے جو نقل کیتی اتے اپنی اِچھا انوسار کجھ وادھو بانی درج کیتی. اوس دا ناؤں بھائی بنو دی بیڑ ہو گیا. ایس وچ وی تیہ ہی راگ ہن. ار شبد شلوک آد دی گنتی 5757 ہے. ایس نوں کھاری بیڑ وی آکھیا جاندا ہے.

(3) ست گُرو گوبند سنگھ سوامی نے دمدمے دے مقام تے سمت 63-1762 وچ جو آتمک شکتی نال کنٹھ توں بانی اچارن کر کے گرو گرنتھ صاحب لکھوایا. اوس دا ناؤں دسویں پاتشاہ دا گرنتھ صاحب ہویا پر پرسدھ ناؤں دمدمے والی بیڑ ہے. ایس وچ جے جے ونتی سمیت 31 راگ ہن. ار شبد شلوک پوڑی آد دی جپ توں لے کے منداونی تیک گنتی 5867 ہے.

ایہ بیڑ سمت 1818 وچ کپر ہیڑے دے جنگ "وڈے گھلو گھارے" وچ خالصا دل دے ہتھوں جاندی رہی پر ایس توں پہلوں ایس دیاں کئی نقلاں تیار ہو چکیاں سن. گرو گرنتھ صاحب وچ شامل بانی پد' شبد' شلوک' چھند پوڑی آد دی گنتی ایوں ہے.

and memory, dictated Guru Granth Sahib at Damdama Sahib in 1762-63. This volume was named Granth Sahib of the tenth Patshah but it became popular by the name of Damdama Volume. It has 31 rags including Jai Jai Vanti and the total count of Shabd, Shalok, Pauri, Jap etc to Mandavni is 5867.

The Khalsa lost this volume in Samvat 1818 at the "great massacre" of the battle of Kappar Heera, but many copies had already been made. The count of Bani, Shabd, Shalok, Chhund, Pauri etc included in this Granth Sahib is:

Sat Guru Amar Das Ji 869, Sat Guru Arjun Dev Ji 2312, Sat Guru Angad Dev Ji 63 (only Shloks), Satta, Balwand 8 (Vars Ramkali 3 pad), Sadhna 1, Sundar 6 (Ramkali Sudh pad), Surdas 2, Sain Ji 1, Kabir Ji 534, Sat Guru Gobind Singh Ji 1 (Shlok), Jai Dev Ji 2, Sat Guru Teg Bahadur Ji 115, Tarlochan Ji 5, Dhanna Ji 4, Sat Guru Nanak Dev Ji 947, Nam Dev Ji 62, Parmanand Ji 1, Pipa Ji 1, Farid Ji 123, Beni Ji 3, Bhattan Dey Svuye 123, Bheekhan Ji 2, Mardana Ji 3 (Bhagra Shlok), Rav Das Ji 40, Sat Guru Ram Das Ji 638, Ramanad Ji 1

ਜੀ ਦੇ ੮੬੯, ਸ੍ਰੀ ਗੁਰੂ ਰਾਮਦਾਸ ਜੀ ਦੇ ੬੩੮, ਸਤਿਗੁਰੂ ਸ੍ਰੀ ਗੁਰੂ ਅਰਜਨ ਦੇਵ ਜੀ ਦੇ ੨੩੧੨, ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ੧੧੫ ਸੱਤਾ ਬਲਵੰਡ ਦੇ ੮ (ਵਾਰ ਰਾਮਕਲੀ ੩, ਪਦ), ਭਗਤ ਸਧਨਾ ਦੇ ੧, ਸੁੰਦਰ ਭਗਤ ਦੇ ੬ (ਰਾਮਕਲੀ ਸਦ, ਪਦ), ਭਗਤ ਸੂਰਦਾਸ ਦੇ ੨, ਭਗਤ ਸੈਣ ਜੀ ਦਾ ੧, ਭਗਤ ਕਬੀਰ ਜੀ ਦੇ ੫੩੪, ਭਗਤ ਜੈਦੇਵ ਜੀ ਦੇ ੨, ਭਗਤ ਤ੍ਰਿਲੋਚਨ ਜੀ ਦੇ ੫, ਭਗਤ ਧੰਨਾ ਜੀ ਦੇ ੪, ਭਗਤ ਨਾਮਦੇਵ ਜੀ ਦੇ ੬੨, ਭਗਤ ਪਰਮਾਨੰਦ ਜੀ ਦਾ ੧, ਭਗਤ ਪੀਪਾ ਜੀ ਦਾ ੧, ਭਗਤ ਫਰੀਦ ਜੀ ਦੇ ੧੨੩, ਭਗਤ ਬੇਣੀ ਜੀ ਦੇ ੩, ਭੱਟਾ ਦੇ ਸਵੱਈਏ ੧੨੩, ਭਗਤ ਭੀਖਣ ਜੀ ਦੇ ੨, ਮਰਦਾਨਾ ਜੀ ਦੇ ੩ (ਬਿਹਾਗੜਾ ਵਿੱਚ ਸਲੋਕ), ਭਗਤ ਰਾਮਾਨੰਦ ਜੀ ਦਾ ੧

ਸ੍ਰੀ ਗੁਰੂ ਗਰੰਥ ਜੀ ਨਾਲ ਗੁਰੂ ਸ਼ਬਦ ਸੰਮਤ ੧੭੬੫ ਤੋ ਲਾਉਣਾ ਅਰੰਭ ਹੋਇਆ । ਜਿਸ ਵੇਲੇ ਅਬਿਚਲ ਨਗਰ ਵਿੱਚ ਗੁਰੂ ਗੋਬਿੰਦ ਸਿੰਘ ਜੀ ਨੇ ਗੁਰੂਤਾ ਸਿੱਖ ਧਰਮ ਦੇ ਅਧਾਰ ਰੂਪ ਗਰੰਥ ਨੂੰ ਦਿੱਤੀ

ਆਗਿਆ ਭਈ ਅਕਾਲ ਕੀ, ਤਬੈ ਚਲਾਇਓ ਪੰਥ ।
ਸਭ ਸਿਖਨ ਕੋ ਹੁਕਮ ਹੈ, ਗੁਰੂ ਮਾਨਿਓ ਗਰੰਥ ।
ਗੁਰੂ ਗਰੰਥ ਜੀ ਮਾਨਿਓ ਪਰਗਟ ਗੁਰਾਂ ਕੀ ਦੇਹ ।

امرداس ست گرو = 869' ارجن ست گرو = 2312' انگد ست گرو = 63 (کیول شلوک)' ستا' بلونڈ = 8 (وار رام کلی 3 پد)' سدھنا = 1' سُندر = 6 (رام کلی سُد' پد)' سُورداس = 2' سین جی = 1' کبیر جی = 534' گوبند سنگھ ست گرو = 1 (شلوک)' جے دیو جی = 2' تیغ بہادر ست گرو = 115' ترلوچن جی = 5' دھنا جی = 4' نانک دیو جی ست گرو = 947' نام دیو جی = 62' پرمانند جی = 1' پی پا جی = 1' بابا فرید جی = 123' بینی جی = 3' بھٹاں دے سوئیے = 123' بھیکھن جی = 2' مردانا جی = 3 (بہاگڑا وچ شلوک)' روداس جی = 40' رام داس ست گرو = 638' رامانند جی = 1

گرنتھ صاحب جی نال "گرو" شبد سمت 1765 توں لاؤنا ارنبھ ہویا. جس ویلے آبچل نگر گرو گوبند سنگھ جی نے گروتا سکھ دھرم دے آدھار روپ گرنتھ نُوں دِتی.

حکم ہے

آگیا بھئی اکال کی تبو چلایو پنتھ
سبھ سکھن کو حکم ہے گرو مانیو گرنتھ
گرو گرنتھ کو مانیو پرگٹ گراں کی دیہ

The used of prefix "Guru with Granth Sahib was started from Samvat 1765 AD when Guru Gobind Singh Ji personified Guru Granth Sahib in Abechal Nagar and granted it the status of a living Guru.

"Aaqya bhaii akal ki tabey chalayo panth
Sabh sikhan ko hukam hai guru manyo granth
Guru granth ji manyo pargat guran ki deh"

ਗੁਰਦੁਆਰਾ ਜਨਮ ਅਸਥਾਨ (ਨਨਕਾਣਾ ਸਾਹਿਬ)

ਇਸ ਥਾਂ ਤੇ ਸਤਿਗੁਰੂ ਨਾਨਕ ਦੇਵ ਜੀ ਦਾ ਜਨਮ ਮਹਿਤਾ ਕਾਲੂ ਜੀ ਦੇ ਘਰ ਮਾਤਾ ਤ੍ਰਿਪਤਾ ਜੀ ਦੀ ਕੁੱਖੋ ਵਿਸਾਖ ਸੁਦੀ ੩ (੨੦ ਵਿਸਾਖ) ਸੰਮਤ ੧੫੨੬ (੧੫ ਅਪ੍ਰੈਲ ੧੪੬੯) ਨੂੰ ਹੋਇਆ । ਉਹ ਕੋਠਾ ਜਿਸ ਵਿੱਚ ਦਾਈ ਦੌਲਤਾਂ ਨੇ ਸਭ ਤੋਂ ਪਹਿਲਾ ਬਾਲ ਰੂਪ ਅੰਦਰ ਸਤਿਗੁਰੂ ਨਾਨਕ ਦਾ ਦੀਦਾਰ ਪਾਇਆ, ਉਹ ਇਹ ਥਾਂ ਸੀ । ਇਥੇ ਹੁਣ ਗੁਰਦੁਆਰਾ ਜਨਮ ਅਸਥਾਨ ਦੀ ਚੌਖੰਡੀ (ਪ੍ਰਕਾਸ਼ ਅਸਥਾਨ) ਹੈ । ਇਸ ਦੀ ਮੌਜੂਦਾ ਇਮਾਰਤ ਮਹਾਰਾਜਾ ਰਣਜੀਤ ਸਿੰਘ ਦੀ ਆਗਿਆ ਅਧੀਨ ੧੮੧੯ - ੨੦ ਵਿੱਚ ਬਣੀ ਸੀ । ਚੌਖੰਡੀ ਦੇ ਬਾਹਰ ਸਾਹਮਣੇ ਖੁੱਲਾ ਬਰਾਂਡਾ ਹੈ ਜਿਸ ਨੂੰ ਬਾਰਾਂਦਰੀ ਦਾ ਨਾਮ ਦਿੱਤਾ ਗਿਆ ਹੈ, ਇਹ ਮਹੰਤ ਸਾਧੂ ਰਾਮ ਨੇ ਬਣਵਾਈ ਸੀ ਅਤੇ ਆਲੇ ਦੁਆਲੇ ਦਾ ਅਹਾਤਾ, ਦਰਸ਼ਨੀ ਡਿਉੜੀ ਦੇ ਉੱਪਰ ਦਾ ਹਿੱਸਾ ਅਤੇ ਬੁਰਜ ਗੁਰਦੁਆਰਾ ਕਮੇਟੀ ਨੇ ਬਣਵਾਏ । ਸਰੋਵਰ ਦੀ ਸੇਵਾ ਮਹਾਰਾਜਾ ਰਣਜੀਤ ਸਿੰਘ ਦੇ ਸਮੇਂ ਹੀ ਹੋਈ । ੧੯੪੪ ਵਿੱਚ ਇਸ ਦੇ ਪੌੜਾਂ ਦੀ ਨਵੇਂ ਸਿਰਿਉ ਉਸਾਰੀ ਬਾਬਾ ਗੁਰਮੁਖ ਸਿੰਘ ਜੀ ਹੋਰਾਂ ਕਰਵਾਈ । ਨਨਕਾਣਾ ਸਾਹਿਬ ਅਸਟੇਟ ਦਾ ਕੁੱਲ ਰਕਬਾ ੧੭੬੭੫ ਏਕੜ ਹੈ । ਇਹਦੇ ਵਿੱਚ ਵਾਹੀਵਾਨਾਂ ਦੀਆਂ ਬਸਤੀਆਂ, ਸਰਕਾਰੀ ਇਮਾਰਤਾਂ, ਸੜਕਾਂ, ਰੇਲਵੇ ਲਾਇਨ ਅਤੇ ਨਹਿਰਾ ਆਦਿ ਹੇਠ ੧੭੪੯ ਏਕੜ ਰਕਬਾ ਹੈ ਜਦ ਕਿ ਖੇਤੀਬਾੜੀ ਯੋਗ ਰਕਬੇ ਦੀ ਨਪਾਈ ੧੫੯੨੬ ਏਕੜ ਹੈ । ਗੁਰਦੁਆਰਾ ਜਨਮ ਅਸਥਾਨ ਦੇ ਨਾਂ ਕੋਟ ਲਾਭ ਦਾਸ ਵਿੱਚ ੩੫੦ ਏਕੜ, ਝਲਾਰ ਗੰਗਾ ਰਾਮ ਵਿੱਚ ੨੦੦ ਏਕੜ, ਕੋਟ ਦਿਆਲ ਦਾਸ ਵਿੱਚ ੨੨੪ ਏਕੜ ਤੇ ਧੁੜਕੋਟ ਵਿੱਚ ੧੫੦ ਏਕੜ ਜਮੀਨ ਹੈ । ਨਨਕਾਣਾ ਸਾਹਿਬ ਤੋਂ ਬਾਹਰ ਵੀ ਕੁੱਝ ਜਾਇਦਾਦ ਇਸ ਪਾਵਨ ਅਸਥਾਨ ਦੇ ਨਾਮ ਹੈ, ਜਿਹਦਾ ਵੇਰਵਾ ਕੁਝ ਇੱਦਾਂ ਹੈ । ਪਿੰਡ ਸ਼ਾਹਪੁਰ ਤੇ ਹਰੀਆ ਵਿੱਚ ੨੨ ਮੁਰੱਬੇ, ਪਿੰਡ ਬਿਹਾਰੀਪੁਰ ਵਿੱਚ ੩ ¾ ਮੁਰੱਬੇ, ਪਿੰਡ ਕੰਨਲ ਵਿੱਚ ੨੩ ਏਕੜ, ਪਿੰਡ ਚੀਰੀ ਵਿੱਚ ੩ ਮੁਰੱਬੇ (ਕੇਵਲ ਮੌਰੂਸੀ ਹੱਕ) ਤੇ ਪਿੰਡ ਨਾਨਕ ਕੋਟ ਵਿੱਚ ੩ ¾ ਮੁਰੱਬੇ ਹਨ । ਸਾਂਗਲਾ ਹਿੱਲ ਵਿੱਚ ਤਿੰਨ ਦੁਕਾਨਾਂ, ਦੋ ਦੁਕਾਨਾਂ ਸ਼ਾਹਕੋਟ ਵਿੱਚ ਅਤੇ ਇੱਕ ਗੁੱਜਰ ਖਾਂ ਜ਼ਿਲਾ ਰਾਵਲਪਿੰਡੀ ਵਿੱਚ ਗੁਰਦੁਆਰਾ ਸਾਹਿਬ ਦੇ ਨਾਂ ਹੈ ।

گردوارا جنم استھان (ننکانا صاحب)

ایس تھاں ست گر نانک دیو جی نے مہتا کالو جی دے گھر ماتا ترپتا جی دی ککھوں وساکھ سُدی تن (20 وساکھ) سمت 1526 (15 اپریل سن 1469) نُوں جنم لیا. اوہ کوٹھا جس وچ دائی دولتاں نے سبھ توں پہلاں بال روپ اندر ست گرو نانک دا دیدار پایا. اوہ ایہ تھاں سی. ایتھے ہُن گردوارا جنم استھان دی چوکھنڈی (پرکاش استھان) ہے. ایس دی موجودا عمارت مہاراجا رنجیت سنگھ دی آگیا ادھین سن 20-1819 وچ بݨی سی. چوکھنڈی دے باہر ساہمݨے کُھلا برانڈا جس نُوں باراں دری دا ناں دتا گیا ہے ایہ مہنت سادھو رام نے بݨوائی سی اتے دوالے دا احاطا' درشنی ڈیوڑھی دے اُپر دا حِصا اتے بُرج گردوارا کمیٹی نے بݨوائے. سرودر دی سیوا مہاراجا رنجیت سنگھ سمے ہی ہوئی. 1944 وچ ایس دے پوڑاں دی نویں سریوں اُساری بابا گرمکھ جی ہوراں کروائی.

ننکانا صاحب اسٹیٹ دا کُل رقبا 17675 ایکڑ اے. ایہدے وچ واہی واناں دیاں وستیاں' سرکاری عمارتاں' سڑکاں' ریلوے لائن اتے نہراں آد ہیٹھ 1749 ایکڑ رقبا ہے جد کہ کھیتی باڑی یوگ رقبے دی نپائی 15926 ایکڑ اے. گردوارا جنم استھان دے ناں کوٹ لابھ داس وچ 350 ایکڑ' جھلار گنگا رام وچ 200 ایکڑ' کوٹ دیال داس وچ 224 ایکڑ' تے دھوڑ کوٹ وچ 150 ایکڑ زمین اے. ننکانا صاحب توں باہر وی کُجھ جائداد ایس پاون استھان دے ناں ہے. جہدا ویروا کُجھ اِنج اے. پنڈ شاہ پور تے ہریا وچ 22 مربعے' پنڈ بہاری پور وچ 3/4-3 مربعے' پنڈ کنل وچ 23 ایکڑ. پنڈ چیری وچ 3 مربعے (کیول موروثی حق) ـ تے پنڈ نانک کوٹ وچ 3/4-3 مربعے. سانگلا ہل وچ تِن دکاناں دو دُکاناں شاہ کوٹ وچ اَتے اِک گجُر خاں ضلع راولپنڈی وچ گردوارا صاحب دے

GURDWARA JANAMASTHAN NANKANA SAHIB

Guru Nanak Dev Ji was given birth by Mata Tripta Devi as the son of Mehta Kalu on Visakh Suddi 3 (20 Visakh) Samvat 1526 (15th April 1469 AD) at this place. The room, where midwife Daulta had the honour of being the first person to see Sat Gur Nanak Dev Ji as a baby, was at this place. The Chaukhandi of Gurdwara Janamasthan (Prakashasthan) is located at this place now. The present building was constructed with the approval of Maharaja Ranjit Singh in 1819-20 AD. The open veranda in front of Chaukhandi was built by Mahant Sadhuran and it has been given the name of Baradari. This portion above the foyer, the tower and the boundry wall around the Gurdwara was built by the Gurdwara Committee. The tank was repaired during the reign of Ranjit Singh. Its steps were reconstructed by Baba Gurmukh Ji in 1944 AD.

The total area of Nankana Sahib estate is 17675 acres out of which 1749 acres are occupied by the devillings of the peasants, official buildings, roads, railway lines and canals whereas the area under the plough measures 15926 acres. Land measuring 350 acres in Kot Labh Das, 200 acres in Jhalar Ganga Ram, 224 acres in Kot Dayal Das, and 150 acres in Dhor Kot is in the name of the Gurdwara Janamasthan. Some properties endowed to this shrine are situated outside Nankana Sahib. Its detail is something like this: 22 squares in village Shahpur and Harria, 3 3/4 squares in village



ਗੁਰਦੁਆਰੇ ਦਾ ਪ੍ਰਬੰਧ ਪਹਿਲਾਂ ਉਦਾਸੀਆਂ ਪਾਸ ਸੀ, ਫਿਰ ਮਹੰਤਾਂ ਕੋਲ ਰਿਹਾ । ੧੯੨੧ ਵਿੱਚ ਇੱਕ ਵੱਡੀ ਲੜਾਈ ਮਗਰੋਂ ਇਹਨਾਂ ਪਾਵਨ ਅਸਥਾਨਾਂ ਦਾ ਪ੍ਰਬੰਧ ਪੰਥਕ ਪ੍ਰਬੰਧ ਹੇਠ ਆ ਗਿਆ । ਕੁਝ ਹੀ ਸਾਲਾਂ ਮਗਰੋਂ ਇਹ ਸਭ ਕੁਝ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅੰਮ੍ਰਿਤਸਰ ਅਧੀਨ ਆ ਗਿਆ ਜੋ ੧੯੪੭ ਤੋਂ ਮਗਰੋਂ ਗੁਰਦੁਆਰਾ ਜਨਮ ਅਸਥਾਨ ਸਣੇ ਪਾਕਿਸਤਾਨ ਵਿੱਚ ਮੌਜੂਦ ਸਾਰੇ ਦੇ ਸਾਰੇ ਇਤਿਹਾਸਕ ਗੁਰਦੁਆਰੇ " ਪਾਕਿਸਤਾਨ ਮਤਰੋਕਾ ਵਕਫ ਇਮਲਾਕ ਬੋਰਡ " ਦੀ ਸੇਵਾ ਸੰਭਾਲ ਵਿੱਚ ਦੇ ਦਿੱਤੇ । ਹੁਣ ਤੱਕ ਇਹ ਅਦਾਰਾ ਇਸ ਸਾਰੀ ਜਾਇਦਾਦ ਦਾ ਮਾਲਕ ਅਤੇ ਗੁਰਦੁਆਰਿਆ ਦੀ ਸੇਵਾ ਸੰਭਾਲ ਦਾ ਜਿੰਮੇਵਾਰ ਹੈ ।

ਗੁਰਦੁਆਰਾ ਜਨਮ ਅਸਥਾਨ ਦੀ ਵਲਗਣ ਵਿੱਚ ਕੁਝ ਹੋਰ ਇਤਿਹਾਸਕ ਅਸਥਾਨ

ਦਰਸ਼ਨੀ ਡਿਉੜੀ ਲੰਘਦਿਆਂ ਹੀ ਉੱਕਾ ਬਰੂਹਾਂ ਵਿੱਚ ਹੀ ਤੁਹਾਡੇ ਖੱਬੇ ਹੱਥ ਲੋਹੇ ਦਾ ਇੱਕ ਵੱਡਾ ਸਾਰਾ ਜੰਗਲਾ ਆਉਂਦਾ ਹੈ । ਇਸ ਜੰਗਲੇ ਅੰਦਰ ਖੂਹ ਹੈ, ਇਸ ਖੂਹ ਨੂੰ ਬੇਬੇ ਨਾਨਕੀ ਜੀ ਦਾ ਖੂਹ ਆਖਿਆ ਜਾਂਦਾ ਹੈ । ਇਹ ਖੂਹ ਪਹਿਲਾਂ ਮਹਿਤਾ ਕਾਲੂ ਦਾਸ ਦੇ ਘਰ ਦਾ ਖੂਹ ਸੀ । ਸਤਿਗੁਰ ਜੀ ਨੇ ਬਾਲ ਅਵਸਥਾ ਵਿੱਚ ਇਸੇ ਖੂਹ ਦਾ ਹੀ ਜਲ ਛਕਿਆ ਸੀ । ਹੁਣ ਇਸ ਪਾਵਨ ਖੂਹ ਦੁਆਲੇ ਜੰਗਲਾ ਲਾ ਦਿੱਤਾ ਗਿਆ ਹੈ ਅਤੇ ਇਹਦੇ ਵਿੱਚ ਟਿਊਬਵੈਲ ਲਗਾ ਦਿੱਤਾ ਗਿਆ ਹੈ । ਗੁਰਦੁਆਰਾ ਸਾਹਿਬ ਅੰਦਰ ਇਸੇ ਖੂਹ ਦਾ ਹੀ ਪਾਵਨ ਜਲ ਵਰਤਾਇਆ ਜਾਂਦਾ ਹੈ ।

ਜੰਡ ਸਾਹਿਬ

ਚੌਖੰਡੀ ਗੁਰਦੁਆਰਾ ਜਨਮ ਅਸਥਾਨ ਦੀ ਸੱਜੀ ਬਾਹੀ ਦੇ ਕੋਈ ੧੨ ਮੀਟਰ ਦੀ ਵਿੱਥ ਤੇ ਇੱਕ ਜੰਡ ਦਾ ਰੁਖ ਹੈ । ਇਸ ਜੰਡ ਨਾਲ ਜਥੇਦਾਰ ਭਾਈ ਲਛਮਣ ਸਿੰਘ ਜੀ ਨੂੰ ਜਿਊਂਦਾ ਹੀ ਪੁੱਠਾ ਲਟਕਾ ਕੇ ਮਹੰਤ ਨਰਾਇਣੂ ਨੇ ੨੦ ਫਰਵਰੀ ੧੯੨੧ ਨੂੰ ਸਾੜ ਦਿੱਤਾ ਸੀ ।

نال ہے.

گردوارے دا پربندھ پہلوں اُداسیاں پاس سی. فیر مہنتاں کول رہیا. 1921ء وچ اک وڈی لڑائی مگروں ایہناں پاون استھاناں دا پربندھ پنتھک پربندھ ہیٹھ آ گیا. کجھ ہی سالاں مگروں ایہ سبھ کجھ شرومنی گردوارا پربندھک کمیٹی امرتسر ادھین آ گیا. جو 1947ء توں مگروں گردوارا جنم استھان سنے پاکستان وچ موجود سارے دے سارے اتہاسک گردوارے "پاکستان متروکا وقف املاک بورڈ" دی سیوا سنبھال وچ دے دتے. ہُن تیک ایہ ادارا ایس ساری جائداد دا مالک اتے گردواریاں دی سیوا سنبھال دا ذمے دار ہے.

درشنی ڈیوڑھی لنگھدیاں ہی اُکا بروہاں وِچ ہی تہاڈے کھبے ہتھ لوہے دا اک وڈا سارا جنگلا آوندا ہے. ایس جنگلے اندر کھوہ ہے. ایس کھوہ نوں بے بے نانکی جی دا کھوہ کر کے جانیا جاندا ہے. ایہ کھوہ پہلوں مہتا کالو داس جی دے گھر دا کھوہ سی. ست گراں بال اوستھا وچ ایسے کھوہ دا ہی جل چھکیا سی. ہُن ایس پاون کھوہ دوالے جنگلا لگا دِتا گیا ہے اتے ایہدے وچ ٹیوب ویل لگا دتا گیا ہے. گردوارا صاحب اندر ایسے کھوہ دا ہی پاون جل ورتایا جاندا ہے.

چوکھنڈی گردوارا جنم استھان دی سجی باہی کوئی 12 میٹر دی وِتھ اُتے اِک جنڈ دا رُکھ ہے. ایس جنڈ نال جتھے دار بھائی لچھمن سنگھ جی نوں جیوندے جی پُٹھا لمکا کے مہنت نرائنوں نے 20 فروری 1921 نوں ساڑ دِتا سی.

Bhori Pur, 23 acres in village Kinal, 3 squares (only hereditary right) in village Cheeri, 3 3/4 squares in Nanak Kot, 3 shops in Sangla Hill, 2 shops in Shah Kot and one shop in Gujjar Khan, Distt Rawalpindi.

The control of the Gurdwara was with Udasis at first then it was passed on to the Mahants. After a long struggle these sacred shrines came under Panthic control in 1921 AD. After a few years these places were passed on to Shromani Gurdwara Parbandhak Committee Amritsar after 1947 AD, all the historic gurdwaras including Gurdwara Janamasthan were handed over to the Pakistan Board for Evacuee (Trust) Properties for care and maintenance. This organisation is still the master of these properties and responsible for the maintenance of these gurdwaras.

Just after crossing the foyer you run into a big iron fence at your left just beside the door. There is a well inside this enclosure. This well is known as *Bay Bay Nanki Ji Da Khu*. This was earlier the Family well of Kalu Mehta Ji. Sat Gur had taken the water of this well during his childhood. Now a fencing has been erected around this sacred well and a tube-well has been installed on it. The water of this well is supplied to the Gurdwara.

There is a Jand tree about 12 meters to the right of Chaukhandi Gurdwara Janamasthan. Mahant Narain had hanged Jathedar Bhai Lachman Singh upside down by this tree and burnt him alive on 20th February 1921 AD.



ਸ਼ਹੀਦ ਗੰਜ

ਚੌਖੰਡੀ ਗੁਰਦੁਆਰਾ ਜਨਮ ਅਸਥਾਨ ਦੀ ਸੱਜੀ ਬਾਹੀ ਦੀ ਕੋਈ ੧੫ ਕੁ ਮੀਟਰ ਦੀ ਵਿੱਥ ਤੇ ਇੱਕ ਵਿਸ਼ਾਲ ਬਾਰਾਂਦਰੀ ਹੈ । ਇਹ ਉਹ ਅਸਥਾਨ ਹੈ ਜਿੱਥੇ ੨੦ ਫਰਵਰੀ ੧੯੨੧ ਨੂੰ ਗੁਰੂ ਘਰ ਤੋਂ ਕੁਰਬਾਨ ਹੋਣ ਵਾਲੇ ਗੁਰੂ ਖਾਲਸਾ ਪਿਆਰਿਆਂ ਦਾ ਅੰਤਮ ਸੰਸਕਾਰ ਕੀਤਾ ਗਿਆ ਸੀ । ਇਸ ਅਸਥਾਨ ਤੋਂ ਬਾਹਰ ਲੋਹੇ ਦੇ ਦੋ ਬੋਰਡਾਂ ਉੱਤੇ ਸ਼ਹੀਦਾ ਦੇ ਨਾਂ ਲਿਖੇ ਹੋਏ ਹਨ ।

ਸ਼ਹੀਦਗੰਜ ਭਾਈ ਦਲੀਪ ਸਿੰਘ ਜੀ

ਇਹ ਥਾਂ ਗੁਰਦੁਆਰਾ ਜਨਮ ਅਸਥਾਨ ਦੀ ਦੱਖਣ ਪੂਰਬ ਦੀ ਗੁੱਠ ਤੇ ਦਰਸ਼ਨੀ ਡਿਉੜੀ ਤੋਂ ਬਾਹਰ ਕੋਈ ੨੦ ਕੁ ਮੀਟਰ ਦੀ ਵਿੱਥ ਉੱਤੇ ਉਹ ਥਾਂ ਹੈ ਜਿਥੇ ਭਾਈ ਦਲੀਪ ਸਿੰਘ ਅਤੇ ਭਾਈ ਵਰਿਆਮ ਸਿੰਘ ਨੂੰ ਜਿਉਂਦੇ ਜੀ ਘੁਮਿਆਰਾਂ ਦੀ ਬਲਦੀ ਆਵੀ ਵਿੱਚ ਸੁੱਟ ਦਿੱਤਾ ਸੀ । ਸ਼ਹੀਦ ਗੰਜ ਭਾਈ ਦਲੀਪ ਸਿੰਘ ਜੀ ਦੇ ਨਾਲ ਹੀ ਵਿਦੇਸ਼ੀ ਸੰਗਤਾਂ ਵਾਸਤੇ ਇਕ ਬਹੁਤ ਹੀ ਸੁੰਦਰ ਸਰਾਂ ਉਸਾਰੀ ਗਈ ਹੈ । ਇਸ ਦੀ ਉਸਾਰੀ ਉੱਤੇ ਖਰਚ ਹੋਣ ਵਾਲੀ ਮਾਇਆ ਵਿਦੇਸ਼ਾਂ ਵਿੱਚ ਬੈਠੇ ਗੁਰੂ ਖਾਲਸਾ ਨੇ ਭੇਟ ਕੀਤੀ ਹੈ ।

ਪੁਰਾਣੇ ਲੰਗਰ ਹਾਲ ਦੀ ਥਾਂ ਇੱਕ ਵਿਸ਼ਾਲ ਅਤੇ ਦੋ ਮੰਜਲਾ ਲੰਗਰ ਹਾਲ ਬਣਾਇਆ ਗਿਆ ਹੈ ।

ਇਸ ਵੇਲੇ ਨਨਕਾਣਾ ਸਾਹਿਬ ਸ਼ਹਿਰ ਅੰਦਰ ਕੋਈ ੫੦ ਦੇ ਕਰੀਬ ਸਿੱਖ ਪ੍ਵਾਰ ਅਬਾਦ ਹਨ, ਜੋ ਹਰ ਰੋਜ਼ ਜਨਮ ਅਸਥਾਨ ਤੇ ਪਰਕਾਸ਼ ਅਤੇ ਪਾਠ ਕਰਦੇ ਹਨ । ਭਾਈ ਪ੍ਤਾਪ ਸਿੰਘ ਜੀ ਗਰੰਥੀ ਸਿੰਘ ਦੀ ਸੇਵਾ ਨਿਭਾ ਰਹੇ ਹਨ । ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਗੁਰਪੁਰਬ, ਖਾਲਸੇ ਦੇ ਜਨਮ ਦਿਨ ਮਹਾਰਾਜਾ ਰਣਜੀਤ ਸਿੰਘ ਦੀ ਬਰਸੀ ਅਤੇ ਪੰਚਮ ਪਾਤਿਸ਼ਾਹ ਜੀ ਦੇ ਸ਼ਹੀਦੀ ਪੁਰਬ ਉੱਤੇ ਦੇਸ਼ ਵਿਦੇਸ਼ ਤੋਂ ਸੰਗਤਾਂ ਦਰਸ਼ਨਾਂ ਨੂੰ ਆਉਂਦੀਆ ਹਨ । ਪਹਿਲੇ ਪਾਤਿਸ਼ਾਹ ਜੀ ਦੇ ਪ੍ਕਾਸ਼ ਉਤਸਵ ਉੱਤੇ ਭਾਰੀ ਦੀਵਾਨ ਸਜਦੇ ਹਨ ਤੇ ਨਗਰ ਕੀਰਤਨ ਦਾ ਪ੍ਬੰਧ ਕੀਤਾ ਜਾਂਦਾ ਹੈ।

جنڈ صاحب توں سجی باہی کوئی 15 میٹر دی وِتھ اُتے اک وشال باراں دری ہے. ایہ اوہ استھان ہے جتھے 20 فروری 1921ء نوں گرو گھر توں قربان ہون والے گرو خالصا پیاریاں دا انتم سسکار کیتا گیا سی. ایس استھان توں باہر لوہے دے دو بورڈاں اُتے شہیداں دے ناں لکھے ہوئے ہن.

ایہ تھاں گردوارا جنم استھان دی دکھن پورب دی گُٹھ تے درشنی ڈیوڈھی توں باہر کوئی 20 میٹر دی وِتھ اُتے ہے جتھے بھائی دلیپ سنگھ جی اتے بھائی وریام سنگھ جی نُوں جیوندے جی گھمیاراں دی بلدی آوی وچ سٹ دِتا سی.

شہید گنج بھائی دلیپ سنگھ دے نال ہی ودیشی سنگتاں واسطے اِک بہُت ہی سُندر سراں اُساری گئی ہے. ایس دی اُساری اُتے خرچ ہون والی مایا ودیشاں وچ بیٹھے گرو خالصا نے بھینٹ کیتی ہے.

پرانے لنگرہال دی تھاں اِک وِشال اتے دو منزلا لنگرہال بنایا گیا ہے.

ایس ویلے ننکانا صاحب شہر اندر کوئی 50 دے نیڑے سکھ پروار اباد ہن. ہر روز جنم ستھان توں پرکاش تے پاٹھ ہوندا ہے. بھائی پرتاپ سنگھ جی گرنتھی سنگھ دی سیوا نبھا رہے ہن. صاحب گرو نانک دیو جی دے گر پُرب' خالصے دے جنم دن. مہاراجا رنجیت سنگھ دی برسی اتے پنچم پاتشاہ جی دے شہیدی پُرب اُتے دیش ودیش توں سنگتاں درشناں نُوں آوندیاں ہن. پہلے پاتشاہ جی دے پرکاش اُتسو اُتے بھاری دیوان سجدے ہن اتے نگر کیرتن دا پربندھ کیتا جاندا ہے.

15 meters to the right of Jand Sahib there is a big portico. This is the place where those dear Khalsas of Gurus were cremated on 20th February 1920 who sacrificed their lives for Guru's house. The names of the martyres are written on two iron boards outside this place.


This shrine is in the southwestern corner of the Gurdwara Janamasthan and outside the foyer at a distance of about 20 meters from it.

It was here that Bhai Dilip Singh and Bhai Varyam Singh were thrown alive in the burning kiln of a potter.

A beautiful inn for the stay of foreign Sangats has been built right beside the Shaheed Ganj Bhai Dilip Singh. The money spent on its construction was donated by the Gur Khalsas living abroad.

A new 2 storeyed spacious langar hall has been built in place of the old langar hall.

About 50 Sikh families are settled in Nankana Sahib city at present. Prakash and recitation of Guru Granth Sahib Ji takes place daily at Janamasthan. Bhai Partab Singh is performing the services of the Garanthi. Sangats from here and abroad come to visit on the birthday of Sahib Guru Nanak Dev Ji, Founding Day of the Khalsa, Death anniversary of Maharaja Ranjit Singh and Martyre Day of the Fifth Guru. A huge diwan is held on the birth anniversary of the first Guru Dev Ji. Nagar kirtan is arranged.


ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਆਗਮਨ ਪੁਰਬ ਤੇ ਸਰਬੱਤ
ਸੰਗਤਾਂ ਨੂੰ ਬੱਬਰ ਖਾਲਸਾ ਇੰਟਰਨੈਸ਼ਨਲ ਵੱਲੋਂ ਲੱਖ ਲੱਖ ਵਧਾਈ

ਗੁਰਦੁਆਰਾ ਬਾਲ ਲੀਲਾ ਨਨਕਾਣਾ ਸਾਹਿਬ

ਇਹ ਅਸਥਾਨ ਗੁਰਦੁਆਰਾ ਜਨਮ ਅਸਥਾਨ ਤੋਂ ਕੋਈ ੨੨੫ ਮੀਟਰ ਦੀ ਵਿੱਥ ਉੱਤੇ ਪੂਰਬ ਦੱਖਣ ਦੇ ਰੁਖ ਨੂੰ ਸਤਿਗੁਰੂ ਨਾਨਕ ਦੇਵ ਜੀ ਦੇ ਬਾਲਪਨ ਦੀਆਂ ਖੇਡਾਂ ਖੇਡਣ ਦਾ ਅਸਥਾਨ ਹੈ । ਗੁਰਦੁਆਰੇ ਦੇ ਪੂਰਬ ਵੱਲ ਇੱਕ ਤਾਲ ਹੈ ਜੋ ਗੁਰੂ ਸਾਹਿਬ ਦੇ ਨਾਮ ਉੱਪਰ ਰਾਏ ਬੁਲਾਰ ਜੀ ਨੇ ਖੁਦਵਾਇਆ ਸੀ । ਇਸ ਦੀ ਪਹਿਲੀ ਇਮਾਰਤ ਅਤੇ ਨਾਲ ਲਗਦੇ ਕੱਚੇ ਸਰੋਵਰ ਨੂੰ ਮਹਾਰਾਜਾ ਰਣਜੀਤ ਸਿੰਘ ਦੀ ਆਗਿਆ ਨਾਲ ਬਾਬਾ ਗੁਰਬਖਸ਼ ਸਿੰਘ ਜੀ ਨੇ ਸੰਨ ੧੮੨੦ - ੨੧ ਵਿੱਚ ਪੱਕਾ ਕਰਵਾਇਆ । ਇਸ ਤੋਂ ਮਗਰੋਂ ਗੁਰਦੁਆਰੇ ਦੇ ਨਿਰਮਲੇ ਮਹੰਤਾਂ ਨੇ ਇਸ ਦੀ ਨਵੀਂ ਇਮਾਰਤ ਬਣਵਾਈ ਜੋ ਕਿ ਮੁਕੰਮਲ ਨਾਂ ਹੋ ਸਕੀ ਤੇ ਪ੍ਰਬੰਧ ਪੰਥਕ ਕਮੇਟੀ ਕੋਲ ਆ ਗਿਆ । ਇਸ ਨੂੰ ਮੁਕੰਮਲ ਕਰਨ ਅਤੇ ਸਰੋਵਰ ਦੇ ਪੌੜ ਬਣਵਾਣ ਤੇ ਆਲੇ ਦੁਆਲੇ ਉੱਚੀ ਚਾਰ ਦੀਵਾਰੀ ਕਰਵਾਉਣ ਦੀ ਸੇਵਾ ਬ੍ਰਿਧ ਬਾਬਾ ਸੰਤ ਗੁਰਮੁਖ ਸਿੰਘ ਜੀ ਪਟਿਆਲੇ ਵਾਲਿਆਂ ਨੇ ਸੰਨ ੧੯੪੫ - ੪੬ ਵਿੱਚ ਕਰਵਾਈ । ਹੁਣ ਇਹਦੀ ਸੇਵਾ ਸੰਭਾਲ ਵਕਫ ਬੋਰਡ ਕੋਲ ਹੈ । ਇਸ ਦਾ ਸਰੋਵਰ ਸਦਾ ਸੁੱਕਾ ਰਹਿੰਦਾ ਹੈ । ਗੁਰਦੁਆਰਾ ਸਾਹਿਬ ਦਾ ਜਿੰਦਰਾ ਕੇਵਲ ਸਿੱਖ ਯਾਤਰੀਆਂ ਦੇ ਆਉਣ ਤੇ ਹੀ ਖੁਲਦਾ ਹੈ । ਇਥੇ ਪ੍ਰਕਾਸ਼ ਨਹੀਂ ਹੁੰਦਾ, ਕੇਵਲ ਇਮਾਰਤ ਹੀ ਯਾਦਗਾਰ ਹੈ ।

گردوارا بالیلا ننکانا صاحب

ایہ استھان گردوارا جنم استھان توں کوئی 225 میٹر دی وِتھ اُتے پورب دکھن دے رُخ نُوں ست گُرنانک دیو جی دے کھیڈاں کھیڈن دا استھان ہے. گردوارے توں پورب ول اِک تال ہے. جو گرو صاحب دے نام اُپر رائے بلار جی نے کھٹوایا. ایس دی پہلی عمارت اتے ایس دے نال لگدے کچے سرودر نُوں مہاراجا رنجیت سنگھ جی دی آگیا نال بابا گُربخش سنگھ جی نے سن 21-1820 وچ پکا کروایا. ایس توں مگروں گردوارے دے نرملے مہنتاں ایس دی نویں عمارت بنوائی جو مکمل نہ ہو سکی تے پربندھ پنتھک کمیٹی کول آگیا. ایس نُوں مکمل کرن اتے سرودر دے پوڑ بنوان اتے دوالے اُچی چار دیواری کروان دی سیوا بِردھ بابا سنت گرمُکھ سنگھ جی پٹیالے والیاں نے سن 46-1945 وچ کروائی. ہُن ایہدی سیوا سنبھال وقف بورڈ کول اے. ایس دا سرودر سدا سُکا رہندا ہے. گردوارا صاحب دا جندرا کیول سِکھ یاتریاں دے آون اُتے ہی کھلدا ہے. پرکاش نہیں ہوندا. کیول عمارت ہی یادگار ہے.

GURDWARA BALILA AT NANKANA SAHIB DISTRICT SHEIKHUPURA

This shrine is the area where Sat Guru Nanak Dev Ji used to play as a child and it is located about 225 meters south-east of Gurdwara Janamasthan. There is a water tank east of Gurdwara which was built in the name of Guru Dev Ji by Rai Bular. In 1820-21 AD Baba Gurbukhsh Singh built the building of the Gurdwara and its adjacent tank with bricks following the command of Maharaja Ranjit Singh. Later Nirmal Mahants started a new building but it could be completed and the control of the shrine passed on to the Parbandhak Committee. Baba Sant Gurmukh Singh Ji of Patiala got the building completed in 1945-6. He also constructed the steps and boundary wall of the water tank. The maintenance of this shrine is now in the hands of Waqf Board. Its water tank remains dry and the locks of the Gurdwara are opened only for Sikh yatrees. The Prakash does not take place now the building is the only monument.



ਗੁਰਦੁਆਰਾ ਪੱਟੀ ਸਾਹਿਬ

ਗੁਰਦੁਆਰਾ ਬਾਲ ਲੀਲਾ ਦੇ ਪਾਸ ਹੀ ਇਹ ਪਾਵਨ ਅਸਥਾਨ ਹੈ । ਇਥੇ ਪਹਿਲੇ ਪਾਤਿਸ਼ਾਹ ਜੀ ਪਾਂਧੇ ਪੰਡਿਤ ਗੋਪਾਲ ਦਾਸ ਕੋਲ ਹਿੰਦੀ ਪੜ੍ਹਨ ਲਈ ਬਿਠਾਏ ਗਏ, ਫਿਰ ਪੰਡਿਤ ਬਰਿੱਜ ਲਾਲ ਪਾਸ ਸੰਸਕ੍ਰਿਤ ਅਤੇ ੧੩ ਸਾਲ ਦੀ ਉਮਰ ਵਿੱਚ ਤਲਵੰਡੀ ਦੇ ਮੌਲਾਨਾਂ ਕੁਤਬੁਦੀਨ ਪਾਸ ਅਰਬੀ ਫਾਰਸੀ ਪੜ੍ਹਨ ਬਿਠਾਇਆ ਗਿਆ । ਸਤਿਗੁਰ ਜੀ ਦੀ ਤੀਖਣ ਬੁੱਧੀ, ਆਤਮਿਕ ਗਿਆਨ ਅਤੇ ਰੋਸ਼ਨ ਦਿਮਾਗ ਦੇ ਸਾਹਮਣੇ ਵਾਰੀ ਵਾਰੀ ਇਹਨਾਂ ਸੰਸਾਰਿਕ ਉਸਤਾਦਾਂ ਨੇ ਸੀਸ ਨਿਵਾਇਆ । ਗੁਰੂ ਜੀ ਨੇ ਪੰਡਿਤ ਦੇ ਸ਼ੰਕੇ ਨਵਿਰਤ ਕਰਨ ਲਈ ਆਸਾ ਰਾਗ ਵਿੱਚ ਪੱਟੀ ਨਾਮੀ ਬਾਣੀ ਇੱਥੇ ਹੀ ਉਚਾਰਨ ਕੀਤੀ ।

ਸਸੈ ਸੋਇ ਸ੍ਰਿਸਟਿ ਜਿਨਿ ਸਾਜੀ, ਸਭਨਾ ਸਾਹਿਬੁ ਏਕ ਭਇਆ ॥
ਸੇਵਤ ਰਹੈ ਚਿਤੁ ਜਿਨੑ ਕਾ ਲਾਗਾ, ਆਇਆ ਤਿਨੑ ਕਾ ਸਫਲੁ ਭਇਆ ॥

ਭਾਸ਼ਾ ਵਿਭਾਗ ਪੰਜਾਬ ਦੀ ਛਪੀ ਕਿਤਾਬ ਨਨਕਾਣਾ ਸਾਹਿਬ ਦਾ ਕਰਤਾ ਨਰਾਇਣ ਸਿੰਘ ਲਿਖਦਾ ਹੈ ਕਿ " ਜਦੋ ਬਾਬਾ ਗੁਰਬਖਸ਼ ਸਿੰਘ ਨੂੰ ਸ਼ੇਰੇ ਪੰਜਾਬ ਵੱਲੋਂ ਇਥੇ ਰਹਿ ਕੇ ਗੁਰਦੁਆਰਿਆਂ ਦੀਆਂ ਇਮਾਰਤਾਂ ਬਣਾਉਣ ਦਾ ਹੁਕਮ ਹੋਇਆ ਤਾਂ ਉਹਨਾਂ ਨੇ ਆਪਣੀ ਰਿਹਾਇਸ਼ ਲਈ ਗੁਰਦੁਆਰਾ ਜਨਮ ਅਸਥਾਨ ਤੇ ਬਾਲਲੀਲਾ ਦੇ ਵਿਚਾਲੇ ਇਕ ਦੋ ਮੰਜਲਾ ਮਕਾਨ ਬਣਵਾਇਆ, ਜਿਸ ਨੂੰ ਅਟਾਰੀ ਜਾਂ ਅਟਾਰੀ ਸਾਹਿਬ ਕਿਹਾ ਜਾਣ ਲੱਗਾ । ਸਮਾਂ ਪਾਕੇ ਇਹੋ ਅਸਥਾਨ ਗੁਰਦੁਆਰਾ ਪੱਟੀ ਸਾਹਿਬ ਦੇ ਨਾਂ ਨਾਲ ਮਸ਼ਹੂਰ ਹੋ ਗਿਆ ।

ਇਸ ਗੁਰਦੁਆਰਾ ਸਾਹਿਬ ਅੰਦਰ ਹੁਣ ਕੁਝ ਸਾਲਾਂ ਤੋਂ ਗੁਰੂ ਗਰੰਥ ਸਾਹਿਬ ਦਾ ਦੋ ਵੇਲੇ ਪ੍ਰਕਾਸ਼ ਹੁੰਦਾ ਹੈ । ਇਹ ਪ੍ਰਕਾਸ਼ ਨਨਕਾਣਾ ਸਾਹਿਬ ਦੇ ਸਿੱਖ ਪ੍ਰਵਾਰ ਕਰਦੇ ਹਨ । ਇਸੇ ਗੁਰਦੁਆਰਾ ਸਾਹਿਬ ਅੰਦਰ ਸਿੱਖ ਬੱਚਿਆਂ ਦੀ ਵਿਦਿਆ ਵਾਸਤੇ ਗੁਰੂ ਨਾਨਕ ਸਕੂਲ ਕੰਮ ਕਰ ਰਿਹਾ ਹੈ । ਇੱਥੇ ਗੁਰਮੁਖੀ ਲਿਪੀ ਵਿੱਚ ਪੰਜਾਬੀ ਅੰਦਰ ਵਿਦਿਆ ਦਿੱਤੀ ਜਾਂਦੀ ਹੈ । ਬੱਚੇ ਕੀਰਤਨ ਤੇ ਪਾਠ ਦੀ ਵਿਦਿਆ ਵੀ ਲੈਂਦੇ ਹਨ । ਇਮਾਰਤ ਸੁੰਦਰ ਤੇ ਵਿਸ਼ਾਲ ਹੈ ।

گردوارا پٹی صاحب

گردوارا بالیلا دے پاس ہی ایہ پاون استھان ہے. ایتھے پہلے پاتشاہ جی پاندھے پنڈت گوپال داس کول ہندی پڑھن لئی بٹھائے گئے فیر پنڈت برج لال پاس سنسکرت اتے 13 سال دی عمر وچ تلونڈی دے مولانا قطب الدین پاس عربی فارسی پڑھن بٹھایا گیا. ست گر جی دی تیکھن بُدھی' آتمک گیان اتے روشن دماغ دے ساہمنے واری واری ایہناں سنسارک استاداں سیس نوایا. گرو جی نے پنڈت دے شنکے نورت کرن لئی آسا راگ وچ پٹی نام دی بانی ایتھے ہی اُچارن کیتی.

سسے سوء سرست جن ساجی' سبھنا صاحب ایک بھئے   سیوت رہے چت جن کا لاگا' آیا تن کا سپھل بھئے

بھاشا وبھاگ پنجاب دی چھپی کتاب ننکانا صاحب دا کرتا نراین سنگھ لکھدا ہے کہ "جدوں بابا گربخش سنگھ نوں شیر پنجاب ولوں ایتھے رہ کے گردواریاں دیاں عمارتاں بناؤن دا حکم ہویا تاں اوہناں نے اپنی رہائش لئی گردوارا جنم ستھان تے بالیلا دے وچالے اک دو منزلا مکان بنوایا جس نوں "اٹاری" یاں اٹاری صاحب کہیا جان لگا. سما پاکے ایہو استھان گردوارا پٹی صاحب دے ناں نال مشہور ہو گیا. ایس گردوارا صاحب اندر ہُن کجھ سالاں توں گرو گرنتھ صاحب دا دو ویلے پرکاش ہوندا ہے. ایہ پرکاش ننکانا صاحب دے سکھ پروار کردے ہن. ایسے گردوارا صاحب اندر سکھ بچیاں دی ودیا واسطے گرنانک سکول کم کر رہیا ہے. ایتھے گرمکھی لپی وچ پنجابی اندر ودیا دِتی جاندی ہے. بچے کیرتن اتے پاٹھ دی ودیا وی لیندے ہن. عمارت سُندر اتے وشال ہے.

GURDWARA PATTI SAHIB AT NANKANA SAHIB, DISTRICT, SHEIKHUPURA

The sacred shrine is close to Gurdwara Balila and this is the site where First Patshah Guru Nanak Ji was sent to learn Hindi from Pandit Gopal Das and then to learn Sanskrit from Pandit Brij Lal. He was sent to Maulana Qutbuddin of Talwandi to learn Arabic and Persian at the age of thirteen.

His worldly tutors had to bow their heads before Jagat Guru's brilliant intellect, spiritual knowledge and broad mind. Guru Ji composed this bani called Patti in "Asa Rag" to remove the suspicion and to break the pride of pandit:-

Sassa: He who created the world, is the One Lord and Master of all.

Narayan Singh in his book titled "Nankana Sahib" published by Bhasha Vibhag Punjab, writes. "When Baba Gurbukhsh was commanded by the Sher-e-Punjab to live here and to construct new buildings for the gurdwaras, he built a double storey house for his residence between Janamasthan and Balila. It was called Atari or Atari Sahib and later with the passage of time it became popular as Gurdwara Patti Sahib."

Prakash of Granth Sahib takes place twice daily, and Sikh families living at Nankana Sahib perform this. There are arrangements for imparting education to Sikh children within the premises of Gurdwara. The children are taught Punjabi language in Gurmukhi script and they are also taught kirtan. The building of Gurdwara is spacious and beautiful.



ਗੁਰਦੁਆਰਾ ਕਿਆਰਾ ਸਾਹਿਬ, ਨਨਕਾਣਾ ਸਾਹਿਬ

ਇਹ ਪਾਵਨ ਅਸਥਾਨ ਗੁਰਦੁਆਰਾ ਮਾਲ ਜੀ ਸਾਹਿਬ ਤੋਂ ਨੈਰਤ ਅਤੇ ਜਨਮ ਅਸਥਾਨ ਤੋਂ ਕੋਈ ਡੇਢ ਕਿਲੋਮੀਟਰ ਦੀ ਵਿੱਥ ਤੇ ਆਪਣੀਆਂ ਸ਼ਾਨਾਂ ਵਿਖਾ ਰਿਹਾ ਹੈ । ਇਹ ਗੁਰਦੁਆਰਾ ਉਸ ਪਾਵਨ ਅਸਥਾਨ ਤੇ ਬਣਾਇਆ ਗਿਆ ਹੈ, ਜਿੱਥੇ ਗੁਰੂ ਨਾਨਕ ਦੇਵ ਜੀ ਦੀਆਂ ਮੱਝਾਂ ਨੇ ਇੱਕ ਜੱਟ ਦੀ ਪੈਲੀ ਉਜਾੜੀ ਸੀ । ਜਨਮ ਸਾਖੀਆਂ ਅਨੁਸਾਰ ਜੱਟ ਨੇ ਸਮੇਂ ਦੇ ਹਾਕਿਮ ਅੱਗੇ ਸ਼ਿਕਾਇਤ ਕੀਤੀ । ਰਾਏ ਬੁਲਾਰ ਨੇ ਗੁਰੂ ਜੀ ਤੋਂ ਪੁੱਛਿਆ ਤਾਂ ਆਪ ਜੀ ਨੇ ਫਰਮਾਇਆ ਕਿ ਹੋ ਸਕਦਾ ਹੈ ਕਿ ਮੱਝਾਂ ਖੇਤ ਨੂੰ ਜਾ ਪਈਆਂ ਹੋਣ ਪਰ ਇਸ ਦਾ ਨੁਕਸਾਨ ਨਹੀਂ ਹੋਇਆ । ਜਾ ਕੇ ਵੇਖਿਆ ਤਾਂ ਉੱਜੜੀ ਖੇਤੀ ਹਰੀ ਭਰੀ ਸੀ । ਇਸ ਗੁਰਦੁਆਰੇ ਦੇ ਨਾਂ ੪੫ ਮੁਰੱਬੇ ਜਮੀਨ ਪਿੰਡ ਦਰਿਆ ਵਿੱਚ ਹੈ । ਇਸ ਗੁਰਦੁਆਰੇ ਦੀ ਇਮਾਰਤ ਵੀ ਮਹਾਰਾਜਾ ਰਣਜੀਤ ਸਿੰਘ ਦੇ ਸਮੇਂ ਉਸਾਰੀ ਗਈ । ਇਸ ਗੁਰਦੁਆਰੇ ਨਾਲ ਲਗਦਾ ਸਰੋਵਰ ੧੯੪੬ ਵਿੱਚ ਬਾਬਾ ਗੁਰਮੁਖ ਸਿੰਘ ਜੀ ਪਟਿਆਲੇ ਵਾਲਿਆਂ ਬਣਵਾਇਆ ਸੀ । ਇਸ ਥਾਂ ਉੱਤੇ ਪ੍ਰਕਾਸ਼ ਨਹੀਂ ਹੁੰਦਾ, ਕੇਵਲ ਇੱਕ ਯਾਦਗਾਰ ਹੈ ਜੋ ਯਾਤਰੀਆਂ ਦੇ ਆਉਣ ਉੱਤੇ ਖੁਲਦੀ ਹੈ ।

کیارا صاحب ننکانا

ایہ پاون استھان گردوارا مال جی صاحب توں نیرت اتے جنم استھان توں کوئی ڈیڈھ کلومیٹر دی وِتھ اُتے اپنیاں شاناں وکھا رہیا ہے. ایہ گردوارا اوس پاون استھان اُتے بنایا گیا ہے. جتھے گرنانک دیو جی دیاں مہیاں نے اک جٹ دی پیلی اُجاڑ دتی سی. جنم ساکھیاں انُوسار جٹ نے سمے دے حاکم اگے شکایت کیتی. رائے بلار نے گرو جی توں پچھیا تاں آپ نے فرمایا "ہو سکدا ہے مہیاں کھیت نُوں جا پئیاں ہون پر ایس دا نقصان نہیں ہویا." جا کے ویکھیا گیا تاں اُجڑی کھیتی ہری بھری سی. ایس گردوارے دے ناں 45 مربعے زمین پنڈ دریا وچ ہے. ایس گردوارے دی عمارت وی مہاراجا رنجیت سمے اُساری گئی. ایس گردوارے نال لگدا سروور 1946ء وچ بابا گرمکھ سنگھ جی پٹیالے والیاں بنوایا. ایس تھاں وی پرکاش نہیں ہوندا کیول اِک یادگار ہے جو یاتریاں دے آوَن اُتے کھلدی ہے.

GURDWARA KIARA SAHIB AT NANKANA SAHIB DISTRICT, SHEIKHUPURA

This sacred Gurdwara is displaying its glory close to Gurdwara Mal Ji Sahib at a distance of one and a half kilometer from the Janamasthan of Guru Nanak Sahib . It was built at the sacred site where Guru Nanak Dev Ji's buffaloes had damaged the field of a Jat. According to his biographies the Jat lodged a complaint with the local ruler Rai Bular. When questioned by Rai Bular Guru Nanak Dev Ji said "It is a possible that the buffaloes may have entered the field but no damage has been done to the crop". When on the spot inquiry was made, it was found that the affected field was as green and fresh as before.

45 Morabbas (squares) of land is endowed to this Gurdwara in village Daria. The building of this Gurdwara was built during the reign of Maharaja Ranjit Singh. The water tank of Gurdwara was constructed by Baba Gurmukh Singh Ji Patiala Wala in 1946 AD. Prakash does not take place here now. It is just a monument which is only at the arrival of the yatrees.



ਮਾਲ ਜੀ ਨਨਕਾਣਾ ਸਾਹਿਬ

ਇਹ ਪਾਵਨ ਅਸਥਾਨ ਗੁਰਦੁਆਰਾ ਜਨਮ ਅਸਥਾਨ ਤੋਂ ਕੋਈ ੧ ½ ਕਿਲੋਮੀਟਰ ਸ਼ੇਖੂਪੁਰਾ ਨੂੰ ਜਾਣ ਵਾਲੀ ਸੜਕ ਉੱਤੇ ਨਨਕਾਣਾ ਸਾਹਿਬ ਸ਼ਹਿਰ ਵਿੱਚ ਹੀ ਹੈ । ਇੱਥੋਂ ਨਨਕਾਣਾ ਸਾਹਿਬ ਰੇਲਵੇ ਸਟੇਸ਼ਨ ਨੇੜੇ ਹੈ । ਸਤਿਗੁਰ ਨਾਨਕ ਦੇਵ ਜੀ ਦੇ ਵੇਲੇ ਇੱਥੇ ਵਣਾਂ ਦਾ ਘਣਾ ਜੰਗਲ ਹੁੰਦਾ ਸੀ । ਆਪ ਬਾਲ ਉਮਰੇ ਇੱਥੇ ਹੀ ਮੱਝਾਂ ਚਾਰਨ ਆਉਂਦੇ । ਇੱਕ ਵਾਰ ਆਪ ਜੀ ਇੱਕ ਵਣ ਦੀ ਠੰਢੀ ਛਾਵੇਂ ਸੌਂ ਗਏ, ਦਿਨ ਢਲ ਗਿਆ ਤਾਂ ਆਪ ਦੇ ਮੁੱਖ ਉੱਤੇ ਧੁੱਪ ਆ ਗਈ । ਇੱਕ ਕਾਲੇ ਨਾਗ ਨੇ ਆਪ ਦੇ ਮੁੱਖ ਉੱਤੇ ਆਪਣੀ ਛੱਜਲੀ ਖਲਾਰ ਕੇ ਛਾਂ ਕੀਤੀ ਰੱਖੀ । ਇਹ ਵਣ ਦਾ ਰੁੱਖ ਹੁਣ ਵੀ ਮੌਜੂਦ ਹੈ । ਇਸ ਯਾਦ ਵਿੱਚ ਇੱਥੇ ਗੁਰਦੁਆਰਾ ਮਾਲ ਜੀ ਸਾਹਿਬ ਬੜਾ ਸੁੰਦਰ ਬਣਿਆ ਹੋਇਆ ਹੈ । ਇਸਦਾ ਸਰੋਵਰ ਜੋ ਕਿ ਜਮੀਨ ਤੋਂ ੫ ਫੁੱਟ ਉੱਚਾ ਹੈ, ਇਹ ੧੯੩੫ ਵਿੱਚ ਗੁਰਦੁਆਰਾ ਕਮੇਟੀ ਨੇ ਸਰਦਾਰ ਬਹਾਦਰ ਮਹਿਤਾਬ ਸਿੰਘ ਜੀ ਦੀ ਪ੍ਰਧਾਨਗੀ ਹੇਠ ਬਣਵਾਇਆ ਸੀ । ਇਸ ਪਾਵਨ ਅਸਥਾਨ ਦੇ ਨਾਂ ਤੇ ੩ ਹਜ਼ਾਰ ਏਕੜ ਰਕਬਾ ਹੈ । ਹੁਣ ਇੱਥੇ ਪ੍ਰਕਾਸ਼ ਨਹੀ ਹੁੰਦਾ, ਯਾਤਰੀ ਦਰਸ਼ਨ ਕਰਕੇ ਆਤਮਿਕ ਅਨੰਦ ਮਾਣਦੇ ਹਨ ।

مال جی صاحب ننکانا صاحب

ایہ پاون استھان گردوارا جنم ستھان توں کوئی ڈیڈھ کلومیٹر شیخوپورا نوں جان والی سڑک اُتے ننکانا صاحب شہر وچ ہی ہے. ایتھوں ننکانا صاحب ریلوے سٹیشن نیڑے ہے. ست گر نانک ویلے ایتھے وناں دا گھنا جنگل ہوندا سی. آپ بال عمرے ایتھے ہی مہیاں چارن آوندے. اِک وار آپ اِک ون دی ٹھنڈی چھاویں سوں گئے. دن ڈھل گیا تاں آپ دے مکھ اُتے دُھپ آ گئی. اِک کالے ناگ آپ دے مکھڑے اُتے اپنی چھجلی کھلار کے چھاں کر دِتی. جد تیک آپ سُتے رہے ناگ چھاں کیتی رکھی. ایہ مال (ون دا بِرچھ) ہُن وی موجود ہے. ایس یاد وچ ایتھے گردوارا مال جی صاحب بڑا سُندر بنیا ہویا ہے. ایس دا سروور جو کہ زمین توں پنج فٹ اُچا ہے. ایہ 1935 وچ گردوارا کمیٹی نے سردار بہادر مہتاب سنگھ جی دی پردھانگی ہیٹھ بنوایا سی.
ایس پاون استھان دے ناں تِن ہزار ایکڑ رقبا ہے. ہُن ایتھے پرکاش نہیں ہوندا. یاتری درشن کر کے آتمک آنند ماندے ہن.

MAL JI SAHIB AT NANKANA, DISTRICT SHEIKHUPURA

This sacred shrine is located in side Nankana Sahib City at a distance of one and a half kilometer from Gurdwara Janamasthan, on the main road leading toward Sheikhupura. Nankana Railway station is nearer from this place. There used to be a dense forest during the era of Guru Nanak Dev Ji. He used to graze his buffaloes here in his childhood. Once he fell asleep in the cool shade of a van tree, when it was late in the day, his face was exposed to the sun and a black Cobra distended its hood on his face to provide shade. The cobra maintained its position so long as Guru Ji remained asleep. This tree under which Guru slept is still there. Gurdwara Mal Ji Sahib has been beautifully built to commemorate this incident. In 1935 AD a water tank was constructed by Gurdwara Parbandhak Committee under the leadership of Sardar Bahadur Mahtab Ji. This water tank is 5 feet above the ground level.

There is endowment of 3000 acres of land in the name of this sacred Gurdwara.

Prakash does not take place now. Yatrees visit this place and get spiritual satisfaction.



ਗੁਰਦੁਆਰਾ ਸੱਚਾ ਸੌਦਾ (ਚੂਹੜਕਾਣਾ)

ਸਤਿਗੁਰੂ ਸ੍ਰੀ ਗੁਰੂ ਨਾਨਕ ਦੇਵ ਜੀ ਨੂੰ ਪਿਤਾ ਮਹਿਤਾ ਕਾਲੂ ਜੀ ਨੇ ਸੰਸਾਰਿਕ ਕਾਰ ਵਿਹਾਰ ਵਿੱਚ ਪਾਉਣ ਲਈ ੨੦ ਰੁਪਏ ਦਿੱਤੇ ਅਤੇ ਵਿਉਪਾਰ ਕਰਨ ਨੂੰ ਕਿਹਾ । ਉਸ ਵੇਲੇ ਆਪ ਜੀ ਦੀ ਉਮਰ ੧੮ ਵਰ੍ਹੇ ਦੱਸੀ ਜਾਂਦੀ ਹੈ । ਆਪ ਬਾਬਾ ਮਰਦਾਨਾ ਜੀ ਨਾਲ ਵਪਾਰ ਕਰਨ ਨਿਕਲੇ । ਮੰਡੀ ਚੂਹੜਕਾਣੇ ਤੋਂ ਬਾਹਰ ਉਹਨਾਂ ਦੇਖਿਆ ਕਿ ਜੰਗਲ ਵਿੱਚ ਕੁਝ ਸਾਧੂ ਭੁੱਖੇ ਭਾਣੇ ਬੈਠੇ ਹਨ । ਆਪ ਤੋਂ ਉਹਨਾ ਦੀ ਭੁੱਖ ਵੇਖੀ ਨਾਂ ਗਈ ਤਾਂ ਆਪ ਜੀ ਨੇ ਉਹਨਾਂ ਵੀਹਾਂ ਰੁਪਈਆਂ ਦਾ ਸਾਧੂਆਂ ਨੂੰ ਲੰਗਰ ਛਕਾ ਦਿੱਤਾ । ਜਦ ਆਪ ਜੀ ਦੇ ਪਿਤਾ ਜੀ ਨੂੰ ਇਹ ਪਤਾ ਲੱਗਾ ਤਾਂ ਉਹ ਕਾਫੀ ਨਰਾਜ਼ ਹੋਏ ਤਾਂ ਆਪਨੇ ਫਰਮਾਇਆ ਕਿ ਮੈਂ ਸੱਚਾ ਸੌਦਾ ਕਰ ਕੇ ਆਇਆ ਹਾਂ ।

ਜਿਸ ਥਾਂ ਆਪ ਜੀ ਨੇ ਸਾਧੂਆ ਨੂੰ ਲੰਗਰ ਛਕਾਇਆ ਸੀ, ਉਸ ਥਾਂ ਗੁਰਦੁਆਰਾ ਬਣਿਆ ਹੋਇਆ ਹੈ । ਇਹ ਕਿਲੇ ਵਰਗਾ ਸੁੰਦਰ ਤੇ ਵਿਸ਼ਾਲ ਗੁਰਦੁਆਰਾ ਮਹਾਰਾਜਾ ਰਣਜੀਤ ਸਿੰਘ ਦੇ ਕਾਲ ਵਿੱਚ ਸ਼ਾਹੀ ਹੁਕਮ ਤੇ ਬਣਿਆ । ਇਸ ਦੇ ਨਾਂ ੨੫੦ ਵਿੱਘੇ ਜਮੀਨ ਹੈ । ਇੱਥੇ ਵਿਸਾਖੀ, ਮਾਘ ਸੁਦੀ ੧ ਅਤੇ ਕੱਤਕ ਪੁੰਨਿਆ ਨੂੰ ਮੇਲਾ ਲਗਦਾ ਸੀ । ੧੯੪੭ ਤੋਂ ਮਗਰੋਂ ਇਹ ਗੁਰਦੁਆਰਾ ਬੰਦ ਪਿਆ ਰਿਹਾ । ਹੁਣ ਸੰਨ ੧੯੯੩ ਦੀ ਵਿਸਾਖੀ ਉੱਤੇ ਦੇਸ਼ ਵਿਦੇਸ਼ ਤੋਂ ਆਈਆਂ ਸੰਗਤਾਂ ਦੇ ਖੁੱਲੇ ਦਰਸ਼ਨ ਦੀਦਾਰ ਵਾਸਤੇ ਇਹਨੂੰ ਖੋਹਲ ਦਿੱਤਾ ਗਿਆ ਹੈ । ਇੰਗਲੈਂਡ ਦੀ ਸੰਗਤ ਦੇ ਸਹਿਯੋਗ ਨਾਲ ਲੱਖਾਂ ਰੁਪਈਆ ਖਰਚ ਕਰਕੇ ਇਸ ਅਸਥਾਨ ਦੀ ਮੁਰੰਮਤ ਕਰਵਾਈ ਗਈ ਹੈ । ਨਵਾਂ ਲੰਗਰ ਹਾਲ ਉਸਾਰਿਆ ਗਿਆ ਹੈ ਤੇ ਨਵਾਂ ਹੀ ਸਰੋਵਰ ਬਣਾਇਆ ਗਿਆ ਹੈ । ਇਥੇ ਸ੍ਰੀ ਗੁਰੂ ਗਰੰਥ ਸਾਹਿਬ ਜੀ ਦਾ ਪ੍ਰਕਾਸ਼ ਹੁੰਦਾ ਹੈ । ਸਾਲ ਵਿੱਚ ਚਾਰ ਵਾਰ ਅਖੰਡ ਪਾਠ ਸਾਹਿਬ ਅਰੰਭ ਕੀਤਾ ਜਾਂਦਾ ਹੈ । ਪ੍ਰਕਾਸ਼ ਅਸਥਾਨ ਦੇ ਸੱਜੇ ਪਾਸੇ ਵਣ ਦਾ ਇੱਕ ਰੁੱਖ ਹੈ । ਸਤਿਗੁਰੂ ਨਾਨਕ ਦੇਵ ਜੀ ਨੇ ਦਾਤਨ ਕਰਕੇ ਇੱਥੇ ਦੱਬ ਦਿੱਤੀ ਤੇ ਉਸ ਤੋਂ ਹਰੀ ਭਰੀ ਹੋ ਕੇ ਅੱਜ ਤੱਕ ਸ਼ਰਧਾਲੂਆ ਨੂੰ ਛਾਂ ਦੇ ਰਹੀ ਹੈ ।

گردوارا سچا سودا (چُوڑھ کانا)

ست گر نانک دیو جی نوں پتا مہتا کالو جی نے سنسارک کار ویہار وچ پاؤن لئی 20 رپئے دِتے اتے وپار کرن نُوں کیہا. اوس ویلے آپ دی عمر اٹھارھاں ورھے دی دسی جاندی ہے. آپ بابا مردانا جی نال وپار کرن نکلے. منڈی چُوڑھ کانے توں باہر اوہناں نے ویکھیا کہ جنگل وچ کجھ سادھو بھکھم بھانے بیٹھے ہن. آپ توں ایہ بُھکھ ویکھی نہ گئی تاں آپ نے اوہناں ویہاں رپیاں دا اوہناں نُوں لنگر چھکا دِتا. جد آپ جی دے پتا نُوں پتا لگا تاں اوہ کافی ناراض ہوئے تاں آپ نے فرمایا میں تاں سچا سودا کر آیا ہاں.

جِس تھاں آپ نے سادھواں نُوں لنگر چھکایا اوس تھاں گردوارا بنْیا ہویا ہے. ایہ قلعے ورگا سُندر اتے وشال گردوارا مہاراجا رنجیت سنگھ جی دے کال وچ شاہی حکم اُتے بنْیا. ایس دے ناں 250 وِگھے زمین ہے. وساکھی، ماگھ سُدی اِک اتے کتک پنیا نُوں میلا لگدا سی. 1947ء مگروں ایہ گردوارا بند پیا رہیا. ہُن سن 1993 دی وساکھی اُتے دیش ودیش توں آئیاں سنگتاں دے کھلے درشن دیدار واسطے ایہنوں کھول دتا گیا ہے. انگلینڈ دی سنگت دے سیوگ نال لکھاں رپیا خرچ کر کے ایس استھان دی مرمت کروائی گئی ہے. نواں لنگر ہال اُساریا گیا ہے اتے نواں ہی سروور بنایا گیا ہے. ایتھے سری گرو گرنتھ صاحب جی دا پرکاش ہوندا ہے. سال وچ چار وار اکھنڈ پاٹھ صاحب ارنبھ کیتا جاندا ہے. پرکاش استھان دے سجے پاسے ون دا اِک رکھ ہے. ست گر نانک دیو جی نے داتن کر کے ایتھے دب دِتی تے اوس توں ہری بھری ہو کے اج تیک شردھالوُاں نُوں چھاں دے رہی ہے.

GURDWARA SACHCHA SAUDA AT CHUHRKANA, DISTRICT SHEIKHUPURA

In order to engage Guru Nanak Dev Ji into worldly affairs, his father, Mehta Kalu Ji, gave him twenty rupees and asked him to start his own business. It is said that he was 18 years of age then. Guru Ji along with Baba Mardana set out to do business. Outside Mandi Chuharkana they ran into some starving Jogis. He could not tolerate this sight of starvation and immediately purchased edibles with the 20 rupees he had. He distributed the same among the starving mystics. When Guru Dev Ji's father came to know about it he was very annoyed. Guru Nanak told him that he had entered into a true deal (Sachcha Sauda).

The Gurdwara was built at the site where Guru Ji had fed the mystics. This fort like spacious and beautiful Gurdwara was built at the royal command of Maharaja Ranjit Singh during his reign. There are 250 bighas of land attached to the shrine and fairs used to be organised on the first saddi Magh, Visakh and Kattak.

After 1947 the Gurdwara remained locked. But from the Visakhi (of 1993 AD) it has been reopened for the visit of local and the international Sangats. This shrine has been repaired with the help of the Sangat of England at the cost lakhs of rupees. A new dining hall and a new water tank have been constructed. Prakash of Guru Granth Sahib Ji takes place. Akhand Path Sahib (recital of Granth Sahib in a meeting without break) is done 4 times a year. There is a van tree at the right of Prakashasthan. Sat Gur Nanak Dev Ji had planted Miswak (a small branch of tree used as a tooth brush) after brushing his teeth which has grown into a tree and provides shade for the devotees.



ਗੁਰਦੁਆਰਾ ਸਚਖੰਡ

ਇਹ ਪਾਵਨ ਅਸਥਾਨ ਗੁਰਦੁਆਰਾ ਸੱਚਾ ਸੌਦਾ ਤੋਂ ਕੇਵਲ ਇੱਕ ਕਿਲੋਮੀਟਰ ਉਸੇ ਸੜਕ ਉੱਤੇ ਰੇਲਵੇ ਲਾਈਨ ਤੋਂ ਪਾਰ ਖੇਤਾਂ ਵਿੱਚ ਉਦਾਸ ਖਲੋਤਾ ਹੈ । ਇਸ ਅਸਥਾਨ ਉੱਤੇ ਬਾਬੇ ਮਰਦਾਨੇ ਨੇ ਭੁੱਖ ਲੱਗਣ ਦੀ ਗੱਲ ਕੀਤੀ ਸੀ । ਇੱਕ ਵਪਾਰੀ ਦੇ ਖੰਡ ਦੇ ਲੱਦੇ ਖੋਤੇ ਜਾ ਰਹੇ ਸਨ । ਸਤਿਗੁਰੂ ਨਾਨਕ ਦੇਵ ਜੀ ਨੇ ਮਰਦਾਨੇ ਨੂੰ ਆਖਿਆ, ਪੁੱਛ ਇਹਨਾਂ ਛੱਟਾਂ ਵਿੱਚ ਕੀ ਹੈ । ਮਰਦਾਨੇ ਦੇ ਪੁੱਛਣ ਤੇ ਉਹਨਾਂ ਆਖਿਆ ਰੇਤ ਹੈ । ਸਤਿਗੁਰਾ ਫਰਮਾਇਆ ਚੰਗਾ ਰੇਤ ਹੀ ਹੋਵੇਗੀ । ਇਹ ਸੁਣ ਕੇ ਵਪਾਰੀ ਦੇ ਮਨ ਵਿੱਚ ਉਲੇਲ ਉੱਠੀ ਕਿ ਕਿਧਰੇ ਫਕੀਰ ਦਾ ਆਖਿਆ ਸੱਚ ਹੀ ਨਾਂ ਹੋਵੇ । ਉਹਨੇ ਛੱਟ ਖੋਹਲ ਕੇ ਵੇਖੀ ਤਾਂ ਉਸ ਵਿੱਚ ਸਚਮੁਚ ਰੇਤ ਸੀ । ਉਹ ਸਤਿਗੁਰਾਂ ਦੀ ਚਰਨੀਂ ਆਣ ਲੱਗਾ । ਸਤਿਗੁਰਾਂ ਫਰਮਾਇਆ ਰੇਤ ਨਹੀਂ ਤਾਂ ਹੋਰ ਕੀ ਸੀ ? ਵਪਾਰੀ ਆਖਿਆ ਹਜ਼ੂਰ ਇਹ ਤਾਂ ਖੰਡ ਸੀ, ਸੋ ਆਪ ਨੇ ਫਰਮਾਇਆ ਚੰਗਾ ਫਿਰ ਖੰਡ ਹੀ ਹੋਵੇਗੀ । ਵਪਾਰੀ ਨੇ ਦੇਖਿਆ ਤਾਂ ਉਹ ਸਚਮੁੱਚ ਖੰਡ ਹੀ ਸੀ । ਵਪਾਰੀ ਫਿਰ ਗੁਰੂ ਜੀ ਦੇ ਚਰਨੀ ਆਣ ਲੱਗਾ ਤੇ ਉਹ ਖੰਡ ਉੱਥੇ ਹੀ ਚੇਰ ਕਰ ਦਿੱਤੀ ।

ਇਸ ਥਾਂ ਉੱਤੇ ਇੱਕ ਗੁੰਬਦ ਵਾਲਾ ਆਲੀਸ਼ਾਨ ਗੁਰਦੁਆਰਾ ਬਣਿਆ ਹੋਇਆ ਹੈ । ਸੜਕ ਕਿਨਾਰੇ ਇਸ ਦੀ ਹਾਲਤ ਮੰਦੀ ਹੈ । ਜੇ ਸੰਭਾਲ ਨਾਂ ਕੀਤੀ ਗਈ ਤਾਂ ਨਿਸ਼ਾਨ ਵੀ ਮਿਟ ਜਾਵੇਗਾ ।

گردوارا سچ کھنڈ

ایہ پاون استھان گردوارا سچا سودا توں کیول اک کلومیٹر اوسے سڑک اُتے ریلوے لائن توں پار کھیتاں وچ اُداس کھلوتا ہے. ایس استھان اُتے بابے مردانے نے بُھکھ لگن دی گل کیتی سی. اک وپاری دے کھنڈ دے لدے کھوتے جا رہے سن. ست گر نانک دیو جی نے مردانے نُوں آکھیا ایہناں توں پچھ ایہناں چھٹاں وچ کیہ ہے. مردانے دے پچھن اتے اوہناں آکھیا ریت ہے. ست گراں فرمایا چنگا ریت ہی ہووے گی. ایہ سُن کے وپاری دے من اُلیل اٹھی کہ کدھرے فقیر دا آکھیا سچ ہی نہ ہووے. اوہنے چھٹ کھول کے ویکھی تاں اوس وچ سچ مچ ریت سی. اوہ ست گراں دی چرنی آن لگا. ست گراں فرمایا ریت نہیں تاں ہور کیہ سی. وپاری نے آکھیا حضور ایہ تاں کھنڈ سی. سو آپ نے فرمایا چنگا فیر کھنڈ ای ہووے گی. وپاری ویکھیا تاں اوہ سچ مچ کھنڈ ای سی. وپاری فیر چرنی آن لگا تے اوہ کھنڈ اوتھے ہی ڈھیر کر دِتی. ایس تھاں عالی شان اِک گنبد والا گردوارا بنیا ہویا ہے. سڑک کنارے ایہدی حالت مندی ہے. جے سنبھال نہ کیتی گئی تاں نشان وی مٹ جاوے گا.

GURDWARA SACH KHAND, CHUHRKANA

This holy shrine stands gloomily in the fields on the other side of the railway line only one kilometer from Gurdwara Sachcha Sauda. It was this spot where Baba Mardana had said that he was feeling hungry. Some Donkeys of a merchant laden with sugar were passing by. Gur Nanak Dev Ji told Baba Mardana to inquire from the owner as to what was in those bags. When Mardana asked the merchant, he replied that it was sand. Sat Gur said, "All right! sand it will be!". The merchant became worried lest the saying of the saint should come true. He checked the bags and found that it was actually sand. He held Guru's feet and Sat Gur said if it were not sand what else could that be. The merchant said, "Sire! it was sugar." Sat Gur said, "All right! then sugar it will be ". The merchant checked again and found that to be sugar. He sat at the feet of Sat Gur and unloaded his sugar. There is a splendid Gurdwara with a dome built by the road at this place. Its condition is bad and if no maintenance is done it will disappear without leaving a trace.



ਗੁਰਦੁਆਰਾ ਤੰਬੂ ਸਾਹਿਬ

ਨਨਕਾਣਾ ਸਾਹਿਬ ਰੇਲਵੇ ਸਟੇਸ਼ਨ ਤੋਂ ਜਨਮ ਅਸਥਾਨ ਵੱਲ ਜਾਂਦਿਆਂ ਜਨਮ ਅਸਥਾਨ ਤੋਂ ਕੋਈ ਇੱਕ ਕਿਲੋਮੀਟਰ ਪਹਿਲਾਂ ਤੁਹਾਡੇ ਸੱਜੇ ਹੱਥ ਉੱਤੇ ਇੱਕ ਬਹੁਤ ਹੀ ਉੱਚੇ ਗੁੰਬਦ ਵਾਲਾ ਗੁਰਦੁਆਰਾ ਸਾਹਿਬ ਹੈ । ਇਹ ਗੁਰਦੁਆਰਾ ਤੰਬੂ ਸਾਹਿਬ ਹੈ । ਸਤਿਗੁਰੂ ਸ੍ਰੀ ਗੁਰੂ ਨਾਨਕ ਦੇਵ ਜੀ, ਪਿਤਾ ਮਹਿਤਾ ਕਾਲੂ ਜੀ ਦੇ ਵੀਹ ਰੁਪਏ ਚੂਹੜਕਾਣਾ ਦੇ ਭੁੱਖੇ ਸਾਧੂਆਂ ਨੂੰ ਖੁਆ ਕੇ ਸੱਚਾ ਸੌਦਾ ਕਰਨ ਉਪਰੰਤ ਭਾਈ ਮਰਦਾਨਾ ਜੀ ਸਣੇ ਇਥੇ ਵਣ ਦੇ ਇੱਕ ਬ੍ਰਿਛ ਹੇਠ ਆਣ ਬਿਰਾਜੇ । ਇਹ ਬ੍ਰਿਛ ਅੱਜ ਵੀ ਮੌਜੂਦ ਹੈ ਅਤੇ ਤੰਬੂ ਵਾਂਗ ਤਣਿਆ ਹੋਇਆ ਹੈ । ਇਸ ਵਾਸਤੇ ਇਸ ਪਾਵਨ ਅਸਥਾਨ ਨੂੰ ਤੰਬੂ ਸਾਹਿਬ ਆਖਿਆ ਜਾਂਦਾ ਹੈ । ਇਹ ਗੁਰਦੁਆਰਾ ਨਿਹੰਗ ਸਿੰਘਾਂ ਦੇ ਕਬਜੇ ਵਿੱਚ ਸੀ, ਇਸ ਪਾਵਨ ਅਸਥਾਨ ਦੇ ਨਾਂ ਤੇ ਕੋਈ ਜਮੀਨ ਨਹੀਂ ਸੀ । ਇਸ ਗੁਰਦੁਆਰਾ ਸਾਹਿਬ ਦੇ ਮਹੰਤ ਭਾਈ ਸ਼ਰਨ ਸਿੰਘ ਨੇ ਕਮੇਟੀ ਦੇ ਅਧੀਨ ਗੁਰਦੁਆਰਾ ਸਾਹਿਬ ਦੀ ਸੇਵਾ ਲੈ ਲਈ ਪ੍ਰੰਤੂ ਨਿਹੰਗ ਉਜਾਗਰ ਸਿੰਘ ਜਿਹਨੇਂ ਤੰਬੂ ਸਾਹਿਬ ਦੇ ਲਾਗੇ ਪ੍ਰਕਾਸ਼ ਅਸਥਾਨ ਬਣਾਇਆ ਹੋਇਆ ਸੀ, ਕਮੇਟੀ ਦੀ ਵਿਰੋਧਤਾ ਕਰਦਾ ਰਿਹਾ, ਨਿਹੰਗਾਂ ਦਾ ਬਣਾਇਆ ਹੋਇਆ ਪ੍ਰਕਾਸ਼ ਅਸਥਾਨ ਅੱਜ ਵੀ ਨਿਹੰਗ ਸਿੰਘਾਂ ਦੀ ਛਾਉਣੀ ਦੇ ਨਾਂ ਤੇ ਗੁਰਦੁਆਰਾ ਤੰਬੂ ਸਾਹਿਬ ਦੇ ਨਾਲ ਹੀ ਕਾਇਮ ਹੈ । ਹੁਣ ਇਹਨਾਂ ਦੋਹਾਂ ਵਿੱਚ ਕਿਸੇ ਵੀ ਥਾਂ ਤੇ ਪਰਕਾਸ਼ ਨਹੀਂ ਹੁੰਦਾ । ਨਨਕਾਣਾ ਸਾਹਿਬ ਆਏ ਯਾਤਰੀ ਇਸ ਥਾਂ ਤੇ ਮੱਥਾ ਟੇਕਣਾ ਆਪਣਾ ਸੁਭਾਗ ਜਾਣਦੇ ਹਨ ।

گردوارا تنبو صاحب

ننکانا صاحب ریلوے سٹیشن توں جنم استھان ول جاندیاں جنم استھان توں پہلوں تہاڈے سجے ہتھ اُتے اِک بہُت اُچے گنبد والا گردوارا صاحب ہے. ایہ ہی گردوارا تنبو صاحب ہے. ست گر نانک دیو جی پتا مہتا کالو جی دے ویہ رپئے چوڑھ کانے بھکھے سادھوواں نُوں کھوا کے سچا سودا کرن اُپرنت بھائی مردانا جی سنے ایتھے ون دے اک برچھ ہیٹھ آن ویراجے. ایہ برچھ اج وی موجود ہے اتے تنبو وانگ تنیا ہویا ہے. ایسے واسطے ایس پاون استھان نوں تنبو صاحب آکھیا جاندا ہے. ایہ گردوارا نہنگ سنگھاں دے قبضے وچ سی. ایس پاون استھان دے ناں کوئی زمین نہیں سی. ایس گردوارا صاحب دے مہنت بھائی شرم سنگھ نے کمیٹی دے ادھین گرنتھ صاحب دی سیوا لے لئی. پرنتو نہنگ اُجاگر سنگھ جنے تنبو صاحب دے لاگے وکھرا پرکاش استھان بنایا ہویا سی کمیٹی دی ورودھتا کردا رہیا. نہنگاں دا بنایا ہویا پرکاش استھان اج وی نہنگ سنگھ چھاؤنی دے ناں توں گردوارا تنبو صاحب دے نال ہی قائم ہے. ہُن ایہناں دوہاں وچوں کسے تھاں تے وی پرکاش نہیں ہوندا. ننکانا صاحب آئے سکھ یاتری ایس تھاں متھا ٹیکنا اپنا سوبھاگ جاندے ہن.

GURDWARA TAMBO SAHIB AT NANKANA, DISTRICT SHEIKHUPURA

Going along the road from Nankana Sahib Railway Station towards the Janamasthan there is a Gurdwara with a high dome on your right hand before Gurdwara Janamasthan. It is the Gurdwara Tambo Sahib. On his way back home after entering into Succha Soda (True Bargain) by spending his father's (Mehta Kalu), 20 rupees on feeding the starving mystics, Guru Nanak Ji along with Bhai Mardana took shelter under a van tree. The tree under which he sat is still present and is known as Tambo Sahib because it is spread like a tent.

The Gurdwara was under the control of Nahang Sikhs. No land endowment stands in the name of Gurdwara. Mahant Bhai Sharam Singh had taken over the task of serving Guru Granth Sahib at the behest of Gurdwara Parbandhak Committee whereas Nahang Ujagar Singh, opposing it, had established a separate Prakashasthan near Tamboo Sahib. The Prakashasthan established by Nahang Sikh, known as Nahang Singh Chaoni (camp), is still standing beside the Gurdwara Tambo Sahib. Prakash is not held on both the places now. The yatrees who come to Nankana Sahib consider it to be their good fortune to prostrate at this place,.



ਗੁਰਦੁਆਰਾ ਰੋੜੀ ਸਾਹਿਬ, ਐਮਨਆਬਾਦ, ਗੁਜਰਾਂਵਾਲਾ

ਐਮਨਆਬਾਦ ਜ਼ਿਲਾ ਗੁਜਰਾਂਵਾਲੇ ਦਾ ਮਸ਼ਹੂਰ ਕਸਬਾ ਹੈ । ਇਸ ਕਸਬੇ ਤੋਂ ਕੋਈ ਡੇਢ ਕਿਲੋਮੀਟਰ ਬਾਹਰ ਪੱਕੀ ਸੜਕ ਕਿਨਾਰੇ ਪਹਿਲੇ ਪਾਤਿਸ਼ਾਹ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਗੁਰਦੁਆਰਾ ਰੋੜੀ ਸਾਹਿਬ ਹੈ । ਇਸ ਥਾਂ ਤੇ ਗੁਰੂ ਸਾਹਿਬ ਰੋੜਾਂ ਦੇ ਆਸਨ ਤੇ ਬਿਰਾਜੇ । ਇੱਥੋ ਹੀ ਬਾਬਰ ਦੀਆ ਫੌਜਾਂ ਨੇ ਸੰਮਤ ੧੫੭੮ ਵਿੱਚ ਆਪ ਨੂੰ ਗ੍ਰਿਫਤਾਰ ਕਰ ਲਿਆ । ਇਸ ਥਾਂ ਇੱਕ ਬਹੁਤ ਹੀ ਆਲੀਸ਼ਾਨ ਗੁਰਦੁਆਰਾ ਬਣਿਆ ਹੋਇਆ ਹੈ । ਵਿਸ਼ਾਲ ਸਰੋਵਰ ਤੇ ਸੁੰਦਰ ਇਮਾਰਤਾ ਇਸ ਦੀ ਸ਼ਾਨ ਵਿੱਚ ਹੋਰ ਵਾਧਾ ਕਰਦੇ ਹਨ । ਮਹਾਰਾਜਾ ਰਣਜੀਤ ਸਿੰਘ ਸਮੇਂ ੫ ਹਜ਼ਾਰ ਦੀ ਸਾਲਾਨਾ ਜਗੀਰ ਤੋਂ ਵੱਖ ੯ ਮੁਰੱਬੇ ਜ਼ਮੀਨ ਵੀ ਹੈ । ਵਿਸਾਖੀ ਅਤੇ ਕੱਤਕ ਦੀ ਪੂਰਨਮਾਸ਼ੀ ਨੂੰ ਮੇਲੇ ਜੁੜਦੇ ਸਨ, ਹੁਣ ਕੇਵਲ ਵਿਸਾਖੀ ਨੂੰ ਹੀ ਮੇਲਾ ਮਨਾਇਆ ਜਾਂਦਾ ਹੈ, ਜਿਸ ਵਿੱਚ ਗੁਜਰਾਂਵਾਲਾ ਅਤੇ ਹੋਰ ਇਲਾਕਿਆਂ ਦੇ ਲੋਕ ਹੁੰਮ ਹੁੰਮਾ ਕੇ ਆਉਂਦੇ ਹਨ ।

ਗੁਰਦੁਆਰੇ ਦੀ ਇਮਾਰਤ ਢਹਿੰਦੀ ਜਾ ਰਹੀ ਸੀ । ਹੁਣ ਗੌਰਮਿੰਟ ਨੇ ਲੱਖਾਂ ਰੁਪਏ ਲਾ ਕੇ ਇਸ ਦੀ ਚਾਰ ਦੀਵਾਰੀ ਕਰਵਾਈ ਹੈ । ਇਸ ਨਾਲ ਇਮਾਰਤ ਦੀ ਥੋੜੀ ਬੱਚਤ ਹੋ ਗਈ ਹੈ ।

گردوارا روڑی صاحب ایمن اباد گجرانوالا

ایمن اباد ضلع گجرانوالے دا بہُت ہی مشہور قصبا ہے. ایس قصبے توں کوئی ڈیڈھ کلومیٹر باہر پکی سڑک کنارے پہلے پاتشاہ صاحب گرو نانک دیو جی دا گردوارا روڑی صاحب ہے. ایس تھاں تے گرو صاحب روڑاں دے آسن تے ویراجے. ایتھوں ہی بابر دیاں فوجاں نے سمت 1578 وچ آپ نُوں گرفتار کیتا. ایس تھاں اِک بہُت ہی عالی شان گردوارا بنْیا ہویا ہے. وشال سروور سُندر عمارتاں ایس دی شان وچ ہور وادھا کردیاں ہن. مہاراجا رنجیت سنگھ سمے دی پنج ہزار رپئے سالانا دی جاگیرتوں وکھ 9 مربعے زمین وی ہے. وساکھی اتے کتک دی پورن ماشی نُوں میلے جُڑدے سن. ہُن کیول وساکھی نُوں ہی میلا منایا جاندا ہے. جس وچ گجرانوالے اتے ہور علاقیاں دے لوک ہُم ہما کے آوندے ہن. گردوارے دی عمارت ڈھیہندی جا رہی سی. ہُن گورنمنٹ نے لکھاں رپیا خرچ کے ایس دی چار دیواری کروائی ہے. ایس نال عمارت دی تھوڑی بچت ہو گئی ہے.

GURDWARA RORI SAHIB AT EMINABAD, DISTRICT GUJRANWALA

Eminabad is a famous town of Gujranwala district. Gurdwara Rori Sahib is located by a metalled road one and a half kilometer from the town. Jagat Guru Nanak Sahib had stayed on the seat of pebbles at this place and it was from here that he was taken as a prisoner by the invading armies of Babar, in Samvat 1578.

An imposing Gurdwara has been built over the place. A large pond and other buildings make it more graceful. A large estate worth Rs.5000 per annum and 9 squares of agricultural land is endowed to the Gurdwara from the era of Maharaja Ranjit Singh . Visakhi and Kattak Puranmashi festivals used to be held in the past, only Visakhi festival is held now where people from Gujranwala and its adjoining areas participate with fanfare.

The building of the Gurdwara was falling apart but the Govt of Pakistan stemmed the rot by constructing its boundary wall at a cost of thousands of rupees.



ਗੁਰਦੁਆਰਾ ਚੱਕੀ ਸਾਹਿਬ ਐਮਨਆਬਾਦ, ਗੁੱਜਰਾਂਵਾਲਾ

ਸ਼ਹਿਨਸ਼ਾਹ ਬਾਬਰ ਦੀਆਂ ਫੌਜਾਂ ਨੇ ਜਦ ਸੰਮਤ ੧੫੭੮ ਨੂੰ ਸੈਦਪੁਰ (ਐਮਨਆਬਾਦ) ਉੱਤੇ ਕਬਜ਼ਾ ਕੀਤਾ ਤਾਂ ਉਹਨਾਂ ਹੋਰ ਬਹੁਤ ਸਾਰੇ ਲੋਕਾਂ ਦੇ ਨਾਲ ਨਾਲ ਸਤਿਗੁਰ ਨਾਨਕ ਦੇਵ ਜੀ ਨੂੰ ਵੀ ਗ੍ਰਿਫਤਾਰ ਕਰ ਲਿਆ ਅਤੇ ਉਹਨਾਂ ਤੋਂ ਚੱਕੀ ਪੀਹਣ ਦੀ ਮੁਸ਼ੱਕਤ ਲਈ ਗਈ। ਸਰਕਾਰੀ ਅਹਿਲਕਾਰਾਂ ਨੇ ਵੇਖਿਆ ਕਿ ਬਾਬਾ ਜੀ ਦੀ ਚੱਕੀ ਆਪੇ ਚੱਲ ਰਹੀ ਹੈ। ਉਹਨਾਂ ਨੇ ਜਾ ਕੇ ਬਾਬਰ ਨੂੰ ਦੱਸਿਆ ਤੇ ਉਹਨੇ ਬਾਬਾ ਜੀ ਨੂੰ ਆਪਣੇ ਕੋਲ ਸੱਦ ਲਿਆ। ਉੱਥੇ ਉਹਨੇ ਬਾਬਾ ਜੀ ਨਾਲ ਗੱਲਬਾਤ ਕੀਤੀ। ਉਹ ਬਾਬਾ ਜੀ ਤੋਂ ਬਹੁਤ ਪ੍ਰਭਾਵਿਤ ਹੋਇਆ। ਉਹਨੇ ਬਾਬਾ ਜੀ ਨੂੰ ਰਿਹਾਅ ਕਰ ਦਿੱਤਾ ਤੇ ਬਾਬਾ ਜੀ ਨੇ ਦੂਜੇ ਕੈਦੀਆਂ ਨੂੰ ਵੀ ਰਿਹਾਅ ਕਰਨ ਦਾ ਹੁਕਮ ਦਿੱਤਾ, ਜਿਸ ਨੂੰ ਬਾਬਰ ਨੇ ਮੰਨ ਲਿਆ। ਇਉਂ ਬਾਬਾ ਜੀ ਕਾਰਨ ਹਜ਼ਾਰਾਂ ਕੈਦੀ ਰਿਹਾਅ ਹੋ ਗਏ।

ਇਸ ਅਸਥਾਨ ਉੱਤੇ ਜਿੱਥੇ ਆਪ ਕੈਦ ਹੋ ਕੇ ਚੱਕੀ ਚਲਾਉਂਦੇ ਰਹੇ, ਬਾਅਦ ਵਿੱਚ ਗੁਰਦੁਆਰਾ ਬਣਾ ਦਿੱਤਾ ਗਿਆ। ਅੱਜ ਵੀ ਉਹੀ ਬਾਬਰ ਵੇਲੇ ਦੇ ਦੋ ਕਮਰੇ ਹਨ। ਨਿਸ਼ਾਨ ਸਾਹਿਬ ਵਿਹੜੇ ਵਿੱਚ ਝੂਲ ਰਿਹਾ ਹੈ। ੧੪ ਘੁਮਾਉਂ ਜਮੀਨ ਇਸ ਅਸਥਾਨ ਦੇ ਨਾਮ ਹੈ। ਇੱਥੇ ਵਿਸਾਖੀ ਨੂੰ ਮੇਲਾ ਹੁੰਦਾ ਹੈ।

گردوارا چکی صاحب 'ایمن آباد' گجرانوالا

شہنشاہ بابر دیاں فوجاں نے جد سمت 1578 نُوں سید پور (ایمن آباد) اُتے قبضا کیتا تاں اوہناں ہور بہُت سارے لوکاں دے نال نال ست گر نانک دیو جی نُوں وی گرفتار کر لیا اتے اوہناں توں ایتھے چکی پیہن دی مشقت لئی گئی. سرکاری اہلکاراں نے ویکھیا کہ بابا جی دی چکی آپے چل رہی ہے. اوہناں جا کے بابر نُوں دسیا تے اوس بابا جی نوں اپنے کول سد لیا. اوتھے اوہناں بابا جی نال گل بات کیتی. اوہ بابا جی توں بہُت پربھاوت ہویا. اوہنے بابا جی نُوں رہا کیتا تے بابا جی نے دوجے قیدیاں دی رہائی واسطے حکم دِتا جس نُوں بابر نے من لیا. ایوں بابا جی کارن ہزاراں قیدی رہا ہو گئے.

ایس استھان اُتے جتھے آپ قید ہو کے چکی چلاندے رہے بعد وچ گردوارا بنا دِتا گیا. اج وی اوہ ہی بابر ویلے دے دو کمرے ہن. نشان صاحب ویڑھے وِچ جھُول رہیا ہے. 14 گھماؤں زمین ایس استھان دے ناؤں ہے. ایتھے میلا وساکھی نُوں ہوندا ہے.

GURDWARA CHAKKI SAHIB AT SAIDPUR (EMINABAD) DISTRICT GUJRANWALA

In Samvat 1578 when the armies of Emperor Baber captured Saidpur (Eminabad), they took Gur Nanak Dev Ji as prisoner along with many other people. He was put to hard labour on a stone grinder.The officials saw that the grinder of Baba Ji was moving on its own. They informed Babar about it who called Baba Ji to his court and talked to Baba Ji. He was pleased and impressed by Guru Ji and ordered his immediate release. Baba Ji ordered the release of other prisoners and thus thousands of prisoners were released due to Baba Ji.

A Gurdwara was built at the site where Guru Ji turned grinding wheel in captivity. Even today there are two rooms from the Babar's period. The flag (Nishan Sahib) is fluttering in the courtyard. 14 Ghumaon of land are attached to the shrine. A fair is held on Visakhi.



ਗੁਰਦੁਆਰਾ ਭਾਈ ਲਾਲੋ ਦੀ ਖੂਹੀ, ਐਮਨਆਬਾਦ, ਗੁੱਜਰਾਂਵਾਲਾ

ਭਾਈ ਲਾਲੋ ਸੈਦਪੁਰ ਐਮਨਆਬਾਦ ਨਿਵਾਸੀ ਘਟੌੜਾ ਜਾਤ ਦਾ ਇੱਕ ਤਰਖਾਣ ਸੀ । ਸਤਿਗੁਰ ਨਾਨਕ ਦੇਵ ਜੀ ਜਦ ਐਮਨਆਬਾਦ ਆਏ ਤਾਂ ਇਸ ਦੇ ਘਰ ਹੀ ਠਹਿਰੇ । ਇੱਥੇ ਹੀ ਮਹਾਰਾਜ ਨੇ " ਜੈਸੀ ਮੈ ਆਵੈ ਖਸਮ ਕੀ ਬਾਣੀ, ਤੈਸੜਾ ਕਰੀ ਗਿਆਨੁ ਵੇ ਲਾਲੋ ॥ " ਤਿਲੰਗ ਰਾਗ ਵਿੱਚ ਸ਼ਬਦ ਉਚਾਰਿਆ ।

ਮਲਿਕ ਭਾਗੋ ਨਾਮੀ ਇੱਕ ਬੰਦਾ ਜੋ ਐਮਨਆਬਾਦ ਦੇ ਹਾਕਿਮ ਦਾ ਅਹਿਲਕਾਰ ਸੀ, ਇੱਕ ਵਾਰ ਉਸਨੇ ਬ੍ਰਹਮਭੋਜ ਕੀਤਾ । ਉਸ ਨੇ ਗੁਰੂ ਜੀ ਨੂੰ ਵੀ ਬੁਲਾਇਆ ਤੇ ਗੁਰੂ ਜੀ ਨੇ ਇਨਕਾਰ ਕਰ ਦਿੱਤਾ । ਇਸ ਉੱਤੇ ਉਸ ਨੂੰ ਗੁੱਸਾ ਆ ਗਿਆ । ਉਸ ਨੇ ਹੁਕਮ ਨਾਲ ਗੁਰੂ ਜੀ ਨੂੰ ਤਲਬ ਕੀਤਾ । ਗੁਰੂ ਸਾਹਿਬ ਨੇ ਭਰੀ ਕਚਿਹਰੀ ਵਿੱਚ ਉਹਦੇ ਮਾਹਲ ਪੂੜਿਆਂ ਨੂੰ ਆਪਣੇ ਇੱਕ ਹੱਥ ਵਿੱਚ ਤੇ ਦੂਜੇ ਹੱਥ ਵਿੱਚ ਲਾਲੋ ਤਰਖਾਣ ਦੀ ਸੁੱਕੀ ਰੋਟੀ ਨੂੰ ਨਿਚੋੜਿਆ ਤਾਂ ਮਲਿਕ ਭਾਗੋ ਦੇ ਮਾਹਲ ਪੂੜਿਆਂ ਵਿੱਚੋ ਖੂਨ ਟਪਕਣ ਲੱਗ ਪਿਆ ਤੇ ਭਾਈ ਲਾਲੋ ਦੀ ਸੁੱਕੀ ਰੋਟੀ ਵਿੱਚੋਂ ਦੁੱਧ ਸਿੰਮਣ ਲੱਗ ਪਿਆ । ਆਪ ਜੀ ਨੇ ਫਰਮਾਇਆ ਤੇਰੀ ਕਮਾਈ ਅੰਦਰ ਗਰੀਬਾਂ ਦਾ ਚੂਸਿਆ ਹੋਇਆ ਖੂਨ ਹੈ ਜਦਕਿ ਇਸ ਤਰਖਾਣ ਦੀ ਰੋਟੀ ਵਿੱਚ ਇਸਦੀ ਹਲਾਲ ਦੀ ਮਿਹਨਤ ਦਾ ਦੁੱਧ ਹੈ । ਇਹ ਹੀ ਵਜ੍ਹਾ ਹੈ ਕਿ ਜੋ ਮੈ ਤੇਰੇ ਮਾਲ ਪੂੜਿਆਂ ਨੂੰ ਠੁਕਰਾ ਕੇ ਮਿਹਨਤ ਦੇ ਸੁੱਕੇ ਟੁੱਕਰ ਚੰਗੇ ਜਾਣੇ ।

ਭਾਈ ਲਾਲੋ ਦੇ ਘਰ ਜਿੱਥੇ ਗੁਰੂ ਸਾਹਿਬ ਠਹਿਰੇ, ਉੱਥੇ ਗੁਰਦੁਆਰਾ ਬਣਾ ਦਿੱਤਾ ਗਿਆ । ਇਸ ਨੂੰ ਗੁਰਦੁਆਰਾ ਭਾਈ ਲਾਲੋ ਦੀ ਖੂਹੀ ਆਖਿਆ ਜਾਂਦਾ ਹੈ । ਉਹ ਖੂਹ ਜਿਸ ਵਿੱਚੋ ਗੁਰੂ ਜੀ ਪਾਣੀ ਪੀਦੇ ਰਹੇ, ਉਹ ਖੂਹ ਅੱਜ ਵੀ ਮੌਜੂਦ ਹੈ । ੧੯੪੭ ਮਗਰੋ

گردوارا بھائی لالو دی کھوہی ' ایمن آباد ' گجرانوالا

بھائی لالو سید پور (ایمن آباد) نواسی گھٹاوڑا ذات دا اِک ترکھان سی. ست گر نانک دیو جی جد ایمن آباد آئے تاں ایس دے گھر ہی ٹھہرے ایتھے ہی مہاراج نے "جیسی مے آوے کھسم کی بانْی' تیسڑا کری گیان وے لالو" تلنگ راگ وچ شبد اُچاریا.

بھاگو ملک نامی اِک بندا جو ایمن آباد دے حاکم دا اہلکار سی. اِک وار اوس برہم بھوج کیتا. اوس نے گرو جی نوں وی بلایا تے گرو جی نے انکار کر دتا. ایس اُتے اوس نوں غُصّا آگیا. اوس حکم نال گرو صاحب نوں طلب کیتا. گرو صاحب نے بھری کچہری وچ اوہدے پُوڑیاں نوں اپنے اِک ہتھ وچ تے اپنے دوجے ہتھ وچ لالو ترکھان دی سکی روٹی نوں نچوڑیا تاں ملک بھاگو دے پوڑیاں وچوں خون ٹپکن لگ پیا تے بھائی لالُو دی سکی روٹی وچوں دُدھ سمٹ لگا. آپ جی نے فرمایا تیری کمائی اندر غریباں دا چوسیا ہویا خون اے جد کہ ایس ترکھان دی روٹی وچ ایس دی حلال دی محنت دا ددھ اے. ایہی وجھا اے جو میں تیرے مال پوڑیاں نوں ٹھکرا محنت دے سُکے ٹکڑ چنگے جانے.

بھائی لالو دے گھر جتھے گرو صاحب ٹھہرے اوتھے گردوارا بنا دتا گیا. ایس نُوں گردوارا بھائی لالو دی کھوئی آکھیا جاندا اے. اوہ کھوہ جس وچوں گرو جی پانْی پیندے رہے اوہ کھوہ اج وی موجود اے. 47 مگروں ایتھے اِک شرنارتھی گھرانا آن وسیا سی. 1989 وچ سردار سرجیت سنگھ پنیسر ہوراں ودیشی سنگت دے

GURDWARA BHAI LALU DI KHOI AT EMINABAD DISTRICT GUJRANWALA

Bhai Lalu, a resident of Saidpur (Eminabad), was a carpenter of Getaura caste. Guru Nanak stayed at his house when came he to Eminabad. It is the place where Gur Dev Ji composed the following bani (rhyme) in Talang rag:

A man by the name of Bhago Malik was a minor official of the ruler of Eminabad. He arranged a big feast for the Brahamins (Braham Bhoj) and also invited Gur Dev Ji who declined the invitation. This made him angry and he summoned Gur Dev Ji through official command. Gur Dev Ji squeezed his buttered bread with one hand and with other hand squeezed the plain bread of Bhai Lalu before all present in the court. Blood started trickling from Bhago's buttered bread and milk oozed out of plain bread of Lalu carpenter. Gur Dev Ji said that Bhago's income contained the blood sucked from the poor whereas the income of this carpenter had the milk of his hard labour. It was the reason behind my rejection of your rich food and that was why he had preferred the simple food earned through hard labour.


Lalu's house, where Gur Dev Ji had stayed, was made a Gurdwara. This is called Gurdwara Bhai Lalu Di Khoi (the well of Lalu). The well from which Gur Dev Ji had been drinking water is still



ਇੱਥੇ ਇੱਕ ਸ਼ਰਨਾਰਥੀ ਪਰਿਵਾਰ ਆਣ ਵਸਿਆ ਸੀ । ੧੯੮੯ ਵਿੱਚ ਸਰਦਾਰ ਸੁਰਜੀਤ ਸਿੰਘ ਪਨੇਸਰ ਹੋਰਾਂ ਵਿਦੇਸ਼ੀ ਸੰਗਤ ਦੇ ਪੈਸੇ ਨਾਲ ਇਸ ਗੁਰਦੁਆਰੇ ਨੂੰ ਖਰੀਦ ਲਿਆ ਤੇ ਇਸਦੀ ਉਸਾਰੀ ਕੀਤੀ । ਇਸ ਵਿੱਚ ਮੌਜੂਦ ਖੂਹ ਨੂੰ ਇੱਕ ਥੜਾ ਬਣਾ ਕੇ ਬੰਦ ਕਰ ਦਿੱਤਾ ਹੈ । ਅਤੇ ਉਸ ਦੇ ਕੋਲ ਹੀ ਥੋੜੀ ਵਿੱਥ ਉੱਤੇ ਇੱਕ ਹੋਰ ਖੂਹ ਬਣਾ ਕੇਉਸ ਉੱਤੇ ਇੱਕ ਸੁੰਦਰ ਛਤਰੀ ਬਣਾ ਦਿੱਤੀ ਹੈ । ਅਸਲ ਖੂਹ ਇਸ ਤੋਂ ਕੋਈ ਦੋ ਮੀਟਰ ਸੱਜੇ ਪਾਸੇ ਇੱਕ ਥੜੇ ਦੇ ਥੱਲੇ ਹੈ । ਆਸ ਹੈ ਕਿ ਇਹ ਗੁਰਦੁਆਰਾ ਵੀ ਸਿੱਖ ਸੰਗਤਾ ਦੇ ਦਰਸ਼ਨਾਂ ਵਾਸਤੇ ਖੋਲ ਦਿੱਤਾ ਜਾਵੇਗਾ ।

پیسے نال ایس گردوارے نُوں خرید لیا تے ایس دی اُساری کیتی. ایس وچ موجود کھوہ نوں اُتوں اِک تھڑا بنا کے بند کر دتا ہے. اتے اوس دے کول ہی تھوڑی وِتھ اُتے اِک ہور کھوہ بنا کے اوس اُتے اِک سُندر چھتری بنا دتی ہے. اصل کھوہ ایس توں کوئی دو میٹر سجے پاسے اِک تھڑے تھلے ہے. آس ہے ایہ گردوارا وی سِکھ سنگتاں دے درشناں واسطے کھول دِتا جاوے گا.

intact. After 1947, a refugee family had occupied the Gurdwara. In 1989 Sardar Surjit Singh Panesar purchased it with the money raised by the foreign Sangat and restored it. The well inside the premises was covered with a platform. A new well was dug at a short distance from it and a beautiful canopy has been erected over it. The actual well is under a platform about two meters to the right of the present well. It is hoped that this Gurdwara too will be opened for the Sikh Yatrees.



ਗੁਰਦੁਆਰਾ ਨਾਨਕ ਗੜ੍ਹ, ਬਦਾਮੀ ਬਾਗ, ਲਾਹੌਰ

ਜਗਤ ਗੁਰੂ ਨਾਨਕ ਦੇਵ ਜੀ ਦਾ ਇਹ ਯਾਦਗਾਰੀ ਅਸਥਾਨ ਬੁੱਢੇ ਰਾਵੀ ਦਰਿਆ ਦੇ ਕਿਨਾਰੇ ਬਾਦਾਮੀ ਬਾਗ ਰੇਲਵੇ ਸਟੇਸ਼ਨ ਨੇੜੇ ਸੀ । ਕਿਹਾ ਜਾਂਦਾ ਹੈ ਕਿ ਇੱਥੇ ਆਪ ਜੀ ਨੇ ਦੁਨੀ ਚੰਦ ਦੇ ਪਿਤਾ ਨੂੰ ਚੌਰਾਸੀ ਤੋਂ ਮੁਕਤ ਕਰਵਾਇਆ ਸੀ । ਇਸ ਅਸਥਾਨ ਉੱਤੇ ਕਦੇ ਯਾਦਗਾਰੀ ਗੁੰਬਦ ਸੀ । ਇਸ ਅਸਥਾਨ ਦਾ ਪ੍ਰਬੰਧ ਮਹੰਤਾ ਕੋਲ ਸੀ ।

ਹੁਣ ਨਾਂ ਤਾਂ ਇਸ ਅਸਥਾਨ ਦੇ ਨਿਸ਼ਾਨ ਹੀ ਬਾਕੀ ਹਨ ਤੇ ਨਾਂ ਹੀ ਮਹੰਤ । ਇਹ ਸਭ ਕੁਝ ਹੁਣ ਸਿਰਫ ਇਤਿਹਾਸ ਦੇ ਪੰਨਿਆਂ ਉੱਤੇ ਹੀ ਹੈ ।

گردوارا نانک گڑھ بادامی باغ لاہور

جگت گرو نانک دیو جی دا ایہ یادگاری استھان بُڈھے راوی دریا دے کنارے' بادامی باغ ریلوے سٹیشن نیڑے سی. کہیا جاندا اے کہ اس استھان تے آپ نے دونی چند دے پتا نُوں چوراسی توں مکت کروایا سی. اس استھان اتے کدے یادگاری گنبد سی اس استھان دا پربندھ مہنتاں کول سی.

ہُن نہ تاں اس استھان دے نشان ہی باقی ہن اتے نہ مہنت ایہ سبھو کجھ ہن کیول اتہاس دے پنیاں اتے ہی ہے.

GURDWARA NANAK GARH AT BADAMI BAGH, LAHORE

This monument of Jagat Guru Nanaki Dev Ji was once located at the bank of old River Ravi near Badami Bagh railway station. It is said that it was at this spot that Jagat Guru had delivered (Mukat) the father of Duni Chand from rebirth. Once a memorial dome stood in this place and the control of this place was with a Mahant . Neither the Mahants nor any signs of this place remain but for the accounts in the pages of history.

ੴ

ਗੁਰਦੁਆਰਾ ਪਹਿਲੀ ਪਾਤਿਸ਼ਾਹੀ, ਚੁਹਟਾ ਮੁਫਤੀ ਬਾਕਰ, ਜ਼ਿਲਾ ਲਾਹੌਰ

ਇਹ ਇਤਿਹਾਸਕ ਅਸਥਾਨ ਜੋ ਧਰਮਸ਼ਾਲਾ ਪਹਿਲੀ ਪਾਤਿਸ਼ਾਹੀ ਦੇ ਨਾਮ ਤੋਂ ਪ੍ਰਸਿੱਧ ਹੈ, ਲਾਹੌਰ ਦਿੱਲੀ ਦਰਵਾਜ਼ੇ ਤੋਂ ਅੰਦਰ ਚੌਹੱਟਾ ਮੁਫਤੀ ਬਾਕਰ ਵਿੱਚ ਅੱਜ ਵੀ ਮੌਜੂਦ ਹੈ । ਇਸ ਇਲਾਕੇ ਨੂੰ ਉਸ ਸਮੇ ਸਿਰੀਆਂ ਵਾਲਾ ਬਜ਼ਾਰ ਜਾਂ ਚੌਹੱਟਾ ਜਵਾਹਰ ਮੱਲ ਆਖਿਆ ਜਾਂਦਾ ਸੀ ।

ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ੧੫੬੭ ਬਿਕਰਮੀ ੧੫੧੦ ਈ ਨੂੰ ਆਪਣੇ ਇੱਕ ਪ੍ਰੇਮੀ ਦੁਨੀ ਚੰਦ ਦੇ ਘਰ ਬਿਰਾਜੇ । ਜਿਸ ਦਿਨ ਆਪ ਇੱਥੇ ਆਏ, ਦੁਨੀ ਚੰਦ ਆਪਣੇ ਪਿਤਾ ਦਾ ਸਰਾਧ ਕਰ ਰਿਹਾ ਸੀ । ਗੁਰੂ ਜੀ ਨੇ ਉਹਨੂੰ ਇਹਨਾਂ ਪਖੰਡਾਂ ਤੋਂ ਵਰਜਿਆ ਤੇ ਗੁਰਸਿੱਖੀ ਨਾਲ ਨਿਹਾਲ ਕੀਤਾ । ਗੁਰੂ ਜੀ ਦੀ ਚਰਨ ਛੋਹ ਪ੍ਰਾਪਤ ਹੋਣ ਕਰਕੇ ਇਸ ਘਰ ਨੂੰ ਗੁਰਦੁਆਰਾ ਸਾਹਿਬ ਦਾ ਮਾਣ ਪ੍ਰਾਪਤ ਹੋਇਆ । ਇਸ ਗੁਰਦੁਆਰੇ ਦੀ ਸੇਵਾ ਸੰਭਾਲ ਸ਼ੁਰੂ ਤੋਂ ਹੀ ਮਹੰਤਾਂ ਕੋਲ ਸੀ । ੧੯੨੦ ਈ ਵਿੱਚ ਇਸ ਦਾ ਪ੍ਰਬੰਧ ਲੋਕਲ ਕਮੇਟੀ ਕੋਲ ਆ ਗਿਆ । ੧੯੨੭ ਤੋ ੧੯੪੭ ਤੱਕ ਇਸ ਦਾ ਪ੍ਰਬੰਧ ਸ਼੍ਰੋਮਣੀ ਗੁਰਦੁਅਰਾ ਪ੍ਰਬੰਧਕ ਕਮੇਟੀ ਕੋਲ ਰਿਹਾ । ਹੁਣ ਮਹਿਕਮਾ ਔਕਾਫ ਕੋਲ ਹੈ ।

ਮਕਾਨ ਵਰਗੇ ਇਸ ਗੁਰਦੁਆਰੇ ਅੰਦਰ ਹੁਣ ਇੱਕ ਘਰ ਵਸਿਆ ਹੋਇਆ ਹੈ । ਪ੍ਰਕਾਸ਼ ਵਾਲੀ ਜਗ੍ਹਾ ਉਹਨਾਂ ਨੇ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਤਸਵੀਰ ਰੱਖੀ ਹੋਈ ਹੈ । ਕੋਈ ਸ਼ਰਧਾਲੂ ਆਵੇ ਤਾਂ ਦਰਸ਼ਨ ਕਰਵਾ ਦਿੰਦੇ ਹਨ ।

گردوارا پہلی پاتشاہی چوہٹا مفتی باقر لاہور

ایہ اتہاسک استھان جو دھرم سالا پہلی پاتشاہی دے ناں توں پرسدھ ہے. لاہور دلی دروازے توں اندر محلّہ چوہٹا مفتی باقر وچ ایہ استھان اج وی موجود ہے. اس علاقے نوں اوس ویلے سریاں والا بازار یا چوہٹا جواہر مل وی آکھیا جاندا سی.

صاحب گرو نانک دیو جی 1567 بکرمی 1510ء نوں اپنے اِک پریمی دُنی چند دے گھر ویراجے. جس دن آپ ایتھے آئے دُنی چند اپنے پِتا دا سرادھ کر رہیا سی. گرو جی نے اوہنوں ایہناں پکھنڈاں توں ورجیا تے گرسکھی نال نہال کیتا. گرو جی دے چرن چھوہ کرکے اس گھر نوں گردوارا ہون دا مان پراپت ہویا. اس گردوارے دی سیوا سنبھال شروع توں ہی مہنتاں پاس سی. 1920ء وچ اس دا پربندھ گردوارا لوکل کمیٹی کول آگیا اتے 1927ء توں 1947ء تک شرومنی گردوارا پربندھک کمیٹی پربندھ کردی رہی ہُن محکما اوقاف کول ہے.

مکان ورگے اس گردوارے اندر ایس ویلے اِک گھر وسیا ہویا اے. پرکاش استھان والی تھاں اوہناں گرو نانک دیو جی دی اِک تصویر رکھی ہوئی ہے. کوئی شردھالو آوے تے درشن کروا دیندے ہن.


GURDWARA FIRST GURU AT CHOHATTA MUFTI BAQAR AT LAHORE CITY

This historical place, known as Dharamsala of the First Patshahi, is located in Mohalla Chohatta Mufti Baqar inside Delhi gate of Lahore city. In those days the locality was known as Siryanwala Bazaar or Chohatta Jawahar Mal.

In 1567 Bikrami (1510 AD) Jagat Guru Nanak Dev Ji stayed in the house of Duni Chand, one of his devotee. Guru Dev arrived on the day when Duni Chand was performing the ritual of "Saradah" of his father. Guru Dev Ji dissuaded him from these fallacies and brought him into the folds of Sikhism. Since the house of Duni Chand was touched by the feet of the Gur Dev Ji it was elevated to the status of a Gurdwara

Mahants were responsible for its care from the very start which passed on to local committee in 1920. From 1927-47 Shiromni Gurdwara Parbandhak Committee maintained this shrine. It is now in the custody of Auqaf Department.

This house like Gurdwara is being used as a residence. The occupant has placed a portrait of Jagat Guru in Prakashasthan and allow any devotee who comes there to see it.



ਗੁਰਦੁਆਰਾ ਚੁਬੱਚਾ ਸਾਹਿਬ, ਧਰਮਪੁਰਾ, ਲਾਹੌਰ

ਲਾਹੌਰ ਸ਼ਹਿਰ ਵਿੱਚੋਂ ਲੰਘਣ ਵਾਲੀ ਨਹਿਰ ਦੇ ਕਿਨਾਰੇ ਮੁਗਲਪੁਰਾ ਅਤੇ ਧਰਮਪੁਰਾ ਵਿਚਾਲੇ ਚੁਬੱਚਾ ਸਾਹਿਬ ਨਾਮੀ ਬੱਸ ਸਟਾਪ ਹੈ। ਇਸ ਸਟਾਪ ਦੇ ਉੱਤਰ ਵਾਲੇ ਪਾਸੇ ਆਬਾਦੀ ਵਿੱਚ ਰਾਮ ਰਾਏ ਜੀ ਦਾ ਅਸਥਾਨ ਚੁਬੱਚਾ ਸਾਹਿਬ ਹੈ ਇਹ ਇੱਕ ਵਿਸ਼ਾਲ ਇਮਾਰਤ ਹੈ। ਮੁੱਖ ਦਵਾਰ ਬਹੁਤ ਵੱਡਾ ਹੈ। ਇਸ ਵਿੱਚ ਵੜ ਕੇ ਕੋਈ ੨੦੦ ਕਰਮਾ ਉੱਤੇ ਇੱਕ ਨਿੱਕਾ ਜਿਹਾ ਗੋਲ ਦਰਵਾਜ਼ਾ ਹੈ। ਇਹ ਗੁਰਦੁਆਰਾ ਸਾਹਿਬ ਦਾ ਦਰਵਾਜ਼ਾ ਹੈ। ਇਸ ਪ੍ਰਕਾਰ ਦੇ ਚਾਰ ਦਰਵਾਜ਼ੇ ਹਨ। ਇਹਨਾਂ ਦਰਵਾਜ਼ਿਆਂ ਦੇ ਅੰਦਰ ਚਕੋਰ ਇਮਾਰਤ ਹੈ, ਜਿਹਦੀਆਂ ਚੌਹਾਂ ਨੁੱਕਰਾਂ ਉੱਤੇ ਬੁਰਜ ਬਣੇ ਹੋਏ ਹਨ। ਇਹ ਹੀ ਪ੍ਰਕਾਸ਼ ਅਸਥਾਨ ਹੈ। ਇੱਥੇ ਬਾਬਾ ਰਾਮਰਾਏ ਅਤੇ ਸਤਿਗੁਰੂ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਚਰਨ ਪਾਏ। ਗੁਰੂ ਨਾਨਕ ਦੇਵ ਜੀ ਨੇ ਜਿਸ ਛੱਪੜੀ ਤੋਂ ਚਰਨ ਧੋਤੇ, ਰਾਮਰਾਏ ਜੀ ਨੇ ਉਸ ਨੂੰ ਪੂਜਾ ਅਸਥਾਨ ਬਣਾ ਦਿੱਤਾ।

ਇਸ ਵੇਲੇ ਇਸ ਪਾਵਨ ਅਸਥਾਨ ਅੰਦਰ ਬਹੁਤ ਸਾਰੇ ਯੂ ਪੀ ਤੇ ਸੀਪੀ ਦੇ ਮੁਹਾਜਿਰ ਘਰਾਨੇ ਵਸੇ ਹੋਏ ਹਨ। ਇਮਾਰਤ ਦੀ ਹਾਲਤ ਬਹੁਤ ਮੰਦੀ ਹੈ। ਤੁਸੀ ਦਰਸ਼ਨ ਕਰਨਾ ਚਾਹੋ ਤੇ ਨਹੀਂ ਕਰ ਸਕਦੇ।

گردوارا چوبچّا صاحب، دھرم پورا لاہور

لاہور شہر وچوں لنگھن والی نہر دے کنارے مغل پورا اتے دھرم پورا وچالے چوبچا صاحب نامی بس سٹاپ ہے. اس سٹاپ توں اُتر والے پاسے آبادی وچ رام رائے جی دا استھان چوبچا صاحب ہے. ایہ اِک وشال عمارت ہے. مُکھ دوار بہت وڈا ہے. اس وچ وڑ کے کوئی 200 کرماں اُتے گلی دو بھاگاں وچ ونڈی جاندی اے. سجے ہتھ والے بھاگ اُتے اِک نکا جہیا گول دروازا ہے. ایہ گردوارا صاحب دا دروازا ہے. ایسے پرکار دے چار دروازے سن' ایہناں دروازایاں توں اندر اِک چکور عمارت ہے. جہدیاں چوہاں نکراں اتے برج بنے ہوئے سن. ایہ ہی پرکاش استھان ہے. ایتھے ست گر نانک دیو جی نے چرن پائے. گر نانک دیو جی جس چھپڑی توں چرن دھوتے رام رائے جی نے اِس نوں پوجا استھان بنا دِتا.

اس ویلے اِس پاون استھان اندر بہت سارے یو پی' سی پی دے مہاجر گھرانے وسے ہوئے ہن. عمارت دی حالت بہت مندی ہے. تسیں درشن کرنا چاہو تے نہیں کر سکدے.

GURDWARA CHOWBACHCHA SAHIB AT DHARAMPURA, LAHORE

Chowbachcha Sahib bus stop lies between Mughalpura and Dharampura by the canal flowing through Lahore. Chowbachcha Sahib the shrine of Ram Rai Ji is situated in the locality north of this bus stop. It is a spacious building. The main door is very huge. About 200 steps inside the main enterance the passage splits into two lanes. There is a small round door. It is the door of Gurdwara Sahib. There are four similar doors. Inside these doors is a rectangular building with four towers on all the four sides. This is the Prakashasthan. Sat Gur Nanak Dev Ji visited this place. The small pool where Gur Nanak Dev Ji washed his feet was made a place of worship by Ram Rai Ji.

Many refugees families from UP (Uttar Pardesh) and CP (Madhya Pardesh) are settled in this holy place now. The building is in a very bad shape and access to the pilgrims is denied.



ਗੁਰਦੁਆਰਾ ਜਨਮ ਅਸਥਾਨ ਬੇਬੇ ਨਾਨਕੀ, ਡੇਰਾ ਚਾਹਲ, ਲਾਹੌਰ

ਡੇਰਾ ਚਾਹਲ ਨਾਮੀ ਇਹ ਪਿੰਡ ਜੋ ਜ਼ਿਲਾ ਲਾਹੌਰ, ਥਾਣਾ ਬਰਕੀ ਵਿੱਚ ਹੈ, ਲਾਹੌਰ ਤੋਂ ਘਵਿੰਡੀ ਜਾਦਿਆ ਲਾਹੌਰ ਤੋਂ ਕੋਈ ੩੫ ਕਿਲੋਮੀਟਰ ਦੂਰ ਹੈ। ਇਸ ਪਿੰਡ ਅੰਦਰ ਜਗਤ ਗੁਰੂ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਗੁਰਦੁਆਰਾ ਹੈ। ਇਸ ਗੁਰਦੁਆਰੇ ਨੂੰ ਜਨਮ ਅਸਥਾਨ ਬੇਬੇ ਨਾਨਕੀ ਵੀ ਆਖਿਆ ਜਾਂਦਾ ਹੈ।

ਇਸ ਪਿੰਡ ਵਿੱਚ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਕਈ ਵਾਰ ਚਰਨ ਪਾਏ, ਕਿਉਂਕਿ ਇੱਥੇ ਉਹਨਾਂ ਦੇ ਨਾਨਕੇ ਸਨ। ਇੱਥੇ ਹੀ ਸੰਮਤ ੧੫੨੧ ਵਿੱਚ ਬੇਬੇ ਨਾਨਕੀ ਜੀ ਦਾ ਜਨਮ ਹੋਇਆ, ਜੋ ਬਾਬਾ ਜੀ ਦੀ ਵੱਡੀ ਭੈਣ ਸੀ।

ਗੁਰਦੁਆਰਾ ਸਾਹਿਬ ਦੀ ਇਮਾਰਤ ਗੁੰਬਦਦਾਰ ਖ਼ੂਬਸੂਰਤ ਬਣੀ ਹੋਈ ਹੈ। ਪਾਵਨ ਦਰਬਾਰ ਦੇ ਸੱਜੇ ਪਾਸੇ ਸੁੰਦਰ ਸਰੋਵਰ ਸੀ ਜੋ ਕਿ ਹੁਣ ਅਲੋਪ ਹੋ ਚੁੱਕਾ ਹੈ। ਇਸ ਇਮਾਰਤ ਅੰਦਰ ਕੁੜੀਆਂ ਦਾ ਸਕੂਲ ਹੈ।

ਇਮਾਰਤ ਦੀ ਹਾਲਤ ਬਹੁਤ ਹੀ ਵਿਗੜ ਗਈ ਸੀ। ਪਾਕਿਸਤਾਨ ਦੇ ਪਿਛਲੇ ਪ੍ਰਧਾਨ ਮੰਤਰੀ ਮਲਿਕ ਮਿਰਾਜ ਖਾਲਿਦ ਹੋਰਾਂ ਪੰਜ ਲੱਖ ਸਰਕਾਰੀ ਖਜ਼ਾਨੇ ਵਿੱਚੋਂ ਖਰਚ ਕਰਕੇ ੧੯੯੬ ਵਿੱਚ ਇਸ ਦੀ ਮੁਰੰਮਤ ਕਰਵਾਈ। ਮਲਿਕ ਮਿਰਾਜ ਖਾਲਿਦ ਹੋਰੀਂ ਇਸੇ ਪਿੰਡ ਦੇ ਜੰਮਪਲ ਹਨ। ਕਦੀ ਇੱਥੇ ਪ੍ਰਕਾਸ਼ ਹੁੰਦਾ ਸੀ, ਪੁਜਾਰੀ ਸਿੰਘ ਸਨ। ੩੦ ਵਿੱਘੇ ਜ਼ਮੀਨ ਇਸ ਪਾਵਨ ਅਸਥਾਨ ਦੇ ਨਾਮ ਹੈ।

جنم استھان بے بے نانکی ڈیرا چاہل لاہور

ڈیرا چاہل نامی اِک پنڈ جو ضلع تحصیل لاہور تھانا برکی وچ ہے. ایہ پنڈ لاہور توں گھونڈی نوں جاندیاں لاہور توں 35 کلو میٹر دور ہے. اس پنڈ اندر جگت گرو نانک دیو جی دا گردوارا ہے. اس گردوارے نوں جنم استھان بے بے نانکی وی آکھیا جاندا اے.

اِس پنڈ وچ صاحب گرو نانک دیو جی نے کئی وار چرن پائے. کیونکہ ایتھے اوہناں دے نانکے سن. ایتھے ہی سمت 1521 وچ بے بے نانکی جی دا جنم ہویا جو بابا جی دی وڈی بھیَن سی.

گردوارا صاحب جی دی عمارت گنبد دار خوبصورت بنْ ہوئی ہے. پاون دربار دے سجے پاسے سُندر سرووَر سی جو ہُن الوپ ہو چکیا ہے. اس عمارت اندر کڑیاں دا سکول ہے.

عمارت دی حالت بہت ہی وگڑ گئی سی. پاکستان دے پچھلے پردھان منتری ملک معراج خالد ہوراں پنج لکھ سرکاری خزانے وچوں خرچ کرکے 1996ء وچ اس دی مرمت کروائی.

ملک معراج خالد ہوریں ایسے پنڈ دے جم پل ہن. کدے ایتھے پرکاش ہوندا سی پوجاری سنگھ سن. 30 وگھے زمین اس پاوَن استھان دے ناں ہے.

JANAMASTHAN BAYBAY NANAKI AT DERA CHAHAL DISTRICT LAHORE

The village called Dera Chahal is in the jurisdiction of P.S. Burki of district Lahore. This village is at a distance of 35 km from Lahore while going to Ghawindi. There is a shrine of Jagat Guru Nanak Dev Ji in this village and Gurdwara is also called Janamasthan Baybay (Mother) Nanaki.

Guru Nanak Dev Ji visited this village many a time because his maternal grand parents were from this village. It was here that Baybay Nanaki, the elder sister of the Guru, was born in Samvat 1524. The domed building of the Gurdwara is beautifully built. A beautiful tank used to be on the right of the sacred darbar which has vanished. There is a girls school in this building.

The building of the gurdwara was in a very bad shape until 1996 when the then Prime Minister of Pakistan spent Rs. 0.5 million out of the public exchequer to get it repaired.

Meraj Khalid was born and brought up in this village. Once Prakash used to be done. Priests were Singh and 30 bighas of land is attached to this holy shrine.



ਗੁਰਦੁਆਰਾ ਲਹੂੜਾ ਸਾਹਿਬ, ਜ਼ਿਲਾ ਲਾਹੌਰ

ਲਾਹੌਰ ਘਵਿੰਡੀ ਰੋਡ ਉੱਤੇ ਇੱਕ ਪਿੰਡ ਜਿਹਨੂੰ ਘਵਿੰਡ ਆਖਿਆ ਜਾਦਾ ਹੈ, ਇਹ ਪਿੰਡ ਘਵਿੰਡੀ ਤੋਂ ਕੋਈ ਦੋ ਕਿਲੋਮੀਟਰ ਦੂਰ ਹੈ । ਇਸ ਪਿੰਡ ਵਿੱਚ ਸਤਿਗੁਰੂ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਪਾਵਨ ਅਸਥਾਨ ਲਹੂੜਾ ਸਾਹਿਬ ਹੈ । ਗੁਰੂ ਸਾਹਿਬ ਇਸ ਪਿੰਡ ਵਿੱਚ "ਜਾਹਮਣ" ਤੋਂ ਚੱਲ ਕੇ ਆਏ ਸਨ । ਉਸ ਵੇਲੇ ਇੱਥੇ ਲਹੂੜੇ ਦਾ ਰੁੱਖ ਸੀ, ਜਿਸ ਥੱਲੇ ਆਪ ਬਿਰਾਜੇ, ਇਸ ਵਾਸਤੇ ਇਸ ਦਾ ਨਾਮ ਲਹੂੜਾ ਸਾਹਿਬ ਹੋ ਗਿਆ । ਇਸ ਬ੍ਰਿਛ ਨੂੰ ਰਹੋੜਾ ਤੇ ਰਹੀੜਾ ਵੀ ਆਖਿਆ ਜਾਂਦਾ ਹੈ । ਇਸ ਨੂੰ ਬਸੰਤ ਰੁੱਤ ਵਿੱਚ ਕੇਸਰੀ ਫੁੱਲ ਲਗਦੇ ਹਨ । ਇਸ ਦੀ ਲੱਕੜੀ ਸਾਰੰਗੀ ਤੇ ਦੂਸਰੇ ਸਾਜ਼ ਬਣਾਉਣ ਦੇ ਕੰਮ ਆਉਦੀ ਹੈ ।

ਜਦ ਗੁਰੂ ਸਾਹਿਬ ਨੇ ਇਸ ਭਾਗਾਂ ਵਾਲੀ ਧਰਤੀ ਉੱਤੇ ਚਰਨ ਪਾਏ, ਉਸ ਵੇਲੇ ਇੱਥੇ ਵਣਜਾਰਿਆਂ ਦੀ ਇੱਕ ਬਸਤੀ ਸੀ । ਪਿੰਡ ਦੇ ਵਣਜਾਰੇ ਦੇ ਘਰ ਲੜਕਾ ਪੈਦਾ ਹੋਇਆ, ਜਿਸ ਉੱਤੇ ਸਭ ਖੁਸ਼ੀਆਂ ਕਰ ਰਹੇ ਸਨ । ਭਾਈ ਮਰਦਾਨੇ ਨੇ ਗੁਰੂ ਜੀ ਪਾਸ ਬੇਨਤੀ ਕੀਤੀ ਕਿ ਪਾਤਿਸ਼ਾਹ ! ਮੈ ਦੋ ਦਿਨਾਂ ਤੋਂ ਭੁੱਖਾ ਹਾਂ, ਜੇ ਹੁਕਮ ਦਿਉ ਤਾਂ ਪਿੰਡ ਵਿੱਚੋਂ ਰੋਟੀ ਖਾ ਆਵਾਂ । ਗੁਰੂ ਸਾਹਿਬ ਨੇ ਫਰਮਾਇਆ ਕਿ ਮਰਦਾਨਿਆ ਚਲਾ ਭਾਂਵੇ ਜਾਹ ਪਰ ਮੂੰਹੋਂ ਮੰਗ ਕੇ ਰੋਟੀ ਨਾਂ ਖਾਵੀਂ । ਮਰਦਾਨਾ ਚਿਰ ਤੀਕਰ ਵਣਜਾਰਿਆਂ ਦੇ ਦਰ ਤੇ ਬੈਠਾ ਰਿਹਾ ਪਰ ਉਹ ਇਤਨੀ ਖੁਸ਼ੀ ਵਿੱਚ ਸਨ ਕਿ ਉਹਨਾਂ ਭਾਈ ਮਰਦਾਨੇ ਵੱਲ ਨਜ਼ਰ ਨਾਂ ਕੀਤੀ ।

ਕਰਤਾਰ ਦਾ ਭਾਣਾ ਇੰਨਾ ਹੋਇਆ ਕਿ ਉਹ ਲੜਕਾ ਚਲਾਣਾ ਕਰ ਗਿਆ ਅਤੇ ਸਭ ਰੋਣ ਪਿੱਟਣ ਲੱਗ ਪਏ । ਸਤਿਗੁਰੂ ਜੀ ਨੇ ਉਹਨਾ ਨੂੰ ਭਾਣਾ (ਰੱਬ ਦਾ ਹੁਕਮ) ਮੰਨਣ ਦਾ ਫਰਮਾਨ ਦਿੱਤਾ ਅਤੇ ਸ੍ਰੀ ਰਾਗ ਵਿੱਚ ਸ਼ਬਦ ਉਚਾਰਨ ਕੀਤਾ, ਜਿਸਦਾ ਸਿਰਲੇਖ

گردوارا لہوڑا صاحب ضلع لاہور

لاہور گھونڈی روڈ اُتے اِک پِنڈ جنہوں گھونڈ آکھیا جاندا ہے. ایہ پِنڈ گھونڈی توں کوئی دو کلو میٹر دور ہے. اس پِنڈ وچ ست گر نانک دیو جی دا پاون استھان "لہوڑا صاحب" ہے. گرو صاحب اس پِنڈ وِچ "جاہمن" توں چل کے آئے سن. اوس ویلے ایتھے لہوڑے دا رُکھ سی جس تھلے آپ ویراجے اس واسطے اس دا ناں لہوڑا صاحب ہو گیا. اس بِرچھ نوں رہوڑا اتے رہیڑا وی آکھیا جاندا ہے اس نوں بسنت رت وچ کیسری پھُل لگدے ہن. اس دی لکڑی سارنگی اتے دوجے ساز بناؤن دے کم آوندی ہے.

جد گرو صاحب نے اس بھاگاں والی دھرتی اُتے چرن پائے اس ویلے ایتھے ونجاریاں دی اِک بستی سی. پِنڈ دے اِک ونجارے دے گھر لڑکا پیدا ہویا جس تے سبھ خُشیاں کر رہے سن. بھائی مردانے گرو جی پاس بینتی کیتی کہ "پاتشاہ! میں دو دِناں توں بھکھا ہاں' جے حکم دیو تاں پِنڈ وچوں روٹی کھا آواں." گرو صاحب نے فرمایا کہ مردانیا چلاتے بھاویں جا' پر مونہہ توں منگ کے روٹی نہ کھاویں. مردانا چر تیکر ونجاریاں دے در تے بیٹھا رہیا. اوہ اپنی خُشی وچ سن کہ اوہناں بھائی مردانے ول نگاہ نہ کیتی.

GURDWARA LAHURA SAHIB AT GHAWINDI DISTRICT LAHORE

The village called Ghawindi is on Lahore-Ghawindi road. It is two kilometer from Ghawindi and the shrine of Jagat Guru called Lahura Sahib is located in this village. Guru Nanak had come to this village from "Jahman" and stayed under the benign shade of a Lahura tree, thus the shrine came to be called Lahura Sahib. Lahura tree is also known as Rahura or Rahira. It bears saffron coloured flowers which usually blossom in the spring and its wood is used for making sarangi (a stringed musical instrument) and other musical Instruments.

There used to be a settlement of Gypsies at the time when Gur Dev Ji set foot on this blessed land. A boy was born in one of the families of Gypsies and all were celebrating the event. Bhai Mardana appealed to Guru Dev Ji, "Patshah! I am hungry for the last two days, if you permit, I may go to the village to eat food." Gur Dev Ji said, "Mardana, you may go if you like but do not beg for the bread to eat". So Mardana went to the house of family celebrating the event but they had been so involved in their joy that they paid no attention to Bhai Mardana.

It is said that the Divine will was such that the baby boy died and all went into mourning.



"ਪਹਰੇ" ਹੈ ।

ਇਸ ਅਸਥਾਨ ਉੱਤੇ ਗੁਰਸਿੱਖਾਂ ਗੁਰਦੁਆਰਾ ਬਣਵਾ ਦਿੱਤਾ । ਸਦੀਆਂ ਗੁਰੂ ਗਰੰਥ ਸਾਹਿਬ ਦਾ ਪ੍ਰਕਾਸ਼ ਹੁੰਦਾ ਰਿਹਾ । ਅੱਜਕਲ ਇਸ ਦੇ ਅੰਦਰ ਯੂਨੀਅਨ ਕੌਂਸਲ ਦਾ ਦਫਤਰ ਹੈ । ਮੁੱਖ ਦਵਾਰ ਗਿਰ ਚੁੱਕਿਆ ਹੈ । ਪ੍ਰਕਾਸ਼ ਅਸਥਾਨ ਅਲੋਪ ਹੋ ਗਿਆ ਹੈ । ਕੇਵਲ ਦੋ ਮਕਾਨ ਬਾਕੀ ਬਚੇ ਹਨ, ਜਿਹਨਾਂ ਵਿੱਚ ਦਫਤਰ ਦਾ ਕੰਮ ਹੁੰਦਾ ਹੈ । ੨੦ ਵਿੱਘੇ ਜ਼ਮੀਨ ਦਰਬਾਰ ਦੇ ਨਾਂ ਹੈ ।

کرتار دا بھانا ایسا ہویا کہ اوہ لڑکا چلانا کرگیا. اتے سبھ رون پٹن لگ پئے. ست گر نے اوہناں نوں بھانا (رب دا حکم) منن دا فرمان دِتا. اتے شری راگ وچ شبد اچارن کیتا. جہناں دا سرلیکھ "پہرے" ہے.

اس استھان اُتے گر سکھاں گردوارا' بنوا دِتا. صدیاں گرو گرنتھ جی صاحب دا پرکاش ہوندا رہیا. اج کل اس دے اندر یونین کونسل دا دفتر ہے. مکھ دوار ڈگ چکیا ہے. پرکاش استھان الوپ ہو گیا ہے. کیول دو مکان باقی بچے ہن. جہناں وچ دفتر دا کم ہوندا اے' 20 وِگھے زمین دربار دے ناں ہے.

Guru Dev Ji told them to submit before the Divine will and composed this shabd in Shri Rag whose title is "Pere."

Gurdwara was built over the site Sikhs of the Guru. Prakash of Guru Granth Sahib continued for centuries. The office of the Union Council is housed in it now. Main gate has fallen and Prakashasthan has vanished. Only two rooms have survived in which the offices work. 20 bighas of land is attached to the Gurdwara.



ਗੁਰਦੁਆਰਾ ਰੂੜੀ ਸਾਹਿਬ, ਜਾਹਮਣ ਲਾਹੌਰ

ਇਹ ਪਾਵਨ ਅਸਥਾਨ ਲਾਹੌਰ ਸ਼ਹਿਰ ਤੋਂ ਕੋਈ ੨੫ ਕਿਲੋਮੀਟਰ ਦੂਰ ਹੈ । ਇਸ ਪਿੰਡ ਵਿੱਚ ਪੱਕੀ ਸੜਕ ਜਾਂਦੀ ਹੈ । ਪਿੰਡ ਦੀ ਆਬਾਦੀ ਤੋਂ ਬਾਹਰ ਕੋਈ ਅੱਧਾ ਕਿਲੋਮੀਟਰ ਦੀ ਵਿੱਥ ਉੱਤੇ ਸਤਿਗੁਰੂ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਪਾਵਨ ਅਸਥਾਨ ਸਥਿੱਤ ਹੈ । ਜਿੱਥੇ ਆਪ ਬਿਰਾਜੇ, ਉਸ ਅਸਥਾਨ ਨੂੰ ਰੂੜੀ ਸਾਹਿਬ ਕਿਹਾ ਜਾਦਾ ਹੈ । ਇਸ ਅਸਥਾਨ ਨੂੰ ਆਪ ਨੇ ਤਿੰਨ ਵਾਰ ਚਰਨ ਛੋਹ ਬਖਸ਼ਿਸ਼ ਕੀਤੀ । ਇਸ ਦਾ ਕਾਰਨ ਇਹ ਸੀ ਕਿ ਇੱਥੇ ਨੇੜੇ ਹੀ ਪਿੰਡ ਡੇਰਾ ਚਾਹਲ ਵਿੱਚ ਆਪ ਦੇ ਨਾਨਕੇ ਆਬਾਦ ਸਨ, ਜਿੱਥੇ ਆਪ ਬਿਰਾਜੇ । ਇੱਥੇ ਇੱਕ ਛੱਪੜੀ ਸੀ ਜਿਹਨੂੰ ਮਗਰੋਂ ਸਰੋਵਰ ਦਾ ਰੂਪ ਦੇ ਦਿੱਤਾ ਗਿਆ । ਆਪ ਦਾ ਪ੍ਰੇਮੀ ਸਿੱਖ ਨਰੀਆ ਇਸ ਪਿੰਡ ਦਾ ਵਸੀ ਸੀ, ਜਿਸ ਦੀ ਕਿਰਪਾ ਨਾਲ ਕਈ ਭਾਬੜੇ ਸੁਮਾਰਗ ਪਾਏ ।

ਇਸ ਦਰਬਾਰ ਦੀ ਸੇਵਾ ਭਾਈ ਵਧਾਵਾ ਸਿੰਘ ਜੀ ਨੇ ਅਰੰਭੀ ਅਤੇ ਸੁੰਦਰ ਦਰਬਾਰ ਬਣਵਾਇਆ । ਵਿਸਾਖੀ ਅਤੇ ੨੦ ਜੇਠ ਨੂੰ ਮੇਲੇ ਜੁੜਦੇ ਸਨ । ਗੁਰਦੁਆਰੇ ਦੇ ਨਾਲ ੧੦੦ ਵਿੱਘੇ ਜ਼ਮੀਨ ਹੈ । ਇਸ ਵੇਲੇ ਇਸ ਅਸਥਾਨ ਦਾ ਸਰੋਵਰ ਇੱਕ ਵਾਰ ਫਿਰ ਛੱਪੜੀ ਦਾ ਰੂਪ ਧਾਰਨ ਕਰ ਗਿਆ ਹੈ । ਅੰਬਰ ਛੂੰਹਦਾ ਗੁੰਬਦਦਾਰ ਰੂੜੀ ਸਾਹਿਬ ਮੁਰੰਮਤ ਚਾਹੁੰਦਾ ਹੈ । ਜੇ ਕੁਝ ਚਿਰ ਹੋਰ ਮੁਰੰਮਤ ਨਾਂ ਹੋਈ ਤਾਂ ਮਿੱਟੀ ਦਾ ਢੇਰ ਹੋ ਜਾਵੇਗਾ ।

گردوارا روڑی صاحب جاہمن' لاہور


ایہ پاون استھان لاہور شہر توں کوئی 25 کلومیٹر دور ہے. ایس پنڈ وچ پکّی سڑک جاندی ہے. پنڈ دی ابادی توں باہر کوئی ادھ کلومیٹر دی وِتھ اُتے ست گر نانک دیو جی دا پاون استھان سھت ہے. جتھے آپ وِراجے اوس استھان نُوں روڑی صاحب آکھیا جاندا ہے. ایس استھان نُوں آپ نے تِن وار چرن چھوہ بخشش کیتی. ایس دا کارن ایہ سی کہ ایتھے نیرت ہی پنڈ ڈیرا چاہل وچ آپ دے نانکے اباد سن. جتھے آپ وِراجے ایتھے اِک چھپڑی سی جنھوں مگروں سرودر دا روپ دے دتا گیا. آپ دا پریمی سکھ نریا ایس پنڈ دا واسی سی جس دی کرپا نال کئی بھابڑے سومارگ پئے. ایس دربار دی سیوا بھائی ودھاوا سنگھ جی نے ارنبھی اتے سُندر دربار بنوایا. وساکھی اتے 20 جیٹھ نُوں میلے جُڑدے سن. گردوارے نال سو وگھے زمین ہے.

ایس ویلے ایس استھان دا سرودر اِک وار فیر چھپڑی دا روپ دھارن کر گیا ہے. انبر چھوہندا گنبد دار روڑی صاحب مرمت چاہندا ہے. جے کجھ چر ہور مرمت نہ ملی تاں مٹی دا ڈھیر ہو جاوے گا.

GURDWARA RORI SAHIB AT JAHMAN, LAHORE

This holy place is about 25 km from the Lahore city and a mettled road leads to this village. The sacred shrine of Guru Nanak Dev Ji is located about half a kilometer outside the village. The place where Guru Dev Ji had stayed came to be known as Rori Sahib. He came to this place thrice because the maternal grand parents of Guru Dev Ji were settled in the nearby village called Dera Chahal. There was a small pool at that time which was later expanded into a tank by one of his followers, Naria, a dweller of this village. It was through his preaching and devotion that a large number of Bhabray were converted to Sikhism.

The construction of the shrine was started by Bhai Wadhawa Singh and a beautiful Darbar was built. Fairs used to be held on Visakhi and 20th of Jaith. There is an endowment of 100 Bigha land in the name of Gurdwara. The tank has once again depleted into a small pool and sky scarping dome Rori Sahib is in need of repairs. In case no repairs are carried within a short time it will become a heap of dust.



ਗੁਰਦੁਆਰਾ ਛੋਟਾ ਨਾਨਕਿਆਣਾ, ਮਾਂਗਾ, ਲਾਹੌਰ

ਇਹ ਪਾਵਨ ਅਸਥਾਨ ਲਾਹੌਰ ਤੋਂ ਮੁਲਤਾਨ ਜਾਣ ਵਾਲੀ ਸੜਕ ਉੱਤੇ, ਜ਼ਿਲਾ ਲਾਹੌਰ ਦੇ ਆਖਰੀ ਕਸਬੇ ਮਾਂਗਾ ਦੇ ਸਟਾਪ ਤੋਂ ਕੋਈ ਡੇਢ ਕਿਲੋਮੀਟਰ ਪਹਿਲੋਂ ਆਉਂਦਾ ਹੈ। ਪੁਲਿਸ ਥਾਣਾ ਮਾਂਗਾ ਦੀ ਕੰਧ ਇਸ ਪਾਵਨ ਅਸਥਾਨ ਨਾਲ ਸਾਂਝੀ ਹੈ। ਸਤਿਗੁਰ ਨਾਨਕ ਦੇਵ ਜੀ ਮਾਂਗਾ ਨਿਵਾਸੀਆਂ ਨੂੰ ਗੁਰ ਸਿੱਖਿਆ ਦੇਣ ਲਈ ਇੱਥੇ ਪਧਾਰੇ, ਜਿੱਥੇ ਆਪ ਠਹਿਰੇ, ਸੰਗਤਾਂ ਨੇ ਉਸ ਥਾਂ ਇੱਕ ਆਲੀਸ਼ਾਨ ਗੁਰਦੁਆਰਾ ਬਣਵਾ ਦਿੱਤਾ। ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਇਸ ਪਾਵਨ ਅਸਥਾਨ ਦੇ ਦਰਸ਼ਨਾਂ ਨੂੰ ਮੀਰੀ ਪੀਰੀ ਦੇ ਪਾਤਿਸ਼ਾਹ ਵੀ ਆਏ ਸਨ। ਸਰੋਵਰ ਬਹੁਤ ਹੀ ਵਿਸ਼ਾਲ ਅਤੇ ਚੰਗੀ ਹਾਲਤ ਵਿੱਚ ਹੈ। ਵਿਸਾਖੀ ਦਾ ਮੇਲਾ ਬਹੁਤ ਭਰਵਾਂ ਲਗਦਾ ਹੁੰਦਾ ਸੀ। ਇਹ ਮੇਲਾ ਪਹਿਲੀ ਤੇ ਦੋ ਤਰੀਕ ਨੂੰ ਪਿੰਡ ਤਲਾਬ ਸਿਰਾਏ ਅਤੇ ੩ ਨੂੰ ਇਸ ਥਾਂ ਲਗਦਾ ਸੀ। ਇਸ ਮੇਲੇ ਦਾ ਪ੍ਰਬੰਧ ਜਾਗੀਰਦਾਰ ਹਾਕਮ ਸਿੰਘ ਤਲਾਬ ਸਿਰਾਏ ਕਰਦਾ ਹੁੰਦਾ ਸੀ, ਗੁਰਦੁਆਰੇ ਦੇ ਨਾਂ ੫੦੦ ਘੁਮਾਂ ਜਮੀਨ ਹੈ।

੧੯੪੭ ਵੇਲੇ ਇਸ ਪਾਵਨ ਅਸਥਾਨ ਵਿੱਚ ਮੇਵਾਤ ਤੋਂ ਆਏ ਸ਼ਰਨਾਰਥੀਆਂ ਨੂੰ ਰੱਖਿਆ ਗਿਆ, ਉਹ ਕੁਝ ਮਹੀਨੇ ਇੱਥੇ ਰਹੇ। ਇੱਕ ਦਿਨ ਅਚਨਚੇਤ ਅੱਗ ਲੱਗ ਗਈ ਜਿਸ ਨਾਲ ਇਮਾਰਤ ਨੂੰ ਬਹੁਤ ਨੁਕਸਾਨ ਪਹੁੰਚਿਆ, ਹੁਣ ਇਮਾਰਤ ਉਸੇ ਹਾਲ ਵਿੱਚ ਹੈ। ਮੱਛੀ ਪਾਲ ਮਹਿਕਮੇ ਨੇ ਇੱਥੇ ਇੱਕ ਵੱਡਾ ਬਾਗ ਲਗਵਾਇਆ ਹੈ ਅਤੇ ਇਸ ਬਾਗ ਵਿੱਚ ਵੱਖੋਂ ਵੱਖ ਕੱਚੇ ਪੱਕੇ ਤਾਲ ਖੁਦਵਾ ਕੇ ਉਹਨਾਂ ਵਿੱਚ ਮੱਛੀ ਪਾਲੀ ਹੋਈ ਹੈ।

گردوارا چھوٹا نانکیانا مانگا ضلع لاہور

مانگا نامی ایہ پنڈ لاہور ملتان روڈ اُتے لاہور توں کوئی 35 کلو میٹر دور ہے.

گردوارا صاحب مانگا بس سٹاپ توں پہلوں ہی علی گڑھ سکول دے نال کھلوتا نظریں آوندا اے. ایتھے جگت گرو نانک دیو جی دے ویراجن دا استھان چھوٹا نانکیانا ہے. اس دے ناں 135 گھماؤں زمین ہے. جس وچوں 50 گھماؤں معاف ہے. پجاری سنگھ سن میلا وساکھی نوں ہوندا سی.

ایتھے گرو ہرگوبند جی وی ننکانا صاحب دی یاترا توں مڑدے ہوئے ویراجے ہن.

گردوارا صاحب دی عمارت ڈاک بنگلے وانگوں بنی ہوئی ہے. اِک وشال سروور ہے جو ہُن مچھی پال محکمے کول ہے. گردوارا صاحب دی عمارت 1947ء ویلے ایتھے وسائے گئے شرنارتھیاں ہتھوں لگن والی اگ وچ سڑ گئی سی. گردوارا صاحب دی زمین پچھلے جسٹس مولوی مشتاق ہوراں کول اے جنہاں اس زمین اُتے علی گڑھ پبلک سکول بنایا ہویا اے.

GURDWARA CHOTA NANAKIANA AT MANGA DISTRICT, LAHORE


This village called Manga is located on Lahore-Multan road about 35 kilometer from Lahore.

The Gurdwara can be seen standing beside Aligarh School even before Manga Bus Stop. There is a Chota Nanakiana in this village at the site where Sat Gur Nanak Dev Ji had stayed. 135 ghumaon of land is endowed in the name of gurdwara, 50 acres of this land is exempted from land revenue. The priests were Sikhs and a fair used to be held on Visakhi.

Guru Hargobind Ji had stayed at this place while he was coming back from Nankana Sahib.

The Gurdwara was built like a Daak bungalow (govt rest house). There is a large pond which is now with the Department of Fisheries. The building of Gurdwara was burnt down by refugees settled here during 1947.

The land belonging to the Gurdwara is in the possession of Late Justice Maulvi Mushtaq who built Aligarh Public school on this land.



ਗੁਰਦੁਆਰਾ ਪਹਿਲੀ ਪਾਤਿਸ਼ਾਹੀ, ਮਾਣਕ, ਲਾਹੌਰ

ਮਾਣਕ ਨਾਮੀਂ ਇਹ ਪਿੰਡ ਲਾਹੌਰ ਤੋਂ ੪੫ ਕਿਲੋਮੀਟਰ ਦੂਰ ਰਾਏਵਿੰਡ ਰੋਡ ਉੱਤੇ ਹੈ । ਇਸ ਪਿੰਡ ਨੂੰ ਜਾਣ ਵਾਸਤੇ ਪਾਜੀਆਂ ਬੱਸ ਸਟਾਪ ਉੱਤੇ ਉਤਰਨਾ ਪੈਂਦਾ ਹੈ । ਪਿੰਡ ਮੇਨ ਰੋਡ ਤੋਂ ਕੋਈ ਚਾਰ ਕਿਲੋਮੀਟਰ ਹਟਵਾਂ ਹੈ, ਪਿੰਡ ਨੂੰ ਪੱਕੀ ਸੜਕ ਜਾਂਦੀ ਹੈ।

ਸ੍ਰੀ ਗੁਰੂ ਨਾਨਕ ਦੇਵ ਜੀ ਮਾਂਗੇ ਤੋਂ ਪੈਦਲ ਚੱਲ ਕੇ ਪਿੰਡ ਪਾਜੀਆਂ ਵਿੱਚ ਆਏ । ਉਥੋਂ ਦੇ ਲੋਕਾ ਨੇ ਪਹਿਲੋਂ ਆਪ ਨਾਲ ਪ੍ਰੇਮ ਵਿਖਾਇਆ ਫਿਰ ਆਪ ਨਾਲ ਮਖੌਲ ਕੀਤੇ। ਗੁਰੂ ਸਾਹਿਬ ਪਿੰਡ ਤੋਂ ਬਾਹਰ ਇਸ ਥਾਂ ਤੇ ਆਣ ਬਿਰਾਜੇ । ਕਿਸੇ ਪ੍ਰੇਮੀ ਨੇ ਪੁੱਛਿਆ ਕਿ ਗੁਰੂ ਜੀ ਤੁਸੀ ਪਿੰਡੋਂ ਕਿਉਂ ਆ ਗਏ ਹੋ ਤਾਂ ਆਪ ਨੇ ਫਰਮਾਇਆ ਕਿ ਉਹ " ਪਾਜੀ" ਹਨ । ਇਸ ਉੱਤੇ ਉਸ ਪਿੰਡ ਦਾ ਨਾਮ ਪਾਜੀ ਪੈ ਗਿਆ ਜਦ ਕਿ ਇਸ ਟਿੱਬੇ ਦਾ ਨਾਮ ਮਾਣਕ ਹੋ ਗਿਆ, ਮਗਰੋਂ ਉੱਥੇ ਇੱਕ ਵੱਡਾ ਪਿੰਡ ਬਣ ਗਿਆ ।

ਗੁਰਦੁਆਰਾ ਸਾਹਿਬ ਦੀ ਇਮਾਰਤ ਬਹੁਤ ਸੁੰਦਰ ਅਤੇ ਬਹੁਤ ਵੱਡੀ ਤਿੰਨ ਮੰਜ਼ਲੀ ਬਣੀ ਹੋਈ ਸੀ । ਲੰਗਰ ਹਾਲ, ਪ੍ਰਕਾਸ਼ ਅਸਥਾਨ, ਸਰਾਂ, ਦਰਸ਼ਨੀ ਡਿਉਢੀ, ਦੀਵਾਨ ਹਾਲ ਜੋ ਬਾਰਾਂਦਰੀ ਦੀ ਸੂਰਤ ਦਾ ਸੀ, ਨਾਲ ਉਦਾਸੀ ਸਾਧੂਆਂ ਦੀਆਂ ਸਮਾਧਾਂ, ਸਰੋਵਰ ਜੋ ਹੁਣ ਛੱਪੜ ਹੋ ਚੁੱਕਿਆ ਹੈ, ਇਹ ਸਭ ਕੁਝ ਹੁਣ ਮਿੱਟੀ ਦਾ ਢੇਰ ਹੁੰਦਾ ਜਾ ਰਿਹਾ ਹੈ । ਕੇਂਦਰੀ ਇਮਾਰਤ ਪਿਛਲੇ ਦੋ ਸਾਲਾਂ ਵਿੱਚ ਡਿੱਗੀ ਹੈ ।

ਗੁਰਦੁਆਰਾ ਸਾਹਿਬ ਦੇ ਨਾਮ ੮੨ ਘੁਮਾਉ ਜ਼ਮੀਨ ਪਿੰਡ ਵੱਲੋਂ ਹੈ, ਵਿਸਾਖੀ ਉੱਤੇ ਮੇਲਾ ਜੁੜਦਾ ਸੀ । ਇਸ ਪਿੰਡ ਦੇ ਜੱਟ ਇੱਕੋ ਦਾਦੇ ਦੀ ਔਲਾਦ ਹਨ । ਉਹਨਾਂ ਵਿੱਚੋਂ ਕੁਝ ਹਿੰਦੂ ਰਹੇ, ਕੁਝ ਸਿੰਘ ਸਜ ਗਏ ਬਾਕੀ ਮੁਸਲਮਾਨ ਹੋ ਗਏ । ਮੇਲੇ ਦੇ ਦਿਨਾ ਵਿੱਚ

گردوارا پہلی پاتشاہی مانک ضلع لاہور

مانک نامی ایہ پِنڈ لاہور توں 45 کلو میٹر دور رائے ونڈ روڈ اتے ہے. اس پِنڈ نُوں جاون واسطے پاجیاں بس شاپ اُتے اُترنا پیندا اے. پِنڈ مین روڈ توں کوئی چار کلو میٹر ہٹواں ہے. پِنڈ وچ پکی سڑک جاندی ہے.

گرو نانک دیو جی مانگے توں چل پِنڈ پاجیاں وچ آئے اوتھوں دے لوکاں نے پہلوں آپ نُوں پریم وکھایا فیر آپ نُوں مخول کیتے. گرو صاحب پِنڈ توں باہر ایس استھان آن ویراجے. کسے پریمی نے پچھیا گرو جی تُسیں پنڈوں کیوں آگئے تاں آپ نے فرمایا اوہ "پاجی" ہن اِس اتے اس پنڈ دا ناں پاجی پے گیا جد کہ اس ٹبے دا ناں مانک ہوگیا مگروں ایتھے اِک وڈا پِنڈ بن گیا.


گردوارا صاحب دی عمارت سُندر اتے بہُت وڈی تِن منزلا بنی ہوئی سی. لنگر ہال' پرکاش استھان' سراں' درشنی ڈیوڑھی' دیوان ہال جو باراں دری دی صورت دا سی. نال اُداسی سادھواں دیاں سمادھاں سروور جو ہُن چھپڑ ہو چکیا ہے. ایہ سبھ کُجھ ہُن مٹی دا ڈھیر ہوندا جارہیا اے. کینڈری عمارت پچھلے دو سالاں وچ ڈگی ہے. گردوارا صاحب دے ناں 82 گھماؤں زمین پِنڈ ولوں ہے. وساکھی اُتے میلا جُڑدا سی. اس پِنڈ دے جٹ اکو دادے دی اولاد ہن. اوہناں وچ کُجھ ہندو رہے' کُجھ سنگھ سج گئے اتے باقی مسلمان ہو گئے. میلے دے دناں وچ کسے وی دھرم دے لوکاں نوں اپنے گھر وچ روٹی پکاوَن دی آگیا نہیں سی.

GURDWARA FIRST GURU AT MANAK, DISTRICT LAHORE

This village called Manak is located at a distance of 45 kilometer from Lahore on Raiwind road. You have to get down from the bus at Pajian to reach this village. It is about 4 kilometer off the main road. A metalled road leads to the village. When Jagat Guru came to village Pajian from Manga, the villagers initially welcomed him but later made fun of him. Jagat Guru left the village and stayed at this place outside the village. Some follower asked Guru Dev Ji as to why he had moved out of the village. Guru Ji said those were "Paji" (mean) and hence the village came to be called Pajian and the mound came to be known as Manak. It subsequently developed into a big village.

The 3-storeyed building of Gurdwara had been built beautifully and it was spacious. The complex included a Langar Hall, Prakashasthan, inn, foyer, and a diwan hall built like a baradari. There were Samadhs of Udasi Sadhus and a water tank close to the shrine. The tank has now become a stagnant pool. These buildings are in the process of decay and may become a heap of dust. The central building collapsed during the last two years.

82 ghumaon of land has been gifted by villagers to the Gurdwara. The Jats of this village belong to the same grandfather. Some of them were converted to Islam, others became Sikhs while the rest remained Hindus. Visakhi fair is held and during the fair the villagers are not allowed to



ਕਿਸੇ ਵੀ ਧਰਮ ਦੇ ਲੋਕਾਂ ਨੂੰ ਆਪਣੇ ਘਰ ਵਿੱਚ ਰੋਟੀ ਪਕਾਉਣ ਦੀ ਆਗਿਆ ਨਹੀਂ ਸੀ ਹੁੰਦੀ । ਪਿੰਡ ਵਾਲੇ ਲੰਗਰ ਵਿੱਚੋਂ ਹੀ ਛਕਦੇ ਸਨ । ਲੰਗਰ ਦਾ ਪ੍ਰਬੰਧ ਇੱਕ ਦਿਨ ਸਿੱਖ, ਇੱਕ ਦਿਨ ਹਿੰਦੂ ਤੇ ਇੱਕ ਦਿਨ ਮੁਸਲਮਾਨ ਕਰਦੇ ਸਨ

। ੧੯੪੭ ਤੋਂ ਬਾਅਦ ਇਸ ਗੁਰਦੁਆਰੇ ਅੰਦਰ ਬੱਚਿਆਂ ਦਾ ਸਕੂਲ ਬਣਾਇਆ ਗਿਆ, ਫਿਰ ਇਸ ਨੂੰ ਖਾਲੀ ਛੱਡ ਦਿੱਤਾ ਗਿਆ ਜਿਹਨੂੰ ਮੇਵਾਤ ਤੋਂ ਆਏ ਸ਼ਰਨਾਰਥੀਆ ਨੇ ਮੰਦੇ ਹੱਥੀਂ ਲਿਆ । ਪਹਿਲਾਂ ਕੰਧਾਂ ਤੇ ਹੋਈਆਂ ਫੁਲਕਾਰੀਆਂ ਮਿਟੀਆਂ, ਫਿਰ ਛੱਤਾਂ ਲੱਥੀਆਂ ਤੇ ਹੁਣ ਕੰਧਾਂ ਮੁੱਕ ਰਹੀਆਂ ਹਨ ।

سارے پِنڈ والے لنگر وچوں ای چھکدے سن. لنگر دا پربندھ اِک دن سکھ' اِک دن ہندو اتے اک دن مسلمان کردے سن. 1947ء توں بعد پہلوں ایس گردوارے اندر بچیاں دا سکول بنایا گیا. فیر ایس نوں خالی چھڈ دتا گیا. جنھوں میوات توں آئے شرنارتھیاں نے مندے ہتھیں لیا. کندھاں تے ہویاں پھلکاریاں مُیاں' فیر چھتاں لتھیاں تے ہُن کندھاں مک رہیاں ہن.

cook in their homes. All, irrespective of their religion, take food from Langar. It is managed by Sikhs, Muslims and Hindus alternately for one day. After 1947 a girls school was housed in it but later on the premises was left vacant. When refugees from Mewat arrived they were settled here and they did not bother to maintain it. Floral designs on the walls were erased. It was followed by the caving in of roofs. Now the walls too are falling part.



ਗੁਰਦੁਆਰਾ ਪਹਿਲੀ ਪਾਤਿਸ਼ਾਹੀ ਭੈਲਗਰਾਮ, ਕਸੂਰ


ਭੀਲੇ ਰੋਸੇ ਨਾ ਦੇ ਦੋ ਪਿੰਡ ਮਾਗਾ ਕਸੂਰ ਰੋਡ ਉੱਤੇ ਪੱਕੀ ਸੜਕ ਤੋ ਕੋਈ ਚਾਰ ਕਿਲੋਮੀਟਰ ਪਿਛਾਹ ਹਟਵੇ ਹਨ । ਇਹਨਾ ਵਿੱਚੋ ਪਿੰਡ ਭੈਲ ਵਿੱਚ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਸੁੰਦਰ ਗੁਰਦੁਆਰਾ ਸੀ । ਸਤਿਗੁਰੂ ਸ੍ਰੀ ਗੁਰੂ ਨਾਨਕ ਦੇਵ ਜੀ ਮਾਗੇ ਤੋ ਰਾਮ ਥੱਮਣ ਜਾਦੇ ਹੋਏ ਇੱਥੇ ਬਿਰਾਜੇ ਸਨ । ਇਸ ਗੁਰਦੁਆਰੇ ਦਾ ਹੁਣ ਕੇਵਲ ਮੁਖ ਦੁਆਰ ਬਚਿਆ ਹੈ । ਰਿਹਾਇਸ਼ੀ ਮਕਾਨਾ ਵਿੱਚ ਸ਼ਰਨਾਰਥੀ ਵਸੇ ਹੋਏ ਹਨ । ਪ੍ਰਕਾਸ਼ ਅਸਥਾਨ ਅਲੋਪ ਹੋ ਚੁੱਕਿਆ ਹੈ ।

گردوارا پہلی پاتشاہی بھیل گرام، قصور

بھیلے روسے ناں دے دو پنڈ مانگا قصور روڈ اُتے پکی توں کوئی چار کو کلومیٹر پچھانہ ہٹویں نیں. ایہناں وچوں پنڈ بھیل وچ ست گر نانک دیو جی دا سُندر گردوارا سی. ست گر نانک دیو جی مانگے توں رام تھمّن جاندے ایتھے وِراجے ہن. ایس گردوارے دا ہُن کیول اِک مُکھ دوار بچیا ہے. رہائشی مکاناں وچ شرنارتھی وسے ہوئے ہن. پرکاش استھان الوپ ہو چکیا ہے.

GURDWARA FIRST GURU AT BHAIL GRAM DISTRICT KASUR

Two villages with the name of Bhaile and Rossay are located on Manga-Kaksur road about 4 kilometers off the metalled road. In the village Bhail there was a beautiful Gurdwara of Jagat Guru Nanak Dev Ji. Jagat Guru stayed in the village for some time while going to Ram Thaman from Manga. Only one door of Gurdwara has survived and Prakashasthan has vanished. Refugees are settled in the residential quarters of the gurdwara.



ਗੁਰਦੁਆਰਾ ਬਾਬਾ ਰਾਮਥੰਮਣ ਜੀ ਕਾਲੂਖਾਰਾ, ਕਸੂਰ

ਇਹ ਪਾਵਨ ਅਸਥਾਨ ਤਹਿਸੀਲ ਤੇ ਜ਼ਿਲਾ ਕਸੂਰ ਵਿੱਚ ਹੈ । ਇਸ ਨੂੰ ਜਾਣ ਵਾਸਤੇ ਰੇਲਵੇ ਸਟੇਸ਼ਨ ਰਾਓਖਾਨ ਵਾਲਾ ਜਾ ਰਾਜਾ ਜੰਗ ਤੇ ਉਤਰਨਾ ਪੈਂਦਾ ਹੈ । ਗੁਰਦੁਆਰਾ ਇਹਨਾ ਦੋਹਾ ਸਟੇਸ਼ਨਾ ਤੋ ੧੨ ਕਿਲੋਮੀਟਰ ਦੀ ਵਿੱਥ ਤੇ ਹੈ । ਇਹ ਅਸਥਾਨ ਪਿੰਡ ਕਾਲੂਖਾਰਾ ਵਿੱਚ ਹੈ । ਇਸ ਅਸਥਾਨ ਕਰਕੇ ਇਸ ਦਾ ਨਾਮ ਕਾਲੂਖਾਰਾ ਰਾਮ ਥੰਮਣ ਪੈ ਗਿਆ । ਬਾਬਾ ਰਾਮ ਥੰਮਣ ਜੀ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਮਸਰੇ ਸਨ । ਇਹ ਪ੍ਰਤਾਪੀ ਸਾਧੂ ਹਨ । ਸਤਿਗੁਰੂ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਇੱਥੇ ਕਈ ਵਾਰ ਦਰਸ਼ਨ ਦਿੱਤੇ । ਬਹੁਤ ਸੁੰਦਰ ਕਿਲੇ ਵਰਗਾ ਗੁਰਦੁਆਰਾ ਸਾਹਿਬ ਬਣਿਆ ਹੋਇਆ ਹੈ । ਇੱਕ ਵਿਸ਼ਾਲ ਸਰੋਵਰ ਸੀ ਜੋ ਹੁਣ ਛੱਪੜ ਦਾ ਰੂਪ ਧਾਰਨ ਕਰ ਚੁੱਕਾ ਹੈ । ਇਸ ਸਰੋਵਰ ਦੇ ਮੁੱਖ ਦੁਆਰ ਤੇ ਸੁੰਦਰ ਮੰਦਰ ਬਣਿਆ ਹੋਇਆ ਹੈ । ਇਥੇ ਹਰ ਸਾਲ ਚੇਤਰ ੧੪ ਤੋ ਵਿਸਾਖੀ ਤੱਕ ਮੇਲਾ ਲਗਦਾ ਸੀ । ਇਹ ਮੇਲਾ ਹੁਣ ਵੀ ਲਗਦਾ ਹੈ, ਪਰ ਹੁਣ ਉਹ ਸ਼ਾਨਾ ਕਿੱਥੇ ? ਇਸ ਅਸਥਾਨ ਦੇ ਨਾਮ ਹਜ਼ਾਰਾ ਏਕੜ ਜ਼ਮੀਨ ਤੇ ਜਾਗੀਰ ਹੈ । ਇਸ ਅਸਥਾਨ ਦੇ ਸਾਹਮਣੇ ਬਾਵੇ ਦੀ ਮਾਲ ਕਰਕੇ ਅਸਥਾਨ ਪ੍ਰਸਿੱਧ ਹੈ, ਜਿੱਥੇ ਸੁੰਦਰ ਇਮਾਰਤਾ ਬਣੀਆ ਹੋਈਆ ਹਨ । ਪ੍ਰਸਿੱਧ ਜੱਜ ਬਾਵਾ ਬਾਟੇ ਨਾਥ ਜੀ ਇਸੇ ਪਿੰਡ ਦੇ ਰਹਿਣ ਵਾਲੇ ਸਨ ।

ਬਾਬਾ ਰਾਮ ਥੰਮਣ ਦਾ ਮੇਲਾ ਇਸ ਇਲਾਕੇ ਦੇ ਲੋਕਾ ਦਾ ਬਿਨਾ ਧਰਮ ਦੇ ਵਿਤਕਰੇ ਤੋ ਸਾਝਾ ਮੇਲਾ ਸੀ । ਇਹ ਮੇਲਾ ਹੁਣ ਮੁਸਲਮਾਨ ਕਰਾਉਦੇ ਹਨ । ਇਸ ਵਿੱਚ ਲਾਹੌਰ ਤੋ ਹਿੰਦੂ, ਜੈਨ, ਇਸਾਈ, ਬੁੱਧ ਅਤੇ ਸਿੱਖ ਹੁੰਮ ਹੁਮਾ ਕੇ ਹਿੱਸਾ ਲੈਂਦੇ ਹਨ ।

گردوارا بابا رام تھمّن جی کالو کھارا، قصور

ایہ پاون استھان تحصیل تے ضلع قصور وچ ہے. ایس نوں جان واسطے ریلوے سٹیشن راؤ خان والا یاں راجا جنگ تے اُترنا پیندا ہے. ایہناں دوہاں سٹیشناں توں 12 کلومیٹر دی وِتھ ہے. ایہ استھان پِنڈ کالو کھارا وچ ہے. ایس استھان کر کے ایس دا ناں کالو کھارا رام تھمّن پَے گیا ہے. بابا رام تھمّن جی ست گر نانک دیو جی دے مسیر ہن. ایہ پراپتی سادھو ہن. ست گر نانک دیو جی کئی وار ایس استھان اُتے درشن دتے ہن. بہُت سُندر قلعے ورگا گردوارا صاحب بنْیا ہویا ہے. اِک وشال سرووَر ہے جو ہُن چھپڑ دا روپ دھارن کر گیا ہے. ایس سرووَر دے مُکھ دوار اُتے سُندر مندر بنْیا ہویا ہے. ایتھے ہر سال چیتر 14 توں وساکھی تیک میلا لگدا سی. ایہ میلا ہُن وی لگدا ہے پر اوہ شاناں کتھے' ایس استھان دے ناں ہزاراں ایکڑ زمین اَتے جاگیر ہے. ایس استھان دے ساہمنے "باوے دی مال" کر کے استھان پرسدھ ہے. جتھے سُندر عمارتاں بنْیاں ہوئیاں ہن. پرسدھ جج باوا بےَ ناتھ جی ایسے پِنڈ دے رہن والے سن.


بابا رام تھمّن دا میلا ایس علاقے دے لوکاں دا بِنا دھرم دے وِتکرے دے سانجھا میلا سی. ایہ میلا ہُن مسلمان کرواندے ہن. ایس وچ لاہور توں ہندو' جین' عیسائی' بُدھ اتے سِکھ ہُم ہما کے حِصّا لیندے ہن.

GURDWARA BABA RAM THAMAN JI AT KALU KHARA DISTRICT KASUR

This shrine is situated in tehsil and district Kasur. One has to get off the train at Rao Khan Wala or Raja Jang railway station. Its distance from both the railway stations is about 12 kms. This shrine is in village Kalu Khara and hence it has been named as Kalu Khara Ram Thaman. Baba Ram Thaman Ji was the son of Guru Nanak Dev Ji's maternal aunt. He was a prapti Sadhu. During his life time Guru Nanak Dev Ji visited this place on several occassions. The Gurdwara has been built beautifully in the style of a fort. There is a large tank which has now become a pool of dirty water.

A beautiful temple is built at the main gate of this tank. A fair used to be held every year from 14th of Chaiter to Visakhi. This fair is still held but lacks the luster of the past. Thousands of acres of land and an estate has been granted to this shrine. A shrine called "Bave di Mal" is in front of this Gurdwara where beautiful buildings have been built. Justice Baba Bay Nath Ji was a renowned resident of this village.

Mela (Fair) of Baba Ram Thamman was organised jointly by the people of the area irrespective of their religion or creed. Now the Muslims organise this fair and the Hindus, Jains, Christians and Buddhists from Lahore enthusiastically participate.



ਗੁਰਦੁਆਰਾ ਹੋਲਾ ਸਾਹਿਬ, ਭਰਨਾਵਾ, ਕਸੂਰ

ਇਸ ਪਾਵਨ ਅਸਥਾਨ ਉੱਤੇ ਸਤਿਗੁਰੂ ਸ੍ਰੀ ਗੁਰੂ ਨਾਨਕ ਦੇਵ ਜੀ ਨੂੰ ਸੁਲਤਾਨ ਨਾਮੀ ਇੱਕ ਖੇਤ ਦੇ ਰਾਖੇ ਨੇ ਹੋਲਾ ਭੁੰਨ ਕੇ ਅਰਪੀਆ ਸਨ ਅਤੇ ਸਿੱਖੀ ਧਾਰ ਕੇ ਗੁਰਮੁਖ ਪਦਵੀ ਨੂੰ ਪ੍ਰਾਪਤ ਹੋਇਆ ਸੀ । ਇਸ ਅਸਥਾਨ ਤੇ ਪਹਿਲੋ ਸੁਲਤਾਨ ਨੇ ਹੀ ਇੱਕ ਥੜਾ ਬਣਵਾਇਆ, ਫਿਰ ਮੰਜੀ ਸਾਹਿਬ ਉਸਰਿਆ । ਛੋਟਾ ਜਿਹਾ ਗੁਰਦੁਆਰਾ ਬਣਿਆ ਹੋਇਆ ਸੀ ਜੋ ਹੁਣੇ ਇੱਕ ਸਾਲ ਪਹਿਲਾ ਅਲੋਪ ਹੋ ਚੁੱਕਿਆ ਹੈ । ਇਹ ਪਿੰਡ ਜ਼ਿਲਾ ਕਸੂਰ ਦੇ ਪ੍ਰਸਿੱਧ ਨਗਰ ਭਾਈ ਫੇਰੂ ਤੋ ਲਾਹੌਰ ਵੱਲ ਨੂੰ ਕੋਈ ਦੋ ਕਿਲੋਮੀਟਰ ਦੀ ਵਿੱਥ ਉੱਤੇ ਮੁਲਤਾਨ ਰੋਡ ਉੱਤੇ ਹੀ ਹੈ । ਇਸ ਪਿੰਡ ਵਿੱਚ ਇੱਕ ਛੱਪੜ ਹੈ ਜੋ ਕਦੇ ਇਸ ਪਾਵਨ ਅਸਥਾਨ ਦਾ ਸਰੋਵਰ ਹੁੰਦਾ ਸੀ। ਇਸ ਗੁਰਦੁਆਰੇ ਦੇ ਨਾਮ ੭੦੦ ਘੁਮਾ ਜ਼ਮੀਨ ਹੈ ।

گردوارا ہولا صاحب بھرناواں' قصور

ایس پاون استھان اُتے ست گر نانک دیو جی نوں سلطان نامک اِک کھیت دے راکھے نے ہولاں کر کے ارپیاں سن. ار سِکھی دھار کے گرمکھ پدوی نُوں پراپت ہویا سی. ایس استھان اُتے پہلوں سلطان نے آپ ہی اِک تھڑا صاحب بنایا فیر منجی صاحب اُسریا. چھوٹا جہیا گردوارا بنیا ہویا سی جو ہنے اِک سال پہلوں الوپ ہو گیا ہے.

ایہ پنڈ ضلع قصور دے پرسدھ نگر بھائی پھیرو توں لاہور ول نوں کوئی دو کلومیٹر دی وِتھ اُتے ملتان روڈ اُتے ہی ہے. ایس پنڈ وچ ہُن اِک چھپڑ ہے جو کدے ایس پاون استھان دا سروور سی. ایس گردوارے دے ناں 700 گھماؤں زمین ہے.

GURDWARA HOLAN SAHIB AT BHARNAWAN DISTRICT KASUR

A keeper of field by the name of Sultan presented roasted green chick peas to Sat Gur Nanak Dev Ji and rose to distinction after conversion to Sikh religion. Sultan himself built a platform over the site and later a Manji Sahib was built. A small Gurdwara had been built which collapsed last year.

This village is located on Multan road about two kilometers towards Lahore from Bhai Phero, a well known town of Kasur District. There is a pool of dirty water in the village. It once used to be the tank of this sacred place. 700 ghumaon land is endowed to the Gurdwara.

ੴ

ਗੁਰਦੁਆਰਾ ਪਹਿਲੀ ਪਾਤਿਸ਼ਾਹੀ ਅਲਪਾ, ਕਸੂਰ

ਅਲਪਾ ਨਾ ਦਾ ਪਿੰਡ ਜ਼ਿਲਾ ਕਸੂਰ ਤਹਿਸੀਲ ਚੂਨੀਆ ਵਿੱਚ ਹੈ । ਪੱਤੋਕੀ ਤੋ ਇੱਕ ਸੜਕ ਰਾਵੀ ਵਾਲੇ ਪਾਸੇ ਨਿਕਲਦੀ ਹੈ । ਇਸ ਸੜਕ ਉੱਤੇ ਪ੍ਰਸਿੱਧ ਨਗਰ "ਹੱਲਾ" ਹੈ । ਇਹ ਡੇਅਰੀ ਫਾਰਮ ਹੋਣ ਕਰਕੇ ਬਹੁਤ ਮਸ਼ਹੂਰ ਹੈ । ਹੱਲੇ ਤੋ ਕੋਈ ੧੨ ਕਿਲੋਮੀਟਰ ਦੂਰ ਰਾਵੀ ਦੇ ਬਿਲਕੁਲ ਕੰਢੇ ਉੱਤੇ ਇਹ ਪਿੰਡ ਵਸਿਆ ਹੋਇਆ ਹੈ । ਇਸ ਪਿੰਡ ਵਿੱਚ ਸਤਿਗੁਰੂ ਨਾਨਕ ਦੇਵ ਜੀ ਨਨਕਾਣੇ ਤੋ ਚੱਲ ਕੇ ਆਕੇ ਠਹਿਰੇ ਸਨ । ਇਹ ਅਸਥਾਨ ਪਹਿਲਾ ਅਲਪਾ ਪਿੰਡ ਤੋ ਕੋਈ ਚਾਰ ਕਿਲੋਮੀਟਰ ਬਾਹਿਰ ਸੀ । ਹੁਣ ਇੱਥੇ ਛੋਟਾ ਨਾਨਕਿਆਣਾ ਆਲਪਾ ਨਾ ਦਾ ਪਿੰਡ ਆਬਾਦ ਹੋ ਚੁੱਕਾ ਹੈ । ਇੱਥੇ ਕਦੀ ਨਿੱਤ ਪ੍ਰਕਾਸ਼ ਹੁੰਦਾ ਸੀ ਤੇ ਵਿਸਾਖੀ ਤੇ ਮੇਲਾ ਜੁੜਦਾ ਸੀ । ਹੁਣ ਤਾ ਕੇਵਲ ਤਿੰਨ ਕਮਰੇ ਰਹਿ ਗਏ ਹਨ । ਇਹਨਾ ਵਿੱਚ ਪਹਿਲਾ ਗੌਰਮਿੰਟ ਸਕੂਲ ਸੀ, ਹੁਣ ਖਾਲੀ ਪਏ ਹਨ । ਛੱਤਾ ਡਿੱਗ ਚੁੱਕੀਆ ਹਨ । ਇਸ ਪਾਵਨ ਅਸਥਾਨ ਦੇ ਨਾ ਇਸ ਪਿੰਡ ਵਿੱਚ ਅਤੇ ਹੋਰ ਕਈ ਪਿੰਡਾ ਵਿੱਚ ਭਾਰੀ ਜਾਗੀਰ ਹੈ ।

گردوارا پہلی پاتشاہی الپا، قصور

الپا ناں دا پِنڈ ضلع قصور تحصیل چونیاں وچ ہے. پتوکی توں اِک سڑک راوی والے پاسے نکلدی ہے. ایس سڑک اُتے پرسدھ نگر "ہلہ" ہے. ایہ ڈیری فارم ہون کر کے بہُت مشہور ہے. ہلے توں کوئی 12 کلومیٹر دور راوی دے اُکا کنڈے اُتے ایہ پِنڈ وسیا ہویا ہے. ایسے پِنڈ وچ ست گر نانک دیو جی ننکانا صاحب توں چل کے آن ٹھہرے سن. ایہ استھان پہلوں الپا پِنڈ توں کوئی چار کلومیٹر باہر سی. ہُن ایتھے چھوٹا نانکیانا الپا ناں دا پِنڈ آباد ہو چُکیا ہے. ایتھے کدی نِت پرکاش ہوندا سی اتے وساکھی اُتے میلا جُڑدا سی. ہُن تاں کیول تِن کمرے رہ گئے ہن. ایہناں وچ پہلوں گورنمنٹ دا سکول سی ہُن اُکا ویلھے پئے ہن. چھتاں ڈگ چُکیاں ہن. ایس پاون استھان دے ناں ایس پِنڈ وِچ اَتے ہور کئی پِنڈاں وچ بھاری جاگیر ہے.

GURDWARA FIRST GURU AT ALPA DISTRICT KASUR

The village Alpa is in tehsil Chunian of Kasur district. A road from Pattoki leads towards the River Ravi. Halla, a well known town lies on this road and is famous being a dairy farming. Alpa is located at a distance of twelve kilometer from Halla right on the bank of River Ravi. Jagat Guru Nanak Dev Ji arrived in this village from Nankana and stayed for a while. Earlier this shrine was about four kilometers outside village Alpa but now a village called Chota Nanakiana Alpa has been built here. Once upon a time Prakash used to take place here and fair used to be held on Visakhi. Only three rooms stand now which housed a Govt School. These rooms are now lying vacant. The roofs have caved in. There is a huge estate endowed in the name of this shrine in this as well as in some other villages.



ਗੁਰਦੁਆਰਾ ਛੋਟਾ ਨਾਨਕਿਆਣਾ ਨਾਨਕ ਜਾਗੀਰ, ਸਤ ਘਰਾ, ਜ਼ਿਲਾ ਓਕਾੜਾ

ਇਹ ਪਾਵਨ ਅਸਥਾਨ ਜੋ ਜਗਤ ਗੁਰੂ ਨਾਨਕ ਦੇਵ ਜੀ ਮਹਾਰਾਜ ਨਾਲ ਸਬੰਧਿਤ ਹੈ, ਜ਼ਿਲਾ ਓਕਾੜਾ ਦੇ ਕਸਬੇ ਸਤਘਰਾ ਤੋ ਉਂਝ ਤਾ ਚੋਖਾ ਦੂਰ ਹੈ, ਪਰ ਇਸ ਨਾਲ ਹੀ ਜੋੜਿਆ ਜਾਦਾ ਹੈ। ਇਸ ਥਾ ਅੱਪੜਨ ਵਾਸਤੇ ਪੱਤੋਕੀ ਤੋ ਹੰਜਰਾ ਰਾਹੀ ਪੱਕੀ ਸੜਕ ਪਿੰਡ ਮੇਘੇ ਵਿੱਚ ਜਾਦੀ ਹੈ। ਇਸ ਪਿੰਡ ਮੇਘੇ ਦੇ ਨੇੜੇ ਕੋਈ ਚਾਰ ਕਿਲੋਮੀਟਰ ਦੂਰ ਇਹ ਅਸਥਾਨ ਹੈ। ਇੱਕ ਸੜਕ ਜਿਹਨੂੰ ਹੱਲਾ ਚੂਚਕ ਰੋਡ ਵੀ ਆਖਿਆ ਜਾਦਾ ਹੈ, ਇਸ ਰਾਹੀ ਹੱਲੇ ਤੋ ਵੀ ਮੇਘੇ ਆਇਆ ਜਾ ਸਕਦਾ ਹੈ ਅਤੇ ਸਤਘਰੇ ਤੋ ਚੂਚਕ ਰਾਹੀ ਵੀ ਇਸੇ ਸੜਕ ਉੱਤੇ ਅੱਪੜਿਆ ਜਾ ਸਕਦਾ ਹੈ। ਇੱਥੇ ਸਤਿਗੁਰੂ ਨਾਨਕ ਦੇਵ ਜੀ ਅਲਪੇ ਤੋ ਚੱਲ ਕੇ ਆਏ ਸਨ। ਇੱਥੇ ਆਪ ਨੇ ਇੱਕ ਸ਼ਾਹੂਕਾਰ ਦਾ ਦੁੱਖ ਦੂਰ ਕੀਤਾ ਅਤੇ ਇਹ ਸ਼ਬਦ ਉਚਾਰਿਆ" ਸਹੰਸਰ ਦਾਨ ਦੇ ਇੰਦ੍ਰ ਰੁਆਇਆ "

ਪਹਿਲੋ ਇਹ ਗੁਰੂ ਅਸਥਾਨ ਸਧਾਰਨ ਜਿਹਾ ਬਣਿਆ ਹੋਇਆ ਸੀ। ਫਿਰ ੩੧ ਮਾਰਚ ੧੯੩੫ ਨੂੰ ਨਵੀ ਉਸਾਰੀ ਅਰੰਭ ਹੋਈ ਜਿਸ ਦਾ ਨੀਹ ਪੱਥਰ ਇਹਨਾ ਪੰਜ ਪਿਆਰਿਆ ਨੇ ਰੱਖਿਆ :

੧ ਭਾਈ ਸੰਤ ਨਰਿੰਜਨ ਸਿੰਘ ਜੀ ਅਜੀਤਸਰ ਵਾਲੇ
੨ ਭਾਈ ਸੰਗਤ ਸਿੰਘ ਜੀ ਗੁਰਦੁਆਰਾ ਸੰਗਰਾਣਾ ਸਾਹਿਬ ਵਾਲੇ
੩ ਭਾਈ ਪਰਧਾਨ ਸਿੰਘ ਜੀ ਰਾਗੀ, ਫਰੋਕਾ, ਜ਼ਿਲਾ ਸਰਗੋਧਾ ਵਾਲੇ
੪ ਭਾਈ ਰਾਮ ਸਿੰਘ ਜੀ ਮਿੰਟਗੁਮਰੀ (ਸਾਹੀਵਾਲ) ਵਾਲੇ
੫ ਭਾਈ ਲਾਭ ਸਿੰਘ ਜੀ ਗਰੰਥੀ ਰੀਨਾਲਾ ਖੁਰਦ ਵਾਲੇ

ਇਸ ਦੀ ਤਾਮੀਰ ਦਾ ਕੰਮ ਜਿੱਥੇ ਰੁਕਿਆ ਸੀ ਅੱਜ ਤੱਕ ਉੱਥੇ ਹੀ ਰੁਕਿਆ ਹੋਇਆ ਹੈ। ਵਿਸਾਖੀ ਦਾ ਭਾਰੀ ਮੇਲਾ ਜੁੜਦਾ ਸੀ, ਜੋ ਹੁਣ ਅਲੋਪ ਹੋ ਚੁੱਕਿਆ ਹੈ।

گردوارا چھوٹا نانکیانہ نانک جاگیر ست گھرا، ضلع اوکاڑا

ایہ پاون استھان جو جگت گرونانک دیو جی مہاراج نال سبندھت ہے. ضلع اوکاڑا دے قصبے ست گھرا توں اُنج تاں چوکھا دُور اے پر ایہ اِس نال ای جوڑیا جاندا اے. اِس تھاں اپڑن واسطے پتوکی توں "ہنجرا" راہیں پکی سڑک پنڈ میگھے وچ جاندی ہے. اِس میگھے پنڈ دے نیڑے کوئی چار کلومیٹر دور ایہ استھان ہے. اِک سڑک جنھوں ہلا چوچک روڈ وی آکھیا جاندا ہے. اِس راہیں ہلے توں وی میگھے آیا جا سکدا ہے اَتے ست گھرے توں چوچک راہیں وی ایسے سڑک اُتے اپڑیا جا سکدا ہے.

ایتھے ست گرنانک دیو جی الپے توں چل کے آئے ہن. ایتھے آپ نے اِک ساہوکار دا دُکھ دور کیتا اَتے ایہ شبد اُچاریا.
سہنسر دان دے اِندر ہویا اِیا

پہلوں ایہ گرو استھان سدھارن جہیا بنْیا ہویا سی۔ 31 مارچ 1935ء نُوں نویں اُساری ارنبھ ہوئی جس دا نینہ پتھر ایہناں پنج پیاریاں نے رکھیا:
1۔ سردار سنت نرنجن سنگھ جی اجیت سر والے 2۔ بھائی سنگت سنگھ جی گردوارا سنگرانا صاحب والے 3۔ بھائی پردھان سنگھ جی راگی فیروکہ ضلع شاہ پور (سرگودھا) 4۔ بھائی رام سنگھ جی منٹگمری (ساہیوال) والے 5۔ بھائی لابھ سنگھ جی گرنتھی رینالا خورد والے
اس دی تعمیر دا کم جتھے رُکیا سی اَج تیک اوتھے ہی رُکیا ہویا ہے. وساکھی دا بھاری میلا جُڑدا سی جو ہُن الوپ ہو چکیا ہے.

GURDWARA CHOTA NANKIANA, NANAK JAGIR AT SATGHARA DISTRICT OKARA

This sacred shrine is related with Jagat Guru Nanak Dev Ji. Although it is located at a considerable distance from the Satghara town of Okara district yet it is always linked to this town. It can be approached through a metalled road leading from Pattoki to village Megha via Hanjra. This shrine is close to village Megha at a distance of four kilometer from the village. Megha can also be reached from Halla by a road which is also known as Halla Chuchek and it can also be reached from Satghara via Chuchek.

Guru Nanak Ji had arrived in this village from Alpa. He relieved a money lender from his suffering and created this Shabd:
Branded with a thousand marks of disgrace, Indra cried in shame. Paras Raam returned home crying. Ajai cried and wept, when he was made to eat the manure he had given, pretending it was charity. (Shalok, First Mehl.)

Initially the shrine was built simply but on 31st March 1935 AD the construction of a new building was started and the foundation stone was laid by the following Punj Pyare (Five Dear ones)

1. Sardar Sant Naranjan Singh Ji of Ajitsar. 2. Bhai Sangat Singh Ji of Sangrana Sahib. 3. Bhai Pardhan Singh Ji Ragi of Faroka District Sargodah. 4. Bhai Ram Singh Ji of Montgomery (Sahiwal). 5. Bhai Labh Singh Ji Granthi of Renala Khurd.

The construction was stopped and it remained at the stage reached (in 1947). In the past a big Visakhi fair used to be celebrated but this tradition has now been discontinued.



ਗੁਰਦੁਆਰਾ ਮਾਲ ਜੀ ਸਾਹਿਬ, ਕੰਗਣਪੁਰ, ਜ਼ਿਲਾ ਕਸੂਰ

ਜਗਤ ਗੁਰੂ ਸਤਿਗੁਰੂ ਸ੍ਰੀ ਗੁਰੂ ਨਾਨਕ ਦੇਵ ਜੀ ਜਦ ਇਸ ਪਿੰਡ ਨੂੰ ਵਸਾਉਣ ਆਏ ਤਾ ਇੱਥੋ ਦੇ ਵਸਨੀਕਾ ਉਹਨਾ ਨੂੰ ਇੱਥੇ ਵਸਣ ਨਾ ਦਿੱਤਾ ਅਤੇ ਵੱਟੇ ਮਾਰੇ । ਇਸ ਉੱਤੇ ਸਤਿਗੁਰਾ ਇਹਨਾ ਲੋਕਾ ਨੂੰ "ਵਸਦੇ ਰਹੋ" ਕਹਿ ਕੇ ਕੂਚ ਕੀਤਾ । ਜਿਸ ਵਣ ਦੇ ਰੁੱਖ ਹੇਠ ਆਪ ਨੇ ਨਿਵਾਸ ਕੀਤਾ, ਉਹ ਮਾਲ ਸਾਹਿਬ ਕਰਕੇ ਪ੍ਰਸਿੱਧ ਸੀ । ਇਸ ਤੋ ਉਠ ਕੇ ਆਪ ਨੇ ਕੋਈ ਦੋ ਕਿਲੋਮੀਟਰ ਦੀ ਵਿੱਥ ਉੱਤੇ ਇੱਕ ਹੋਰ ਪਿੰਡ ਮਾਣਕ ਦੇਕੇ ਵਿੱਚ ਜਦ ਚਰਨ ਪਾਏ ਤਾ ਉਹਨਾ ਲੋਕਾ ਨੇ ਆਪ ਦਾ ਬਹੁਤ ਸਤਿਕਾਰ ਕੀਤਾ ਤੇ ਆਪ ਨੇ ਉਹਨਾ ਨੂੰ ਉੱਜੜ ਜਾਣ ਦੀ ਅਸੀਸ ਦਿੱਤੀ । ਇਸ ਉੱਤੇ ਭਾਈ ਮਰਦਾਨਾ ਜੀ ਨੇ ਹੈਰਾਨ ਹੋ ਕੇ ਪੁੱਛਿਆ ਕਿ ਜਿਹਨਾ ਨੇ ਆਪ ਨੂੰ ਦੁੱਖ ਦਿੱਤਾ, ਉਹਨਾ ਨੂੰ ਆਪ ਨੇ ਵਸਦੇ ਰਹਿਣ ਦੀ ਅਸੀਸ ਦਿੱਤੀ ਅਤੇ ਜਿਹਨਾ ਨੇ ਆਪ ਦਾ ਸਤਿਕਾਰ ਕੀਤਾ ਉਹਨਾ ਨੂੰ ਉੱਜੜ ਜਾਣ ਦੀ ਅਸੀਸ ਕੀਤੀ । ਆਪ ਨੇ ਫਰਮਾਇਆ ਕਿ ਇਹ ਉੱਜੜ ਕੇ ਜਿੱਥੇ ਵੀ ਜਾਣਗੇ, ਨੇਕੀ ਤੇ ਭਲਾਈ ਹੀ ਵਰਤਾਉਣਗੇ ਤੇ ਉਹ ਜਿੱਥੇ ਵੀ ਜਾਣਗੇ, ਭੈੜ ਹੀ ਖਲਾਰਨਗੇ । ਇਸ ਵਾਸਤੇ ਉਹਨਾ ਨੂੰ ਵੱਸਣ ਤੇ ਇਹਨਾ ਨੂੰ ਉੱਜੜਨ ਦਾ ਹੁਕਮ ਦਿੱਤਾ ਹੈ ।

ਕੰਗਣਪੁਰ ਅੱਜ ਵੀ ਵਸ ਰਿਹਾ ਹੈ । ਇੱਥੇ ਗੁਰਦੁਆਰਾ ਸਾਹਿਬ ਬਣਿਆ ਹੋਇਆ ਹੈ । ਇਸ ਦੇ ਪੁਜਾਰੀ ਨਾਮਧਾਰੀ ਸਿੰਘ ਸਨ, ਹੁਣ ਇੱਥੇ ਪਰਕਾਸ਼ ਨਹੀ ਹੁੰਦਾ । ਪਹਿਲੀ ਚੇਤਰ ਨੂੰ ਮੇਲਾ ਜੁੜਦਾ ਸੀ ।

ਇੱਥੋ ਦੇ ਲੋਕਾ ਵਿੱਚ ਮਸ਼ਹੂਰ ਹੈ ਕਿ ਉਹ ਲੋਕ ਜਿਹਨਾ ਨੇ ਬਾਬੇ ਨੂੰ ਰੋੜੇ ਮਾਰੇ, ਉਹਨਾ ਦੀ ਵੰਸ਼ ਦੇ ਲੋਕਾ ਨੂੰ ਗਿੱਲੜ ਦੀ ਬੀਮਾਰੀ ਹੋ ਜਾਂਦੀ ਹੈ । ਪੂਰੇ ਪੰਜਾਬ ਵਿੱਚ ਇਹ ਹੀ ਇੱਕ ਇਲਾਕਾ ਹੈ ਜਿੱਥੇ ਲੋਕਾ ਨੂੰ ਇਹ ਬੀਮਾਰੀ ਹੁੰਦੀ ਹੈ । ਅਜੋਕੀ ਇਮਾਰਤ ੧੯੩੯ ਨੂੰ ਉਸਾਰੀ ਗਈ ਸੀ ਜੋ ਅੱਜ ਵੀ ਚੰਗੀ ਹਾਲਤ ਵਿੱਚ ਹੈ । ਸੇਵਾ ਸੰਭਾਲ ਉੱਕਾ ਕੋਈ ਨਹੀ

گردوارا مال جی صاحب کنگن پور، ضلع قصور

جگت گرو ست گر نانک دیو جی جد ایس پنڈ نوں وساون آئے تاں ایتھوں دے لوکاں اوہناں نوں وسن نہ دِتا اتے وٹے مارے. ایس اتے ست گراں ایہناں لوکاں نوں "وسدے رہو" کہ کے کُوچ کیتا. جس ون دے بِرچھ ہیٹھ آپ نے نواس کیتا اوہ مال صاحب کر کے پرسدھ سی. ایہ بِرچھ ہُن وی ہے. ایس توں اٹھ آپ نے کوئی دو کلومیٹر دی وِتھ اتے اِک ہور پنڈ مانک دیکے وِچ جد چرن پائے تاں اوہناں لوکاں آپ دا بہُت ستکار کیتا تے آپ نے اوہناں نوں اُجڑ جان دی اسیس دِتی. ایس اُتے بھائی مردانا جی نے حیران ہو کے پچھیا کہ جنہاں نے آپ نوں دُکھ دِتا اوہناں نوں آپ نے وسدے رہن دی اسیس دِتی ہے اتے جنہاں نے آدر کیتا' اوہناں نوں آپ نے اُجڑ جان دی اسیس دِتی ہے' تے آپ نے فرمایا ایہ اُجڑ کے جتھے وی جاون گے نیکی تے بھلیائی ورتان گے. اوہ جتھے وی جان گے بھیڑ ہی کھلارن گے. ایس واسطے اوہناں نوں وسن اَتے ایہناں نوں اجڑن دا حکم دِتا ہے.

کنگن پور اج وی وس رہیا ہے. ایتھے گردوارا صاحب بنیا ہویا ہے. ایس دے پجاری نامدھاری سنگھ سن. ہُن ایتھے پرکاش نہیں ہوندا. پہلی چیت نوں میلا جُڑدا سی.

ایتھوں دے لوکاں وچ مشہور ہے کہ اوہ لوک جنہاں بابے نوں روڑے مارے اوہناں دی ونش دے لوکاں نوں گلھڑ دی بیماری ہو جاندی ہے. پورے پنجاب اندر ایہ ہی اِک علاقا ہے جتھے لوکاں نوں ایہ بیماری ہوندی ہے. اجوکی عمارت 1939 وچ اُسری جو اج وی چنگی حالت وچ ہے. سیوا سنبھال اُکا کوئی نہیں.

GURDWARA MALJI SAHIB AT KANGAN PUR DISTRICT KASUR.

When Sat Guru Nanak Dev Ji came to establish this town the local people did not let him settle and pelted stones at him. At this Sat Guru said to these people *"Wasdey Raho"* (be settled) and departed from here. The wan tree under which he had lived was known by the name of Mal Sahib. This tree is still there. departing from here he set his foot in the village Manak De ke. The people of this village gave him great honour and love, but Guru Dev cursed them to be scattered. Bhai Mardana Ji was surprised at this and asked: why those who gave you pain, you gave them your blessing of remaining settled. But you cursed these to be scattered who had honoured you. Gur Dev Ji said, "These people will spread virtue wherever they go after being scattered while the others will spread evil wherever they go. This is why it has been ordained for those to be settled and for these to be scattered.

Kangan Pur is still settled. A Gurdwara Sahib is built here. Its priests were Namdhari Sikhs. Now Prakash does not take place here. A fair used to held on the first of Chait.

According to the local legend that the descendants of those who had pelted stones at the Guru Dev suffer from *gilhar* (a throat related disease) and it is the only area in the whole of Punjab where people suffer from this ailment. Its building was constructed in 1939. It is in good condition even today but there is absolutely no maintenance.



ਗੁਰਦੁਆਰਾ ਮੰਜੀ ਸਾਹਿਬ, ਮਾਣਕ ਦੇਕੇ, ਜ਼ਿਲਾ ਕਸੂਰ

ਇਹ ਪਿੰਡ ਕੰਗਣਪੁਰ ਤੋ ਕੋਈ ਦੋ ਕਿਲੋਮੀਟਰ ਦੀ ਵਿੱਥ ਉੱਤੇ ਹੈ । ਇਸ ਨੂੰ ਰੇਲਵੇ ਸਟੇਸ਼ਨ ਕੰਗਣਪੁਰ ਲਗਦਾ ਹੈ । ਤਹਿਸੀਲ ਤੇ ਜ਼ਿਲਾ ਕਸੂਰ ਹੈ । ਇੱਥੋ ਦੇ ਲੋਕਾ ਨੂੰ ਸਤਿਗੁਰੂ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਉਜੜ ਜਾਣ ਦੀ ਦੁਆ ਦਿੱਤੀ । ਇਹ ਪਿੰਡ ਅੱਜ ਵੀ ਉੱਜੜਿਆ ਨਜ਼ਰ ਆਉਦਾ ਹੈ । ਪੂਰਾ ਪਿੰਡ ਕੱਚਾ ਹੈ । ਲੋਕ ਦੂਜੇ ਸ਼ਹਿਰਾ ਵਿੱਚ ਨੌਕਰੀਆ ਤੇ ਕੰਮਕਾਜ ਕਰਦੇ ਹਨ । ਇੱਥੇ ਪਿੰਡ ਤੋ ਬਾਹਰ ਹੀ ਗੌਰਮਿੰਟ ਪ੍ਰਾਇਮਰੀ ਸਕੂਲ ਦੇ ਸਾਹਮਣੇ ਵਾਲੀ ਗਲੀ ਵਿੱਚ ਹੀ ਮੰਜੀ ਸਾਹਿਬ ਸਤਿਗੁਰੂ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਪੱਕਾ ਬਣਿਆ ਹੋਇਆ ਹੈ । ਇਸ ਅੰਦਰ ਹੁਣ ਮੇਵਾਤ ਤੋ ਆਏ ਸ਼ਰਨਾਰਥੀ ਆਬਾਦ ਹਨ । ਕਦੇ ਪ੍ਰਕਾਸ਼ ਹੁੰਦਾ ਸੀ, ਹੁਣ ਪੰਜਾਹ ਸਾਲ ਹੋ ਗਏ ਹਨ ਪ੍ਰਕਾਸ਼ ਨਹੀ ਹੋਇਆ । ਨਗਰ ਵਾਸੀ ਅੱਜ ਵੀ ਪ੍ਰੇਮੀ ਹਨ ।

گردوارا منجی صاحب مانک دیکے ضلع قصور

ایہ پنڈ کنگن پور توں کوئی دو کلومیٹر دی وِتھ اُتے ہے. ایس نوں ریلوے سٹیشن کنگن پور لگدا ہے. تحصیل چونیاں اتے ضلع قصور ہے. ایتھوں دے لوکاں نُوں ست گراں اُجڑ جان دی دعا دِتی. ایہ پنڈ اج وی اجڑیا ہی نظر آوندا ہے. پورا پنڈ کچا ہے. لوک دُوجے شہراں وچ نوکریاں اتے کم کار کردے ہن. ایتھے پنڈ توں باہر ہی گورنمنٹ پرائمری سکول دے ساہمنے والی گلی وچ ہی منجی صاحب ست گر نانک دیو جی پکا بنیا ہویا ہے. ایس اندر ہُن میوات توں آئے شرنارتھی آباد ہن. کدے پرکاش ہوندا سی. ہُن پنجاہ سال ہو گئے پرکاش نہیں ہویا نگر واسی اج وی پریمی ہن.

GURDWARA MANJI SAHIB AT MANAKDEKE DISTRICT KASUR

This village is at a distance of about 2 kms from Kangan Pur and is served by Kangan Pur Railway station. It is in tehsil Chunian of Kasur Distt. Sat Guru had cursed its people to be scattered and this village looks like a deserted place even today. The whole village is built with mud. People work in other cities. Manji Sahib of Sat Gur Nanak Dev Ji has been built in baked bricks in a street outside the village facing Government Primary School. Refugees from Mewat are living in it now. Once there used to be the Prakash of Guru Garanth Sahib but for the last 50 years it has not taken place. The people of the town are still kind and loving.



ਗੁਰਦੁਆਰਾ ਛੋਟਾ ਨਾਨਕਿਆਣਾ, ਹੁਜਰਾ ਸ਼ਾਹ ਮੁਕੀਮ, ਓਕਾੜਾ

ਇਹ ਪਾਵਨ ਅਸਥਾਨ ਹੁਜਰਾ ਸ਼ਾਹ ਮੁਕੀਮ ਸ਼ਹਿਰ ਤੋ ਬੋਗਾ ਅਵਾਨ ਜਾਣ ਵਾਲੀ ਸੜਕ ਉੱਤੇ ਹੈ । ਸ਼ਹਿਰ ਤੋ ਇਸ ਦੀ ਵਾਟ ਠੀਕ ਇੱਕ ਕਿਲੋਮੀਟਰ ਹੈ । ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਮਾਣਕ ਦੇਕੇ ਤੋ ਚੱਲ ਕੇ ਇੱਥੇ ਬਿਰਾਜੇ । ਕਦੇ ਇੱਥੇ ਬਹੁਤ ਖੂਬਸੂਰਤ ਗੁਰ ਅਸਥਾਨ ਸੀ, ਹੁਣ ਇਸ ਥਾ ਕੇਵਲ ਖੇਤ ਹਨ । ਲੋਕ ਅੱਜ ਵੀ ਇਸ ਥਾ ਨੂੰ ਛੋਟਾ ਨਾਨਕਿਆਣਾ ਕਰਕੇ ਜਾਣਦੇ ਹਨ ।9.5 ਘੁਮਾਉ ਜ਼ਮੀਨ ਇੱਥੇ ਇਸ ਦੇ ਨਾਮ ਹੈ । ਇਸ ਤੋ ਇਲਾਵਾ ਹੋਰ ਬਹੁਤ ਸਾਰੇ ਪਿੰਡਾ ਵਿੱਚ ਵੀ ਇਸ ਦੀ ਮਾਲਕੀ ਹੈ । ਅੱਸੂ ਅਤੇ ਕੱਤੇ ਨੂੰ ਮੇਲਾ ਜੁੜਦਾ ਹੁੰਦਾ ਸੀ । ਹੁਣ ਯਾਦਗਾਰ ਵਿੱਚੋ ਇੱਕ ਬੋਹੜ ਅਤੇ ਇੱਕ ਖੂਹ ਹੈ ।

گردوارا چھوٹا نانکیانا' حجرا شاہ مقیم' اوکاڑا

ایہ پاون استھان حجرا شاہ مقیم شہرتوں بونگا اعوان جاون والی سڑک اُتے ہے. شہرتوں ایس دی واٹ ٹھیک اِک کلو میٹر ہے. صاحب سری گرو نانک دیو جی مانکدیکے توں چل کے ایس تھاں وِراجے. کدے ایتھے بہُت خوبصورت گرو استھان سی' ہُن ایس تھاں کیول کھیت ہن. لوک اج وی ایس تھاں نوں چھوٹا نانکیانا کر کے ہی جاندے ہن. 9.5 گھماؤں زمین ایتھے ایس دے ناں ہے. ایس توں وکھ ہور بہُت سارے پنڈاں وچ وی ایس دی مالکی ہے. اسُوں اتے کتیں نُوں میلا جُڑدا ہوندا سی. ہُن یادگار وجوں اِک بوڑھ اتے اِک کھوہ کھلوتا ہے.

GURDWARA CHOTA NANKIANA HUJRA SHAH MUQEEM, OKARA

This sacred shrine is situated on the road leading to Bonga Awan from Hujra Shah Muqeem and is exactly one km from the city. Sat Guru Nanak Dev Ji walked to this place from Manak Deke. Once it was a beautiful Guruasthan but now their are only fields. Even now the people know it by the name of Chota Nankiana. 9.5 Ghumaon of land is in the name of this Gurdwara in this village. Beside this Gurdwara Sahib owns land in a number of other villages. Fairs used to be held in Assu and Kattak but now a banyan tree and well stand as a reminder of the by gone day.



ਗੁਰਦੁਆਰਾ ਛੋਟਾ ਨਾਨਕਿਆਣਾ, ਦੀਪਾਲਪੁਰ, ਜ਼ਿਲਾ ਉਕਾੜਾ

ਦੀਪਾਲਪੁਰ ਇੱਕ ਬਹੁਤ ਹੀ ਇਤਿਹਾਸਕ ਨਗਰ ਹੈ । ਇਹ ਕਦੇ ਪੰਜਾਬ ਦੀ ਰਾਜਧਾਨੀ ਰਿਹਾ ਹੈ । ਇਸ ਵੇਲੇ ਜ਼ਿਲਾ ਉਕਾੜਾ ਦਾ ਇਹ ਤਹਿਸੀਲ ਨਗਰ ਹੈ । ਸ਼ਹਿਰ ਤੋ ਦੱਖਣ ਪੂਰਬ ਨੂੰ ਬਾਹਰਵਾਰ ਸਤਿਗੁਰੂ ਨਾਨਕ ਦੇਵ ਜੀ ਦਾ ਪਾਵਨ ਅਸਥਾਨ ਛੋਟਾ ਨਾਨਕਿਆਣਾ ਆਪਣੀਆ ਸ਼ਾਨਾ ਵਿਖਾ ਰਿਹਾ ਹੈ । ਸਤਿਗੁਰੂ ਜੀ ਨੇ ਇੱਥੇ ਆ ਕੇ ਇੱਕ ਸੁੱਕੇ ਪਿੱਪਲ ਹੇਠ ਡੇਰਾ ਕੀਤਾ ਜੋ ਕਿ ਹਰਾ ਹੋ ਗਿਆ । ਇਹ ਪਿੱਪਲ ਅੱਜ ਵੀ ਮੌਜੂਦ ਹੈ । ਇੱਥੇ ਹੀ ਆਪ ਜੀ ਨੇ ਇੱਕ ਨੂਰੀ (ਨੌਰੰਗਾ) ਨਾਮੀ ਕੋਹੜੀ ਨੂੰ ਆਰੋਗ ਕੀਤਾ । ਉਹਦੀ ਕਬਰ ਗੁਰਦੁਆਰਾ ਸਾਹਿਬ ਦੇ ਪਿਛਵਾੜੇ ਹੈ । ਗੁਰਦੁਆਰੇ ਦੇ ਨਾਮ ੨੫ ਘੁਮਾਉ ਜ਼ਮੀਨ ਪਿੰਡ ਮੰਚਾਰੀਆ ਕੰਬੋਜ ਸਿੰਘਾ ਵੱਲੋ ਅਤੇ ਇਕ ਘੁਮਾ ਜ਼ਮੀਨ ਸ਼ਹਿਰ ਤੋ ਬਾਹਰ ਹੈ । ਇਸ ਤੋ ਇਲਾਵਾ ਚੋਖੀ ਜਾਗੀਰ ਗੁਰਦੁਆਰੇ ਦੇ ਨਾਮ ਹੈ । ਪੁਜਾਰੀ ਬੇਦੀ ਸਿੰਘ ਹੁੰਦੇ ਸਨ । ਹੁਣ ਪ੍ਰਕਾਸ਼ ਨਹੀ ਹੁੰਦਾ । ਦਰਬਾਰ ਖਾਲੀ ਪਿਆ ਹੈ । ਇਸੇ ਹੀ ਸ਼ਹਿਰ ਅੰਦਰ ਭਾਈ ਨੱਥੂ ਰਾਮ ਦੀ ਸੰਤਾਨ ਵਿੱਚੋ ਭਾਈ ਹਜ਼ੂਰੀ ਸਿੰਘ ਸਹਿਜਧਾਰੀ ਦੇ ਘਰ ਗੁਰੂ ਹਰਿਰਾਏ ਜੀ ਦੀ ਬਖਸ਼ਿਸ਼ ਕੀਤੀ ਗਈ ਮੰਜੀ ਸੀ ਜੋ ਪੌਣੇ ਛੇ ਫੁੱਟ ਲੰਮੀ ਅਤੇ ਤਿੰਨ ਫੁੱਟ ਚੌੜੀ ਤੇ ਸਵਾ ਫੁੱਟ ਉੱਚੀ ਹੈ । ਚਿੱਟੇ ਤੇ ਲਾਲ ਸੂਤਰ ਨਾਲ ਇਹ ਬੁਣੀ ਹੋਈ ਸੀ । ਇਸ ਦੇ ਰੰਗੀਨ ਪਾਵੇ ਤੇ ਲੱਕੜੀ ਕਾਲੀ ਸੀ । ਇੱਕ ਵੇਲਦਾਰ ਚਿਤਰੀ ਹੋਈ ਲੱਕੜ ਦੀ ਅਲਮਾਰੀ ਸੀ । ਇਸ ਅਲਮਾਰੀ ਬਾਰੇ ਆਖਿਆ ਜਾਦਾ ਸੀ ਕਿ ਇਹ ਅਲਮਾਰੀ ਦਸਮ ਪਿਤਾ ਜੀ ਨੇ ਗੁਰੂ ਗਰੰਥ ਸਾਹਿਬ ਜੀ ਸਣੇ ਭਾਈ ਨੱਥੂ ਜੀ ਨੂੰ ਬਖਸ਼ੀ ਸੀ । ਹੁਣ ਇਹ ਸਭ ਕੁਝ ਯਾਦਾ ਤੇ ਪੁਸਤਕਾ ਦੇ ਪੰਨਿਆ ਉੱਤੇ ਹੀ ਰਹਿ ਗਿਆ ਹੈ ।

گردوارا چھوٹا نانکیانا دیپالپور اوکاڑا

دیپالپور اِک بہُت ہی اتہاسک نگر ہے. ایہ کدے پنجاب دی راج دھانی رہیا ہے. ایس ویلے ضلع اوکاڑا دا ایہ تحصیل نگر ہے. شہرتوں دکھن پورب نُوں باہروار ست گر نانک دیو جی دا پاون استھان چھوٹا نانکیانا اپنیاں شاناں وکھا رہیا ہے. ست گراں آ کے اِک سُکے پپل ہیٹھ ڈیرا کیتا جو ہرا ہو گیا. ایہ پپل اج دی موجود ہے. ایتھے ہی آپ نے اِک نوری (نورنگا) نام کوڑھی نُوں اروگ کیتا. اوہدی قبر گردوارا صاحب دے پچھواڑے ہے. گردوارے دے ناں 25 گھماؤں زمین پِنڈ منچاریاں کمبو سنگھاں ولوں اتے اِک گھماؤں زمین ایس شہرتوں باہر ہے. ایس توں اپرنت وی چوکھی جاگیر گردوارا صاحب دے ناں ہے. پجاری بیدی سنگھ ہوندے سن. ہُن پرکاش نہیں ہوندا خالی دربار پیا ہے. ایسے ہی شہر اندر بھائی نتھو رام دی سنتان وچوں بھائی حضور سنگھ سہج دھاری دے گھر گرو ہر رائے جی دی بخشش کیتی منجی سی. جو پونے چھے فٹ لمی اتے تِن فٹ چوڑی اتے سوا فٹ اُچی سی. چٹے اتے لال سُوت نال ایہ اُنی ہوئی سی. ایس دے رنگیل پاوے اتے لکڑ کالی سی. اِک ویل دار چتری ہوئی لکڑ دی الماری سی. ایس الماری بارے آکھیا جاندا سی کہ ایہ الماری دسم پتا جی نے گرو گرنتھ صاحب جی سنے بھائی نتھو جی نُوں بخشی سی. ہُن ایہ سبھ کجھ یاداں اتے پستکاں دے پنیاں اُتے ہی رہ گیا ہے.

GURDWARA CHOTA NANAKIANA AT DIPALPUR DISTRICT OKARA

Dipalpur is a great historical city and once it used to be the capital of Punjab. At present it is the tehsil headquarter of Okara district. A shrine of Jagat Guru Nanak Dev Ji stands gracefully outside the town in south-eastern side. It is called Gurdwara Chota Nanakiana Sahib. Guru Dev Ji made his abode under a dead pipal tree which became green again and standing even today. He cured a leper named Nuri (Nauranga) whose grave is behind the Gurdwara Sahib. There are 25 ghumaon of land from Kamboh Sikhs of Mancharian village and one ghumaon is outside this town, beside this there is a big estate in the name of Gurdwara. The priests used to be "Bedi Singhs", Prakash does not take place now, only the vacant darbar is there.

Bhai Hazoor Singh Sehaj Dhari, a descendent of Bhai Nathoo Ram had in his house the cot (Manji) granted by Guru Har Rai Ji. It was 5.75 feet long 3 feet wide and 1.25 feet high. It was woven with red and white thread. It had colourful legs and it was made out of black wood. There was an almirah of engraved wood. It is said that this almirah along with Guru Granth Sahib Ji was granted to Bhai Nathoo Ji by the Tenth Guru. Now all these remain only in memories and on the pages of the books.



ਗੁਰਦੁਆਰਾ ਨਾਨਕਸਰ, ਪਾਕਪਤਨ ਸ਼ਹਿਰ

ਸਤਿਗੁਰੂ ਨਾਨਕ ਦੇਵ ਜੀ ਨਾਲ ਸਬੰਧਤ ਇਹ ਪਾਵਨ ਅਸਥਾਨ ਪੁਰਾਣੇ ਸ਼ਹਿਰ ਪਾਕਪਤਨ ਤੋ ਬਾਹਰ ਦੀ ਆਬਾਦੀ ਵਿੱਚ ਹੈ । ਇਸ ਆਬਾਦੀ ਨੂੰ ਸਮਾਧੀਆ ਕਰਕੇ ਯਾਦ ਕੀਤਾ ਜਾਦਾ ਸੀ । ਇੱਥੇ ਸਤਿਗੁਰੂ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਬਿਰਾਜਣ ਅਸਥਾਨ ਸੀ, ਜਿਹਦੇ ਪੁਜਾਰੀ ਉਦਾਸੀ ਸਾਧੂ ਸਨ । ਇਸ ਅਸਥਾਨ ਦੇ ਆਸ ਪਾਸ ਸਾਧੂਆ ਦੀਆ ਅਣਗਿਣਤ ਸਮਾਧਾ ਸਨ, ਇਸ ਕਰਕੇ ਇਹ ਅਸਥਾਨ ਸਮਾਧਾ ਕਰਕੇ ਪ੍ਰਸਿੱਧ ਹੋ ਗਿਆ । ਇਸ ਅਸਥਾਨ ਦੇ ਨਾਮ ਹਜ਼ਾਰਾ ਘੁਮਾ ਜ਼ਮੀਨ ਹੈ । ਗੁਰਦੁਆਰਾ ਸਾਹਿਬ ਤੇ ਸਮਾਧਾ ਅਲੋਪ ਹੋ ਚੁੱਕੀਆ ਹਨ । ਇਸ ਥਾ ਹੁਣ ਬਾਬਾ ਫਰੀਦ ਗੰਜ ਸ਼ੱਕਰ ਕਾਲਜ ਹੈ । ਇਸ ਕਾਲਜ ਦੀ ਅਜੋਕੀ ਇਮਾਰਤ ਬਣਣ ਤੋ ਪਹਿਲਾ ਇਹ ਕਾਲਜ ਗੁਰਦੁਆਰਾ ਸਾਹਿਬ ਦੀ ਇਮਾਰਤ ਅੰਦਰ ਸੀ ਇਸ ਇਮਾਰਤ ਨੂੰ ਡੇਗ ਕੇ ਹੁਣ ਕਾਲਜ ਦੀ ਨਵੀ ਇਮਾਰਤ ਉਸਾਰੀ ਗਈ ਹੈ । ਗੁਰਦੁਆਰਾ ਸਾਹਿਬ ਦਾ ਸਰੋਵਰ ਯਾਦਗਾਰ ਵਜੋ ਸੰਭਾਲ ਲਿਆ ਗਿਆ ਹੈ ।

گردوارا نانک سر، پاکپتن شہر

ست گرنانک دیو جی نال سبندھت ایہ پاون استھان پرانے شہر پاکپتن توں باہر دی ابادی وچ ہے. ایس ابادی نُوں سمادھاں کر کے یاد کیتا جاندا سی. ایتھے ست گر نانک دیو جی دے وِراجن دا استھان سی، جہدے پجاری اداسی سادھو سن. ایس استھان دے آسے پاسے سادھواں دِیاں ان گنت سمادھاں سن. ایس کر کے ایہ استھان سمادھاں کر کے پرسدھ ہویا. ایس استھان دے ناں ہزاراں گھماؤں زمین ہے. گردوارا صاحب اتے سمادھاں الوپ ہو چکیاں ہن. ایس تھاں ہُن بابا فرید گنج شکر کالج ہے. ایس کالج دی اجوکی عمارت بنّن توں پہلوں ایہ کالج گردوارا صاحب دی عمارت وچ سی. ایس عمارت نوں گرا کے ہُن کالج دی نویں عمارت اُساری گئی ہے. گردوارا صاحب دا سروور یادگار وجوں سنبھال لیا گیا اے.

GURDWARA NANAKSAR AT PAKPATTAN CITY

The sacred shrine in the outskirts of the old city is related with Guru Nanak Dev Ji. This locality is known as Samadhan. There used to be a shrine at the spot where Sat Gur Nanak Dev Ji had stayed whose priests were Udasi Sadhus. There are countless samadhs of Sadhus all around the Gurdwara and hence it came to be called "Samadhan". Thousands of ghumaon of land is endowed to this shrine. The Gurdwara and Samadhs have now vanished. There is Baba Farid Ganjshakar College at this place now. This college was housed in the Gurdwara before the construction of its new building which has been built after demolishing the Gurdwara but its tank has been saved as a relic.



ਗੁਰਦੁਆਰਾ ਟਿੱਬਾ ਨਾਨਕਸਰ, ਪਾਕਪਤਨ

ਨਾਨਕਸਰ ਨਾਮੀ ਇਹ ਪਾਵਨ ਅਸਥਾਨ ਪਾਕਪਤਨ ਸ਼ਹਿਰ ਤੋ ਕੋਈ ਛੇ ਕਿਲੋਮੀਟਰ ਦੂਰ ਰੇਲਵੇ ਲਾਈਨ ਦੇ ਨੇੜੇ ਹੀ ਹੈ । ਇਸ ਨੂੰ ਰੇਲਵੇ ਸਟੇਸ਼ਨ, ਥਾਣਾ ਤਹਿਸੀਲ ਅਤੇ ਜ਼ਿਲਾ ਪਾਕਪਤਨ ਹੀ ਲਗਦਾ ਹੈ । ਇਥੇ ਜਾਣ ਵਾਸਤੇ ਪਾਕਪਤਨ ਸ਼ਹਿਰ ਤੋ ਮੋਟਰ ਰਿਕਸ਼ਾ, ਟਾਗਾ ਜਾ ਬੱਸ ਮਿਲ ਜਾਦੀ ਹੈ । ਇਹ ਉਹ ਅਸਥਾਨ ਹੈ ਜਿੱਥੋ ਸਤਿਗੁਰੂ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਹਜ਼ਰਤ ਬਾਬਾ ਇਬਰਾਹਿਮ ਫਰੀਦ ਸਾਨੀ ਤੋ ਬਾਬਾ ਫਰੀਦ ਜੀ ਦੇ ਸਲੋਕ ਇਕੱਤਰ ਕੀਤੇ ਜਿਹਨਾ ਨੂੰ ਬਾਅਦ ਵਿੱਚ ਸਤਿਗੁਰੂ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਗੁਰੂ ਗਰੰਥ ਸਾਹਿਬ ਵਿੱਚ ਦਰਜ ਕੀਤਾ ।

ਇਹ ਅਸਥਾਨ ਇੱਕ ਟਿੱਬੀ ਉੱਤੇ ਹੈ । ਦੋ ਮੰਜ਼ਲਾ ਗੁੰਬਦਦਾਰ ਸੁੰਦਰ ਇਮਾਰਤ ਬਣੀ ਹੋਈ ਹੈ । ਇਸ ਦੇ ਅਹਾਤੇ ਵਿੱਚ ਹੀ ਬਾਬਾ ਫਰੀਦ ਜੀ ਦੀ ਵੰਸ਼ ਵਿੱਚੋ ਇੱਕ ਦਰਵੇਸ਼ ਬਾਬਾ ਫਤਿਹਉੱਲਾ ਸ਼ਾਹ ਨੂਰੀ ਚਿਸ਼ਤੀ ਦਾ ਮਜ਼ਾਰ ਅਤੇ ਉਹਨਾ ਦੀ ਮਸੀਤ ਹੈ । ਸੇਵਾਦਾਰ ਮੁਸਲਮਾਨ ਹਨ । ਹਰ ਵਰ੍ਹੇ ਮੇਲਾ ਹੁੰਦਾ ਹੈ । ਗੁਰਦੁਆਰਾ ਸਾਹਿਬ ਦੀ ਇਮਾਰਤ ਦੀ ਹਾਲਤ ਕਾਫੀ ਮੰਦੀ ਹੈ । ਮੁਰੰਮਤ ਦੀ ਸਖਤ ਲੋੜ ਹੈ । ਪੰਜਾਬੀ ਸਾਹਿਤ ਦੇ ਇਤਿਹਾਸ ਅੰਦਰ ਇਸ ਥਾ ਦੀ ਬਹੁਤ ਮਹੱਤਤਾ ਹੈ, ਇਸ ਵਾਸਤੇ ਇਸ ਨੂੰ ਸੰਭਾਲਣਾ ਬਹੁਤ ਜ਼ਰੂਰੀ ਹੈ । ਇਸ ਗੁਰਦੁਆਰੇ ਦੇ ਨਾਲ ਵਸੀ ਕੱਚੀ ਬਸਤੀ ਦਾ ਨਾ ਟਿੱਬਾ ਨਾਨਕਸਰ, ਚੱਕ ਨੰ ੩੮ SP ਪ੍ਰਸਿੱਧ ਹੈ । ਇਸ ਦੀ ਆਬਾਦੀ ਕੋਈ ੨੦੦ ਘਰਾ ਦੀ ਹੈ ।

گردوارا ٹِبّا نانک سر، پاکپتن

نانک سر نامی ایہ پاون استھان پاکپتن شہرتوں کوئی چھے کلومیٹر دور ریلوے لائن دے نیڑے ہی ہے. ایس نُوں ریلوے سٹیشن تھانا، تحصیل اتے ضلع خاص پاکپتن ہی لگدا ہے. ایتھے جاون واسطے پاکپتن شہرتوں موٹر رکشا، ٹانگا اتے بس وی مِل جاندی ہے. ایہ اوہ استھان ہے جتھے ست گر نانک دیو جی مہاراج حضرت بابا ابراہیم فرید ثانی جی توں بابا فرید جی دے شلوک اِکتر کیتے جنہاں نُوں بعد وچ ست گر ارجن دیو جی مہاراج نے گرو گرنتھ صاحب وچ درج کیتا.

ایہ استھان اِک ٹبی اُتے ہے. دو منزلا گُنبد دار سُندر عمارت بنْی ہوئی ہے. ایس دے احاطے وچ ہی بابا فرید جی دی ونش وچوں اِک درویش بابا فتح اللہ شاہ نوری دا مزار اتے اوہناں دی میت وی ہے. سیوادار مسلمان ہن. ہر ورھے میلا ہوندا ہے. گردوارا صاحب دی عمارت دی حالت چوکھی مندی ہے. مرمت دی لوڑ ہے. پنجابی ساہت دے اتہاس اندر ایس تھاں دی بہُت ہی مہتتا ہے. ایس واسطے ایس نوں سنبھالنا بہُت ضروری ہے. ایس گردوارے دے نال وسی کچی بستی دا ناں ٹبا نانک چک نمبر38 ایس پی پرسدھ ہے. ایہدی ابادی کوئی دو سو گھراں دی ہے.

GURDWARA TIBBA NANAKSAR AT PAKPATTAN

This sacred shrine called Nanaksar is located at a distance of about six kilometer from Pakpattan. It is close to the railway line. Pakpattan is its railway station, P.S, tehsil and district. You can easily get a motor rickshaw, Tonga or a bus to go to this place from railway station. It was here that Guru Nanak Ji collected the verses of Baba Farid Ji from Baba Ibrahim Farid Sani which were later included in Granth Sahib by Guru Arjun Dev Ji.

The shrine is on a mound. It is a double storey beautiful building with domes. The tomb and mosque of Baba Fateh Ullah Shah Noori Chishti who was a descendant of Baba Farid are within the boundary of this shrine. The caretaker of the shrine are Muslims. A fair is held annually.

The building of the Gurdwara Sahib is in very bad shape and is in need of repairs. It is very important to save it as this place holds an important and prominent position in the literature and history of Punjab. The area around Gurdwara is known by the name of Tibba Nanaksar Chak No 38 SP and this locality consists of about two hundred houses.


چندہ برائے
مسجد

ਗੁਰਦੁਆਰਾ ਨਾਨਕਸਰ, ਟਿੱਬਾ ਅਭੋਰ, ਪਾਕਪਤਨ

ਸਤਿਗੁਰੂ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਇਹ ਪਾਵਨ ਅਸਥਾਨ ਪਾਕਪਤਨ – ਆਰਿਫਵਾਲਾ ਰੋਡ ਉੱਤੇ ਟਿੱਬਾ ਅਭੋਰ ਉੱਤੇ ਹੈ । ਇਸ ਪਿੰਡ ਨੂੰ ਜਾਣ ਵਾਸਤੇ ਪਾਕਪਤਨ ਤੋ ਕੋਈ ੩੦ ਕਿਲੋਮੀਟਰ ਦੀ ਵਿੱਥ ਉੱਤੇ ਰੰਗ ਸ਼ਾਹ ਨਾਮੀ ਸਟਾਪ ਤੇ ਉੱਤਰ ਕੇ ਟਾਗੇ ਤੇ ਬਹਿ ਕੇ ਜਾਇਆ ਜਾ ਸਕਦਾ ਹੈ । ਇਸ ਪਿੰਡ ਦਾ ਪੂਰਾ ਨਾਮ ਵਨ EB ਟਿੱਬਾ ਅਭੋਰ ਹੈ । ਇਹ ਪਾਵਨ ਅਸਥਾਨ ਬਹੁਤ ਹੀ ਸੁੰਦਰ ਤੇ ਵਿਸ਼ਾਲ ਬਣਿਆ ਹੋਇਆ ਹੈ । ਗੁਰਦੁਆਰਾ ਸਾਹਿਬ ਤੋ ਬਾਹਰ ਇੱਕ ਸੁੰਦਰ ਸਰੋਵਰ ਕੋਲ ਬਹੁਤ ਸਾਰੇ ਕਮਰੇ, ਲੰਗਰ ਹਾਲ, ਖੂਹ ਟਿੰਡਾ ਵਾਲਾ, ਇੱਕ ਬਾਉਲੀ, ਇਹ ਸਭ ਸ਼ੈਆ ਇਸ ਪਾਵਨ ਅਸਥਾਨ ਦੀ ਇਮਾਰਤੀ ਸ਼ਾਨ ਵਿੱਚ ਵਾਧਾ ਕਰਦੀਆ ਹਨ । ਇਸ ਵੇਲੇ ਇਸ ਗੁਰਦੁਆਰੇ ਦੇ ਰਿਹਾਇਸ਼ੀ ਕਮਰਿਆ ਵਿੱਚ ਬਹੁਤ ਸਾਰੇ ਸ਼ਰਨਾਰਥੀ ਪਰਿਵਾਰ ਆਬਾਦ ਹਨ । ਇਸ ਦੇ ਨਾ ਆਸੇ ਪਾਸੇ ਦੇ ਪਿੰਡਾ ਵਿੱਚ ਬਹੁਤ ਸਾਰੀ ਜਾਗੀਰ ਹੈ । ੧੯੮੯ ਈ: ਵਿੱਚ ਪਾਕਿਸਤਾਨ ਸਰਕਾਰ ਨੇ ਇਸ ਥਾ ਦੀ ਸੇਵਾ ਕਰਵਾਈ । ਇਸ ਵਾਸਤੇ ਇਮਾਰਤ ਦੀ ਹਾਲਤ ਚੰਗੀ ਹੈ ।
੧੨ ਘੁਮਾਉ ਜ਼ਮੀਨ ਪਿੰਡ ਵੱਲੋ ਗੁਰਦੁਆਰੇ ਦੇ ਨਾ ਹੈ । ਪਹਿਲੀ ਕੱਤਕ ਨੂੰ ਮੇਲਾ ਜੁੜਦਾ ਸੀ ।

گردوارا نانک سر ٹبا ابھور' پاکپتن

ست گر نانک دیو جی دا ایہ پاون استھان پاکپتن عارف والا روڈ اُتے ٹبا ابھور اُتے ہے. ایس پنڈ نُوں جاون واسطے پاکپتن توں کوئی 30 کلومیٹر دی وتھ اتے رنگ شاہ نامی سٹاپ تے اتر کے تانگے اُتے بیٹھ ایس استھان اُپر جایا جا سکدا ہے. ایس پنڈ دا پورا ناں 1-E.B ٹبا ابھور ہے. ایہ پاون استھان بہت ہی وشال اتے سُندر بنیا ہویا ہے. گردوارا صاحب توں باہر اِک سُندر سروور کول بہت سارے کمرے لنگر ہال' کھوہ ٹنڈاں والا. اِک باؤلی ایہ سبھ شیواں ایس پاون استھان دی عمارتی شان وچ وادھا کردیاں ہن.

ایس ویلے ایس گردوارے دے رہائشی کمریاں وچ بہت سارے شرنارتھی پروار اباد ہن. ایس ناں آسے پاسے دے پنڈاں وچ بہت ساری جاگیر ہے. 1989 وچ پاکستان سرکار نے ایس استھان دی سیوا کروائی ایس واسطے عمارت دی حالت چنگی ہے. 12 گھماؤں زمین پنڈ ولوں گردوارے دے ناں ہے. پہلی کتیں نُوں میلا جُڑدا ی.

GURDWARA NANAKSAR AT TIBBA ABHOR, DISTRICT PAKPATTAN

This sacred shrine of Jagat Guru Dev Ji is on Tibba Abhor located on Pakpattan-Arifwala road. The village can be reached by getting off the bus at Rang Shah stop which is thirty kilometer from Pakpattan. From Rang Shah a Tonga can be hired. The official name of the village is Tibba Abhor 1 EB.

This sacred place is very big and beautifully built. A number of rooms, dining hall, a well with Persian wheel and a Baoli (deep well with steps) built by the beautiful tank outside Gurdwara at grace to the elevation of the building.

Many refugee families are settled in the rooms of the Gurdwara. A big Jagir is in the name of the Gurdwara is in the neighbouring villages. The building is in good condition as the Govt of Pakistan got it repaired in 1989. The viilage has given 12 ghumaon land to the Gurdwara. Once a fair used to be held on the 1st of Katak.



ਗੁਰਦੁਆਰਾ ਨਾਨਕਸਰ ਹੜੱਪਾ

ਹੜੱਪਾ ਜ਼ਿਲਾ ਸਾਹੀਵਾਲ (ਮਿੰਟਗੁਮਰੀ) ਦਾ ਇਲਾਕਾ ਬਹੁਤ ਪੁਰਾਤਨ ਸ਼ਹਿਰ ਹੈ । ਇਹ ਸ਼ਹਿਰ ਹਜ਼ਰਤ ਈਸਾ ਤੋ ਵੀ ਕਈ ਹਜ਼ਾਰ ਸਾਲ ਪਹਿਲਾ ਆਬਾਦ ਸੀ । ਫਿਰ ਕਿਸੇ ਰੱਬੀ ਆਫਤ ਜਾ ਬਾਹਰੀ ਹੱਲਿਆ ਕਾਰਨ ਥੇਹ ਹੋ ਗਿਆ । ਇੱਥੇ ਸੋਨੇ ਚਾਦੀ ਦੀਆ ਅਨੇਕ ਵਸਤਾ ਤੋ ਇਲਾਵਾ ਲਿਖਤੀ ਮੁਹਰਾ ਵੀ ਮਿਲੀਆ ਹਨ, ਜੋ ਪੜ੍ਹੀਆ ਨਹੀ ਜਾ ਸਕੀਆ । ਇਹਨਾ ਤੋ ਸਿੱਧ ਹੁੰਦਾ ਹੈ ਕਿ ਹਜ਼ਾਰਾ ਵਰ੍ਹੇ ਪਹਿਲਾ ਵੀ ਇਸ ਧਰਤੀ ਦੇ ਵਸਨੀਕ ਲਿਖਣਾ ਪੜ੍ਹਨਾ ਜਾਣਦੇ ਸਨ । ਇਸ ਥੇਹ ਤੋ ਦੱਖਣ ਵੱਲ ਕੋਈ ਸਵਾ ਕਿਲੋਮੀਟਰ ਦੀ ਵਿੱਥ ਉੱਤੇ ਰੁੱਖਾ ਦੇ ਸੰਘਣੇ ਝੁੰਡ ਅੰਦਰ ਸਤਿਗੁਰੂ ਨਾਨਕ ਦੇਵ ਜੀ ਦਾ ਪਵਿੱਤਰ ਅਸਥਾਨ "ਨਾਨਕਸਰ" ਆਪਣੀਆ ਸ਼ਾਨਾ ਵਿਖਾ ਰਿਹਾ ਹੈ । ਇਮਾਰਤ ਬਹੁਤ ਸੁੰਦਰ ਤੇ ਆਲੀਸ਼ਾਨ ਹੈ । ਪ੍ਰਕਾਸ਼ ਅਸਥਾਨ ਦੇ ਨੇੜੇ ਹੀ ਇੱਕ ਵਿਸ਼ਾਲ ਸਰੋਵਰ ਹੈ । ਕਦੇ ਇੱਥੇ ਪਹਿਲੀ, ਦੋ ਤੇ ਤਿੰਨ ਚੇਤਰ ਨੂੰ ਭਾਰੀ ਮੇਲਾ ਹੁੰਦਾ ਸੀ । ਇਸ ਵੇਲੇ ਇਹ ਪਾਵਨ ਅਸਥਾਨ ਗੌਰਮਿੰਟ ਕਾਲਜ ਹੜੱਪਾ ਦੀ ਇਮਾਰਤ ਕਰਕੇ ਜਾਣਿਆ ਜਾਦਾ ਹੈ । ਇਸ ਨਾਲ ਅਣਗਿਣਤ ਰਿਹਾਇਸ਼ੀ ਕਮਰੇ ਹਨ । ਖੂਹ ਤੇ ਇੱਕ ਵਿਸ਼ਾਲ ਬਾਗ ਤੋ ਇਲਾਵਾ ੧੦ ਘੁਮਾ ਜ਼ਮੀਨ ਤੇ ਬਹੁਤ ਸਾਰੀ ਜਾਗੀਰ ਇਸ ਦੇ ਨਾਮ ਹੈ ।

ਇਸ ਗੁਰਦੁਆਰੇ ਦੀ ਅਜੋਕੀ ਇਮਾਰਤ ਦੀ ਉਸਾਰੀ ੧੮ ਦਸੰਬਰ ੧੯੪੧ ਨੂੰ ਸ਼ੁਰੂ ਹੋਈ । ਨੀਂਹ ਪੱਥਰ ੧੦੮ ਸੰਤ ਸੰਗਤ ਸਿੰਘ ਜੀ ਮਹਾਰਾਜ ਕਮਾਲੀਆ ਨਿਵਾਸੀ ਨੇ ਆਪਣੇ ਕਰ ਕਮਲਾ ਨਾਲ ੪ ਪੋਹ, ਸੰਮਤ ੧੯੯੮ ਨਾਨਕ ਸ਼ਾਹੀ ਸੰਨ ੪੭੩ ਨੂੰ ਰੱਖਿਆ।

گردوارا نانک سر، ہڑپا

ہڑپا ضلع ساہیوال (منٹگمری) دا اِک بہُت ہی پراتن شہر ہے. ایہ شہر حضرت عیسیٰ توں وی کئی ہزار سال پہلوں اباد سی. فیر کسے ربی آفت یاں باہری ہلیاں کارن بھتیہ ہو گیا. ایتھوں سونے چاندی دیاں انیکاں شیواں توں اُپرنت لکھتی مُہراں وی ملیاں ہن جو پڑھیاں نہیں گئیاں. ایہناں توں سدھ ہوندا ہے کہ ہزاراں ورھے پہلوں وی ایس دھرتی دے وسنیک لکھنا پڑھنا جاندے سن. ایس بھتیہ توں دکھن ول کوئی سوا کلومیٹر دی وِتھ اُتے رُکھاں دے سنگھنے جھنڈاں وچ ست گر نانک دیو جی دا پوتر استھان "نانک سر" نامک اپنیاں شاناں وکھا رہیا ہے. عمارت بہُت ہی سُندر اتے عالی شان ہے. پرکاش استھان دے نیرت ہی اِک وشال سروور ہے. کدے ایتھے پہلی دو تے تِن چیت نُوں بھاری میلا ہوندا سی. ایس ویلے ایہ پاون استھان گورنمنٹ کالج ہڑپا دی عمارت کر کے جانیا جاندا ہے. ایس نال انگنت رہائشی کمرے ہن. کھوہ اتے اِک وِشال باغ توں وکھ 10 گھماؤں زمین توں وکھ بہُت ساری جاگیر وی ایس دے ناں ہے.


ایس گردوارے دی اجوکی عمارت دی اُساری 18 دسمبر 1941ء نُوں شروع ہوئی. نیئہ پتھر 108 سنت سنگت سنگھ جی مہاراج کمالیا نواسی نے اپنے پوتر کملاں نال 4 پوہ سمت 1998 نانک شاہی سن 473 نُوں رکھی.

GURDWARA NANAKSAR AT HARAPPA

Harappa is a very old city of district Sahiwal (Montgomery). This city flourished even thousands of years before Christ, later it became a ruin either due to some natural calamities or invasion from outsides. Gold and silver coins excavated from this place have inscription of different shapes but these inscription have not been deciphered to date. These inscriptions prove that the people of this land knew how to read and write thousands of years ago. The sacred shrine of Sat Gur Nanak Dev Ji called "Nanaksar" is displaying its grandeur in a grove of trees about 1.25 km south of the ruins. The building is grand and beautiful. There is a big tank near the Prakashasthan.

Once a big fair used to be held on the 1st, 2nd and 3rd of Chaiter. Presently this sacred place is known as the building of Government College, Harappa. There are many residing rooms attached to it. Ten ghumaon of agricultural land and a big estate stands in the name of shrine beside a well and a large garden.

The foundation stone of the shrine was laid by Sant Sangat Singh Ji Maharaj, a resident of Kamalia, on 4th of Poh, Samvat 1998 Nanak Shahi 473 and the construction began on the 18th of Dec. 1941 AD.



ਗੁਰਦੁਆਰਾ ਪਹਿਲੀ ਪਾਤਸ਼ਾਹੀ, ਚਾਵਲੀ ਮਸ਼ਾਇਖ, ਬੂਰੇਵਾਲਾ

ਇਹ ਪਾਵਨ ਅਸਥਾਨ ਜ਼ਿਲਾ ਵਿਹਾੜੀ ਦੀ ਤਹਿਸੀਲ ਬੂਰੇਵਾਲਾ ਤੋ ਸਾਹੋਕੀ ਜਾਣ ਵਾਲੀ ਸੜਕ ਉੱਤੇ ਚੱਕ ਨੰ EB-੩੧੭, ਜਿਹਨੂੰ ਚੱਕ ਦੀਵਾਨ ਸਾਹਿਬ ਚਾਵਲੀ ਮਸ਼ਾਇਖ ਜਾ ਚੱਕ ਹਾਜੀ ਸ਼ੇਰ ਵੀ ਆਖਿਆ ਜਾਦਾ ਹੈ, ਵਿੱਚ ਹੈ । ਰੇਲਵੇ ਸਟੇਸ਼ਨ ਬੂਰੇਵਾਲਾ ਤੋ ਸਾਹੋਕੀ ਜਾਣ ਵਾਲੀਆ ਬੱਸਾ ਇਸ ਪਿੰਡ ਵਿੱਚੋ ਜਾਦੀਆ ਹਨ । ਇਸ ਥਾ ਦੀਵਾਨ ਹਾਜੀ ਸ਼ੇਰ ਮੁਹੰਮਦ ਜੀ ਹੋਰਾ ਦਾ ਮਜ਼ਾਰ ਹੈ । ਇਹਨਾ ਦਾ ਨਾ ਪਹਿਲਾ "ਮਹਾ ਚਾਵਰ" ਸੀ ਤੇ ਇਹ ਚੂਣੀਆ ਦੇ ਰਾਜੇ ਮਹੀਪਾਲ ਤੇ ਰਾਣੀ ਚੂਣੀਆ ਦੇ ਪੁੱਤਰ ਸਨ । ਇਹਨਾ ਦੀ ਭੈਣ ਦਾ ਨਾ "ਕੰਗਣ ਬਰਸ" ਸੀ, ਜਿਹਦੇ ਨਾ ਉੱਤੇ ਜ਼ਿਲਾ ਕਸੂਰ ਅੰਦਰ ਪ੍ਰਸਿਧ ਕਸਬਾ ਕੰਗਣ ਪੁਰ ਅੱਜ ਵੀ ਆਬਾਦ ਹੈ । ੭੩੦ ਈ : ਦੇ ਨੇੜੇ ਤੇੜੇ ਇਹਨਾ ਇਸ ਦੁਨੀਆ ਤੋ ਪਰਦਾ ਕੀਤਾ । ਇਹਨਾ ਦੇ ਮਿਜ਼ਾਰ ਤੋ ਕੋਈ ਅੱਧਾ ਕਿਲੋਮੀਟਰ ਅੱਗੇ ਆਬਾਦੀ ਵਿੱਚ ਸਤਿਗੁਰੂ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਬਿਰਾਜਣ ਅਸਥਾਨ ਉੱਤੇ ਸੁੰਦਰ ਦਰਬਾਰ ਬਣਿਆ ਹੋਇਆ ਹੈ । ਇਸ ਅਸਥਾਨ ਨੂੰ ਸਾਧਾਰਨ ਲੋਕ ਅੱਜ ਵੀ "ਤਪ ਅਸਥਾਨ ਗੁਰੂ ਨਾਨਕ" ਕਹਿ ਕੇ ਯਾਦ ਕਰਦੇ ਹਨ । ਕਦੇ ਇੱਥੇ ਅਕਾਲੀ ਸੇਵਾਦਾਰ ਸਨ, ਹੁਣ ਇੱਕ ਮੁਸਲਮਾਨ ਪਰਿਵਾਰ ਸੇਵਾ ਨਿਭਾ ਰਿਹਾ ਹੈ ।

گردوارا پہلی پاتشاہی چاولی مشائخ، بورے والا

ایہ پاون استھان ضلع وہاڑی دی تحصیل بورے والا توں ساہوکی جان والی سڑک اُتے چک نمبر317/E.B (جنوں چک دیوان صاحب چاولی مشائخ یاں چک حاجی شیر وی آکھیا جاندا ہے) وچ ہے. ریلوے سٹیشن بورے والا توں ساہوکی جان والیاں بساں عام ایس پنڈ وچ جاندیاں ہن. ایس تھاں دیوان حاجی شیر محمد جی ہوراں دا مزار ہے. ایہناں دا پہلا ناں "مہاں چاور" سی تے ایہ چونیاں دے راجے مہی پال تے رانی چونیاں دے پُتر سن. ایہناں دی بھین دا ناں "کنگن برس" سی. جہدے ناں اُتے ضلع قصور اندر پرسدھ قصبا کنگن پور اج وی اباد ہے. 730ء دے نیڑے تیڑے ایہناں ایس دنیا توں پردا کیتا. ایہناں دے مزار توں کوئی ادھا کلومیٹر اگے ابادی وچ ست گر نانک دیو جی دے ویراجن استھان اُتے سُندر دربار بنیا ہویا ہے. ایس استھان نوں سدھارن لوک اج وی "تپ استھان گرونانک" کر کے یاد کردے ہن. کدے ایتھے اکالی سنگھ سیوادار سن ہ اِک مسلمان گھرانا سیوا نبھا رہیا ہے.

GURDWARA FIRST GURU AT CHAWLI MASHAEKH, BUREWALA

This holy shrine is located in Chak No. 317 EB, on the Burewala-Sahoki road. It is also known as Chak Diwan Sahib Chawli Mashaekh or Chak Haji Sher.

The buses going from Burewala Railway Station to Sahoki normally go to this village. The mazaar of Diwan Haji Sher Mohammad is in this village. His real name was Mahan Chavar. He was the son of Raja of Chunian, Mahi Pal and Rani Chunian. "Kangan Baras" was the name of his sister and the famous town of Kanganpur of Kasur district named after her exists even today. Mahan Chavar died around 730 AD. The Gurdwara of Guru Nanak Dev Ji is half a kilometer from the Mazaar of Mahan Chavar. The people call it "Tapasthan Guru Nanak" even now. Once Akali Singh sevadar (custodian) looked after the shrine but now a Muslim family is performing this duty.



ਗੁਰਦੁਆਰਾ ਮਖਦੂਮਪੁਰ ਪਹੋੜਾ (ਸਜਣ ਠੱਗ)

ਇਹ ਪਾਵਨ ਅਸਥਾਨ ਕਬੀਰਵਾਲਾ ਅਤੇ ਖਾਨੇਵਾਲ ਵਿਚਾਲੇ ਹੈ । ਇਸ ਨੂੰ ਜਾਣ ਵਾਸਤੇ ਖਾਨੇਵਾਲ ਤੋ ਰੇਲ ਕਬੀਰਵਾਲਾ ਅਤੇ ਮੀਆ ਚੰਨੂੰ ਤੋ ਬੱਸ ਨਿਕਲਦੀ ਹੈ । ਮਖਦੂਮਪੁਰ ਪਹੋੜਾ ਮੁਲਤਾਨ ਤੋ ਦਿੱਲੀ ਜਾਣ ਵਾਲੀ ਸ਼ੇਰ ਸ਼ਾਹ ਸੂਰੀ ਦੀ ਬਣਾਈ ਸੜਕ ਉੱਤੇ ਆਬਾਦ ਇੱਕ ਬਹੁਤ ਪ੍ਰਸਿੱਧ ਕਸਬਾ ਹੈ । ਇਸ ਕਸਬੇ ਤੋ ਥੋੜਾ ਦੂਰ ਤੁਲੰਬਾ ਹੈ ।

ਸਤਿਗੁਰੂ ਨਾਨਕ ਦੇਵ ਜੀ ਮਹਾਰਾਜ ਪਾਕਪਤਨ ਤੋ ਉੱਠ ਤੁਲੰਬੇ ਨੇੜੇ ਇਸ ਥਾ ਪੁੱਜੇ, ਜਿੱਥੇ ਪਾਧੀਆ ਦੇ ਠਹਿਰਨ ਵਾਸਤੇ ਸੱਜਣ ਅਤੇ ਕੱਜਣ ਦੋ ਚਾਚੇ ਭਤੀਜੇ ਨੇ ਸਰਾ ਦੇ ਨਾ ਉੱਤੇ ਮਕਾਰੀ ਦਾ ਜਾਲ ਖਲਾਰਿਆ ਹੋਇਆ ਸੀ । ਉਹ ਮੁਸਾਫਰਾ ਦਾ ਧਨ ਉਹਨਾ ਦੇ ਪ੍ਾਣਾ ਸਮੇਤ ਲੈਦਾ । ਉਸ ਨੇ ਸਤਿਗੁਰੂ ਨਾਨਕ ਦੇਵ ਜੀ ਨੂੰ ਵੀ ਫਸਾਉਣ ਦਾ ਚਾਰਾ ਕੀਤਾ ਪਰ ਅਸਫਲ ਰਿਹਾ । ਇੱਥੇ ਸਤਿਗੁਰੂ ਨਾਨਕ ਦੇਵ ਜੀ ਨੇ ਜੋ ਸ਼ਬਦ ਉਚਾਰਿਆ, ਉਹ ਇਹ ਸੀ :

ਉਜਲੁ ਕੈਹਾ ਚਿਲਕਣਾ ਘੋਟਿਮ, ਕਾਲੜੀ ਮਸ ॥
ਧੋਤਿਆ ਜੂਠਿ ਨ ਉਤਰੈ ਜੇ ਸਉ ਧੋਵਾ ਤਿਸ ॥ (ਸੂਹੀ ਮ: ੧, ਪੰਨਾ ੭੨੯)

ਇਹ ਸ਼ਬਦ ਸੁਣ ਕੇ ਸੱਜਣ ਠੱਗ ਤੋ ਗੁਰ ਸੱਜਣ ਹੋ ਨਿੱਬੜਿਆ । ਇਸ ਘਟਨਾ ਦੀ ਯਾਦ ਵਿੱਚ ਸੱਜਣ ਦੀ ਸਰਾ ਨੂੰ ਗੁਰਦੁਆਰੇ ਦਾ ਰੂਪ ਦੇ ਦਿੱਤਾ ਗਿਆ । ਇਹ ਅਸਥਾਨ ਬਹੁਤ ਸੁੰਦਰ ਬਣਿਆ ਹੋਇਆ ਹੈ । ਕੋਈ ਦੋ ਘੁਮਾ ਵਿੱਚ ਇਸ ਦੀ ਚਾਰ ਦੀਵਾਰੀ ਹੈ । ਉਸ ਦੇ ਵਿਚਾਲੇ ਗੁਰ ਅਸਥਾਨ ਹੈ । ਇਸ ਦੇ ਪੱਛਮ ਵੱਲ ਵਿਸ਼ਾਲ ਸਰੋਵਰ ਸੀ, ਜੋ ਹੁਣ ਪੂਰ ਦਿੱਤਾ ਗਿਆ ਹੈ । ਸੰਗਤ ਦੇ ਠਹਿਰਨ ਵਾਸਤੇ ਚਾਰ ਦੀਵਾਰੀ ਦੇ ਨਾਲ ਨਾਲ ਕਮਰੇ ਬਣੇ ਹੋਏ ਹਨ । ਹਰ ਪਾਸੇ ਹਰੇ ਭਰੇ ਰੁੱਖ, ਫੁੱਲਦਾਰ ਵੇਲਾ, ਗੁਲਾਬ, ਚੰਬੇਲੀ, ਰਵੇਲ ਤੇ ਹੋਰ ਅਨੇਕਾ ਪ੍ਕਾਰ ਦੇ ਫੁੱਲ

گردوارا مخدوم پور پہوڑاں (سجن ٹھگ)

ایہ پاون گرو استھان کبیر والا اتے خانیوال وچالے ہے. ایس نُوں جان واسطے خانیوال توں ریل کبیر والا اتے میاں چنوں توں بس ملدی ہے. مخدوم پور پہوڑاں ملتان توں دلی جان والی شیر شاہ سوری دی بنائی سڑک اُتے اباد اِک بہُت ہی پرسدھ قصبا ہے. ایس قصبے توں تھوڑا دُور تلنبا ہے.

ست گر نانک دیو جی مہاراج پاکپتن توں اُٹھ تلنبے نیڑے ایس تھاں پجے جتھے پاندھیاں دے ٹھہرن واسطے سجن اتے کجن دو چاچے بھتیجے سراں دے ناں اُتے مکر دا جال پھیلایا ہویا سی. اوہ مسافراں دا دھن اوہناں دے پراناں سمیت لیندا. اوس ست گر نانک دیو جی نوں وی پھساون دا چارا کیتا پر اسپھل رہیا. ایتھے ست گر نانک دیو جی جو شبد اچاریا اوہ سی.

ایہ شبد سُن سجن ٹھگ توں گر سجن ہو نبڑیا. ایس گھٹنا دی یاد وچ سجن دی سراں نُوں گردوارے دا روپ دے دِتا گیا. ایہ استھان بہُت سُندر بنْیا ہویا ہے.

GURDWARA FIRST GURU AT MAKHDOOM PUR PAHURAN DISTT, KHANEWAL

This holy shrine is located between Kabirwala and Khanewal. One can get a train from Khanewal and a bus from Kabirwala or Mian Channu to reach this place. Makhdoom Pur Pahuran is a well known town on the Multan-Delhi road built by Sher Shah Suri. The town of Tulamba is at a very short distance from Makhdoom Pur Pahuran.

Sat Gur Nanak Dev Ji set out from Pakpattan and reached a place near Tulamba where Sajjan and Gajjan (uncle and nephew) had set up a trap in the form of a caravan inn. They used to rob and kill the travellers. They made an attempt to trap Guru Nanak Dev Ji but failed. Sat Gur Nanak Dev Ji created this Shabd here.

Bronze is bright and shiny, but when it is rubbed, its blackness appears. Washing it, its impurity is not removed, even if it is washed a hundred times.

Hearing this Shabd Sajjan, a cut throat, became a friend of Guru. Sajjan's inn was converted into a Gurdwara to commemorate this event. This place is beautifully built. Its boundary runs around in area of two ghumaon with Gurasthan at its centre. There used to be a big tank west of it which has now been levelled. Rooms for the stay of Sangat have been built along the boundary wall. There are green trees, flowery creepers, rose, jasmine and other plants whose flowers blossom all around .



ਆਪਣੀ ਬਹਾਰ ਦਿਖਾਉਂਦੇ ਹਨ । ਇਸ ਸਮੇ ਇਸ ਇਮਾਰਤ ਅੰਦਰ ਗੌਰਮਿੰਟ ਹਾਇਰ ਸੈਕੰਡਰੀ ਸਕੂਲ ਹੈ ਜੋ ਬੇਨੂਰਿਆ ਨੂੰ ਨੂਰ ਵਰਤਾ ਰਿਹਾ ਹੈ ।

ਸਤਿਗੁਰੂ ਸ੍ਰੀ ਗੁਰੂ ਹਰਿਰਾਏ ਸਾਹਿਬ ਜੀ ਦਾ ਸਿੱਖ ਭਾਈ ਜੋਧ ਸਿੰਘ ਵੀ ਇਸੇ ਪਿੰਡ ਦਾ ਵਾਸੀ ਸੀ । ਉਸ ਦੀ ਔਲਾਦ ਨੇ ਸੰਮਤ ੧੯੭੦ ਵਿੱਚ ਸੁੰਦਰ ਗੁਰਦੁਆਰਾ ਬਣਵਾਇਆ । ਗੁਰਦੁਆਰੇ ਦੇ ਨਾਮ ੧੦ ਮੁਰੱਬੇ ਜ਼ਮੀਨ ਹੈ ।

کوئی دو گھماواں وچ ایس دی چار دیواری ہے. اوس دے وچالے گر استھان ہے. ایس دے پچھم ول وشال سرودر سی جو ہُن پور دِتا گیا ہے. سنگت دے ٹھہرن واسطے کمرے چار دیواری دے نال نال بنے ہوئے ہن. ہرپاسے ہرے بھرے رکھ' پھُل دار ویلاں' گلاب' چنبیلی' رویل تے ہور انیکاں پرکار دے پھُل اپنی بہار وکھاوندے ہن. ایس سمے ایس عمارت اندر گورنمنٹ ہائر سکینڈری سکول ہے. جو بے نُوریاں نوں نُور ورتا رہیا ہے.

ست گر ہر رائے جی صاحب دا سکھ بھائی جودھ سنگھ وی ایسے پنڈ دا واسی سی اوس دی اولاد نے سمت 1970ء وچ سُندر گردوارا بنوایا. گردوارے دے ناؤں 20 مربعے زمین ہے. وساکھی لگدی سی.

At present Govt Higher Secondary School is housed in this building which enlighten the ignorant.

Bhai Judh Singh, disciple of Sat Guru Har Rai Ji was a resident of this village. This new and beautiful Gurdwara was built by one of his descendants in Samvat 1970. 20 squares of land is endowed to the shrine. Visakhi fair is held.



ਗੁਰਦੁਆਰਾ ਥੜਾ ਸਾਹਿਬ, ਮੁਲਤਾਨ

ਇਹ ਪਾਵਨ ਅਸਥਾਨ ਸ਼ਾਹ ਸ਼ਮਸ ਰੋਡ ਉੱਤੇ ਹਜ਼ਰਤ ਸ਼ਾਹ ਸ਼ਮਸ ਸਬਜ਼ਵਾਰੀ ਹੋਰਾਂ ਦੇ ਮਜ਼ਾਰ ਦੇ ਬਰਾਮਦੇ ਵਿੱਚ ਹੈ । ਮੁਲਤਾਨ ਸ਼ਹਿਰ ਅੰਦਰ ਦੌਲਤ ਦਰਵਾਜ਼ੇ ਦਾ ਚੌਕ ਪਾਰ ਕਰਦਿਆਂ ਹੀ ਇੱਕ ਬਹੁਤ ਉੱਚੀ ਅੰਬਰਾਂ ਨੂੰ ਛੂੰਹਦੀ ਇੱਕ ਇਮਾਰਤ ਨਜ਼ਰ ਆਉਂਦੀ ਹੈ, ਇਹ ਸ਼ਾਹ ਸ਼ਮਸ ਜੀ ਦਾ ਮਜ਼ਾਰ ਹੈ । ਸਤਿਗੁਰੂ ਜਦੋਂ ਮੁਲਤਾਨ ਆਏ ਤਾਂ ਸ਼ਹਿਰ ਤੋਂ ਬਾਹਰ ਹੀ ਆਪ ਜੀ ਨੇ ਮੁਕਾਮ ਕੀਤਾ । ਇੱਥੇ ਹੀ ਸ਼ਾਹ ਰੁਕਨੇ ਆਲਮ ਹੋਰਾਂ ਆਪ ਦੀ ਸੇਵਾ ਵਿੱਚ ਦੁੱਧ ਦਾ ਭਰਿਆ ਇੱਕ ਗਿਲਾਸ ਭੇਜਿਆ ਜਿਹਦਾ ਮਤਲਬ ਸੀ ਕਿ ਇੱਥੇ ਤਾਂ ਪਹਿਲੋਂ ਹੀ ਬੜੀ ਭੀੜ ਹੈ । ਸਤਿਗੁਰਾਂ ਨੇ ਉਸ ਦੁੱਧ ਦੇ ਪਿਆਲੇ ਵਿੱਚ ਫੁੱਲ ਦੀ ਇੱਕ ਪੱਤੀ ਰੱਖ ਕੇ ਮੋੜ ਦਿੱਤਾ, ਜਿਹਦਾ ਮਤਲਬ ਸੀ ਕਿ ਜਿਵੇਂ ਇਹ ਫੁੱਲ ਭਰੇ ਗਲਾਸ ਵਿੱਚ ਸਮਾ ਗਿਆ ਹੈ, ਬੱਸ ਇਸ ਤਰਾ ਅਸੀਂ ਵੀ ਥਾਂ ਬਣਾ ਲਵਾਂਗੇ । ਇੱਥੇ ਹੀ ਆਪ ਜੀ ਨੇ ਮੁਲਤਾਨ ਦੇ ਉਸ ਵੇਲੇ ਦੇ ਅਨੇਕਾਂ ਪੀਰਾਂ ਨਾਲ ਗੋਸ਼ਟੀ ਕੀਤੀ ।

ਇਸ ਥਾਂ ਅੱਜ ਤੱਕ ਕੋਈ ਗੁਰਦੁਆਰਾ ਸਾਹਿਬ ਦੀ ਵੱਖਰੀ ਇਮਾਰਤ ਨਹੀਂ, ਇਸ ਮਜ਼ਾਰ ਦੇ ਬਰਾਂਡੇ ਵਿੱਚ ਹੀ ਥੜਾ ਸਾਹਿਬ ਹੈ । ਮਹਾਰਾਜਾ ਰਣਜੀਤ ਸਿੰਘ ਸਮੇ ਇਸ ਬਰਾਮਦੇ ਵਿੱਚ ਹੀ ਪ੍ਰਕਾਸ਼ ਹੁੰਦਾ ਰਿਹਾ । ੧੮੫੦ ਨੂੰ ਅੰਗਰੇਜ਼ਾਂ ਨੇ ਇਹ ਪ੍ਰਕਾਸ਼ ਬੰਦ ਕਰਵਾ ਦਿੱਤਾ । ਇਹ ਬਰਾਮਦਾ ਅੱਜ ਵੀ ਜਗਤ ਗੁਰੂ ਜੀ ਦੇ ਮੁਲਤਾਨ ਆਉਣ ਦੀ ਯਾਦਗਾਰ ਵਜੋਂ ਕਾਇਮ ਹੈ ।

گردوارا تھڑا صاحب ملتان

ایہ پاون استھان شاہ شمس روڈ اُتے حضرت شاہ شمس سبزواری ہوراں دے مزار دے برآمدے وچ اے. ملتان شہر اندر دولت دروازے دا چوک پار کردیاں ہی اِک بہُت اُچی انبراں نوں چھوہندی عمارت نظر آوندی ہے. ایہ شاہ شمس جی دا مزار اے.
ست گرو جدوں ملتان آئے تاں شہرتوں باہر ہی آپ نے مقام کیتا. ایتھے ہی حضرت شاہ رکن عالم ہوراں آپ دی سیوا وچ دُدھ دا بھریا اِک گلاس بھیجیا. جہدا مطلب سی کہ ایتھے تاں پہلوں بہت بھیڑ اے. ست گراں اوس دُدھ دے گلاس اُتے پھُل دی اِک پتی رکھ کے موڑ دتا جہدا مطلب سی کہ جویں ایہ پھُل بھرے گلاس وچ سما گیا اے بس ایسے ہی طرحاں اسیں وی تھاں بنالاں گے.
ایتھے ہی آپ نے ملتان دے اوس ویلے دے انیکاں پیراں نال گوشٹی کیتی.
اوس تھاں اج تیکر کوئی گردوارا صاحب دی وکھری عمارت نہیں. ایس مزار دے برآمدے وچ ہی تھڑا صاحب ہے. مہاراجا رنجیت سنگھ سمے ایس برآمدے وچ ہی پرکاش ہوندا رہیا. 1850 نوں انگریزاں نے ایہ پرکاش بند کروا دتا. ایہ برآمدا اج وی جگت گرو جی دے ملتان آون دی یادگار وجھوں قایم اے.


GURDWARA THARA SAHIB AT MULTAN

This holy shrine is located in the corridor of the tomb of Shah Shams Sabzwari on Shah Shams road .

A beautiful building touching the sky is visible just after crossing the Daulat Gate Chowk in Multan City. This is the tomb of Shah Shams Ji. Jagat Guru stayed outside the city when he came to Multan. It was here that Shah Rukne Alam sent him a glass of milk filled to the brim which meant that Multan was already over crowded. Guru Dev sent back the same glass of milk after placing a flower petal on top, conveying to him that he would accommodate himself similarly as the flower petal had made room for itself in the glass filled with milk.

He had discussions with different mystics and learned personalities of the area. There is no separate Gurdwara at that place but for the Thara Sahib in the corridor of the Mazar. Prakash used to take place during the rule of Maharaja Ranjit Singh but during the British rule the same was discontinued in 1850 AD.

This corridor still exists as a monument of the arrival of Jagat Guru Ji in Multan.



ਗੁਰਦੁਆਰਾ ਥੜਾ ਸਾਹਿਬ, ਉਚ ਸ਼ਰੀਫ, ਜ਼ਿਲਾ ਬਹਾਵਲਪੁਰ

ਉੱਚ ਸ਼ਰੀਫ ਇੱਕ ਬਹੁਤ ਮਸ਼ਹੂਰ ਸ਼ਹਿਰ ਹੈ । ਇਸ ਦਾ ਜ਼ਿਲਾ ਬਹਾਵਲਪੁਰ ਤੇ ਤਹਿਸੀਲ ਅਹਿਮਦਪੁਰ ਸ਼ਰਕੀਆ ਹੈ । ਇਸ ਸ਼ਹਿਰ ਤੋਂ ਬਾਹਰ ਪੱਛਮ ਦੀ ਬਾਹੀ ਕੋਈ ਇੱਕ ਕਿਲੋਮੀਟਰ ਦੀ ਵਿੱਥ, ਹਜ਼ਰਤ ਪੀਰ ਜਲਾਲੁਦੀਨ ਬੁਖਾਰੀ ਜੀ ਦਾ ਮਜ਼ਾਰ ਹੈ । ਇਹ ਮਿਜ਼ਾਰ ਇੱਕ ਟਿੱਬੇ ਉੱਤੇ ਹੈ । ਜਨੂਬ ਉੱਤਰ ਵਾਲੀ ਬਾਹੀ ਤੇ ਖੇਤਾਂ ਵਿੱਚ ਇੱਕ ਖੂਹ ਹੈ । ਜਿਸ ਨੂੰ ਸਤਿਗੁਰ ਨਾਨਕ ਦੇਵ ਜੀ ਦਾ ਖੂਹ ਜਾਂ ਆਮ ਕਰਕੇ ਕਰਾੜੀ ਦਾ ਖੂਹ ਕਿਹਾ ਜਾਦਾ ਹੈ ।

ਇੱਥੇ ਸਤਿਗੁਰ ਨਾਨਕ ਦੇਵ ਜੀ ਦੀਆ ਪੰਜ ਯਾਦਗਾਰਾਂ ਪੀਰਾਂ ਦੀ ਸੰਤਾਨ ਪਾਸ ਦੱਸੀਆਂ ਜਾਦੀਆਂ ਹਨ :

(੧) ਇੱਕ ਜੋੜਾ ਮਹਾਰਾਜ ਦੀਆ ਖੜਾਵਾਂ
(੨) ਇੱਕ ਬੇਰਾਗਣ, ਜਿਸ ਉੱਤੇ ਹੱਥ ਰੱਖ ਕੇ ਆਰਾਮ ਕਰੀਦਾ ਹੈ
(੩) ਪੱਥਰ ਦਾ ਇੱਕ ਗੁਰਜ
(੪) ਦੋ ਪੱਥਰ ਦੇ ਕੜੇ
(੫) ਇੱਕ ਬੇੜੀ ਜੋ ਡੇਢ ਫੁੱਟ ਲੰਬੀ ਤੇ ਇੱਕ ਫੁੱਟ ਚੌੜੀ ਹੈ ।

ਇੱਥੇ ਹੀ ਆਪ ਜੀ ਨੇ ਪੀਰਾਂ ਨਾਲ ਗੋਸ਼ਟੀ ਕੀਤੀ ਅਤੇ ਇੱਥੇ ਇਹ ਸ਼ਬਦ ਉਚਾਰਿਆ :

ਦੁਨੀਆ ਕੈਸ ਮੁਕਾਮੇ (ਸ੍ਰੀ ਰਾਗ ਅਸਟਪਦੀਆ ਮ: ੧ ਪੰਨਾ ੬੪)

گردوارا تھڑا صاحب اُچ شریف ضلع بہاولپور

اُچ شریف اِک بہت ہی مشہور شہر ہے. اس دا ضلع بہاولپور تے تحصیل احمد پور شرقیا ہے. اس شہر توں باہر پچھم دی باہی کوئی اِک کلو میٹر دی وِتھ اتے حضرت پیر جلال الدین بخاری جی دا مزار ہے. ایہ مزار اِک ٹبے اُتے ہے. جنوب اُتر والی باہی کھیتاں وچ اِک کھوہ ہے. جس نوں ست گرو نانک دیو جی دا کھوہ یاں عام کرکے کراڑی دا کھوہ وی آکھیا جاندا اے.

ایتھے ست گر نانک دیو جی دیاں پنج یادگاراں پیراں دی سنتان پاس دسیاں جاندیاں ہن.

1. اِک جوڑا مہاراج دیاں کھڑاواں.
2. اِک بیراگن (جس اُتے ہتھ رکھ کے آرام کری دا اے)
3. پتھر دا اِک گرز.
4. دو پتھر دے کڑے.
5. اِک بیڑی جو ڈیڈھ فٹ لمی تے اِک فٹ چوڑی اے. ایتھے آپ نے پیراں نال گوشٹی کیتی اتے ایتھے ای ایہ شبد اُچاریا.

ڈنیا کیس مقامے..... (سری راگ اشٹ پدیاں' محلا پہلا پنا 64)

GURDWARA THARA SAHIB AT UCH SHARIF DISTRICT BAHAWALPUR

Uch Sahrif is a very famous town. It is in tehsil Ahmedpur Sharqia of district Bahawalpur. The mazar (tomb) of Pir Jalauddin Bukhari is outside the town about 1 km west of it. This tomb is built on a mound. There is a well in the fields on the northern side of the city which is known as Sat Guru Nanak Dev Ji's well or commonly called as Karrare Da Khoh.

It is said that the descendants of the Pirs have five relics of Sat Gur Nanak Dev Ji.

(1) A pair of Sat Gur's Kharawan (wooden sandals) (2) Biragan (walking stick which is used to place one's hand while taking rest) (3) Pathther Ka Guraj (mace) (4) 2 Stone Kangan (bracelet) (5) A boat 1.5 ft x 1 ft.

He had discourses with the local pirs and revealed this Shabd.

(Siri Rag Astha Padya M-1 Page 64)



ਗੁਰਦੁਆਰਾ ਪਹਿਲੀ ਪਾਤਸ਼ਾਹੀ, ਸ਼ਿਕਾਰਪੁਰ, ਜ਼ਿਲਾ ਸੱਖਰ

ਸ਼ਿਕਾਰਪੁਰ ਜ਼ਿਲਾ ਸੱਖਰ ਦਾ ਇੱਕ ਬਹੁਤ ਵੱਡਾ ਨਗਰ ਹੈ । ਇਸ ਅੰਦਰ ਸਤਿਗੁਰੂ ਨਾਨਕ ਦੇਵ ਜੀ ਦਾ ਪਾਵਨ ਅਸਥਾਨ ਹੈ । ਇਸ ਅਸਥਾਨ ਨੂੰ ਸਿੰਧੀ ਵਿੱਚ " ਪੂਜ ਉਦਾਸੀਅਨ ਸਮਾਧਾਂ ਆਸਰਮ " ਆਖਿਆ ਜਾਂਦਾ ਹੈ ।

ਇਹ ਬਹੁਤ ਹੀ ਵੱਡਾ ਅਸਥਾਨ ਹੈ ਇਸ ਦੇ ਅੰਦਰ ਬੋਹੜ ਦਾ ਉਹ ਬ੍ਰਿਛ ਅੱਜ ਤੱਕ ਮੌਜੂਦ ਹੈ, ਜਿਸ ਥੱਲੇ ਜਗਤ ਗੁਰੂ ਨਾਨਕ ਦੇਵ ਜੀ ਬਿਰਾਜੇ । ਅਸਥਾਨ ਦੇ ਨਾਲ ਉਦਾਸੀਆਂ ਦੀਆਂ ਸਮਾਧੀਆਂ ਹਨ ।

ਇਥੇ ਸ੍ਰੀ ਗੁਰੂ ਗਰੰਥ ਸਾਹਿਬ ਜੀ ਦਾ ਪ੍ਰਕਾਸ਼ ਹੁੰਦਾ ਹੈ ।

گردوارا پہلی پاتشاہی شکار پور ضلع سکھر

شکار پور ضلع سکھر دا اِک بہت وڈا نگر ہے. اس اندر ست گر نانک دیو جی دا پاون استھان ہے. اس استھان نوں ہُن سندھی وچ "پوج اُداسین سمادا آشرم" آکھیا جاندا ہے. ایہ اِک بہت ہی وڈا استھان ہے. اس اندر بوڑھ دا اوہ بِرچھ اج تیکر موجود ہے جس تھلے جگت گرو نانک دیو جی براجے ایتھے ہر روز گرو گرنتھ جی صاحب دا پرکاش ہوندا ہے. پرکاش استھان دے نال اُداسیاں دیاں سمادھیاں ہن ایہناں سمادھیاں اُتے لکڑی دی اِک بارھاں دری بنی ہوئی ہے. جس اُتے لال رنگ کیتا ہویا اے. ایہناں سمادھیاں کارن ہی اس نوں سمادھ آشرم آکھیا جاندا ہے. سنگت نانک پنتھی ہے. گرو کا لنگر ہر ویلے تریا رہندا ہے.

GURDWARA FIRST GURU AT SHIKARPUR DISTRICT SUKKUR.

Shikarpur is a very big town of Sukkur district. There is a sacred shrine of Sat Guru Nanak Dev Ji in this town. In Sindhi language it is known as "Puj Udasian Samadha Ashram". It is a very big shrine and in the shade of the Banyan tree Sat Guru Dev Ji is still there.

Prakash of Guru Garanth Sahib Ji takes place daily. There are the samadhs of Udasis besides the Prakashasthan. A wooden baradari is built on these samadhs and has been painted red. It is because of these samadhs that the place is known as Samadh Ashram. The Sangat is Nanakpanthi. The Langar is distributed round the clock.


Puj Udasin Smadha Ashsem

ਗੁਰਦੁਆਰਾ ਪਹਿਲੀ ਪਾਤਿਸ਼ਾਹੀ, ਜਿੰਦ ਪੀਰ ਸੱਖਰ

ਸੱਖਰ ਸਿੰਧ ਪ੍ਰਾਂਤ ਦਾ ਪ੍ਰਸਿੱਧ ਨਗਰ ਹੈ । ਇਹ ਸ਼ਹਿਰ ਲਾਹੌਰ ਕਰਾਚੀ ਮੇਨ ਲਾਈਨ ਉੱਤੇ ਹੈ, ਇਸ ਦੇ ਰੇਲਵੇ ਸਟੇਸ਼ਨ ਨੂੰ ਰੋਹੜੀ ਆਖਿਆ ਜਾਂਦਾ ਹੈ ।

ਰੋਹੜੀ ਅਤੇ ਸੱਖਰ ਨੂੰ ਮਿਲਾਉਣ ਵਾਲਾ ਸਿੰਧ ਦਰਿਆ ਦਾ ਪੁਲ ਪਾਰ ਕਰਦਿਆਂ ਸੱਜੇ ਹੱਥ ਇਕ ਸੜਕ ਥੱਲੇ ਉਤਰਦੀ ਹੈ । ਇਹ ਸੜਕ ਦਰਿਆ ਅਤੇ ਪੁਲ ਦੇ ਨਾਲ ਨਾਲ ਘੁੰਮਦੀ ਹੋਈ ਗੁਰਦੁਆਰਾ ਜਿੰਦ ਪੀਰ ਤੇ ਅੱਪੜ ਜਾਂਦੀ ਹੈ । ਇਹ ਇੱਕ ਬਹੁਤ ਹੀ ਸੁੰਦਰ ਗੁਰਦੁਆਰਾ ਹੈ । ਇਥੇ ਗੁਰੂ ਨਾਨਕ ਦੇਵ ਜੀ ਆਪਣੀ ਤੀਸਰੀ ਉਦਾਸੀ ਸਮੇਂ ਬਿਰਾਜੇ ਸਨ । ਇੱਥੋਂ ਉੱਠ ਕੇ ਹੀ ਆਪ ਸਿੰਧ ਦਰਿਆ ਦੇ ਟਾਪੂ ਅੰਦਰ ਸਾਧੂਆਂ ਦੇ ਬੇਲੇ ਪੁੱਜੇ । ਝੂਲੇ ਲਾਲ ਨਾਮੀ ਉਦਾਸੀ ਸਾਧੂ ਇੱਥੋਂ ਦਾ ਪਹਿਲਾ ਪੁਜਾਰੀ ਸੀ । ਇਸ ਵੇਲੇ ਇਹ ਅਸਥਾਨ ਨਾਨਕ ਪੰਥੀ ਹਿੰਦੂਆਂ ਪਾਸ ਹੈ । ਗੁਰੂ ਗਰੰਥ ਸਾਹਿਬ ਜੀ ਦਾ ਪ੍ਰਕਾਸ਼ ਵੀ ਹੁੰਦਾ ਹੈ ਤੇ ਮੂਰਤੀਆਂ ਵੀ ਪੂਜੀਆਂ ਜਾਦੀਆਂ ਹਨ । ਗੁਰੂ ਸਾਹਿਬ ਦੀ ਜਗਾਈ ਇੱਕ ਜੋਤ ਹਰ ਵੇਲੇ ਜਗਦੀ ਰਹਿੰਦੀ ਹੈ ਜਿਹਨੂੰ ਸ਼ਰਧਾਲੂ ਮੱਥਾ ਟੇਕਦੇ ਹਨ ।

گردوارا پہلی پاتشاہی جِند پیر، سکھر

سکھر سندھ پرانت دا پرسدھ نگر ہے. ایہ شہرلاہور کراچی مین لائن اُتے ہے. ایس دے ریلوے سٹیشن نُوں روہڑی آکھیا جاندا ہے.

روہڑی اتے سکھر نوں ملان والا سندھ دریا دا پُل پار کردیاں سجے ہتھ اِک سڑک تھلے اُتردی ہے. ایہ سڑک دریا اتے پُل دے نال نال گردوارا جِند پیر تے اپڑ جاندی ہے. ایہ اِک بہُت ہی سُندر گردوارا ہے. ایتھے ست گر نانک دیو جی اپنی تیجی اُداسی سے دیراجے ایتھوں اُٹھ کے ہی آپ سندھ دریا دے ٹاپو اندر سادھواں دے بیلے پُجے. جھولے لال نامی اداسی سادھو ایتھوں دا پہلا پجاری سی. ایس ویلے ایہ پاون استھان نانک پنتھی ہندوواں پاس ہے. گرو گرنتھ صاحب جی دا پرکاش وی ہوندا ہے اتے مورتیاں وی پوجیاں جاندیاں ہن. گرو صاحب دی جگائی اِک جوت ہر ویلے جگدی رہندی ہے. جِنہوں شردھالو متھا ٹیکدے ہن.

GURDWARA FIRST GURU JIND PIR, SUKKUR

Sukkur is a famous city of Sindh province. It is located on the Lahore-Karachi railway line. The railway station serving this city is called Rohri and a bridge built across the River Indus links the towns of Sukkur and Rohri. Just after crossing the bridge a road goes down at right hand. This road keeps turning along the bridge and reaches Gurdwara Jind Pir. It is a very beautiful Gurdwara. Sat Guru Nanak Dev Ji had graced this place during his third itinerary. It was from here that he visited Sadhu Bela, an islet in the river Indus. Jhulay Lal Udasi sadhu was its first priest. The shrine is in the possession of Nankpanthi Hindus. Prakash of Guru Granth Sahib takes place and the idols are also worshipped here. A lamp lit by the Guru Dev Ji is kept burning round the clock. The pilgrims prostrate before this lamp.



ਗੁਰਦੁਆਰਾ ਸਾਧੂ ਬੇਲਾ (ਸੱਖਰ, ਸਿੰਧ)

ਇਹ ਪਾਵਨ ਅਸਥਾਨ ਰੋਹੜੀ ਅਤੇ ਸੱਖਰ ਸ਼ਹਿਰਾਂ ਵਿਚਾਲੇ ਵਗਣ ਵਾਲੇ ਸਿੰਧ ਦਰਿਆ ਦੇ ਟਾਪੂ ਵਿੱਚ ਹੈ। ਰੋਹੜੀ ਵਾਲਾ ਪੁੱਲ ਪਾਰ ਕਰ ਕੇ ਦਰਿਆ ਦੇ ਵਹਿਣ ਦੇ ਨਾਲ ਨਾਲ ਸੜਕ ਸਖਰ ਨੂੰ ਜਾਂਦੀ ਹੈ। ਇਸ ਸੜਕ ਤੋਂ ਚਲਦਿਆਂ ਤੁਹਾਡੇ ਖੱਬੇ ਹੱਥ ਉੱਤੇ ਟਾਪੂ ਅੰਦਰ ਬਿਰਛਾਂ ਦੇ ਝੁੰਡ ਵਿੱਚ ਇਕ ਬਹੁਤ ਹੀ ਵੱਡੀ ਅਤੇ ਵਿਸ਼ਾਲ ਇਮਾਰਤ ਵਿਖਾਈ ਦੇਂਦੀ ਹੈ। ਇਹ ਹੀ ਪਾਵਨ ਅਸਥਾਨ ਸਾਧੂ ਬੇਲਾ ਹੈ। ਇਸ ਤੀਕ ਅਪੜਣ ਵਾਸਤੇ ਤੁਹਾਨੂੰ ਬੇੜੀ ਰਾਹੀਂ ਜਾਣਾ ਪੈਂਦਾ ਹੈ। ਬੇੜੀ ਇਸ ਅਸਥਾਨ ਦੇ ਮੁੱਖ ਦੁਆਰ ਜਾ ਲਗਦੀ ਹੈ। ਦਰਸ਼ਨੀ ਡਿਉੜ੍ਹੀ ਵਿਚ ਵੜਦਿਆਂ ਖੱਬੇ ਹੱਥ ਉੱਤੇ ਸੰਗ ਮਰਮਰ ਦੀ ਇਕ ਸੁੰਦਰ ਇਮਾਰਤ ਹੈ। ਇਹ ਹੀ ਉਹ ਪਾਵਨ ਅਸਥਾਨ ਹੈ ਜਿਥੇ ਸਤਿ ਗੁਰ ਨਾਨਕ ਦੇਵ ਜੀ ਮਹਾਰਾਜ ਵਿਰਾਜੇ ਸਨ। ਇਥੇ ਹੀ ਆਪ ਨੇ ਸਾਧਾਂ ਨੂੰ ਜ਼ਿੰਦਗੀ ਜੀਵਣ ਦਾ ਰਾਹ ਦਰਸਾਇਆ ਹੈ।

ਇਹ ਇਕ ਵਿਸ਼ਾਲ ਟਾਪੂ ਹੈ। ਇਸ ਅੰਦਰ ਸੰਗ ਮਰਮਰ ਦੀ ਇਹ ਮਨ ਮੋਹਣੀ ਇਮਾਰਤ ਜਿਹਨੂੰ ਧਰਮ ਮੰਦਰ ਆਖਿਆ ਜਾਂਦਾ ਹੈ, ਤੋਂ ਵੱਖ ਹੋਰ ਬਹੁਤ ਸਾਰੇ ਮੰਦਰ ਅਤੇ ਉਦਾਸੀ ਸਾਧੂਆਂ ਦੀਆਂ ਸਮਾਧਾਂ ਹਨ। ਗੁਰਦੁਆਰਾ ਸਾਹਿਬ ਤੋਂ ਕੋਈ ਅਧਾ ਕਿਲੋਮੀਟਰ ਅੱਗੇ ਇਕ ਲਾਇਬਰੇਰੀ ਹੈ। ਇਸ ਮੰਦਰ ਅੰਦਰ ਉਦਾਸੀ ਸਾਧੂ ਗੁਰੂ ਬਾਬਾ ਦੀ ਮੂਰਤੀ ਦੇ ਨਾਲ ਨਾਲ ਗਰੰਥ ਸਾਹਿਬ ਜੀ ਦਾ ਪਰਕਾਸ਼ ਹੁੰਦਾ ਹੈ। ਪਾਵਨ ਅਸਥਾਨ ਦੇ ਮੱਥੇ ਉੱਤੇ ਸ੍ਰੀ ਰਾਗ (ਮਹੱਲਾ

گردوارا سادھو بیلا (سکھر' سندھ)

ایہ پاون استھان روہڑی اتے سکھر شہراں وچالے وگن والے سندھ دریا دے ٹاپو وچ ہے. روہڑی والا پُل پار کر کے دریا دے ویہن دے نال نال سڑک سکھر نُوں جاندی اے. ایس سڑک توں چلدیاں تہاڈے کھبے ہتھ اُتے ٹاپو اندر برِچھاں دے جھُنڈ وچ اِک بہُت ہی وڈی اتے وِشال عمارت وکھائی دیندی ہے. ایہ ہی پاون استھان سادھو بیلا ہے. ایس تیک اپڑن واسطے تہانُوں بیڑی راہیں جانا پیندا ہے. بیڑی ایس استھان دے مُکھ دوار نال جا لگدی ہے. درشن ڈیوڑھی وچ وڑدیاں کھبے ہتھ اُتے چٹے سنگ مرمردی اِک سُندر عمارت ہے. ایہ ہی اوہ پاون استھان ہے جتھے ست گر نانک دیو جی مہاراج ویراجے سن. ایتھے آپ نے سادھاں نُوں زندگی جیون دا راہ درسایا ہے.

ایہ اِک وِشال ٹاپو ہے. ایس اندر چٹے سنگ مرمردی ایہ من موہنی عمارت جنہُوں دھرم مندر آکھیا جاندا ہے' توں وکھ ہور بہُت سارے مندر اتے اُداسی سادھواں دِیاں سمادھاں ہن. گردوارا صاحب توں کوئی ادھا کلومیٹر اگے اِک لائبریری ہے. ایس مندر اندر اُداسی سادھو گورو بابا دی مورتی دے نال نال گرو گرنتھ صاحب جی دا پرکاش وی ہوندا ہے. پاون استھان دے متھے اُتے سری راگ (محلا پہلا گھر پہلا) وچ اُچارن کیتا ایہ شبد


موتیت مندر اُسرے رتنیت ہو ہجڑاوَ
کس تور گگو اگر چندن لیپیا وِچاوَ
پجاری دا کہنا ہے کہ ایہ شبد ایتھے اُچاریا گیا.

GURDWARA SADHU BELA AT SUKKUR

This sacred shrine is on an islet in the River Indus flowing between Rohri and Sukkur. After crossing Rohri bridge a road runs along the river towards Sukkur. Walking along this road a very big and spacious building is seen in a grove of trees on the left hand side. This is the shrine of Sadhu Bela. This shrine can only be reached by a boat which lands right at the main gate of the shrine. There is a beautiful building in white marble on the left of the foyer. It was the sacred place where Sat Guru Nanak Dev Ji had stayed and showed the sadhus the correct path to lead life.

It is a big islet.There is a captivating building of white marble on this islet which is known as Dharam Mandir. There are other temples and Samadhs of Udasi Sadhus. There is a library about half a kilometer from the Gurdwara. In this temple Prakash takes place alongside the idol of Udasi Guru Baba. On the front face of the building this Shabd composed in Sri Rag (Mohalla 1 Ghar 1) is engraved:

If I had a palace made of pearls, inlaid with jewels, scented with musk, saffron and sandalwood, a sheer delight to behold — seeing this, I might go astray and forget You, and Your Name would not enter into my mind. || 1


بابا بکندي مهراج جي دربار

ਪਹਿਲਾ ਘਰ ਪਹਿਲਾ॥ ਵਿੱਚ ਉਚਾਰਨ ਕੀਤਾ ਇਹ ਸ਼ਬਦ
ਮੋਤੀਤ ਮੰਦਰ ਉਸਰੇ ਰਤਨੇਤ ਹੋ ਜਿੜਾਉ॥
ਕਿਸ ਤੋਰ ਕਗਵਾ ਗਰ ਚੰਦਨ ਯਸਪਿਆ ਵਿਚਾਉ॥

ਪੁਜਾਰੀ ਦਾ ਕਹਿਣਾ ਹੈ ਕਿ ਇਹ ਸ਼ਬਦ ਇਥੇ ਉਚਾਰਿਆ ਗਿਆ। ਦਿਵਾਲੀ ਤੇ ਰਾਮ ਜਨਮ ਅਸ਼ਟਮੀ ਉੱਤੇ ਮੇਲਾ ਹੁੰਦਾ ਹੈ। ਸੰਗਰਾਂਦ ਉੱਤੇ ਵੀ ਸੰਗਤ ਜੁੜਦੀ ਹੈ। ਇਹ ਸਭ ਅਪਣੇ ਆਪ ਨੂੰ ਨਾਨਕ ਪੰਥੀ ਕਹਿੰਦੇ ਹਨ ਜਦ ਕਿ ਪੁਜਾਰੀ ਬਾਬਾ ਧਨਾ ਰਾਮ ਜੀ ਉਦਾਸੀ ਸਾਧੂ ਹਨ। ਪਾਵਨ ਅਸਥਾਨ ਦਾ ਪ੍ਰਬੰਧ ਵਕਫ਼ ਬੋਰਡ ਕੋਲ ਹੈ।

دیوالی تے رام جنم اشٹمی اُتے میلا ہوندا ہے. سنگراند اُتے وی سنگت جُڑدی ہے. ایہ سبھ اپنے آپ نوں نانک پنتھی کہندے ہن جد کہ پجاری بابا دھنا رام جی اُداسی سادھو ہن. پاون استھان دا پربندھ وقف بورڈ کول ہے.

According to the priests this Shabd was revealed in this place.

The fairs of Diwali and Janamashtami are held. Sangat assembles on different occasions. They call themselves Nanakpanthi, whereas priest Baba Dhanna Ramji is an Udasi Sadhu. The tree beneath which Guru Ji seated himself is still present. It is a normal part of the rituals to have a dip in the river. The care and control of Gurdwara is in the hands of Waqf Board.



ਗੁਰਦੁਆਰਾ ਪਹਿਲੀ ਪਾਤਿਸ਼ਾਹੀ, ਮੀਰਪੁਰ ਖਾਸ


ਮੀਰਪੁਰ ਖਾਸ, ਸਿੰਧ ਪ੍ਰਾਂਤ ਦਾ ਮਸ਼ਹੂਰ ਸ਼ਹਿਰ ਹੈ । ਇਹ ਸ਼ਹਿਰ ਜ਼ਿਲੇ ਦਾ ਪ੍ਰਧਾਨ ਨਗਰ ਹੈ । ਰੇਲਵੇ ਸਟੇਸ਼ਨ ਵੀ ਇੱਥੇ ਹੈ । ਰੇਲਵੇ ਸਟੇਸ਼ਨ ਤੋਂ ਸ਼ਹਿਰ ਵੱਲ ਜਾਂਦਿਆ ਦੂਜੇ ਚੋਂਕ ਅੰਦਰ ਇੱਕ ਬਹੁਤ ਵੱਡੀ ਇਮਾਰਤ ਤੁਹਾਨੂੰ ਵਿਖਾਈ ਦਿੰਦੀ ਹੈ । ਇਹ ਉਹ ਪਾਵਨ ਅਸਥਾਨ ਹੈ ਜਿੱਥੇ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਆਪਣੇ ਪਾਵਨ ਚਰਨਾ ਦੀ ਛੋਹ ਬਖਸ਼ੀ । ਇਸ ਵੇਲੇ ਇਸ ਵਿਸ਼ਾਲ ਤੇ ਤਿੰਨ ਮੰਜ਼ਲਾ ਇਮਾਰਤ ਅੰਦਰ ਮਤਰੂਕਾ ਵਕਫ ਬੋਰਡ ਦਾ ਦਫਤਰ ਹੈ ।

گردوارا پہلی پاتشاہی میرپور خاص

میرپور خاص سندھ پرانت دا مشہور شہر ہے. ایہ شہر ضلع دا پردھان نگر ہے. ریل دا اسٹیشن وی ہے ریلوے سٹیشن توں شہر ول جاندیاں دوجے چوک اندر اک بہت وڈی عمارت تہانوں دکھائی دیندی اے. ایہ ہی اوہ استھان ہے جتھے جگت گرو نانک دیو جی اپنے پاون چرناں دی چھوہ بخشی. اس ویلے اس وشال اتے تِن منزلا عمارت اندر متروکا وقف بورڈ دا دفتر ہے.

GURDWARA FIRST GURU MIRPUR KHAS

Mirpur Khas is a famous city of the Sindh province and it is also the district head quarter. There is a railway station by the same name. You can see a huge building at the second cross road while going toward the city from the railway station. This is the place where Sat Gur Nanak Dev Ji set his sacred feet. At present this three storeyed spacious building houses the offices of the Evacuee Waqf Board.



ਗੁਰਦੁਆਰਾ ਪਹਿਲੀ ਪਾਤਿਸ਼ਾਹੀ ਕਰਾਚੀ

ਸਤਿਗੁਰੂ ਸ੍ਰੀ ਗੁਰੂ ਨਾਨਕ ਦੇਵ ਜੀ ਜਦ ਕਰਾਚੀ ਤਸ਼ਰੀਫ ਲਿਆਏ ਤਦ ਸਭ ਤੋਂ ਪਹਿਲਾਂ ਇੱਥੇ ਹੀ ਬਿਰਾਜੇ । ਇਹ ਅਸਥਾਨ ਕਰਾਚੀ ਆਰਟ ਕੌਸਲ ਦੇ ਸਾਹਮਣੇ ਜਸਟਿਸ ਕਿਅਨੀ ਰੋਡ ਉੱਤੇ ਹੈ । ਇੱਥੋਂ ਉੱਠ ਕੇ ਹੀ ਗੁਰੂ ਸਾਹਿਬ ਸਮੁੰਦਰ ਦੀ ਦੇਵੀ ਦੀ ਗੁਫਾ ਵਿੱਚ ਗਏ, ਜਿਥੋਂ ਜੋਤ ਲੈ ਜਾ ਕੇ ਲੋਕਾਂ ਨੇ ਸ਼ਹਿਰ ਅੰਦਰ ਗੁਰਮੰਦਿਰ ਬਣਵਾਇਆ । ਹੁਣ ਕਰਾਚੀ ਅੰਦਰ ਗੁਰਮੰਦਿਰ ਇੱਕ ਬਹੁਤ ਵੱਡੇ ਇਲਾਕੇ ਦਾ ਨਾਂ ਵੀ ਹੈ ।

ਗੁਰਦੁਆਰਾ ਸਾਹਿਬ ਦੀ ਇਮਾਰਤ ਖ਼ੂਬਸੂਰਤ ਤੇ ਮਜ਼ਬੂਤ ਬਣੀ ਹੋਈ ਹੈ । ਹੁਣ ਗੌਰਮਿੰਟ ਪਾਕਿਸਤਾਨ ਨੇ ਲੱਖਾਂ ਰੁਪਏ ਖਰਚ ਕੇ ਇਸ ਦੀ ਮੁਰੰਮਤ ਕਰਵਾਈ ਹੈ ।

گردوارا پہلی پاتشاہی کراچی

ست گر نانک دیو جی جد کراچی تشریف لیائے تد سبھ توں پہلوں ایتھے ہی ویراجے. ایہ استھان کراچی آرٹ کونسل دے ساہمنے جسٹس کیانی روڈ اُتے ہے. ایتھوں اُٹھ کے ہی گرو صاحب سمندر دی دیوی دی گفاء وچ گئے. جتھوں جوت لیجا کے لوکاں شہر اندر گر مندر بنایا. ہُن کراچی اندر گر مندر اِک بہت وڈے علاقے دا نام وی ہے.

گردوارا صاحب دی عمارت خوبصورت اتے مضبوط بنی ہوئی ہے. ہُن گورنمنٹ پاکستان نے ایس اُتے لکھاں رُپیا خرچ کرکے ایس دی مرمت کروائی ہے.

GURDWARA FIRST GURU AT KARACHI

When Sat Gur Nanak Dev Ji came to Karachi he first of all stayed at this place . It is located on Justice Kayani road opposite Karachi Art Council. Guru Dev Ji went to the cave of the goddess of sea from this very place. The people took light from that cave and built Gurmandir (temple) in the city. Now Guru Mandir is the name of a very big locality of Karachi.

The building of the Gurdwara is strong and beautifully built. The Government of Pakistan has got it repaired recently spending lacs of rupees.



ਗੁਰਦੁਆਰਾ ਪਹਿਲੀ ਪਾਤਿਸ਼ਾਹੀ, ਕਲਿਫਟਨ, ਕਰਾਚੀ

ਇਹ ਪਾਵਨ ਅਸਥਾਨ ਸਮੁੰਦਰ ਕਿਨਾਰੇ ਬਣੀ ਸੈਰਗਾਹ ਕਲਿਫਟਨ ਤੇ ਹੈ । ਇਹ ਇੱਕ ਬਹੁਤ ਹੀ ਮਸ਼ਹੂਰ ਥਾਂ ਹੈ, ਲੋਕ ਇੱਥੇ ਸੈਰ ਕਰਨ ਜਾਂਦੇ ਹਨ । ਕਲਿਫਟਨ ਸੈਰਗਾਹ ਦੀਆਂ ਪੌੜੀਆਂ ਤੋਂ ਇਹ ਅਸਥਾਨ ਤੁਹਾਡੇ ਖੱਬੇ ਹੱਥ ਇਸ ਨਾਲ ਜੁੜਿਆ ਹੋਇਆ ਹੈ ।

ਜਗਤ ਗੁਰੂ ਨਾਨਕ ਦੇਵ ਜੀ ਦੇ ਚਰਨ ਪਾਉਣ ਤੋਂ ਪਹਿਲਾਂ ਇੱਥੇ ਸਮੁੰਦਰ ਦੀ ਦੇਵੀ ਦਾ ਮੰਦਰ ਸੀ । ਸਮੁੰਦਰੀ ਜਹਾਜ਼ ਭੇਟਾ ਕਰਕੇ ਲੰਘਦੇ ਸਨ । ਇਸ ਮੰਦਰ ਅੰਦਰ ਕਦੇ ਕੋਈ ਮੂਰਤੀ ਨਹੀਂ ਰਹੀ, ਕੇਵਲ ਇੱਕ ਦੀਵਾ ਹੀ ਹੁੰਦਾ ਸੀ ਜਿਹਦੀ ਹਿੰਦੂ ਪੂਜਾ ਕਰਦੇ ਸਨ । ਸਿੰਧ ਦੇ ਹਾਕਮ ਤਾਲਪੁਰ ਵੱਲੋਂ ਸਾਢੇ ਸੱਤ ਸੇਰ ਤੇਲ ਹਰ ਮਹੀਨੇ ਇਸ ਦੀਵੇ ਵਾਸਤੇ ਦਿੱਤਾ ਜਾਂਦਾ ਸੀ । ਗੁਰੂ ਨਾਨਕ ਦੇਵ ਜੀ ਨੇ ਇੱਥੇ ਇਸ ਦੀਵੇ ਤੋਂ ਅੱਗੇ ਗੁਫਾ ਅੰਦਰ ਬਹਿ ਕੇ ਤਪ ਕੀਤਾ ਸੀ । ਹੁਣ ਉੱਥੇ ਇੱਕ ਦੀਵਾ ਜਗਦਾ ਰਹਿੰਦਾ ਹੈ ਜਿਹਨੂੰ ਗੁਰ ਜੋਤੀ ਆਖਿਆ ਜਾਂਦਾ ਹੈ ।

ਗੁਰਦੁਆਰੇ ਦੀ ਇਮਾਰਤ ਖੂਬਸੂਰਤ ਸੰਗਮਰਮਰ ਦੀ ਬਣੀ ਹੋਈ ਹੈ । ੧੪ ਪੌੜੀਆ ਉਤਰਨ ਮਗਰੋਂ ਇੱਕ ਵੇਹੜਾ ਆਉਂਦਾ ਹੈ । ਇਸ ਵਿਹੜੇ ਤੋਂ ਥੱਲੇ ਫਿਰ ੬ ਪੌੜੀਆਂ ਉਤਰਦੀਆਂ ਹਨ । ਇਸ ਤੋਂ ਅੱਗੇ ਇੱਕ ਹਾਲ ਕਮਰਾ ਹੈ । ਇਸ ਹਾਲ ਕਮਰੇ ਦੇ ਅਖੀਰ ਵਿੱਚ ਗੁਫਾ ਦਾ ਉਹ ਭਾਗ ਹੈ, ਜਿੱਥੇ ਸਤਿਗੁਰੂ ਜੀ ਨੇ ਬੈਠ ਕੇ ਤਪ ਕੀਤਾ ਸੀ । ਪੁਜਾਰੀ ਨਾਨਕ ਪੰਥੀ ਹਿੰਦੂ ਹਨ ।

ਇਸ ਅਸਥਾਨ ਨੂੰ ਅੱਜਕਲ ਸ੍ਰੀ ਰਤਨੇਸਵਰ ਮਹਾਂਦੇਵ ਟੈਪਲ ਆਖਿਆ ਜਾਦਾ ਹੈ ।

گردوارا پہلی پاتشاہی کلفٹن کراچی

ایہ پاون استھان سمندر کنارے بنی سیر گاہ کلفٹن تے ہے. ایہ اِک بہت ہی مشہور تھاں ہے. لوک ایتھے عام سیر کرن جاندے ہن. کلفٹن سیر گاہ دیاں پوڑیاں توں ایہ استھان تہاڈے کھبے ہتھ اِس نال جُڑیا ہویا اے.

جگت گرو نانک دیو جی دے ایتھے چرن پاون توں پہلوں ایتھے سمندر دی دیوی دا مندر سی. سمندر جہاز بھینٹا کر کے لنگھدے سن. اس مندر اندر کدے کوئی مورتی نہیں سی رہی کیول اِک دیوا ہوندا سی جہدی ہندو پوجا کردے سن. سندھ دے حاکم تالپور ولوں ساڈھے ست سیر تیل ہر مہینے ایس دیوے واسطے دتا جاندا سی.

گرو نانک دیو جی نے ایتھے اس دیوے توں اگے گفاء اندر بیٹھ کے تپ کیتا جس استھان اتے آپ نے تپ کیتا سی' ہُن اوتھے وی اِک دیوا جگدا رہندا ہے. جنھوں گرو جوتی آکھیا جاندا ہے.

گردوارے دی عمارت خوبصورت سنگ مرمر دی بنی ہوئی ہے. 14 پوڑیاں اُترن مگروں اِک ویڑھا آوندا ہے. اس ویڑھے توں تھلے فیر 6 پوڑیاں اتردیاں ہن اس توں اگے اِک ہال کمرا ہے اس ہال کمرے دے اخیر وچ گفاء دا اوہ بھاگ ہے جتھے سری گرو نانک دیو جی بیٹھ کے تپ کیتا' پجاری نانک پنتھی ہندو ہن. ایس استھان نوں اج کل شری رتنیسور مہاں دیو ٹمپل SHREERATNESWARMAHADEV TEMPLE آکھیا جاندا اے.

GURDWARA FIRST GURU AT CLIFTON, KARACHI

Clifton is a well known amusement area and the people normally visit this place for recreation. This sacred shrine is adjacent to the left hand side of the steps of the Clifton park.

There used to be a temple of the goddess of the sea at this place before the arrival of Jagat Guru Nanak Dev Ji. The ships used to pass after offering ablution. There was no idol in this temple, only a lamp placed there was worshipped by the Hindus. The Talpur ruler used to offer 7.5 seers of oil for this lamp every month.

Sat Guru Nanak Dev Ji meditated in a cave just beyond the lamp. An other lamp is kept burning at the place where he had meditated and it is called "Guru Joti"

The building of Gurdwara is beautiful and built with marble. A courtyard comes after getting down fourteen steps. From here six steps lead into a hall. At the end of the hall is the part of cave where Guru Dev Ji meditated. The priests are Nanakpanthi Hindus. This shrine is known as Shri Ratneswar Mahadev Temple these days.


JAY SHANKAR

ਗੁਰਦੁਆਰਾ ਪਹਿਲੀ ਪਾਤਿਸ਼ਾਹੀ, ਕਲਾਤ

ਕਲਾਤ ਕੋਇਟਾ ਤੋਂ ਕਰਾਚੀ ਜਾਣ ਵਾਲੀ ਸੜਕ ਉੱਤੇ ਹੈ । ਕੋਇਟਾ ਤੋ ਇਸ ਦਾ ਫਾਸਲਾ ੧੨੪ ਕਿਲੋਮੀਟਰ ਹੈ । ਇਹ ਜ਼ਿਲੇ ਦਾ ਪ੍ਧਾਨ ਨਗਰ ਹੈ, ਇਹ ਪਹਿਲਾ ਰਿਆਸਤ ਕੱਲਾਤ ਕਰਕੇ ਪ੍ਸਿੱਧ ਸੀ । ਇਸ ਦੇ ਪੁਰਾਣੇ ਨਗਰ ਅੰਦਰ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਪਾਵਨ ਅਸਥਾਨ ਹੈ । ਰਿਆਸਤ ਟੁੱਟਣ ਤੇ ਸ਼ਹਿਰ ਦੇ ਉਜੜਨ ਮਗਰੋਂ ਨਵਾਂ ਸ਼ਹਿਰ ਵਸਿਆ । ਇਸ ਨਵੇਂ ਸ਼ਹਿਰ ਦੇ ਹਿੰਦੂ ਮੁਹੱਲੇ ਅੰਦਰ " ਗੁਰੂ ਨਾਨਕ ਦਰਬਾਰ " ਗੁਰਦੁਆਰਾ ਹੈ, ਜਿੱਥੇ ਹਰ ਰੋਜ਼ ਪ੍ਕਾਸ਼ ਹੁੰਦਾ ਹੈ । ਦਿਨ ਵਿੱਚ ਦੋ ਵਾਰ ਸੰਗਤ ਜੁੜਦੀ ਹੈ । ਨਵਾਂ ਗੁਰਦੁਆਰਾ ਘਰ ਵਾਂਗ ਬਣਿਆਂ ਹੋਇਆ ਹੈ । ਪੁਰਾਣਾ ਅਸਥਾਨ ਨਾਨਕ ਮੰਦਰ ਅਖਵਾਉਂਦਾ ਹੈ ਜੋ ਨਵੇਂ ਸ਼ਹਿਰ ਤੋਂ ਕੋਈ ਤਿੰਨ ਕਿਲੋਮੀਟਰ ਬਾਹਰ ਹੈ । ਇਸ ਪੁਰਾਣੇ ਦਰਬਾਰ ਦੀ ਸੇਵਾ ਖਾਨ ਕਲਾਤ ਨੇ ਕਰਵਾਈ ਸੀ । ਇਸ ਦਾ ਪਹਿਲਾ ਪੁਜਾਰੀ ਉਦਾਸੀ ਬਾਬਾ ਸੰਤ ਅਣਖੰਡੀ ਦਾਸ ਸੀ । ਗੁਰਦੁਆਰੇ ਦੇ ਨਾਂ ਜਾਗੀਰ ਅਤੇ ਲੰਗਰ ਖਾਨ ਕੱਲਾਤ ਵੱਲੋਂ ਸੀ । ਇਹ ਜਾਗੀਰ ਹੁਣ ਵੀ ਗੁਰਦੁਆਰਾ ਸਾਹਿਬ ਦੇ ਨਾਂ ਹੈ ।

گردوارا پہلی پاتشاہی' قلات

قلات کوئٹا توں کراچی جاون والی سڑک اُتے ہے. کوئٹا توں ایس دا فاصلا 124 کلومیٹر ہے. ایہ ضلع دا پردھان نگر ہے. ایہ پہلوں ریاست قلات کر کے پرسدھ سی. ایس دے پرانے نگر اندر صاحب گرو نانک دیو جی دا پاون استھان ہے. ریاست ٹُٹن اتے شہر دے اُجڑن مگروں نواں شہر وسیا ایس نویں شہر دے ہندو محلے اندر "گرو نانک دربار" گردوارا ہے. جتھے ہر روز پرکاش ہوندا ہے. دن وچ دو وار سنگت جُڑدی ہے. نواں دربار گھر وانگوں بنیا ہویا ہے. پرانا استھان نانک مندر اکھواندا ہے جو نویں شہر توں کوئی تِن کلومیٹر باہر ہے. ایس پرانے دربار دی سیوا خان قلات نے کروائی سی. ایس دا پہلا پجاری اداسی سنت بابا انکھنڈی داس سی. گردوارے دے ناں جاگیر اتے لنگر خان قلات ولوں سی. ایہ جاگیر ہُن وی گردوارا صاحب دے ناں ہے.

GURDWARA FIRST GURU AT KALAT, BALUCHISTAN

Kalat is located on Quetta-Karachi road. It is 124 kilometer from Quetta. Kalat is the district headquarter. Earlier it was known as Kalat state. The shrine of Guru Nanak Sahib is situated in the old city. After the dissolution of the state and desolation of the city, a new city was built. Inside the Hindu quarters of this new city there is a Gurdwara called "Guru Nanak Darbar. Prakash takes place daily and the Sangat meets twice a day. The New Darbar is built like a house. Old shrine is known as Nanak Mandir which is three kilometers outside the new city. The old Darbar was got repaired by the Khan of Kalat. Udasi Sant Baba Annkhandi Das was the first priest at the old Darbar. Khan of Kalat has made grants of land to the Gurdwara and the langar too is run on his account. This estate is still in the name of Gurdwara.


SHIDARBAR

ਗੁਰਦੁਆਰਾ ਪਹਿਲੀ ਪਾਤਿਸ਼ਾਹੀ, ਤਿਲਗੰਜੀ ਸਾਹਿਬ, ਕੋਇਟਾ

ਕੋਇਟਾ ਬਲੋਚਿਸਤਾਨ ਦਾ ਪ੍ਰਧਾਨ ਨਗਰ ਹੈ । ਇਸ ਸ਼ਹਿਰ ਦੇ ਮਸਜਿਦ ਰੋਡ ਉੱਤੇ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਗੁਰਦੁਆਰਾ ਤਿਲਗੰਜੀ ਸਾਹਿਬ ਸਥਿੱਤ ਹੈ । ਸਤਿਗੁਰੂ ਜੀ ਨੇ ਇੱਥੇ ਆਪਣੀ ਤੀਜੀ ਉਦਾਸੀ ਸਮੇਂ ਚਰਨ ਪਾਏ । ਗੁਰੂ ਸਾਹਿਬ ਜਦ ਇਸ ਥਾਂ ਤੇ ਬਿਰਾਜੇ ਤਾਂ ਸ਼ਰਧਾਲੂ ਆਪ ਜੀ ਦੇ ਦਰਸ਼ਨਾਂ ਨੂੰ ਆਏ । ਆਪ ਜੀ ਨੇ ਆਈਆਂ ਸੰਗਤਾਂ ਨੂੰ ਇੱਕ ਤਿਲ ਦਾ ਪ੍ਰਸ਼ਾਦਾ ਛਕਾ ਕੇ ਪ੍ਰਸੰਨ ਕੀਤਾ । ਇਸ ਕਰਕੇ ਇਸ ਪਾਵਨ ਅਸਥਾਨ ਦਾ ਨਾਮ " ਤਿਲਗੰਜੀ " ਹੋ ਗਿਆ । ਭਾਵ " ਤਿਲਾਂ ਦਾ ਖਜ਼ਾਨਾ " ।

ਇਸ ਵੇਲੇ ਇਸ ਪਾਵਨ ਅਸਥਾਨ ਦੇ ਅੰਦਰ ਗੋਰਮਿੰਟ ਸੰਡੇਮਨ ਹਾਈ ਸਕੂਲ ਕੰਮ ਕਰ ਰਿਹਾ ਹੈ । ਗੁਰਦੁਆਰਾ ਸਾਹਿਬ ਦੀ ਖਾਲੀ ਜ਼ਮੀਨ ਉੱਤੇ ਸਕੂਲ ਦੀ ਨਵੀਂ ਇਮਾਰਤ ਬਣਾ ਦਿੱਤੀ ਗਈ ਹੈ । ਗੁਰਦੁਆਰਾ ਸਾਹਿਬ ਖਾਲੀ ਪਿਆ ਹੈ । ਗੁਰਦੁਆਰੇ ਦਾ ਮੇਨ ਗੇਟ ਮਸੀਤ ਵਰਗਾ ਹੈ ਜਦ ਕਿ ਅੰਦਰ ਸੋਹਣੀ ਅਤੇ ਵਿਸ਼ਾਲ ਗੁੰਬਦਦਾਰ ਇਮਾਰਤ ਹੈ । ਯਾਤਰੀਆਂ ਦੇ ਠਹਿਰਨ ਲਈ ਸਰਾਂ, ਲੰਗਰ ਹਾਲ ਤੇ ਪ੍ਰਕਾਸ਼ ਅਸਥਾਨ ਬਹੁਤ ਹੀ ਸੁੰਦਰ ਹੈ । ਕੋਇਟਾ ਦੀ ਸੰਗਤ ਨੇ ਇਸ ਦਾ ਕਬਜ਼ਾ ਲੈਣ ਲਈ ਮੁਕੱਦਮਾ ਕੀਤਾ ਹੋਇਆ ਹੈ ।

گردوارا پہلی پاتشاہی تلگنجی صاحب کوئٹا

کوئٹا بلوچستان پرانت دا پردھان نگر ہے. ایس شہر دے مسجد روڈ اُتے صاحب گرو نانک دیو جی دا گردوارا تلگنجی صاحب ہے. ست گراں ایتھے اپنی تیجی اداسی سمے چرن پائے. گرو صاحب جد ایس تھاں وراجے تاں شردھالو آپ دے درشناں نوں آئے. آپ جی نے آئیاں سنگتاں نُوں اِک تِل دا پرشاد چھکا کے پرسن کیتا ایس واسطے ایس پاون دربار دا ناں "تلگنجی" ہو گیا. بھاو "تِلاں دا خزانا" ایس ویلے ایس پاون استھان اندر گورنمنٹ سنڈیمن ہائی سکول کم کر رہیا ہے. گردوارا صاحب دی خالی زمین اُتے سکول دی نویں عمارت بنا دتی گئی ہے. گردوارا صاحب خالی پیا ہے. گردوارے دا مین گیٹ مسیت ورگا ہے جد کہ اندر سوہنی اتے وشال گنبد دار مضبوط عمارت ہے. یاتریاں دے ٹھہرن دی سراں' لنگرہال اتے پرکاش استھان بہُت ہی سُندر ہے. کوئٹے دی سنگت نے ایس دا قبضا لین واسطے عدالت وچ مقدما کیتا ہویا ہے.

GURDWARA FIRST GURU TILGANJI SAHIB, QUETTA

Quetta is the capital of Baluchistan province. The Gurdwara of Jagat Guru Nanak Dev Ji called Tilganji Sahib is located at Masjid road of the city. Sat Guru graced this city during his third itinerary. When the Guru Ji arrived here devotees came to see him. He honoured the group of devotees by distributing Til (sesame) as parshad (offering) and hence this pious Gurdwara was named as Tilganji. Government Sandeman school is functioning inside this holy shrine. A new school building has been constructed on the vacant land of the Gurdwara. The main gate of Gurdwara takes after a mosque and inside there is a beautiful and strong building with dome. The inn for the stay of the visitors, dining hall and Prakashasthan are very beautiful. Sangat of Quetta has filed a low suit in lower court to get back the possession of the Gurdwara.


گورنمنٹ سنڈیمن ہائی سکول کوئٹہ

ਗੁਰਦੁਆਰਾ ਪਹਿਲੀ ਪਾਤਸ਼ਾਹੀ, ਬੁਲਾਣੀ, ਜ਼ਿਲਾ ਲਾੜਕਾਣਾ, ਸਿੰਧ

ਬੁਲਾਣੀ ਸਿੰਧ ਪ੍ਰਾਤ ਦਾ ਇੱਕ ਪ੍ਰਸਿੱਧ ਨਗਰ ਹੈ । ਇਸ ਸ਼ਹਿਰ ਅੰਦਰ ਜਗਤ ਗੁਰੂ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਚਰਨ ਪਾ ਕੇ ਲੋਕਾਂ ਨੂੰ ਸੁਭਾਗੀ ਕੀਤਾ । ਆਪ ਦਾ ਅਸਥਾਨ ਸੁੰਦਰ ਬਣਿਆ ਹੋਇਆ ਹੈ । ਨਾਨਕ ਪੰਥੀ ਹਿੰਦੂ ਪੁਜਾਰੀ ਹਨ । ਰੋਜ਼ ਪ੍ਰਕਾਸ਼ ਹੁੰਦਾ ਹੈ ।

ਇੱਥੇ ਹੀ ਨੂਰ ਨੁਸਰਤ ਨਾਮੀ ਇੱਕ ਆਜੜੀ ਨੇ ਆਪ ਦੀ ਸੇਵਾ ਕੀਤੀ ਤੇ ਬਰਕਤ ਵਾਸਤੇ ਦੁਆ ਪੁੱਛੀ । ਆਪ ਨੇ ਫਰਮਾਇਆ ਸਭ ਬਰਕਤਾਂ ਨੇਕੀ, ਦਇਆ ਅਤੇ ਧਰਮ ਦਾ ਪੱਲਾ ਨਾਂਹ ਛੱਡਣ ਵਿੱਚ ਹਨ । ਇੱਥੇ ਹੀ ਦਾਊਦ ਨਾਮੀ ਇੱਕ ਜੁਲਾਹੇ ਨੇ ਆਪ ਨੂੰ ਇੱਕ ਅਣਮੁੱਲਾ ਗਲੀਚਾ ਪੇਸ਼ ਕੀਤਾ ਤਾਂ ਆਪ ਨੇ ਉਹ ਗਲੀਚਾ ਇੱਕ ਕੁਤੀ ਦੇ ਬੱਚਿਆਂ ਹੇਠ ਵਿਛਾ ਦਿੱਤਾ ਜੋ ਠੰਢ ਵਿੱਚ ਠਰ ਰਹੇ ਸਨ ਅਤੇ ਫਰਮਾਇਆ ਮੇਰਾ ਗਲੀਚਾ ਤਾਂ ਇਹ ਹਰਿਆ ਭਰਿਆ ਘਾਹ ਹੈ । ਆਪ ਦੀ ਸਮਝਾਉਣੀ ਸੀ ਕਿ ਸਾਡੀਆਂ ਖੁਸ਼ੀਆਂ ਸਭ ਵਿਅਰਥ ਹਨ ਜੇ ਕੋਲ ਬੈਠਾ ਕੋਈ ਜੀਵ ਦੁਖੀ ਹੋਵੇ । ਇਸ ਅਸਥਾਨ ਉੱਤੇ ਸੰਗਤ ਹੁੰਮ ਹੁੰਮਾ ਕੇ ਆਉਂਦੀ ਹੈ । ਗੁਰੂ ਕਾ ਲੰਗਰ ਜਾਰੀ ਹੈ ।

گردوارا پہلی پاتشاہی بلانْ ضلع لاڑکانا' صوبا سندھ

بلانْ سندھ پرانت دا اِک بہت ہی پرسدھ نگر ہے. ایس شہر اندر جگت گرو نانک دیو جی نے چرن پا کے ایتھوں دے لوکاں نوں سوبھاگی کیتا. آپ دا استھان سُندر بنْیا ہویا ہے. نانک پنتھی ہندو پجارن ہن. ہر روز پرکاش ہوندا اے.

ایتھے ہی نور نصرت نامی اِک آجڑی نے آپ دی سیوا کیتی تے برکت واسطے دعا پچھی تاں آپ نے فرمایا سبھ برکتاں نیکی' دیا اتے دھرم دا پلا نہ چھڈنْ وچ ہن. ایتھے ہی داوَد نامی اِک جلاہے نے آپ نوں اِک انملا غلیچا پیش کیتا تاں آپ نے اوہ غلیچا اِک کُتّی دے بچیاں ہیٹھ وچھا دتا' جو ٹھنڈ وچ ٹھر رہے سن. اتے فرمایا میرا غلیچا تاں ایہ ہریا بھریا گھاء اے. آپ دی سمجھاوَنْی سی کہ ساڈیاں خُشیاں سبھ بے ارتھ ہن جے کول بیٹھا کوئی جیو دکھی ہووے تاں. اس استھان اتے سنگت ہُم ہما کے آوندی ہے گرو کا لنگر جاری ہے.

GURDWARA FIRST GURU AT BULANI DISTRICT LARKANA

Bulani is a well-known town of Sindh province. Jagat Guru Nanak Dev Ji honoured its people by setting his foot here. His shrine is beautifully built. Nanakpanthi Hindus are the priests. Prakash of Guru Granth Sahib takes place daily.

A shepherd by the name of Nur Nusrat served Guru and wished to know the prayer which brings good fortune. Guru Dev Ji told him that all good fortune lay in virtue and in not deviating from the path shown by the religion. Dawood, a weaver, of the same place, had presented a valuable rug to Guru Dev Ji, he spread this rug under the puppies of a bitch who were shivering with cold and said, "My rug is this green grass". His teaching was that our happiness is useless if a person sitting close by is in pain. The Sangat enthusiastically assembles at this place and the Guru's langar is running.


LSM

ਗੁਰਦੁਆਰਾ ਨਾਨਕਵਾੜਾ, ਕੰਧਕੋਟ, ਜ਼ਿਲਾ ਜੈਕਬਆਬਾਦ (ਸਿੰਧ)

ਇਹ ਪਾਵਨ ਅਸਥਾਨ ਜ਼ਿਲਾ ਜੈਕਬਆਬਾਦ ਦੀ ਤਹਿਸੀਲ ਕੰਧਕੋਟ, ਸੁਨਿਆਰ ਬਾਜ਼ਾਰ ਅੰਦਰ ਸਥਿੱਤ ਹੈ । ਇਸ ਮੁਹੱਲੇ ਨੂੰ ਨਾਨਕਵਾੜਾ ਵੀ ਆਖਿਆ ਜਾਦਾ ਹੈ । ਇਸ ਅਸਥਾਨ ਨੂੰ ਨਾਨਕ ਦਰਬਾਰ ਕਰਕੇ ਯਾਦ ਕੀਤਾ ਜਾਦਾ ਹੈ । ਪੁਜਾਰੀ ਧੰਨਾ ਸਿੰਘ ਜੀ ਹਨ । ਦਰਬਾਰ ਦੇ ਨਾਲ ਕਾਲੀ ਮਾਤਾ ਦਾ ਮੰਦਰ, ਸ੍ਰੀ ਰਾਮ ਜੀ ਦਾ ਮੰਦਰ ਤੇ ਹਨੂਮਾਨ ਦਾ ਮੰਦਰ ਵੀ ਹੈ । ਇਹਨਾ ਸਾਰੀਆ ਥਾਵਾ ਉੱਤੇ ਪੂਜਾ ਹੁੰਦੀ ਹੈ । ਮੂਰਤੀਆ ਦੇ ਨਾਲ ਗੁਰੂ ਗਰੰਥ ਸਾਹਿਬ ਦਾ ਪ੍ਰਕਾਸ਼ ਵੀ ਹੁੰਦਾ ਹੈ । ਦੀਵਾਲੀ, ਵਿਸਾਖੀ, ਜਨਮ ਅਸ਼ਟਮੀ ਅਤੇ ਗੁਰਪੁਰਬ ਸਤਿਗੁਰ ਨਾਨਕ ਦੇਵ ਜੀ ਉੱਤੇ ਭਾਰੀ ਦੀਵਾਨ ਸਜਦੇ ਹਨ । ਇੱਥੇ ਸੰਗਤ ਦੀ ਗਿਣਤੀ ਹਜ਼ਾਰਾ ਵਿੱਚ ਹੈ । ਦਰਬਾਰ ਦੋ ਮੰਜ਼ਲਾ ਸੁੰਦਰ ਬਣਿਆ ਹੋਇਆ ਹੈ।

گردوارا نانک واڑا' کندھ کوٹ' ضلع جیکب آباد' سندھ

ایہ پاون استھان ضلع جیکب اباد دی تحصیل کندھ کوٹ دے سنیار بازار اندر سھت ہے. ایس محلے نوں نانک واڑا وی آکھیا جاندا ہے. ایس استھان نوں نانک دربار کر کے یاد کیتا جاندا ہے. پجاری دھنا سنگھ جی ہن. دربار دے نال کالی ماتا دا مندر' سری رام جی دا مندر اتے ہنومان جی دا مندر وی ہے. ایہناں ساریاں تھاواں اتے پوجا ہوندی ہے. مورتیاں دے نال نال گرو گرنتھ صاحب جی دا پرکاش وی ہوندا ہے. دیوالی' وساکھی' جنم اشٹمی اتے گرپرب ست گرنانک دیو جی اتے بھاری دیوان سجدے ہن. ایتھے سنگت دی گنتی ہزاراں وچ ہے. دربار دو منزلا سُندر بنیا ہویا ہے.

GURDWARA NANAKWARA, KANDHKOT DISTRICT JACOBABAD

This holy shrine is in Suniar (Goldsmith) Bazaar of tehsil Kandhkot of district Jacobabad. The locality is also known as Nanakwara. This place is remembered as Nanak Darbar. Dhanna Singh Ji is the priest here. Darbar is a double storeyed beautiful building. There are also temples of Kali Mata, Sri Rama and Hanuman Ji adjacent to the darbar, and religious worship takes places in all the temple. Recitation of Granth Sahib also takes place beside the idols.

At Deewali, Visakhi and Janamashtami big gatherings take place. Sangat runs into thousands at this place.


23 MARCH 1966
GURU NANIK
DARBAR K KOT

ਗੁਰਦੁਆਰਾ ਥੜਾ ਸਾਹਿਬ, ਸਖੀ ਸਰਵਰ, ਡੇਰਾ ਗਾਜ਼ੀ ਖਾਨ

ਸਤਿਗੁਰੂ ਸ੍ਰੀ ਗੁਰੂ ਨਾਨਕ ਦੇਵ ਜੀ ਡੇਰਾ ਇਸਮਾਈਲ ਖਾਂ ਤੋਂ ਚੱਲ ਕੇ ਇੱਥੇ ਆਏ । ਆਪ ਦੇ ਬਿਰਾਜਣ ਵਾਲੇ ਅਸਥਾਨ ਨੂੰ ਥੜਾ ਸਾਹਿਬ ਆਖਿਆ ਜਾਂਦਾ ਹੈ ।

ਸਖੀ ਸਰਵਰ ਲਾਹੌਰ ਤੋਂ ਕੋਈ ਚਾਰ ਸੌ ਕਿਲੋਮੀਟਰ ਦੂਰ ਹੈ । ਰੇਲਵੇ ਸਟੇਸ਼ਨ ਡੇਰਾ ਗਾਜ਼ੀ ਖਾਂ ਹੈ । ਸ਼ਹਿਰ ਅੰਦਰ ਪੱਕੀ ਸੜਕ ਜਾਂਦੀ ਹੈ । ਇਸ ਸ਼ਹਿਰ ਨੂੰ ਉਹਨਾਂ ਵੇਲਿਆਂ ਅੰਦਰ " ਨਿਗਾਹਾ " ਆਖਿਆ ਜਾਂਦਾ ਸੀ ।

ਹਜ਼ਰਤ ਸਖੀ ਸਰਵਰ ਹੋਰਾਂ ਦੇ ਮਜ਼ਾਰ ਦੇ ਅਹਾਤੇ ਅੰਦਰ ਹੀ ਜਗਤ ਗੁਰੂ ਜੀ ਦਾ ਬਿਰਾਜਣ ਅਸਥਾਨ ਹੈ । ਇਸ ਬਾਰੇ ਮੁਨਸ਼ੀ ਹੁਕਮ ਚੰਦ ਲਿਖਦਾ ਹੈ, " ਦਖਸ਼ਿਨ ਪੂਰਬ ਕੀ ਬਾਹੀ ਅਸਥਾਨ ਬਾਬਾ ਗੁਰੂ ਨਾਨਕ ਦੇ ਨਾਂ ਤੋਂ ਪ੍ਰਸਿੱਧ ਹੈ ਅਤੇ ਪੂਰਬ ਵੱਲ ਦੂਜੀਆਂ ਕੋਠਰੀਆਂ ਹਨ । " ਇਹ ਅਸਥਾਨ ਮਸੀਤ ਤੇ ਮਜ਼ਾਰ ਸ਼ਰੀਫ ਦੇ ਵਿਚਾਲੇ ਹੈ ਇੱਥੇ ਹਰ ਸਾਲ ਮੇਲਾ ਜੁੜਦਾ ਹੈ । ਹੁਣ ਸ੍ਰੀ ਗੁਰੂ ਗਰੰਥ ਸਾਹਿਬ ਜੀ ਦਾ ਪ੍ਰਕਾਸ਼ ਨਹੀਂ ਹੁੰਦਾ । ਇਹ ਇੱਕ ਮਕਾਨ ਹੈ ਜਿਸ ਨੂੰ ਹਰ ਵੇਲੇ ਜਿੰਦਰਾ ਲੱਗਾ ਰਹਿੰਦਾ ਹੈ ।


گردوارا تھڑا صاحب سخی سرور ضلع ڈیرا غازی خان

ست گر نانک دیو جی ڈیرا اسماعیل خاں توں چل ایتھے آئے. آپ دے ویراجن دے استھان نُوں تھڑا صاحب آکھیا جاندا اے.
سخی سرور لہور توں کوئی چار سو کلو میٹر دور اے. ریلوے سٹیشن ڈیرا غازی خان ہے. شہراندر پکی پکی سڑک جاندی اے. ایس شہرنوں اوہناں ویلیاں اندر نگاہا آکھیا جاندا سی. ایتھے حضرت سخی سرور ہوراں دے مزار دے احاطے اندر ہی جگت گرو جی دا ویراجن استھان ہے اس بارے منشی حکم چند لکھدا ہے "دکھن پورب دی باہی استھان باوا نانک دے ناں توں پرسدھ ہے. اتے پورب ول دوجیاں کوٹھڑیاں ہن" ایہ استھان میت اتے مزار شریف دے وچالے ہے. ایتھے ہر سال میلا جڑدا سی. ہن گرو گرنتھ جی صاحب دا پرکاش نہیں ہوندا. ایہ اِک مکان ہے جس نوں ہر ویلے جندرا ہی لگیا رہندا ہے.

GURDWARA THARA SAHIB AT SAKHI SARWAR DISTRICT D.G.KHAN

Guru Nanak Ji came to Sakhi Sarwar from D.I.Khan and the place where he stayed is known as Thara Sahib.

Sakhi Sarwar is about 400 kilometer from Lahore. It is also called by the name of "Nigaha" and a metalled road leads direct to this town from D.G.Khan. The railway station which serves it too. A semi cobbled road leads into the city. The place where Guru Nanak Ji had stayed is located in the compound of the tomb of Hazrat Sakhi Sarwar. Munshi Hukum Chand writes, "The South-western side is known by the name of Baba Nanak, while the other cells are on the eastern side" This sacred place lies between the mosque and mazar (tomb). The fair is held every year, but no recitation of Granth Sahib is done.



ਧਰਮਸ਼ਾਲਾ ਗੁਰੂ ਨਾਨਕ ਦੇਵ ਜੀ, ਡੇਰਾ ਇਸਮਾਈਲ ਖਾਂ

ਇਹ ਪਾਵਨ ਅਸਥਾਨ ਛੋਟਾ ਬਜ਼ਾਰ ਵਿੱਚ ਡੇਰਾ ਇਸਮਾਈਲ ਖਾਂ ਸ਼ਹਿਰ ਅੰਦਰ ਹੈ । ਇਸ ਤੱਕ ਜਾਣ ਵਾਸਤੇ ਤੋਪਾਂ ਵਾਲੇ ਬਾਜ਼ਾਰ ਵੱਲੋਂ ਵੀ ਜਾਇਆ ਜਾ ਸਕਦਾ ਹੈ । ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਆਪਣੀ ਚੌਥੀ ਉਦਾਸੀ ਸਮੇਂ ਇੱਥੇ ਪਧਾਰੇ । ਜਿਸ ਥਾਂ ਆਪ ਬਿਰਾਜੇ, ਉਸ ਥਾਂ ਉੱਤੇ ਸ਼ਰਧਾਲੂਆਂ ਨੇ ਧਰਮਸ਼ਾਲਾ ਉਸਾਰ ਦਿੱਤੀ । ਇਹ ਇੱਕ ਬਹੁਤ ਹੀ ਖੂਬਸੂਰਤ ਤੇ ਵਿਸ਼ਾਲ ਇਮਾਰਤ ਹੈ । ਇਸ ਦਾ ਮੁੱਖ ਦਰਵਾਜਾ ਛੋਟੇ ਬਾਜ਼ਾਰ ਵੱਲ ਖੁਲਦਾ ਹੈ । ਇਸ ਦਰਵਾਜ਼ੇ ਦੇ ਅੰਦਰ ਇੱਕ ਦੋ ਮੰਜ਼ਲਾ ਚੌਕੋਰ ਤੇ ਬਹੁਤ ਹੀ ਸੁੰਦਰ ਇਮਾਰਤ ਹੈ, ਇੱਥੇ ਪ੍ਰਕਾਸ਼ ਹੁੰਦਾ ਸੀ । ਇਸ ਦੇ ਆਸੇ ਪਾਸੇ ਯਾਤਰੀਆਂ ਦੇ ਰਹਿਣ ਵਾਸਤੇ ਕਮਰੇ ਹਨ । ਇਸ ਦਰਬਾਰ ਦੇ ਵਿਚਾਲੇ ਥੜਾ ਸਾਹਿਬ ਹੈ, ਇੱਥੇ ਹੀ ਗੁਰੂ ਸਾਹਿਬ ਬਿਰਾਜੇ ਸਨ ।

ਇਸ ਵੇਲੇ ਇਸ ਇਮਾਰਤ ਅੰਦਰ ਗੌਰਮਿੰਟ ਹਾਇਰ ਸਕੂਲ ਨੰ: ੩ ਹੈ । ਇਮਾਰਤ ਦੀ ਹਾਲਤ ਬਹੁਤ ਚੰਗੀ ਹੈ । ਚਹੁੰਆਂ ਦਰਵਾਜ਼ਿਆਂ ਉੱਤੇ ਸੰਗਮਰਮਰ ਦੀਆਂ ਸਰਦਲਾਂ ਲੱਗੀਆਂ ਹੋਈਆਂ ਹਨ । ੧੯੪੭ ਤੋ ਪਹਿਲਾਂ ਇਸ ਦਾ ਪ੍ਰਬੰਧ ਸ਼੍ਰੋਮਣੀ ਕਮੇਟੀ ਕੋਲ ਸੀ, ਹੁਣ ਮਹਿਕਮਾ ਔਕਾਫ ਕੋਲ ਹੈ ।

دھرم سالا گرو نانک دیو جی ڈیرا اسماعیل خان

ایہ پاون استھان چھوٹا بازار وچ ڈیرا اسماعیل خان شہر اندر ہے. اس تک جاون واسطے توپاں والے بازار ولوں وی جایا جاسکدا ہے. سری گرو نانک دیو جی اپنی چوتھی اُداسی سمے ایتھے پدھارے . جس تھاں آپ وِراجے اس تھاں اتے شردھالواں دھرم سالا اسار دتی. ایہ اِک بہت ہی خوبصورت اتے وشال عمارت ہے. اس دا مُکھ دروازا چھوٹے بازار ول کھلدا ہے. اس دروازے دے اندر اِک دو منزلا چکور اتے بہت ہی سُندر عمارت ہے. ایتھے پرکاش ہوندا سی. اس دے آسے پاسے یاتریاں دے رہن واسطے کمرے ہن. اس دربار دے وچالے تھڑا صاحب ہے ایتھے ہی ست گر نانک دیو جی وِراجے سن.

ایس ویلے اس عمارت اندر گورنمنٹ ہائیر سکینڈری سکول نمبر3 ہے. عمارت دی حالت بہت ہی چنگی ہے. چوہاں دروازیاں اتے سنگ مرمردیاں سردلاں لگیاں ہوئیاں ہن. 1947ء توں پہلوں اس دا پربندھ شرومنی کمیٹی کول سی. ہُن محکما اوقاف کول ہے.

DHARAMSALA GURU NANAK DEV JI AT DERA ISMAIL KHAN

This sacred shrine is located in Chota Bazaar of Dera Ismail Khan and can also be reached from Topan Wala Bazaar.

Guru Nanak Dev Ji visited this place during his fourth itinerary. At the site where he stayed a Dharamsala was built by his devotees. It is a beautiful and big building. Its main gate opens in Chota Bazaar. Inside this door there is a beautiful double storey square building, where Prakash used to take place. There are residential rooms around this building for pilgrims. Inside the darbar there is a Thara Sahib (pious seat) where Sat Gur Nanak Dev Ji stayed.

Presently Govt Higher Secondary School No. 3 is housed in this building. The building is in good condition, all the four doors have marble frame.

Dharamsala was maintained by SGPC before 1947 and presently it is in the hands of Waqf Department.



ਗੁਰਦੁਆਰਾ ਕਾਲੀ ਦੇਵੀ, ਬੇਰੂਨ ਤੋਪਾ ਵਾਲਾ ਚੌਕ, ਡੀ ਆਈ ਖਾਨ

ਇਹ ਅਸਥਾਨ ਤੋਪਾਂ ਵਾਲੇ ਚੌਕ ਤੋਂ ਬਾਹਰ ਮੇਨ ਰੋਡ ਉੱਤੇ ਹੀ ਹੈ । ਇਸ ਦੇ ਨਾਲ ਵਰਕਸ਼ਾਪਾਂ ਹਨ ਅਤੇ ਅੰਦਰ ਗਲੀ ਵਿੱਚ ਕਲਸ ਨਜ਼ਰ ਆਉਦਾ ਹੈ । ਕਿਹਾ ਜਾਂਦਾ ਹੈ ਕਿ ਜਦ ਜਗਤ ਗੁਰੂ ਸ੍ਰੀ ਗੁਰੂ ਨਾਨਕ ਦੇਵ ਜੀ ਆਪਣੀ ਚੌਥੀ ਉਦਾਸੀ ਸਮੇ ਇਸ ਸ਼ਹਿਰ ਅੰਦਰ ਆਏ ਤਾਂ ਉਸ ਵੇਲੇ ਇੱਥੇ ਕਾਲੀ ਦੇਵੀ ਦੀ ਪੂਜਾ ਹੁੰਦੀ ਸੀ । ਗੁਰੂ ਸਾਹਿਬ ਨੇ ਇਸ ਅਸਥਾਨ ਤੋਂ ਕੁਝ ਵਿੱਥ ਉੱਤੇ (ਜਿੱਥੇ ਹੁਣ ਧਰਮਸ਼ਾਲਾ ਹੈ) ਬਿਰਾਜੇ । ਆਪ ਦੇ ਸ਼ਹਿਰ ਵਿੱਚ ਵੜਦਿਆਂ ਹੀ ਕਾਲੀ ਦੇਵੀ ਦੀ ਮੂਰਤੀ ਜ਼ਮੀਨ ਉੱਤੇ ਆਣ ਡਿੱਗੀ । ਪੁਜਾਰੀਆਂ ਚੱਕ ਕੇ ਖੜੀ ਕੀਤੀ ਤਾ ਉਹ ਫਿਰ ਡਿੱਗ ਪਈ ।


ਕਿਸੇ ਨੇ ਦੱਸਿਆ ਕਿ ਇੱਕ ਬਜ਼ੁਰਗ ਨੇ ਇੱਥੇ ਡੇਰੇ ਕੀਤੇ ਹਨ, ਹੋ ਸਕਦਾ ਹੈ ਕਿ ਇਹ ਸਭ ਕੁਝ ਉਹਨਾਂ ਦੇ ਆਉਣ ਕਾਰਨ ਹੋਇਆ ਹੋਵੇ । ਪੁਜਾਰੀ ਆਪ ਜੀ ਪਾਸ ਗਏ ਤਾਂ ਆਪ ਨੇ ਉਹਨਾਂ ਨੂੰ ੧ਓ ਦਾ ਮਤਲਬ ਸਮਝਾਇਆ ਅਤੇ ਉਸੇ ਦੀ ਭਗਤੀ ਕਰਨ ਲਈ ਕਿਹਾ । ਇਸ ਪਿੱਛੋਂ ਇਸ ਅਸਥਾਨ ਅੰਦਰ ਦੇਵੀ ਪੂਜਾ ਨੂੰ ਛੱਡ ਕੇ ਗੁਰੂ ਗਰੰਥ ਸਾਹਿਬ ਦਾ ਪ੍ਰਕਾਸ਼ ਹੋਣ ਲੱਗਾ । ਹੌਲੀ ਹੌਲੀ ਪੁਜਾਰੀਆਂ ਨਾਲ ਦੇਵੀ ਦੀ ਮੂਰਤੀ ਵੀ ਰੱਖ ਲਈ । ਇਸ ਘਟਨਾ ਦੀ ਯਾਦ ਵਿੱਚ ਇਸ ਦਿਨ ਤੋਂ ਮੰਦਰ ਨੂੰ ਗੁਰਦੁਆਰਾ ਕਾਲੀ ਦੇਵੀ ਆਖਿਆ ਜਾਣ ਲੱਗਾ । ਹੁਣ ਇਸ ਅੰਦਰ ਸਕੂਲ ਹੈ ।

گردوارا کالی دیوی بیرون توپاں والا چوک ڈی آئی خان

ایہ استھان توپاں والے چوک توں باہر مین روڈ اُتے ہی ہے. اس دے نال ورکشاپاں ہن تے اندر گلی وچ کلس نظر آوندا ہے. کہیا جاندا ہے کہ جد جگت گرو نانک دیو جی اپنی چوتھی اُداسی اِس سمے شہر اندر آئے تاں اس ویلے ایتھے کالی دیوی دی پوجا ہوندی سی گرو صاحب نے اس استھان توں کجھ وِتھ اتے (جتھے ہُن دھرم سالا ہے) ویراجے آپ دے شہر وچ وڑدیاں ہی کالی دیوی دی مورتی زمین اتے آن ڈگی. پجاریاں چُک کے کھڑی کیتی تاں اوہ فیر ڈگ پئی. کسے دسیا کہ اِک بزرگ ایتھے ڈیرے کیتے ہن' ہو سکدا ہے. ایہ سبھ کجھ اوہناں دے آون پاروں ہویا ہووے. پجاری آپ جی پاس گئے تاں آپ نے اوہناں نوں ایک اونکار دا مطلب سمجھایا اتے اوسے دی بھگتی کرن نوں کہیا اس پچھوں ایس استھان اندر دیوی پوجا نوں چھڈ گرو گرنتھ جی صاحب دا پرکاش ہون لگا. ہولی ہولی پجاریاں نے نال دیوی دی مورتی وی رکھ لئی. ایس گھٹنا دی یاد وچ ایس دیوی مندر نوں گردوارا کالی دیوی آکھیا جان لگا. ہُن اس اندر سکول ہے.

GURDWARA KALI DEVI, OUTSIDE TOPANWALA CHOWK DISTRICT, D.I.KHAN.

This place is on the main road beyond Topan Wala crossroad. There are workshop close it and the spire is visible inside the street. It is said that when Jagat Guru Nanak Dev Ji came to this city during his fourth itinerary, Goddess Kali was worshipped here. Guru Dev stayed at some distance from the temple of Kali. The moment he entered the town the idol of Kali fell to the ground. The priest lifted is up but it fell again. Some one said that a saint had come here and maybe it was happening due to his presence. The priest went to him. Guru Dev Ji explained the meaning of one Lord to him and advised him to be His people. After this incident the worship of idols was abolished and Prakash of Guru Granth Ji was begun. As the time went by the priests once again placed the idol of Kali Devi. This temple came to be known as Gurdwara Kali Devi to commemorate this event. There is a school housed in the premises.



ਗੁਰਦੁਆਰਾ ਛੋਟਾ ਨਾਨਕਿਆਣਾ, ਸਿਕਰਦੂ, ਅਜ਼ਾਦ ਕਸ਼ਮੀਰ

ਸਿਕਰਦੂ ਨਾਮੀ ਸ਼ਹਿਰ ਆਜ਼ਾਦ ਕਸ਼ਮੀਰ ਦਾ ਇੱਕ ਬਹੁਤ ਹੀ ਪ੍ਰਸਿੱਧ ਨਗਰ ਹੈ । ਹਰ ਸਾਲ ਗਰਮੀਆਂ ਵਿੱਚ ਹਜ਼ਾਰਾਂ ਲੋਕ ਇੱਥੇ ਸੈਰ ਕਰਨ ਆਉਂਦੇ ਹਨ । ਇਹ ਸ਼ਹਿਰ ਲਾਹੌਰ ਤੋਂ ਕੋਈ ਸਾਢੇ ਚਾਰ ਸੌ ਕਿਲੋਮੀਟਰ ਦੂਰ ਹੈ । ਸਿਕਰਦੂ ਦੇ ਮੇਨ ਚੌਕ ਤੋਂ ਕੋਈ ਇੱਕ ਕਿਲੋਮੀਟਰ ਅੱਗੇ ਇੱਕ ਨਿੱਕੀ ਜਿਹੀ ਪਹਾੜੀ ਉੱਤੇ ਇੱਕ ਵਿਸ਼ਾਲ ਇਮਾਰਤ ਹੈ । ਇਹ ਇਮਾਰਤ ਹੀ ਗੁਰਦੁਆਰਾ ਛੋਟਾ ਨਾਨਕਿਆਣਾ ਹੈ । ਪਹਾੜੀ ਦੇ ਉੱਤੇ ਪ੍ਰਕਾਸ਼ ਅਸਥਾਨ, ਲੰਗਰ ਹਾਲ ਅਤੇ ਸਰਾਂ ਹੈ । ਇਸ ਇਮਾਰਤ ਦੇ ਥੱਲੇ ਮੇਨ ਸੜਕ ਦੇ ਉੱਤੇ ਦੁਕਾਨਾਂ ਹਨ । ਇਹ ਦੁਕਾਨਾਂ ਇਸ ਪਾਵਨ ਅਸਥਾਨ ਦੀ ਮਾਲਕੀ ਹਨ । ਗੁਰਦੁਆਰਾ ਸਾਹਿਬ ਤੋਂ ਕੋਈ ਦੋ ਕਿਲੋਮੀਟਰ ਅੱਗੇ ਸਿਕਰਦੂ ਦਾ ਕਿਲਾ ਹੈ । ਜਗਤ ਗੁਰੂ ਨਾਨਕ ਦੇਵ ਜੀ ਆਪਣੀ ਚੀਨ ਦੀ ਫੇਰੀ ਤੋਂ ਮੁੜਦੇ ਹੋਏ ਇਸ ਅਸਥਾਨ ਤੇ ਠਹਿਰੇ । ਇਸ ਨੂੰ ਮੁਕਾਮੀ ਲੋਕ ਅਸਥਾਨ ਨਾਨਕ ਪੀਰ ਵੀ ਕਹਿੰਦੇ ਹਨ ।

ਇਸ ਵੇਲੇ ਇਮਾਰਤ ਦੀ ਹਾਲਤ ਕੋਈ ਚੰਗੀ ਨਹੀਂ । ਪ੍ਰਕਾਸ਼ ਅਸਥਾਨ ਅਲੋਪ ਹੁੰਦਾ ਜਾ ਰਿਹਾ ਹੈ । ਬਾਕੀ ਇਮਾਰਤ ਵੀ ਉੱਜੜੀ ਪਈ ਹੈ, ਕੇਵਲ ਦੁਕਾਨਾਂ ਦੀ ਹੀ ਲੋਕ ਸੰਭਾਲ ਕਰਦੇ ਹਨ ।

گردوارا چھوٹا نانکیانا، سکردو آزاد کشمیر

سکردو نامی شہر آزاد کشمیر دا اِک بہت ہی پرسدھ نگر ہے. ہر سال گرمیاں وچ ہزاراں لوک ایتھے سیر کرن جاندے ہن. ایہ شہر لاہور توں کوئی ساڈھے چار سو کلومیٹر دور ہے. سکردو دے مین چوک توں کوئی اِک کلومیٹر اگے اِک نکی جہی پہاڑی اتے اِک وشال عمارت ہے. ایہ عمارت ہی گردوارا چھوٹا نانکیانا پہاڑی دے اتے پرکاش استھان لنگر ہال اتے سراں ہے. اس عمارت دے تھلے مین سڑک اتے ہٹیاں ہن ایہ ہٹیاں اس پاون استھان دی مالکی ہن.

گردوارا صاحب توں کوئی دو کلومیٹر اگے سکردو دا قلعا ہے. جگت گرو نانک دیو جی اپنی چین دی پھیری توں مڑدے ہوئے اس استھان تے ٹھہرے. اس نوں مقامی لوک استھان نانک پیر وی کہندے نیں.

اس ویلے عمارت دی حالت کوئی چنگی نہیں پرکاش استھان الوپ ہوندا جارہیا ہے. باقی عمارت وی اجڑی پئی ہے. کیول ہٹیاں ہی ہن جناں دی لوک سنبھال کردے ہن.

GURDWARA CHOTA NANAKIANA AT SAKARDU AZAD KASHMIR

Sakardu is a well known town of Azad Kashmir. It is at a distance of about 450 km from Lahore. Every year thousands of people come to visit this place in summer. There is a big building on top of a small hill, about 1 km from the main cross-road of Sakardu. It is this building which is known as Gurdwara Chota Nanakiana. Prakashasthan, langar hall, and inn for pilgrims are on the hill. There are several shops on the main road below this building. These shops are owned by this sacred place.

Sakardu Fort is about two kilometer from the Gurdwara. Sat Guru had stayed at this place while he was on his way back from China. It is also called as "Asthan Nanak Pir" by the local people.

The building is not in a good condition, Prakashasthan has started collapsing and rest of the building too wears a deserted look. Only the shops remain as they are looked after by the occupants.



ਗੁਰਦੁਆਰਾ ਪਹਿਲੀ ਪਾਤਸ਼ਾਹੀ, ਬਾਲਾਕੋਟ, ਜ਼ਿਲਾ ਹਜ਼ਾਰਾ

ਬਾਲਾ ਕੋਟ ਇੱਕ ਬਹੁੱਤ ਹੀ ਇਤਿਹਾਸਿਕ ਨਗਰ ਹੈ । ਇਸ ਦਾ ਜ਼ਿਲ੍ਹਾ ਹਜ਼ਾਰਾ ਅਤੇ ਤਹਿਸੀਲ ਮਾਨਸਹਿਰਾ ਹੈ । ਸਤਿਗੁਰ ਨਾਨਕ ਦੇਵ ਜੀ ਜਦ ਇਸ ਪਾਸੇ ਲੋਕਾਂ ਦੇ ਉਧਾਰ ਵਾਸਤੇ ਆਏ, ਤਦ ਭਾਈ ਬਾਲਾ ਜੀ ਕੁਝ ਸਮਾਂ ਧਰਮ ਪ੍ਰਚਾਰ ਵਾਸਤੇ ਇੱਥੇ ਠਹਿਰੇ ਸਨ । ਇੱਥੇ ਤਿੰਨ ਸੋਮੇ ਹਨ । ਇੱਕ ਦਰਬਾਰ ਦੇ ਅਹਾਤੇ ਵਿੱਚ, ਜੋ ਕਿ ਬਾਲਾ ਪੀਰ ਦਾ ਚਸ਼ਮਾ ਕਰਕੇ ਪ੍ਰਸਿੱਧ ਹੈ । ਦੋ ਸੋਮੇ ਇਸ ਦਰਬਾਰ ਤੋਂ ਕੋਈ ਅੱਧਾ ਕਿਲੋਮੀਟਰ ਦੀ ਦੂਰੀ ਉੱਤੇ ਅਬਾਦੀ ਵਿੱਚ ਹੀ ਹਨ । ਇਹਨਾਂ ਵਿੱਚੋਂ ਇੱਕ ਬਾਬੇ ਮਰਦਾਨੇ ਦਾ ਚਸ਼ਮਾ ਤੇ ਇੱਕ ਬਾਲਾ ਪੀਰ ਦਾ ਥੜਾ ਕਰਕੇ ਜਾਣੇ ਜਾਂਦੇ ਹਨ । ਅੱਜ ਵੀ ਹਜ਼ਾਰਾਂ ਲੋਕ ਇੱਥੇ ਹਾਜਰੀ ਭਰਦੇ ਹਨ । ਅਜ਼ਾਦੀ ਤੋ ਪਹਿਲਾਂ ਹਰ ਐਤਵਾਰ ਨੂੰ ਮਾਨਸਹਿਰੇ ਤੋਂ ਭਾਈ ਸਾਹਿਬ ਜਾ ਕੇ ਅਰਦਾਸ ਕਰਵਾਂਦੇ ਹੁੰਦੇ ਸਨ ਅਤੇ ਭਾਰੀ ਸੰਗਤ ਇਕੱਤਰ ਹੁੰਦੀ ਸੀ । ਹੁਣ ਕੇਵਲ ਸਾਲ ਦੇ ਸਾਲ ਮੁਸਲਮਾਨ ਮੇਲਾ ਕਰਵਾਉਂਦੇ ਹਨ ।

گردوارا پہلی پاتشاہی' بالا کوٹ' ضلع ہزارا

بالاکوٹ اِک بہُت ہی اتہاسک نگر ہے. ایس دا ضلع ہزارا اَتے تحصیل مانسہرا ہے. ست گرنانک دیو جی جد ایس پاسے لوکاں دے اُدھار واسطے آئے. تد بھائی بالا جی کجُھ سما دھرم پرچار واسطے ایتھے ٹھہرے ہن. ایتھے تِن سُوے ہن. اِک دربار دے احاطے وچ جو بالا پیر دا چشما کر کے پرسدھ ہے.
دو سوے ایس دربار توں کوئی ادھا کلومیٹر اُتے آبادی وِچ ہن. ایہناں وچوں اِک بابے مردانے دا چشما اَتے اِک بابے نانک پیر دا چشما کر کے مشہور ہن. ایتھوں دے لوک ایس تھڑا صاحب نُوں "بالا پیر" جی دا تھڑا کر کے جاݨدے ہن. اج وی ہزاراں لوک ایتھے حاضری بھردے ہن. ازادی توں پہلوں ہر ایتوار نُوں مانسہرے توں بھائی صاحب جا کے ارداس کرواندے ہوندے سن اتے بھاری سنگت اکتر ہوندی سی. ہُن کیول سال دے سال مسلمان میلا کرواندے ہن.

GURDWARA FIRST GURU AT BALA KOT DISTRICT HAZARA

Bala Kot is a historical town in tehsil Mansehra of district Hazara. When Sat Gur Nanak Dev Ji came here for the emancipation of the people, Bhai Bala Ji stayed back for some time to preach Sikhism. There are three springs at this place now. One is inside the precinct of the shrine and is known as Bala Pir da Chashma (spring of Bala Pir).

The other two springs are inside the settlement about half a kilometer from the shrine. One of these is popular by the name of *Babe Mardane da Chashma* and the other goes by the name of *Babe Nanak da Chashma*. People of the area call this platform as "Bala Pir" Ji da Thara.

Even today thousands of people come to pay their homage. Before independence Bhai Sahib used to come here from Mansehra every Sunday to lead the prayers. A large number of Sikh followers used to congregate. Now Muslims hold a festival once every year.


دربار سخی حیات المیر

ਗੁਰਦੁਆਰਾ ਨਾਨਕਸਰ, ਤਿਲਕਪੁਰ, ਸਿਆਲਕੋਟ

ਇਹ ਪਾਵਨ ਅਸਥਾਨ ਸਿਆਲਕੋਟ ਚਪਰਾੜ ਰੋਡ ਉੱਤੇ ਹੈ । ਪਿੰਡ ਦਾ ਨਾਮ ਤਿਲਕਪੁਰ ਹੈ । ਅਸਲ ਵਿੱਚ ਇਹ ਦੋ ਪਿੰਡ ਹਨ, ਇੱਕ ਤਿਲਕਪੁਰ ਤੇ ਦੂਜਾ ਕਾਨਪੁਰ ਜਿਸ ਨੂੰ ਕਾਂ ਪੁਰ ਵੀ ਆਖਿਆ ਜਾਦਾ ਹੈ । ਇਹ ਪਿੰਡ ਸਿਆਲਕੋਟ ਸ਼ਹਿਰ ਤੋਂ ਕੋਈ ੨੦ ਕਿਲੋਮੀਟਰ ਦੀ ਦੂਰੀ ਤੇ ਹੈ । ਇਸ ਪਿੰਡ ਦੇ ਹਾਈ ਸਕੂਲ ਤੋਂ ਪਹਿਲਾਂ ਸੜਕ ਕਿਨਾਰੇ ਸਤਿਗੁਰੂ ਨਾਨਕ ਦੇਵ ਜੀ ਦਾ ਪਾਵਨ ਅਸਥਾਨ ਹੈ । ਗੁਰੂ ਸਾਹਿਬ ਜੰਮੂ ਤੋਂ ਚੱਲ ਕੇ ਇੱਥੇ ਆਏ । ਇਸ ਵੇਲੇ ਇਹ ਅਸਥਾਨ ਅਲੋਪ ਹੋ ਚੁੱਕਿਆ ਹੈ । ਕੇਵਲ ਕੁਝ ਕੰਧਾਂ ਖਲੋਤੀਆਂ ਹਨ । ਗੁਰਦੁਆਰਾ ਸਾਹਿਬ ਦੀ ਖਾਲੀ ਜ਼ਮੀਨ ਉੱਤੇ ਕਬਜ਼ਾ ਕਰਨ ਵਾਲਿਆ ਦੇ ਮੁਕੱਦਮੇ ਚੱਲ ਰਹੇ ਹਨ । ਇਸ ਪਾਵਨ ਅਸਥਾਨ ਨੂੰ ਗੁਰੂਸਰ ਕਹਿ ਕੇ ਯਾਦ ਕੀਤਾ ਜਾਂਦਾ ਸੀ ਜੋ ਕਿ ਹੁਣ ਇੱਕ ਯਾਦਗਾਰ ਬਣ ਕੇ ਹੀ ਰਹਿ ਗਈ ਹੈ ।

گردوارا نانک سر تلک پور، ضلع سیالکوٹ


ایہ پاون استھان سیالکوٹ چپراڑ روڈ اُتے ہے. پنڈ دا ناں تلک پور ہے. اصل وچ ایہ دو پنڈ ہن اِک تلک پور اتے دوجا کانپور جنھوں کاں پور وی آکھیا جاندا اے. ایہ پنڈ سیالکوٹ شہر توں کوئی 20 کلو میٹر دی دوری اُتے ہے. اس پنڈ دے ہائی سکول توں پہلوں سڑک کنارے ست گر نانک دیو جی دا پاون استھان سی. گرو صاحب جموں توں چل ایتھے آئے.

اس ویلے ایہ استھان الوپ ہو چکیا ہے کیول کجھ کندھاں کھلوتیاں ہن. گردوارا صاحب دی خالی زمین اُتے قبضا کرن والیاں دے مقدمے چل رہے ہن اس پاون استھان نوں گرو سر کہ کے یاد کیتا جاندا سی. جو ہُن اِک یاد ہی رہ گئی ہے.

GURDWARA NANAKSAR AT TILAKPUR DISTRICT SIALKOT

This sacred shrine is located in Tilakpur village on Sialkot-Chaprar road. In fact these are two villages, Tilakpur and Kanpur, also known as Kapur. The village is at a distance of about 20 km from Sialkot city. The shrine of Jagat Guru was on the road before the High School of the village. Jagat Guru stayed at this place while he was on his way back from Jammu.

The shrine is in total shambles and only some walls remain standing. Litigation against various occupants of the land belonging to Gurdwara is in progress. It once used to be called Guru Sar but now it is just a memory.



ਗੁਰਦੁਆਰਾ ਬੇਰ ਸਾਹਿਬ ਸਿਆਲਕੋਟ

ਜੰਮੂ ਤੋਂ ਕਸ਼ਮੀਰ ਜਾਂਦੇ ਹੋਏ ਜਦ ਸਤਿਗੁਰੂ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਸਿਆਲਕੋਟ ਪੁੱਜੇ ਤਾਂ ਪੂਰਾ ਸ਼ਹਿਰ ਸਹਿਮਿਆ ਹੋਇਆ ਸੀ । ਆਪ ਜੀ ਦੇ ਪੁੱਛਣ ਤੇ ਪਤਾ ਲੱਗ਼ਾ ਕਿ ਇੱਕ ਬਹੁਤ ਹੀ ਕਰਨੀ ਵਾਲੇ ਬਜ਼ੁਰਗ ਹਜ਼ਰਤ ਹਮਜ਼ਾ ਗੌਸ ਨਾਲ ਕਿਸੇ ਨੇ ਵਾਅਦਾ ਖਿਲਾਫੀ ਕੀਤੀ ਹੈ ਤੇ ਉਹ ਜਲਾਲ ਵਿੱਚ ਆ ਕੇ ੪੦ ਦਿਨ ਦਾ ਚਿਲਾ ਕਰ ਰਹੇ ਹਨ । ਚਿਲਾ ਪੂਰਾ ਹੋਣ ਤੇ ਸਾਰਾ ਸ਼ਹਿਰ ਗਰਕ ਹੋ ਜਾਵੇਗਾ । ਇਹ ਸੁਣ ਕੇ ਸਤਿਗੁਰੂ ਜੀ ਚਿਲੇ ਵਾਲੀ ਥਾਂ ਤੋਂ ਥੋੜੀ ਵਿੱਥ ਉੱਤੇ ਇੱਕ ਬੇਰੀ ਦੇ ਰੁੱਖ ਹੇਠ ਜਾ ਬਿਰਾਜਮਾਨ ਹੋਏ ਅਤੇ ਸ਼ਬਦ ਦੀ ਉੱਚੀ ਧੁੰਨੀ ਕੱਢੀ ਜਿਸ ਨਾਲ ਹਮਜ਼ਾ ਜੀ ਦਾ ਚਿਲਾ ਟੁੱਟ ਗਿਆ । ਉਹ ਗੁੱਸੇ ਵਿੱਚ ਆ ਗੁਰੂ ਜੀ ਪਾਸ ਆ ਕੇ ਕਹਿਣ ਲੱਗੇ, ਤੂੰ ਕੌਣ ਏਂ, ਜੋ ਇਹਨਾਂ ਝੂਠਿਆਂ ਨੂੰ ਬਚਾਉਣਾ ਚਾਹੁੰਦਾਂ ਏਂ ? ਸਤਿਗੁਰ ਨਾਨਕ ਦੇਵ ਜੀ ਨੇ ਫਰਮਾਇਆ, ਹਮਜ਼ਾ ਕਿਸੇ ਇੱਕ ਦੇ ਝੂਠ ਦੀ ਸਜ਼ਾ ਸਾਰੇ ਸ਼ਹਿਰ ਨੂੰ ਨਹੀਂ ਦੇਣੀ ਚਾਹੀਦੀ । ਪਰ ਉਹਨਾਂ ਦੀ ਤਸੱਲੀ ਨਾ ਹੋਈ ਤਾਂ ਆਪ ਨੇ ਫਰਮਾਇਆ ਕਿ ਇਸ ਸ਼ਹਿਰ ਅੰਦਰ ਕੁਝ ਲੋਕ ਜੀਵਨ ਦਾ ਮਹੱਤਵ ਸਮਝਣ ਵਾਲੇ ਵੀ ਹਨ ।

ਗੁਰੂ ਨਾਨਕ ਦੇਵ ਜੀ ਨੇ ਭਾਈ ਮਰਦਾਨਾ ਜੀ ਨੂੰ ਦੋ ਪੈਸੇ ਦੇ ਕੇ ਸੱਚ ਅਤੇ ਝੂਠ ਖਰੀਦਣ ਲਈ ਭੇਜਿਆ । ਕੁਝ ਲੋਕਾਂ ਮਰਦਾਨਾ ਜੀ ਦਾ ਮਖੌਲ ਉਡਾਇਆ ਪਰ ਮੂਲਾ ਨਾਮੀ ਇੱਕ ਕਰਾੜ ਅਜਿਹਾ ਵੀ ਸੀ ਜਿਹਨੇ ਦੋ ਪੈਸੇ ਰੱਖ ਕੇ ਇੱਕ ਪਰਚੀ ਉੱਤੇ ਲਿਖਿਆ ਕਿ " ਜਿਉਣਾ ਕੂੜ ਹੈ " ਤੇ ਦੂਜੀ ਉੱਤੇ ਲਿਖਿਆ " ਮਰਨਾਂ ਸੱਚ ਹੈ " । ਇਹ ਦੋਵੇਂ ਪਰਚੀਆਂ ਭਾਈ ਮਰਦਾਨਾ ਜੀ ਨੇ ਸਤਿਗੁਰੂ ਜੀ ਨੂੰ ਪੇਸ਼ ਕਰ ਦਿੱਤੀਆਂ । ਹਮਜ਼ਾ ਗੌਸ ਜੀ ਨੇ ਜਦ ਇਹ ਪੜ੍ਹਿਆ ਤਾਂ ਉਹਨਾਂ ਸਿਆਲਕੋਟ ਨਿਵਾਸੀਆਂ ਨੂੰ ਮਾਫ ਕਰ ਦਿੱਤਾ ।

بیر صاحب سیالکوٹ


جموں توں ہوندے ہوئے جد ست گُر نانک دیو جی مہاراج سیالکوٹ پجے تاں پورا شہر سہمیا ہویا سی. آپ دے پچھن تے پتا لگا کہ اِک بہُت ہی کرنی والے بزرگ حضرت حمزہ غوث نال کسے وعدا خلافی کیتی ہے تاں اوہ جلال وچ آ کے چالھی دناں دا چِلّا کر رہے ہن. چِلّا پورا ہون اُتے پورا شہر غرق ہو جاوے گا. ایہ سُن کے ست گر نانک دیو جی چلے والی تھاں توں تھوڑی وِتھ اُتے اِک بیری دے رکھ ہیٹھ براجمان ہوئے اتے شبد دی اُچی دُھنی کڈھی جس نال حمزہ جی دا چِلّا ٹُٹ گیا تاں اوہ غصے وچ گرو جی پاس آ کے کہن لگے توں کون ہیں جو ایہناں جھوٹھیاں نُوں بچانا چاہندا ہیں؟ ست گر نانک دیو جی نے فرمایا "حمزہ کسے اک دے جھُوٹھ دی سزا سارے شہر نُوں نہیں دینی چاہیدی" پر اوہناں دی تسلی نہ ہوئی تاں آپ نے فرمایا "ایس شہر اندر کجھ لوک جیون دا مہتو سمجھن والے وی ہن."

گرو نانک دیو جی نے بھائی مردانے جی نُوں دو پیسے دے کے سچ اتے جھوٹھ خریدن واسطے بھیجیا. کجھ لوکاں مردانا جی دا مخول اُڈایا پر مُولا نامی اک کراڑ اجہیا وی سی جس دو پیسے رکھ کے اک پرچی اُتے لکھیا کہ "جیونا کُوڑ ہے" اتے دوجی اُتے لکھیا کہ "مرنا سچ ہے" ایہ دوویں پرچیاں بھائی مردانا جی نے ست گر نانک دیو جی نُوں پیش کر دِتیاں. حمزہ غوث جی جد ایہ پڑھیا تاں اوہناں سیالکوٹ نواسیاں نُوں معاف کر دِتا.

GURDWARA BAIR SAHIB AT SIALKOT CITY

When Guru Nanak Dev Ji reached Sialkot via Jammu he found the whole city in the grip of terror. Guru Dev Ji inquired and learnt that someone had failed to keep his promise made to a great saint called Hazrat Hamza Ghaus. He had flown into a rage and made a vow to meditate for 40 days and at the completion of his meditation the whole city would be doomed. Hearing this Sat Gur sat down under a Bair tree close to the place where Hazrat Hamza was meditating and sang his verse in a loud tone. It disturbed the maditation of Hamza Ji, who came to Guru Nanak and angrily asked who he was and why he wanted to save those liars. Guru Ji replied "Hamza, you are not supposed to punish a whole city for the misconduct of a single person." Hamza Ji was not satisfied. Guru Ji then explained to him that there were many souls in the city who understood the purpose of life. Guru Ji gave two paisas to Bhai Mardana to buy "falsehood" and "truth" from the market. Some people ridiculed Mardana Ji but there was a Karar (a Hindu sect) named Maula who took two paisas and wrote two chits. On one chit he wrote, "Life is bitter" while on the other chit he wrote, "Death is truth". Bhai Mardana presented both the chits to Sat Gur Nanak Dev Ji. Guru Ji handed over the two pieces of paper to Hamza Ghaus Ji who after reading the same, pardoned the residents of Sialkot.

Maula Karar remained with Guru for some time during his travels. According to Guru's


SR

ਮੂਲਾ ਕੁਝ ਚਿਰ ਸਤਿਗੁਰਾਂ ਨਾਲ ਸਫਰ ਵਿੱਚ ਵੀ ਰਿਹਾ । ਜਨਮ ਸਾਖੀਆਂ ਅਨੁਸਾਰ ਇੱਕ ਵਾਰ ਸਤਿਗੁਰੂ ਨਾਨਕ ਦੇਵ ਜੀ ਉਹਨੂੰ ਬੁਲਾਣ ਗਏ ਤਾਂ ਉਹ ਆਪਣੀ ਧਰਮ ਪਤਨੀ ਦੇ ਆਖੇ ਲੱਗ ਕੇ ਹਨੇਰੇ ਵਿੱਚ ਜਾ ਲੁਕਿਆ । ਉਹਦੀ ਪਤਨੀ ਨੇ ਆਖਿਆ ਕਿ

ਉਹ ਤਾਂ ਘਰ ਨਹੀਂ ਹੈ । ਥੋੜੇ ਚਿਰ ਪਿੱਛੋਂ ਪਤਾ ਲੱਗਿਆ ਕਿ ਉਹ ਹਨੇਰੇ ਵਿੱਚ ਹੀ ਸੱਪ ਦੇ ਡੰਗਣ ਕਾਰਨ ਮਰ ਗਿਆ ਹੈ । ਸਤਿਗੁਰੂ ਨਾਨਕ ਦੇਵ ਜੀ ਜਿਸ ਥਾਂ ਠਹਿਰੇ ਉਸ ਮੁਹੱਲੇ ਨੂੰ ਅੱਜ ਵੀ " ਬਾਬਾ ਬੇਰ " ਆਖਿਆ ਜਾਂਦਾ ਹੈ । ਇੱਥੇ ਇੱਕ ਸੁੰਦਰ ਤੇ ਆਲੀਸ਼ਾਨ ਗੁਰਦੁਆਰਾ ਬਣਿਆ ਹੋਇਆ ਹੈ । ਇਹਨੂੰ ਬੇਰੀ ਸਾਹਿਬ ਆਖਿਆ ਜਾਂਦਾ ਹੈ । ਗੁਰਦੁਆਰੇ ਦੇ ਪਿਛਵਾੜੇ ਬੇਰੀ ਦਾ ਉਹ ਰੁੱਖ ਮੌਜੂਦ ਹੈ, ਜਿਸ ਥੱਲੇ ਆਪ ਵਿਰਾਜੇ ਸਨ । ਹੁਣ ਕੁਝ ਵਰਿਆਂ ਤੋਂ ਇਸ ਬਿਰਛ ਥੱਲੇ ਕਿਸੇ ਮੁਸਲਮਾਨ ਫਕੀਰ ਦੀ ਕਬਰ ਬਣਾ ਦਿੱਤੀ ਗਈ ਹੈ ।

ਇਹ ਗੁਰਦੁਆਰਾ ਸ਼ਹੀਦ ਨੱਥਾ ਸਿੰਘ ਜੀ ਨੇ ਬੜੇ ਪ੍ਰੇਮ ਨਾਲ ਸੁੰਦਰ ਬਣਵਾਇਆ । ਇਸੇ ਗੁਰਦੁਆਰੇ ਦੇ ਮਹੰਤ ਕੋਲ ਰਹਿ ਕੇ ਗਿਆਨੀ ਗਿਆਨ ਸਿੰਘ ਨੇ " ਤਵਾਰੀਖ ਖਾਲਸਾ " ਲਿਖੀ । ਇਸ ਅਹਾਤੇ ਦੇ ਅੰਦਰ ਹੀ ਸ਼ਹੀਦ ਨੱਥਾ ਸਿੰਘ ਜੀ ਦਾ ਸ਼ਹੀਦ ਗੰਜ ਹੈ । ਉਹਨਾਂ ਦਾ ਬਣਵਾਇਆ ਹੋਇਆ ਇੱਕ ਵੱਡਾ ਖੂਹ, ਜਿਹਦੇ ਉੱਤੇ ਕਈ ਹਲਟ ਚਲਦੇ ਸਨ, ਇਸ ਗੁਰਦੁਆਰੇ ਦੇ ਨਾਲ ਸੀ । ਇੱਕ ਸੁੰਦਰ ਤਾਲ ਵੀ ਹੈ । ਨੱਥਾ ਸਿੰਘ ਜੀ ਦੀ ੮ ਹਜ਼ਾਰ ਦੀ ਜਾਗੀਰ ਇਸ ਗੁਰਦੁਆਰੇ ਦੇ ਨਾਂ ਹੈ । ਜਿਸ ਵਿੱਚ ਬਾਗ, ਤਾਲ ਤੇ ਰਿਹਾਈਸ਼ੀ ਕਮਰੇ ਹਨ । ੧੦ ਮੁਰੱਬੇ ਜ਼ਮੀਨ ਫੈਸਲਾਬਾਦ (ਲਾਇਲਪੁਰ) ਵਿੱਚ ਹੈ । ਬਾਬਰੀ ਮਸਜਿਦ ਦੇ ਝਗੜੇ ਵੇਲੇ ਇਸ ਪਾਵਨ ਅਸਥਾਨ ਨੂੰ ਬਹੁਤ ਨੁਕਸਾਨ ਪਹੁੰਚਿਆ । ਇਹਦੇ ਨਾਲ ਲਗਦਾ ਇੱਕ ਬਹੁਤ ਹੀ ਉੱਚਾ ਮੰਦਰ ਹੈ, ਜਿਸਨੂੰ ਲੋਕਾਂ ਨੇ ਢਾਹ ਢੇਰੀ ਕਰ ਦਿੱਤਾ ਹੈ । ਗੁਰਦੁਆਰਾ ਸਾਹਿਬ ਦੀ ਮੁਰੰਮਤ ਦੀ ਸਖਤ ਲੋੜ ਹੈ ।

مُولا کجھ چر ست گُراں نال سفر وچ وی رہیا. جنم ساکھیاں انوسار اِک وار ست گر نانک دیو جی اوہنوں بلان گئے تاں اوہ اپنی دھرم پتنی دے آکھے لگ کے اندر انھیرے وچ جا لکیا. اوہدی پتنی نے آکھیا کہ اوہ تاں گھر نہیں ہے. ست گر واپس مُڑ آئے. تھوڑے چر پچھوں پتا لگا کہ اوہ انھیرے وچ ہی سپ دے ڈنگن نال مرگیا ہے.

ست گر نانک دیو جی جس تھاں ٹھہرے اوس محلے نوں اج وی "بابے بیر" آکھیا جاندا ہے. ایتھے اِک سُندر اتے عالی شان گردوارا صاحب بنیا ہویا ہے. اینوں بیری صاحب آکھیا جاندا ہے. گردوارے دے پچھواڑے بیری دا اوہ رکھ موجود ہے جس تھلے آپ وِراجے سن. ہُن کجھ ورھیاں توں ایس بِرچھ تھلے کے مسلمان فقیر دی قبر بنا دتی گئی ہے.

ایہ گردوارا شہید نتھا سنگھ جی نے وڈے پریم نال سُندر بنوایا. ایسے گردوارے دے مہنت کول رہ کے گیانی گیان سنگھ جی نے "تواریخ خالصا" لکھی. ایس احاطے دے اندر ہی شہید نتھا سنگھ جی دا شہید گنج ہے. اوہناں دا بنوایا ہویا اک وڈا کھوہ ہے جہدے اُتے کئی ہلٹ چلدے سن ایس گردوارے دے نال سی. اک سُندر تال وی ہے. نتھا سنگھ جی دی 8 ہزار دی جاگیر ایس گردوارا صاحب دے ناں ہے. جس وچ باغ تال اتے رہائشی کمرے ہن. 10 مربعے زمین ضلع فیصل آباد (لائلپور) وچ ہے. بابری میت دے جھیڑے ویلے ایس پاون استھان نوں وڈا نقصان اپڑیا. ایہدے نال لگدا اِک بہُت ہی اُچا مندر سی جِنھوں لوکاں ڈھا کے مٹی دا ڈھیر کر دتا ہے. گردوارا صاحب دی مرمت دی بڑی سخت لوڑ ہے.

biographies, once Guru Ji went to fetch Maula Karar. He, at the instance of his wife, hid himself inside the dark portion of his house and his wife told Guru Dev Ji that he was not at home. Guru Ji came back and a little later it was learnt that Maula Karar had died of snake bite in the darkness.

The site where Guru Nanak Ji stayed is still called "Baba Bair". A beautiful and grand Gurdwara has been built at the site. The Bair tree under which Guru Dev Ji had stayed is still present. A few years back a grave of a Muslim fakir has been constructed under the tree.

Shaheed Natha Singh Ji had built this beautiful shrine with great love and affection. Gian Singh Ji wrote his "History of Khalsa" while staying with the Mahant of this Gurdwara. The Shaheed Gang of Shaheed Natha Singh is within the precinct of the Gurdwara.

A big well was also constructed by him inside this Gurdwara and many Persian wheels worked in it. A beautiful tank was also there. Estate worth Rs 8000 belonging to Natha Singh Ji is now in the name of Gurdwara. which includes a garden, a pool and residential rooms. Two squares of land endowed to it is in distt Layyalpur (Faisalabad). This sacred place had to suffer great damage in the wake of Babari Masjid dispute. There used to be a very high temple which was razed to ground when it was demolished by an unruly mob. The Gurdwara is in urgent need of repairs.



ਗੁਰਦੁਆਰਾ ਬਾਉਲੀ ਸਾਹਿਬ ਸਿਆਲਕੋਟ

ਗੁਰਦੁਆਰਾ ਬੇਰ ਜੀ ਸਾਹਿਬ ਦੇ ਹੀ ਕੋਈ ੨੦੦ ਮੀਟਰ ਦੀ ਵਿੱਥ ਉੱਤੇ ਸਤਿਗੁਰੂ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਗੁਰਦੁਆਰਾ ਹੈ। ਇਹ ਗੁਰਦੁਆਰਾ ਉਸ ਥਾਂ ਉੱਤੇ ਬਣਾਇਆ ਗਿਆ ਹੈ ਜਿੱਥੇ ਮੂਲੇ ਕਰਾੜ ਦਾ ਘਰ ਸੀ। ਉਹ ਗੁਰੂ ਸਾਹਿਬ ਨੂੰ ਮਿਲਣ ਤੋਂ ਡਰਦਾ ਮਾਰਾ ਆਪਣੀ ਪਤਨੀ ਦੇ ਕਹੇ ਕਹਾਏ ਅੰਦਰ ਜਾ ਵੜਿਆ, ਜਿੱਥੇ ਉਹ ਸਪ ਲੜ ਜਾਣ ਕਾਰਨ ਮਰ ਗਿਆ। ਇੱਥੇ ਹੀ ਸਤਿਗੁਰ ਇਹ ਸ਼ਬਦ ਉਚਾਰਿਆ :-

ਨਾਲ ਕਿਰਾੜਾ ਦੋਸਤੀ ਕੂੜੇ ਕੂੜੀ ਪਾਇ ॥
ਮਰਣੁ ਨ ਜਾਪੈ ਮੂਲਿਆ ਆਵੈ ਕਿਤੈ ਥਾਇ ॥

ਇੱਥੇ ਹਰ ਸਾਲ ਬਸੰਤ ਪੰਚਮੀ ਨੂੰ ਮੇਲਾ ਲਗਦਾ ਹੁੰਦਾ ਸੀ। ਇਸ ਗੁਰਦੁਆਰੇ ਦੀ ਸੇਵਾ ਭਾਈ ਨੱਥਾ ਸਿੰਘ ਜੀ ਨੇ ਬੜੇ ਪ੍ਰੇਮ ਨਾਲ ਕੀਤੀ ਹੈ। ਗੁਰਦੁਆਰਾ ਸੁੰਦਰ ਬਣਿਆ ਹੋਇਆ ਹੈ। ਹੁਣ ਇਸ ਵਿੱਚ ਅੰਨ੍ਹਿਆਂ ਦਾ ਸਕੂਲ ਹੈ। ਇਸ ਦੇ ਆਸੇ ਪਾਸੇ ਲੋਕਾਂ ਨੇ ਜ਼ਮੀਨ ਤੇ ਕਬਜ਼ਾ ਕਰ ਲਿਆ ਹੈ ਤੇ ਮਕਾਨ ਬਣਾ ਲਏ ਹਨ। ਜਿਹਦੇ ਕਾਰਨ ਗੁਰਦੁਆਰਾ ਸਾਹਿਬ ਲੁਕ ਗਏ ਹਨ। ਇਸ ਦੇ ਨਾਲ ਹੀ ਭਾਈ ਨੱਥਾ ਸਿੰਘ ਜੀ ਹੋਰਾਂ ਦਾ ਬਣਾਇਆ ਸਰੋਵਰ ਹੈ ਜੋ ਅੱਜ ਵੀ ਮੌਜੂਦ ਹੈ ਅਤੇ ਹੌਲੀ ਹੌਲੀ ਅਲੋਪ ਹੋਣ ਵੱਲ ਵਧ ਰਿਹਾ ਹੈ।

باؤلی صاحب سیالکوٹ

گردوارا بیر جی صاحب دے نیڑے ہی کوئی 200 میٹر دی وتھ اُتے ست گر نانک دیو جی دا گردوارا ہے. ایہ گردوارا اوس تھاں اُتے بنایا گیا ہے جتھے مولے کراڑ دا گھر سی. اوہ گرو صاحب نُوں ملن توں ڈردا مارا اپنی پتنی دے کہے کہائے اندر جا وڑیا جتھے سپ لڑ کے مرگیا. ایتھے ہی ست گراں ایہ شبد اچاریا:

نال کراڑاں دوستی' کوڑی پائے
مرن ن جانو مولیا' آوے کِتے دھائے


ایتھے ہر سال بسنت پنچمی نوں میلا لگدا ہوندا سی. ایس گردوارے دی سیوا وی بھائی نتھا سنگھ جی نے ہی اپنے وڈے پریم نال کیتی ہے. گردوارا سُندر بنیا ہویا ہے. ہُن ایس وچ انھیاں دا سکول ہے. ایس دے آسے پاسے لوکاں زمین اُتے قبضا کر لیا ہے اتے مکان بنا لئے ہن. جہدے کارن گردوارا صاحب لک گئے ہن. ایس دے نال ہی بھائی نتھا سنگھ جی ہوراں دا بنوایا ہویا سرووَر ہے. جو اج وی موجود ہے اتے ہولی ہولی الوپ ہون ول ودھ رہیا ہے.

GURDWARA BAOLI SAHIB AT SIALKOT CITY

The Gurdwara Baoli Sahib is located at a distance of two hundred meters from Gurdwara Bair Sahib. It was built over the site where once the house of Maula Karar stood. He was afraid to meet Sat Gur and at the instance of his wife stayed inside and died of snake-bite. And it was here that Sat Guru created this Shabd.

False is friendship with the false and greedy. False is its foundation. O Mullah, no one knows where death shall strike. ||21||

A fair used to be held on Basant panchami. This Gurdwara has been maintained by Bhai Natha Singh with great love and affection. The Gurdwara is beautifully built and it is presently being used as a school for the blind. Gurdwara Sahib has been hidden because the people have occupied the land lying around Gurdwara and built houses on it. The tank built by Bhai Natha Singh Ji is adjacent to it. It is present even to day but it is gradually heading towards extinction.



ਗੁਰਦੁਆਰਾ ਨਾਨਕਸਰ, ਸਾਹੋਵਾਲ, ਤਹਿਸੀਲ ਸੰਬੜਿਆਲ, ਜ਼ਿਲਾ ਸਿਆਲਕੋਟ

ਸਿਆਲਕੋਟ ਤੋਂ ਸੰਬੜਿਆਲ ਆਉਂਦਿਆ ਰੇਲਵੇ ਸਟੇਸ਼ਨ ਉੱਗੋਕੀ ਤੋਂ ਅੱਗੇ ਰੇਲਵੇ ਸਟੇਸ਼ਨ ਸਾਹੋਵਾਲ ਹੈ । ਇਹ ਸੜਕ ਦਾ ਸਟਾਪ ਵੀ ਹੈ । ਇੱਥੇ ਉੱਤਰ ਕੇ ਦੱਖਣ ਪੱਛਮ ਵਾਲੇ ਪਾਸੇ ਕੋਈ ਚਾਰ ਕਿਲੋਮੀਟਰ ਦੀ ਵਿੱਥ ਉੱਤੇ ਪਿੰਡ ਸਾਹੋਵਾਲ ਹੈ । ਇਹ ਇੱਕ ਬਹੁਤ ਹੀ ਵੱਡਾ ਤੇ ਦੋ ਭਾਗਾਂ ਵਿੱਚ ਵੰਡਿਆ ਹੋਇਆ ਪਿੰਡ ਹੈ । ਇਸ ਪਿੰਡ ਵਿੱਚ ਚੜ੍ਹਦੀ ਬਾਹੀ ਕੋਈ ਅੱਧੇ ਕਿਲੋਮੀਟਰ ਦੀ ਵਿੱਥ ਉੱਤੇ ਸਤਿਗੁਰ ਨਾਨਕ ਦੇਵ ਜੀ ਦਾ ਗੁਰਦੁਆਰਾ ਹੈ । ਗੁਰਦੁਆਰਾ ਸਾਹਿਬ ਦੀ ਇਮਾਰਤ ਮੰਦਰ ਦੇ ਤਰਾਂ ਦੀ ਹੋਣ ਕਰਕੇ ਲੋਕ ਇਸ ਅਸਥਾਨ ਨੂੰ " ਨਾਨਕ ਮੰਦਰ " ਕਰਕੇ ਜਾਣਦੇ ਹਨ ।

ਪ੍ਰਕਾਸ਼ ਅਸਥਾਨ ਇਸ ਕਲਸਦਾਰ ਮੰਦਰ ਅੰਦਰ ਹੈ ਜਦਕਿ ਇੱਕ ਵਿਸ਼ਾਲ ਹਵੇਲੀ ਵਰਗੀ ਇਮਾਰਤ ਅੰਦਰ ਬਹੁਤ ਸਾਰੇ ਰਿਹਾਇਸ਼ੀ ਕਮਰੇ ਹਨ ਜਿਹਨਾਂ ਅੰਦਰ ਸ਼ਰਨਾਰਥੀ ਅਬਾਦ ਹਨ । ਸਤਿਗੁਰੂ ਸੀ ਗੁਰੂ ਨਾਨਕ ਦੇਵ ਜੀ ਸਿਆਲਕੋਟ ਤੋਂ ਚੱਲ ਕੇ ਇੱਥੇ ਬਿਰਾਜੇ । ਇੱਥੇ ਆਪ ਸੱਤ ਦਿਨ ਠਹਿਰੇ, ਉਸ ਸਮੇ ਇੱਥੇ ਇੱਕ ਤਾਲ ੨੫ ਘੁਮਾਉਂ ਵਿੱਚ ਸੀ । ਇਹ ਗੁਰਦੁਆਰਾ ਵੀ ਉਸੇ ਵਿੱਚ ਹੈ । ਉਦਾਸੀ ਸਾਧੂ ਪੁਜਾਰੀ ਸਨ । ਇਸ ਦੇ ਨਾਂ ਕੋਈ ਜਮੀਨ ਜਾਂ ਜਗੀਰ ਨਹੀਂ ਹੈ । ਇਸ ਵੇਲੇ ਹਾਲਤ ਚੰਗੀ ਹੈ ਅੱਗੇ ਕੁਝ ਨਹੀਂ ਕਿਹਾ ਜਾ ਸਕਦਾ ।

گردوارا نانک سر ساہووال تحصیل سمبڑیال ضلع سیالکوٹ

سیالکوٹ توں سمبڑیال آوندیاں ریلوے سٹیشن اُگوکی توں اگے ریلوے سٹیشن ساہو وال ہے. ایہ سڑک دا سٹاپ وی ہے. ایتھے اُتر کے دکھن پچھم والے پاسے کوئی چار کلومیٹر دی وِتھ اُتے پِنڈ ساہو وال ہے. ایہ اِک بہُت ہی وڈا اتے دو بھاگاں وچ ونڈیا ہویا پِنڈ ہے. ایس پِنڈ وچ چڑھدی باہی کوئی ادھے کلومیٹر دی وتھ اُتے ست گُر نانک دیو جی دا گردوارا ہے. گردوارا صاحب دی عمارت مندر دی طرحاں دی ہون کرکے لوک ایس استھان نُوں "نانک مندر" کر کے جاندے ہن.

پرکاش استھان ایس کلس دار مندر اندر ہے. جد کہ اِک وِشال حویلی ورگی عمارت اندر بہُت سارے رہائشی کمرے ہن جِنہاں اندر شرنارتھی اباد ہن.

ست گر نانک دیو جی سیالکوٹ توں چل ایتھے وِراجے. ایتھے آپ ست دن ٹھہرے. اوس سمے ایتھے اِک تال 25 گھماؤں وچ سی. ایہ گردوارا وی اوسے وچ ہے. اداسی سادھو پجاری سن. ایس دے ناؤں کوئی زمین یاں جاگیر نہیں. ایس ویلے حالت چنگی ہے اگے کجھ کہیا نہیں جا سکدا.

GURDWARA NANAKSAR AT SAHOWAL, DIST SIALKOT

Sahowal railway station comes after Uggoki while traveling from Sialkot to Sambrial. It is also a bus stop. The village is about 4 km south-west of it. This is a large village and is divided into two parts. Sat Gur Nanak Dev Ji's Gurdwara is about half kilometer inside the village on the eastern side. The building is built like a Hindu temple and that is why people call it as "Nanak Mandir".

The Parkashasthan is inside this temple with a spire while there are many residential rooms in a haveli (mansion) like building. Refugees are setted in these rooms now.

Guru Nanak Dev Ji came here from Sialkot and stayed for seven days. There was a pond covering 25 Ghumaons at this place in those days. This Gurdwara is inside that tank. Udasi sadhus were the priests. No land or estate is endowed to this shrine. At present the building is in good condition but nothing can be said about the future.



ਛੋਟਾ ਨਾਨਕਿਆਣਾ (ਸਿਉਕੇ) ਡਸਕਾ ਜਿਲਾ ਸਿਆਲਕੋਟ

ਸਿਉਕੇ ਤਹਿਸੀਲ ਡਸਕਾ, ਜਿਲਾ ਸਿਆਲਕੋਟ ਦਾ ਇੱਕ ਪਿੰਡ ਹੈ । ਇਹ ਪਿੰਡ ਡਸਕੇ ਤੋਂ ਕੋਈ ੧੦ ਕਿਲੋਮੀ. ਦੀ ਵਿੱਥ ਉੱਤੇ ਹੈ । ਡਸਕੇ ਤੋਂ ਵੈਗਨਾਂ ਚਲਦੀਆਂ ਹਨ ਜੋ ਜੇਸਰਵਾਲਾ ਤੋਂ ਹੁੰਦੀਆਂ ਹੋਈਆਂ ਇਸ ਪਿੰਡ ਅੱਪੜਦੀਆਂ ਹਨ । ਇਸ ਪਿੰਡ ਦੇ ਵਿੱਚੋਂ ਹੀ ਪਸਰੂਰ ਰੋਡ ਗੁਜ਼ਰਦਾ ਹੈ । ਇਸ ਪਿੰਡ ਦੇ ਵਿੱਚ ਸਤਿਗੁਰੂ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਪਵਿੱਤਰ ਅਸਥਾਨ ਛੋਟਾ ਨਾਨਕਿਆਣਾ ਕਰਕੇ ਪ੍ਰਸਿੱਧ ਹੈ । ਸਤਿਗੁਰ ਪੂਰੇ ਨਾਮਕ ਸਿੱਖ ਦਾ ਪ੍ਰੇਮ ਵੇਖ ਕੇ ਪਸਰੂਰ ਤੋਂ ਐਮਨਆਬਾਦ ਜਾਂਦੇ ਹੋਏ ਕੁਝ ਕਾਲ ਇੱਥੇ ਠਹਿਰੇ ਸਨ । ਗੁਰਦੁਆਰਾ ਸਾਹਿਬ ਦੇ ਨਾਂ ੧੬ ਘੁਮਾਉਂ ਜਮੀਨ ਪਿੰਡ ਵੱਲੋਂ ਹੈ । ੨੬ - ੨੫ ਹਾੜ ਨੂੰ ਭਾਰੀ ਮੇਲਾ ਜੁੜਦਾ ਸੀ । ਜਿਸ ਸਮੇਂ ਗੁਰੂ ਸਾਹਿਬ ਇੱਥੇ ਆਏ, ਉਸ ਸਮੇਂ ਇਸ ਪਿੰਡ ਦਾ ਨਾਂ ਭਾਰੋਵਾਲ ਸੀ । ਗੁਰੂ ਸਾਹਿਬ ਪਿੰਡ ਤੋਂ ਬਾਹਰ ਬੇਰੀਆਂ ਦੇ ਝੁੰਡ ਵਿੱਚ ਠਹਿਰੇ ਜੋ ਹੁਣ ਵੀ ਮੌਜੂਦ ਹੈ । ਇਸ ਵਿਸ਼ਾਲ ਬੇਰੀਆ ਦੇ ਝੁੰਡ ਵਿੱਚ ਹੁਣ ਕਬਰਸਤਾਨ ਹੈ । ਇਸ ਦੇ ਨਾਲ ਹੀ ਗੁਰੂ ਸਾਹਿਬ ਦੇ ਠਹਿਰਨ ਵਾਲੀ ਥਾਂ ਉੱਤੇ ਗੁਰਦੁਆਰਾ ਸਾਹਿਬ ਸੀ ਜੋ ਹੁਣ ਅਲੋਪ ਹੋ ਚੁੱਕਿਆ ਹੈ । ਉਸ ਥਾਂ ਉੱਤੇ ਹੁਣ (੪ ਮਈ ੧੯੯੭) ਸੂਰਜ ਮੁੱਖੀ ਦਾ ਖੇਤ ਝੂਮ ਰਿਹਾ ਸੀ ।

چھوٹا ننکیانا (سیوکے ڈسکا ضلع سیالکوٹ)

سیوکے تحصیل تھانا ضلع سیالکوٹ دا اک پنڈ. ایہ پنڈ ڈسکے توں کوئی 10 کلومیٹر دی وِتھ اُتے ہے. ڈسکے توں ویگناں چلدیاں ہن جو جیسروالا توں ہوندیاں ایس پنڈ اپڑدیاں ہن. ایس پنڈ دے وچوں دی پسرور روڈ گزردا ہے. ایس پِنڈ وِچ ست گُر نانک دیو جی دا پوِتر استھان چھوٹا ننکیانا کر کے پرسدھ سی. ست گر پورے نانک سِکھ دا پریم ویکھ کے پسرور توں ایمن اباد جاندے ہوئے کُجھ کال ایتھے ٹھہرے ہن. گردوارا صاحب دے ناں 16 گھماؤں زمین پنڈ ولوں ہے. 26' 25 ہاڑ نوں بھاری میلا جڑدا سی. جس سمے گُرو صاحب ایتھے آئے اوس ویلے پِنڈ دا ناؤں بھارووال سی. گرو صاحب پِنڈ توں باہر بیریاں دے جُھنڈ وچ ٹھہرے جو ہُن وی موجود ہے. ایس وشال بیریاں دے جُھنڈ وِچ ہُن قبرستان ہے. ایس دے نال ہی گرو صاحب دے ٹھہرن والی تھاں اُتے گردوارا صاحب سی جو ہُن الوپ ہو چکا ہے. ایس تھاں اُتے ہُن (4 مئی 1997ء) سُورج مکھی دا کھیت جھُوم رہیا سی.

GURDWARA CHOTA NANKIANA AT SEOKEY DISTRICT SIALKOT

Seokey is a village in Sialkot District. It is at a distance of 10 km from Daska. Wagons leaving Daska reach this village via Jaserwala. Pasrur road also runs through the village. The holy shrine of Jagat Guru Nanak Dev Ji in this village was known as Chota Nanakiana. Sat Gur was carried away by the love of perfect and pure Sikhs and he had made a brief sojourn at this place while on his way from Pasrur to Eminabad. 16 ghumaon of land is assigned to Gurdwara by the village. A big fair used to be organised on 25-26th of Har. The village was known as Bherowal at the time of Guru Dev Ji's visit. Guru Ji stayed in a grove of bair trees outside the village which stands to date. There is now a graveyard in this grove of jujube trees. There used to be a Gurdwara near the place where Guru Ji had stayed. This Gurdwara has collapsed. When the writer went to this place on the 4th of May 1997 it was a field of blooming sunflower.

ੴ

ਗੁਰਦੁਆਰਾ ਪਹਿਲੀ ਪਾਤਿਸ਼ਾਹੀ, ਮਲ੍ਹਾ, ਜਿਲਾ ਨਾਰੋਵਾਲ

ਤਹਿਸੀਲ ਸ਼ੱਕਰਗੜ, ਥਾਣਾ ਸ਼ਾਹ ਗਰੀਬ ਦਾ ਇੱਕ ਪਿੰਡ ਜੋ ਰੇਲਵੇ ਸਟੇਸ਼ਨ ਨਾਰੋਵਾਲ ਤੋਂ ੯ ਮੀਲ ਦੱਖਣ ਹੈ, ਇਹ ਪਿੰਡ ਕੰਜਰੋੜ ਤੋਂ ਈਸਾ ਜਾਣ ਵਾਲੀ ਸੜਕ ਉੱਤੇ ਈਸਾ ਤੋਂ ਕੋਈ ਚਾਰ ਕਿਲੋਮੀਟਰ ਪਹਿਲਾਂ ਆਉਂਦਾ ਹੈ । ਇਸ ਪਿੰਡ ਦੇ ਬਾਹਰ ਪੂਰਬ ਵੱਲ ਗੁਰੂ ਨਾਨਕ ਦੇਵ ਜੀ ਦਾ ਗੁਰਦੁਆਰਾ ਸਾਹਿਬ ਸੀ । ਸਤਿਗੁਰੂ ਜੀ ਕਰਤਾਰਪੁਰ ਤੋਂ ਸਿਆਲਕੋਟ ਜਾਂਦੇ ਹੋਏ ਇਸ ਥਾਂ ਇੱਕ ਬੇਰੀ ਦੇ ਰੁੱਖ ਹੇਠਾਂ ਬਿਰਾਜੇ ਸਨ । ਉਸ ਬੇਰੀ ਪਾਸ ਇੱਕ ਛੋਟਾ ਜਿਹਾ ਗੁਰਦੁਆਰਾ ਸੀ । ਹੁਣ ਨਾਂ ਤਾਂ ਬੇਰੀ ਹੈ ਤੇ ਨਾਂ ਹੀ ਗੁਰਦੁਆਰਾ ਸਾਹਿਬ । ਕੇਵਲ ਮਿੱਟੀ ਦਾ ਇੱਕ ਢੇਰ ਹੀ ਹੈ । ੧੯੫੨ ਵਿੱਚ ਰਾਵੀ ਦੇ ਹੜ੍ਹ ਨਾਲ ਇਹ ਪਾਵਨ ਅਸਥਾਨ ਮਿੱਟੀ ਦਾ ਢੇਰ ਹੋ ਗਿਆ । ਪਿੰਡ ਅੰਦਰ ਪੱਕੇ ਗੁਰਦੁਆਰਾ ਸਾਹਿਬ ਅੰਦਰ ਪ੍ਰਕਾਸ਼ ਹੁੰਦਾ ਸੀ, ਉਹ ਅਸਥਾਨ ਹੁਣ ਵੀ ਹੈ । ਮਹਾਰਾਜਾ ਰਣਜੀਤ ਸਿੰਘ ਜੀ ਵੱਲੋਂ ਇਸ ਦੇ ਨਾਂ ੫੦ ਘੁਮਾਉਂ ਜਮੀਨ ਲਾਈ ਗਈ ਸੀ ਜੋ ਹੁਣ ਮਹਿਕਮਾ ਮਤਰੂਕਾ ਵਕਫ ਬੋਰਡ ਦੀ ਮਾਲਕੀ ਵਿੱਚ ਹੈ ।

گردوارا پہلی پاتشاہی ملھا ضلع نارووال

تحصیل شکرگڑھ تھانا شاہ غریب دا اک پنڈ جو ریلوے سٹیشن نارووال توں 9 میل دکھن ہے. ایہ پنڈ کنجروڑ توں عیسٰی جان والی سڑک اُتے' عیسٰی توں کوئی چار کلومیٹر پہلوں آندا ہے. ایس پنڈ توں باہر پورب ول گرو نانک دیو جی دا گردوارا صاحب سی. ست گر کرتار پور توں سیالکوٹ جاندے ایس تھاں اِک بیری دے رکھ ہیٹھ کجھ کال ویراجے ہن. اوس بیری پاس اِک چھوٹا جہیا گردوارا سی. ہُن نہ تاں بیری ہے اتے نہ ہی گردوارا صاحب. کیول مٹی دا اِک ڈھیر ہے. 1952 وچ راوی دے ہڑ نال ایہ پاون استھان مٹی دا ڈھیر ہو گیا. پنڈ اندر پکے گردوارا صاحب اندر پرکاش ہوندا سی. اوہ استھان ہُن وی ہے. مہاراجا رنجیت سنگھ جی ولوں ایس ناں 50 گھماؤں زمین لائی گئی سی جو ہُن وی محکما متروکا وقف بورڈ دی مالکی وچ ہے.

GURDWARA FIRST GURU AT MALLAH DISTRICT NAROWAL

Mallah, a village of P.S. Shah Gharib, is 9 miles south of Narowal railway station. This village is about 4 kilometers before Eesa on the road leading from Kanjror to Eesa. There used to be a Gurdwara of Guru Nanak Dev Ji on the eastern side outside this village. Guru Ji made a brief sojourn here under the shadow of a bair tree while on his way from Kartarpur to Sialkot. There was a small Gurdwara near this tree. Now neither the tree nor the Gurdwara are there, what remains is a heap of dust. In 1952 this Gurdwara collapsed due to the floods in the River Ravi. Parkash of Guru Granth Sahib used to take place in the *pucca* (built with baked brick) Gurdwara inside the village and this asthan is still there. Maharaja Ranjit Singh assigned 50 ghumaon land to it which is now under the possession of Evacuee Waqf Board.



ਮੰਜੀ ਸਾਹਿਬ ਪਸਰੂਰ (ਦਿਓਕਾ)

ਸਤਿਗੁਰੂ ਨਾਨਕ ਦੇਵ ਜੀ ਸਿਆਲਕੋਟ ਤੋਂ ਪਸਰੂਰ ਪਹੁੰਚੇ । ਇਹ ਸ਼ਹਿਰ ਜ਼ਿਲਾ ਸਿਆਲਕੋਟ ਦਾ ਪ੍ਰਧਾਨ ਸ਼ਹਿਰ ਹੈ । ਇੱਥੇ ਜਿਸ ਥਾਂ ਸਤਿਗੁਰੂ ਜੀ ਠਹਿਰੇ ਸਨ, ਉਸ ਥਾਂ ਨੂੰ ਦਿਓਕਾ ਆਖਿਆ ਜਾਂਦਾ ਹੈ । ਇਹ ਅਸਥਾਨ ਨਾਰੋਵਾਲ - ਸਿਆਲਕੋਟ ਰੋਡ ਉੱਤੇ ਪਸਰੂਰ ਰੇਲਵੇ ਸਟੇਸ਼ਨ ਤੋਂ ਅੱਧਾ ਕਿਲੋਮੀਟਰ ਨਾਰੋਵਾਲ ਵਾਲੇ ਪਾਸੇ ਐਨ ਸੜਕ ਉੱਤੇ ਹੈ ।

ਉਸ ਸਮੇਂ ਜਦ ਸਤਿਗੁਰੂ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਪਸਰੂਰ ਪਹੁੰਚੇ, ਉਸ ਸਮੇਂ ਇੱਥੇ ਇੱਕ ਪ੍ਰਸਿੱਧ ਮੁਸਲਮਾਨ ਸੂਫੀ ਹਜ਼ਰਤ ਮੀਆਂ ਮਿੱਠਾ ਜੀ ਰੱਬ ਦੀ ਯਾਦ ਵਿੱਚ ਲੀਨ ਸਨ । ਕਹਿੰਦੇ ਹਨ ਕਿ ਇਸ ਮੁਸਲਮਾਨ ਸੂਫੀ ਫਕੀਰ ਦਾ ਅਸਲ ਨਾਮ ਤਾਂ ਕੁਝ ਹੋਰ ਸੀ, ਉਹਨਾਂ ਦੀ ਬੋਲੀ ਇੰਨੀ ਮਿੱਠੀ ਸੀ ਕਿ ਲੋਕ ਉਹਨਾਂ ਨੂੰ ਮੀਆਂ ਮਿੱਠਾ ਜੀ ਦੇ ਨਾਂ ਨਾਲ ਜਾਨਣ ਲੱਗੇ । ਇੱਥੋਂ ਤੱਕ ਕਿ ਉਹਨਾਂ ਦਾ ਅਸਲ ਨਾਮ ਵਿਸਰ ਗਿਆ । ਸਤਿਗੁਰ ਸ੍ਰੀ ਗੁਰੂ ਨਾਨਕ ਦੇਵ ਜੀ ਅਤੇ ਮੀਆਂ ਮਿੱਠਾ ਜੀ ਵਿਚਕਾਰ ਇਸ ਥਾਂ ਗੋਸ਼ਟੀ ਹੋਈ । ਮੀਆਂ ਮਿੱਠਾ ਜੀ ਨੇ ਫਰਮਾਇਆ :

ਪਹਿਲਾ ਨਾਉ ਖੁਦਾਇ ਦਾ, ਦੂਜਾ ਨਾਉ ਰਸੂਲ ।
ਨਾਨਕ ਕਲਮਾ ਜੇ ਪੜ੍ਹੇ ਤਾ ਦਰਗਹ ਪਵਹਿ ਕਬੂਲ ।

ਸਤਿਗੁਰੂ ਜੀ ਨੇ ਮੋੜਵਾਂ ਜਵਾਬ ਦਿੱਤਾ ਤੇ ਫਰਮਾਇਆ :

ਪਹਿਲਾ ਨਾਉ ਖੁਦਾਇ ਦਾ, ਦਰ ਦਰਵਾਨ ਰਸੂਲ ।
ਸ਼ੇਖਾ ਨੀਅਤ ਰਾਸਿ ਕਰ, ਤੇ ਦਰਗਾਹ ਪਵਹਿ ਕਬੂਲ ।

منجی صاحب پسرور (دیوکا)

ست گُر نانک دیو جی سیالکوٹ توں پسرور پہنچے. ایہ شہر ضلع سیالکوٹ دی تحصیل دا پردھان نگر ہے. ایتھے جِس تھاں ست گر جی ٹھہرے ہن اوس تھاں نُوں "دیوکا" آکھیا جاندا ہے. ایہ استھان نارووال سیالکوٹ روڈ اُتے پسرور ریلوے سٹیشن توں ادھا کلومیٹر نارووال والے پاسے عین سڑک اُتے ہے.

اوس سمے جد ست گُر نانک دیو جی مہاراج پسرور پہنچے' اوس سمے ایتھے اک پرسدھ مسلمان صوفی حضرت میاں مٹھا جی رب دی یاد وچ لین سی. کہندے ہن کہ ایس مسلمان فقیر دا اصلی ناں تاں کجھ ہور سی. اوہناں دی بولی اینی مِٹھی سی کہ لوک اوہناں نوں میاں مٹھا جی دے ناں نال جانن لگے. ایتھوں تیک کہ اوہناں دا اصل ناں تیک وِسر گیا. ست گر نانک دیو جی اتے میاں مٹھا جی وچکار ایس تھاں گوشٹی ہوئی. میاں مٹھا جی نے فرمایا:

پہلا ناؤں خدائے دا' دوجا ناؤں رسول
نانک کلمہ جے پڑھے' تاں درگاہ پوے قبول

ست گر نانک دیو جی موڑواں جواب دتا تے فرمایا:

پہلا ناؤں خدائے دا' در دروان رسول
شیخا' نیت راس کر' تے درگاہ پوے قبول

GURDWARA MANJI SAHIB AT DEOKAY, PASRUR

Jagat Gur Guru Nanak reached Pasrur from Sialkot. Pasrur is the leading town and tehsil of Sialkot District. The place where Guru Ji had stayed is known as Deokay. This Shrine is located on Narowal-Sialkot road, about half a kilometer from the Pasrur railway station. When Nanak Dev Ji reached Pasrur, a renowned Muslim mystic, Mian Mittah, was busy in prayers.

It is said that his real name was not Mian Mittha but because of his soft speech people started knowing him as Mian Mittha Ji. With the passage of time his real name was forgotten. Guru Nanak Ji had a discourse with Mian Mittha at this place. Mian Mittha said:

Pehla Nao Khudai da, doja Nao Rasool - Nanak Kalma je pare tan dargah paway kabul.

Guru Ji replied

Pehla Nao Khudai da, dar d.: m Rasool - Sheikha niat ras kar te dargah paway kabul.

The place where this discourse took place was known as "Kotla Mian Mittha" but later Deoka became popular name. Once Dek stream used to flow close to it but now it has shifted course. There is very big garden of bair. and one gate of the garden is on Narowal-Pasrur road. There is a big pond just beside the gate. At the end of the tank, a simple Manji Sahib (room to keep the Granth Sahib) is



ਜਿਸ ਥਾਂ ਇਹ ਗੋਸ਼ਟੀ ਹੋਈ, ਉਸ ਵੇਲੇ ਇਹ ਥਾਂ ਕੋਟਲਾ ਮੀਆਂ ਮਿੱਠਾ ਦੇ ਨਾਂ ਨਾਲ ਪ੍ਰਸਿੱਧ ਸੀ, ਮਗਰੋਂ ਇਸ ਪਿੰਡ ਦਾ ਨਾਮ ਦਿਓਕਾ ਪ੍ਰਸਿੱਧ ਹੋ ਗਿਆ । ਕਦੇ ਇੱਥੇ ਨੇੜੇ ਹੀ ਡੇਕ ਨਦੀ ਵਗਦੀ ਸੀ ਜੋ ਹੁਣ ਵਿੱਥ ਤੇ ਹੋ ਗਈ ਹੈ । ਇੱਥੇ ਇੱਕ ਬਹੁਤ ਹੀ ਵੱਡਾ ਬੇਰੀਆਂ ਦਾ

ਬਾਗ ਹੈ । ਇਸ ਬਾਗ ਦਾ ਇੱਕ ਵੱਡਾ ਗੇਟ ਨਾਰੋਵਾਲ ਪਸਰੂਰ ਰੋਡ ਉੱਤੇ ਖੁਲਦਾ ਹੈ । ਇਸ ਗੇਟ ਵਿੱਚ ਵੜਦਿਆਂ ਹੀ ਇੱਕ ਵਿਸ਼ਾਲ ਸਰੋਵਰ ਸਥਿੱਤ ਹੈ । ਇਸ ਸਰੋਵਰ ਦੇ ਅਖੀਰ ਉੱਤੇ ਇਸ ਤੋਂ ਸੱਜੇ ਪਾਸੇ ਇੱਕ ਸਾਧਾਰਨ ਜਿਹਾ ਮੰਜੀ ਸਾਹਿਬ ਬਣਿਆ ਹੋਇਆ ਹੈ । ਇਹ ਇੱਕ ਥੜਾ ਹੈ ਜਿਸ ਉੱਤੇ ਕੋਈ ਛੱਤ ਨਹੀਂ, ਕੇਵਲ ਇੱਕ ਸੁੰਦਰ ਬੂਹਾ ਹੈ । ਇਸ ਥੜਾ ਸਾਹਿਬ ਦੇ ਪਿੱਛੇ ਤਿੰਨ ਮਕਾਨ ਬਣੇ ਹੋਏ ਹਨ । ਜਿਹਨਾਂ ਵਿੱਚੋਂ ਇੱਕ ਮਕਾਨ ਅੰਦਰ ਗੁਰੂ ਗਰੰਥ ਸਾਹਿਬ ਜੀ ਬਿਰਾਜਮਾਨ ਹੁੰਦੇ ਸਨ । ਇਸ ਅਸਥਾਨ ਦਾ ਝਾੜੂ ਆਦਿਕ ਸੇਵਾ ਭਾਈ ਮੋਹਨ ਸਿੰਘ ਜੀ ਕਰਦੇ ਸਨ । ਇਹ ਜ਼ਮੀਨ ਡਿਸਟਰਿਕਟ ਬੋਰਡ ਦੇ ਕਬਜ਼ੇ ਵਿੱਚ ਹੈ । ਸਰੋਵਰ ਇਸ ਵੇਲੇ ਇੱਕ ਛੱਪੜ ਦਾ ਰੂਪ ਧਾਰਨ ਕਰ ਚੁੱਕਾ ਹੈ । ਜਦਕਿ ਗੁਰਦੁਆਰਾ ਸਾਹਿਬ ਦੀ ਸਥਿੱਤੀ ਵੀ ਕੋਈ ਚੰਗੀ ਨਹੀਂ ।

جس تھاں ایہ گوشٹی ہوئی اوس ویلے ایہ تھاں کوٹلا میاں مٹھا دے ناں نال پرسدھ سی. مگروں ایس پنڈ دا ناؤں دیوکا پرسدھ ہو گیا. کدے ایتھے نیرت ہی ڈیک ندی وگدی سی جو ہُن وتھ تے ہو گئی ہے. ایتھے اک بہُت ہی وڈا بیریاں دا باغ ہے. ایس باغ دا اک وڈا گیٹ نارووال پسرور روڈ اُتے کھلدا ہے. ایس گیٹ وچ وڑدیاں ہی اک وشال سروور ستھت ہے. ایس سروور دے اخیر اُتے ایس توں سجے پاسے اک سدھارن جہیا منجی صاحب بنیا ہویا ہے. ایہ اِک تھڑا ہے جس اُتے چھت کوئی نہیں کیول اک سُندر بُوہا ہے. ایس تھڑا صاحب دے پچھے تِن مکان بنے ہوئے ہن جنہاں وِچوں اِک مکان اندر گرو گرنتھ صاحب جی براجمان ہوندے سن. ایس استھان دا جھاڑو آدک سیوا بھائی موہن سنگھ جی کردے سن. ایہ زمین ڈسٹرکٹ بورڈ دے قبضے وچ ہے. سرووز ایس ویلے اِک چھپڑ دا روپ دھارن کر چکیا ہے. جد کہ گردوارا صاحب دی ستھتی وی کوئی چنگی نہیں.

built on the right hand side of the tank. It is an elevated platform without any roof but it has a beautiful door. There are three houses behind Manji Sahib. In one of these houses Guru Granth Sahib resided. Bhai Mohan Singh Ji used to clean and maintain the shrine. This shrine is under the occupation of the District Board. The water tank has become a stagnant pond and the Gurdwara too is not in a good condition.



ਗੁਰਦੁਆਰਾ ਗੁਰਹੱਟੜੀ, ਪਿਸ਼ਾਵਰ

ਇਹ ਇਤਿਹਾਸਕ ਅਸਥਾਨ ਪਿਸ਼ਾਵਰ ਸ਼ਹਿਰ ਦੇ ਮੁਹੱਲਾ ਗੰਜ ਵਿੱਚ ਹੈ । ਇਸ ਨੂੰ ਗੁਰ ਹੱਟੜੀ ਅਤੇ ਧਰਮਸ਼ਾਲਾ ਬਾਬਾ ਸ੍ਰੀ ਚੰਦ ਵੀ ਆਖਿਆ ਜਾਂਦਾ ਹੈ ।

ਪੁਰਾਤਨ ਜਨਮ ਸਾਖੀਆਂ ਅਨੁਸਾਰ ਸਤਿਗੁਰੂ ਸ੍ਰੀ ਗੁਰੂ ਨਾਨਕ ਦੇਵ ਜੀ ਇੱਥੇ ਚੌਥੀ ਉਦਾਸੀ ਸਮੇਂ ਤਸ਼ਰੀਫ ਲਿਆਏ । ਇੱਥੇ ਇੱਕ ਮੁਸਲਮਾਨ ਅਬਦੁਲ ਰਹਿਮਾਨ ਜੋ ਚਮੜੇ ਦਾ ਵਿਉਪਾਰੀ ਸੀ, ਉਸ ਨੇ ਸਤਿਗੁਰੂ ਜੀ ਦੇ ਪੈਰਾਂ ਵਿੱਚ ਜੁੱਤੀ ਪੁਆਈ । ਗੁਰੂ ਨਾਨਕ ਦੇਵ ਜੀ ਨੇ ਪ੍ਰਸੰਨ ਹੋ ਕੇ ਆਪਣੀ ਪੁਰਾਣੀ ਜੁੱਤੀ ਉਸ ਨੂੰ ਬਖਸ਼ੀ, ਜੋ ਚਾਰ ਪੀੜੀਆਂ ਤੱਕ ਉਹਨਾ ਦੇ ਕੋਲ ਰਹੀ । ਫਿਰ ਰਹੀਮ ਖਾਂ ਉਸਨੂੰ " ਹੋਤੀ " ਮਰਦਾਨ ਲੈ ਗਿਆ, ਸਰਦਾਰ ਮੋਤਾ ਸਿੰਘ ਕੋਲ ਅਮਾਨਤ ਰੱਖ ਕੇ ਆਪ ਚਲਾ ਗਿਆ ਤੇ ਮੁੜ ਕਦੇ ਵਾਪਸ ਨਾਂ ਆਇਆ । ਮੋਤਾ ਸਿੰਘ ਨੇ ਉਹ ਪਾਵਨ ਜੋੜਾ ਆਪਣੇ ਇੱਕ ਮਿੱਤਰ ਮਨਾ ਸਿੰਘ ਨੂੰ ਦਿੱਤਾ, ਉਹਦਾ ਮੁਤਬੰਨਾ (ਲੈ ਪਾਲਕ) ਭਾਈ ਨੱਥਾ ਸਿੰਘ ਨੇ ਉਹਨੂੰ ਪ੍ਰੇਮ ਨਾਲ ਰੱਖਿਆ । ੧੯੩੪ ਨੂੰ ਇਹ ਜੋੜਾ ਪਟਿਆਲੇ ਵਿੱਚ ਗੁਰਬਖਸ਼ ਸਿੰਘ ਨਾਮੀ ਇੱਕ ਸੱਜਣ ਦੇ ਘਰ ਮੌਜੂਦ ਸੀ ।

ਅਬਦੁਲ ਰਹਿਮਾਨ ਦੀ ਹੱਟੀ ਵਾਲੀ ਥਾਂ ਉੱਤੇ ਬਾਬਾ ਸ੍ਰੀ ਚੰਦ ਜੀ ਨੇ ਇੱਕ ਧਰਮਸ਼ਾਲਾ ਬਣਵਾਈ, ਜੋ " ਗੁਰ ਹੱਟੜੀ " ਅਤੇ " ਧਰਮਸ਼ਾਲਾ ਬਾਬਾ ਸ੍ਰੀ ਚੰਦ " ਦੇ ਨਾਂ ਤੋ ਪ੍ਰਸਿੱਧ ਹੋ ਗਈ । ਹੁਣ ਇਸ ਪਾਵਨ ਅਸਥਾਨ ਦਾ ਕੇਵਲ ਬੂਹਾ ਹੀ ਖਲੋਤਾ ਹੈ । ਬਾਕੀ ਸਾਰੀ ਇਮਾਰਤ ਢਾਹ ਕੇ ਨਵੀਂ ਬਣਾਈ ਗਈ ਹੈ ਤੇ ਇਸ ਵਿੱਚ ਬੱਚਿਆਂ ਦਾ ਸਕੂਲ ਹੈ ।

گردوارا گُرہٹڑی پشاور

ایہ اتہاسک استھان پشاور شہر دے محلا گنج وچ ہے. اِس نوں گُرہٹڑی اَتے دھرم سالا بابا سری چند وی آکھیا جاندا ہے.

پراتن جنم ساکھیاں انوسار ست گرنانک ایتھے چوتھی اُداسی سے تشریف لیائے. ایتھے اِک مسلمان عبدالرحمان جو چمڑے دا وپاری سی. اوس ست گراں دے پیراں وِچ جُتی پوائی. گرونانک جی نے پرسن ہو کے اپنی پرانی جُتی اوس نوں بخشی جو چار پیڑھیاں تیک اوہناں کول رہی فیر رحیم خان اوہنوں ہوتی مردان لے گیا اَتے سردار سنت موتا سنگھ کول امانت رکھ کے آپ چلا گیا تے مُڑ کدے واپس نہ آیا. موتا سنگھ نے اوہ پاون جوڑا اپنے اِک متر مناں سنگھ نوں دِتا اوہدے متبنا بھائی نتھا سنگھ نے اوس نوں پریم نال رکھیا. 1934ء نوں ایہ جوڑا پٹیالے وِکھے گربخش سنگھ نامی اِک سجن دے گھر موجود سی.

عبدالرحمان دی ہٹی والی تھاں اُتے بابا شری چند جی نے اِک دھرم سالا بنوائی جو "گُرہٹڑی" اَتے "دھرم سالا بابا شری چند" دے ناں توں پرسدھ ہوئی.

ہُن اِس پاون استھان دا کیول اِک بوہا ہی کھلوتا ہے. باقی ساری عمارت ڈھا کے نویں بنائی گئی ہے تے اِس وچ بچیاں دا سکول ہے.

GURDWARA GURHATRI AT PESHAWAR

This historical shrine is located in Mohalla (locality) Ganj of Peshawar city. It is also known as Gurhatri and Dharamsala Baba Sri Chand. According to the older biographies Guru Nanak Ji, came here during his fifth itinerary. A Muslim leather merchant named Abdur Rehman presented Sat Gur with a pair of shoes. Guru Nanak Dev Ji was very pleased and in return give him his old pair of shoes. It remained with his family for the next four generations. Then Rahim Khan took it to Hoti Mardan and left it in charge custody of Sardar Sant Mota Singh and then never came back. He gave this sacred pair of shoes to his friend Manna Singh. His adopted son Bhai Natha kept it with love and devotion. In 1934 AD it was present in the house of a friend named Gur Bukhsh Singh.

Baba Sri Chand built a Dharamsala over the site of the Abdur Rehman's shop which came to be called Guru Hatri and Dharamsala Baba Sri Chand.

Only one door of the sacred place is standing, the remaining building was demolished and had been reconstructed. It now houses a girls school.



ਗੁਰਦੁਆਰਾ ਪੰਜਾ ਸਾਹਿਬ, ਹਸਨ ਅਬਦਾਲ, ਜ਼ਿਲਾ ਅਟਕ

ਹਸਨ ਅਬਦਾਲ ਨਾਮੀ ਕਸਬਾ ਰਾਵਲਪਿੰਡੀ ਤੋ ੪੫ ਕਿਲੋਮੀਟਰ ਦੂਰ ਪਿਸ਼ਾਵਰ ਜਾਣ ਵਾਲੀ ਜੀ ਟੀ ਰੋਡ ਉੱਤੇ ਹੈ । ਇਸ ਕਸਬੇ ਅੰਦਰ ਜਗਤ ਗੁਰੂ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਨਕੋਸ਼ ਅਨੁਸਾਰ ਪਹਿਲੀ ਸਾਵਣ ਤੇ ਦੂਜੇ ਇਤਿਹਾਸਕਾਰਾ ਅਨੁਸਾਰ ਵਿਸਾਖ ਸੰਮਤ ੧੫੭੮ (੧੫੨੧ ਈਸਵੀ) ਨੂੰ ਤਸ਼ਰੀਫ ਲਿਆਏ । ਉਸ ਵੇਲੇ ਇੱਥੇ ਬਾਬਾ ਵਲੀ ਕੰਧਾਰੀ ਜੀ ਇੱਕ ਪਹਾੜ ਦੀ ਚੋਟੀ ਉੱਤੇ ਠਹਿਰੇ ਹੋਏ ਸਨ । ਸਤਿਗੁਰੂ ਜੀ ਨੇ ਇੱਥੇ ਪਿੱਪਲ ਦੇ ਇੱਕ ਦਰਖਤ ਹੇਠ ਨਿਵਾਸ ਕੀਤਾ । ਜਨਮ ਸਾਖੀਆ ਅਨੁਸਾਰ ਬਾਬੇ ਮਰਦਾਨੇ ਨੂੰ ਜਦ ਤ੍ਰੇਹ ਲੱਗੀ ਤਾ ਸੱਚੇ ਪਾਤਿਸ਼ਾਹ ਜੀ ਨੇ ਉਹਨਾ ਨੂੰ ਤਿੰਨ ਵਾਰ ਵਲੀ ਕੰਧਾਰੀ ਜੀ ਪਾਸ ਪਾਣੀ ਲੈਣ ਭੇਜਿਆ । ਤਿੰਨੇ ਵਾਰ ਉਹਨਾ ਆਖਿਆ ਕਿ " ਜਿਸ ਫਕੀਰ ਦਾ ਤੂੰ ਮੁਰੀਦ ਹੈ ਉਹ ਤੈਨੂੰ ਪਾਣੀ ਨਹੀ ਪਿਆ ਸਕਦਾ । ਇਹ ਸੁਣ ਕੇ ਸਤਿਗੁਰੂ ਜੀ ਫੁਰਮਾਏ ਤੇ ਇੱਕ ਪੱਥਰ ਆਪਣੇ ਕਰਕਮਲਾ ਨਾਲ ਉਠਾਇਆ ਤੇ ਉਹਦੇ ਥੱਲਿਓ ਨਿਰਮਲ ਜਲ ਫੁੱਟ ਖਲੋਤਾ । ਮਰਦਾਨਾ ਜੀ ਨੇ ਪਾਣੀ ਪੀ ਕੇ ਰੱਬ ਦਾ ਸ਼ੁਕਰ ਕੀਤਾ । ਉੱਧਰ ਵਲੀ ਕੰਧਾਰੀ ਜੀ ਦਾ ਚਸ਼ਮਾ ਸੁੱਕ ਗਿਆ, ਉਸ ਦਾ ਪਾਣੀ ਇਸ ਚਸ਼ਮੇ ਵਿੱਚ ਆ ਗਿਆ ਸੀ । ਉਹਨਾ ਨੇ ਇੱਕ ਭਾਰੀ ਪੱਥਰ ਥੱਲੇ ਵੱਲ ਰੇੜ ਦਿੱਤਾ । ਸਤਿਗੁਰੂ ਜੀ ਨੇ ਉਸ ਪੱਥਰ ਨੂੰ ਪੰਜੇ ਨਾਲ ਰੋਕ ਲਿਆ ਤੇ ਪੱਥਰ ਅੰਦਰ ਆਪ ਜੀ ਦਾ ਪੰਜਾ ਉੱਕਰ ਗਿਆ । ਪੰਜੇ ਦੇ ਚਿੰਨ੍ਹ ਵਾਲਾ ਇਹ ਪੱਥਰ ਅਤੇ ਮਰਦਾਨੇ ਦੀ ਪਿਆਸ ਬੁਝਾਉਣ ਵਾਲਾ ਇਹ ਚਸ਼ਮਾ ਅੱਜ ਵੀ ਜਾਰੀ ਹੈ । ਸ਼ਰਧਾਲੂ ਪੰਜੇ ਨੂੰ ਚੁੰਮ ਕੇ ਤੇ ਜਲ ਛਕ ਕੇ ਨਿਹਾਲ ਹੁੰਦੇ ਹਨ ।

ਬਹੁਤ ਚਿਰ ਇਹ ਅਸਥਾਨ ਇੰਝ ਹੀ ਪਿਆ ਰਿਹਾ । ਮੁਕਾਮੀ ਸ਼ਰਧਾਲੂ ਮੱਥਾ ਟੇਕਦੇ ਰਹੇ, ਹੌਲੀ ਹੌਲੀ ਸੰਗਤ ਜੁੜਨ ਲੱਗੀ ਤੇ ਕੱਚਾ ਦਰਬਾਰ ਉਸਾਰਿਆ ਗਿਆ । ਖਾਲਸਾ ਰਾਜ ਸਮੇ ਜਦ ਪਿਸ਼ਾਵਰ ਫਤਿਹ ਹੋਇਆ ਤਾ ਸਰਦਾਰ ਹਰੀ ਸਿੰਘ ਨਲੂਆ ਨੇ ਇੱਕ ਵਿਸ਼ਾਲ ਤੇ ਸੁੰਦਰ ਗੁਰਦੁਆਰਾ ਤੇ ਸਰੋਵਰ ਬਣਵਾਇਆ । ਪਿਸ਼ਾਵਰ ਤੋ ਮੁੜਦਿਆ ਸ਼ੇਰੇ ਪੰਜਾਬ ਮਹਾਰਾਜਾ ਰਣਜੀਤ ਸਿੰਘ ਵੀ ਦਰਸ਼ਨਾ ਨੂੰ

گردوارا پنجا صاحب حسن ابدال، ضلع اٹک

حسن ابدال نامی قصبا راولپنڈی توں 45 کلومیٹر راولپنڈی توں پشاور جان والی جی ٹی روڈ اُتے ہے. اِس قصبے اندر جگت گرونانک دیو جی مہاراج مہاں کوش انُوسار پہلی ساون تے دُوجے اتہاس کاراں انُوسار وساکھ سمت 1578 (1521ء) نُوں تشریف لیائے. اُس ویلے ایتھے بابا ولی قندھاری جی اِک پہاڑی دی چوٹی اُتے ٹھہرے ہوئے سن. ست گراں ایتھے پپل دے اِک برچھ ہیٹھ نواس کیتا. جنم ساکھیاں انوسار بابے مردانے نُوں جد تریہ لگی تاں سچے پاتشاہ جی نے اوہناں نُوں تِن وار ولی کندھاری جی پاس پانْی لین بھیجیا. تیجی وار اوہناں آکھیا "کہ جس فقیر دا توں مرید ہیں اوہ تینوں پانْی نہیں پیا سکدا" ایہ سُن ست گر مسکرائے اَتے اِک پتھر اپنیاں پاون کرکملاں نال اُٹھایا تے تھلیوں نرمل جل پھُٹ کھلوتا. مردانے پانْی پی رب دا شکر کیتا. اودھر ولی قندھاری جی دا چشما سُک گیا. اُس دا پانْی اِس چشمے وچ آگیا سی. اوس اِک بھاری پتھر اُتوں تھلے ریڑھ دِتا. ست گراں اُس پتھر نُوں پنجے نال روک لیا تے اُس پتھر اندر آپ دا پنجا اُکریا گیا. پنجے دے چِنھ والا ایہ پتھر اَتے مردانے دی تریہ نُوں مکاون والا چشما اج وی جاری ہے. شردھالو پنجے نُوں چُم اَتے جل نُوں چھک کے نہال ہوندے ہن.

بہُت چر ایہ استھان انج ہی پیا رہیا. مقامی شردھالو متھا ٹیکدے رہے. ہولی ہولی سنگت جڑُن لگی. پہلوں کچا دربار اُساریا گیا. خالصا راج سمے جد پشاور فتح ہویا تاں سردار ہری سنگھ نلوا جی نے اِک وشال اتے سُندر گردوارا اَتے سرووَر بنوایا. پشاور توں مُڑدیاں ہویاں شیر پنجاب مہاراجا رنجیت سنگھ جی وی درشناں

GURDWARA PANJA SAHIB AT HASSAN ABDAL DISTRICT ATTOCK

The town of Hassan Abdal is situated on Rawalpindi-Peshawar Section of G.T road at a distance of forty five kilometers from Rawalpindi. According to Mahan Kosh Baba Guru Nanak Dev Ji happened to visit the place on 1st Visakh Samvat 1578 (1521 AD). At that time Baba Wali Qandhari was staying on the top of a hill.

Sat Gur made his resting place under a pipal (Ficus religiosa) tree. According to biographers when his companion Baba Mardana felt thirsty, Sacha Patshah ordered him thrice to fetch the water from the spring of Wali Qandhari. He said "Can the saint, whose disciple you are, not give you water?" Sat Gur on hearing this smiled, he lifted a stone with his pious fingers and pure water oozed out of it. Mardana quenched his thirst and thanked God. On the other side the spring of Wali Qandhari dried. Its water started flowing in to this spring. Wali Qandhari rolled down a heavy stone. Guru Nanak stopped this stone by his hand and print of his hand was engraved in the rock. The spring that satiated the thirst of Baba Mardana still flows and the stone with the impression of his open hand remains to-date. Visitors kiss the open hand and drink water and feel elated. This rock and spring became the objects of great reverence for the devotees.

This place remained as it was for a long time. The local pilgrims kept prostrating here. Gradually the assembly started. During Khalsa rule, after Peshawar was conquered, Sardar Hari



ਆਏ । ਗੁਰਦੁਆਰੇ ਦਾ ਪ੍ਰਬੰਧ ਮਹੰਤਾ ਕੋਲ ਰਿਹਾ । ਲੋਕਾ ਨੂੰ ਮਹੰਤਾ ਵਿਰੁੱਧ ਬਹੁਤ ਸ਼ਿਕਾਇਤਾ ਪੈਦਾ ਹੋ ਗਈਆ । ੧੮ ਨਵੰਬਰ

੧੯੨੦ਈ: ਨੂੰ ਇੱਕ ਜਥਾ ਭਾਈ ਕਰਤਾਰ ਸਿੰਘ ਝੱਬਰ ਦੀ ਅਗਵਾਈ ਹੇਠ ਪੰਜਾ ਸਾਹਿਬ ਪਹੁੰਚਿਆ । ਖਤਰਾ ਸੀ ਕਿ ਭਾਰੀ ਲੜਾਈ ਹੁੰਦੀ । ਪਰ ਇੱਥੋ. ਦੇ ਮੁਸਲਮਾਨਾ ਨੇ ਭਾਈ ਕਰਤਾਰ ਸਿੰਘ ਦਾ ਸਾਥ ਦਿੱਤਾ ਜਿਹਦੇ ਨਾਲ ਮਹੰਤਾ ਨੂੰ ਹਾਰ ਹੋਈ ਅਤੇ ਗੁਰਦੁਆਰੇ ਦਾ ਪ੍ਰਬੰਧ ਸ਼ਰੋਮਣੀ ਕਮੇਟੀ ਦੇ ਹੱਥ ਆਇਆ । ਪ੍ਰਬੰਧਕ ਕਮੇਟੀ ਨੇ ਨਵੀ ਇਮਾਰਤ ਤਿਆਰ ਕਰਵਾਈ ਤੇ ਰਿਹਾਇਸ਼ੀ ਕਮਰੇ ਬਣਵਾਏ । ਗੁਰੂ ਕੇ ਬਾਗ ਦੇ ਮੋਰਚੇ ਸਮੇ ੩੦ ਅਕਤੂਬਰ ੧੯੨੨ ਨੂੰ ਜਦ ਬੰਦੀ ਸਿੰਘਾ ਨੂੰ ਅਟਕ ਜੇਲ ਵਿੱਚ ਬੰਦ ਕਰਨ ਵਾਸਤੇ ਲੈ ਜਾਣ ਵਾਲੀ ਰੇਲ ਗੱਡੀ ਪੰਜਾ ਸਾਹਿਬ ਪਹੁੰਚੀ ਤਾ ਸੰਗਤਾ ਨੇ ਉਹਨਾ ਨੂੰ ਪ੍ਰਸ਼ਾਦਾ ਛਕਾਉਣ ਵਾਸਤੇ ਟਰੇਨ ਰੋਕਣ ਦੀ ਬੇਨਤੀ ਕੀਤੀ, ਜੋ ਨਾ ਮੰਨੀ ਗਈ ਤਾ ਸੰਗਤ ਰੇਲਵੇ ਲਾਈਨ ਉੱਤੇ ਲੰਮੀ ਪੈ ਗਈ । ਇਸ ਧਰਨੇ ਵਿੱਚ ਸ੍ਰ: ਪ੍ਰਤਾਪ ਸਿੰਘ ਤੇ ਸ੍ਰ: ਕਰਮ ਸਿੰਘ ਨੇ ਗੱਡੀ ਦੇ ਥੱਲੇ ਆ ਕੇ ਸ਼ਹੀਦੀ ਪ੍ਰਾਪਤ ਕੀਤੀ ਤੇ ਗੱਡੀ ਰੁਕਵਾ ਲਈ ਗਈ ।

ਇਸ ਵੇਲੇ ਗੁਰਦੁਆਰਾ ਪੰਜਾ ਸਾਹਿਬ ਦਾ ਪ੍ਰਬੰਧ ਮਹਿਕਮਾ ਔਕਾਫ ਪਾਕਿਸਤਾਨ ਕੋਲ ਹੈ । ਗੁਰੂ ਗਰੰਥ ਸਾਹਿਬ ਜੀ ਦਾ ਪ੍ਰਕਾਸ਼ ਹੁੰਦਾ ਹੈ । ਭਾਈ ਇੰਦਰ ਸਿੰਘ ਜੀ ਬੋਰਡ ਵੱਲੋ ਗਰੰਥੀ ਹਨ । ਸਾਲ ਵਿੱਚ ਚਾਰ ਵਾਰ ਦੇਸ਼ ਵਿਦੇਸ਼ ਤੋ ਸੰਗਤ ਇਕੱਤਰ ਹੁੰਦੀ ਹੈ । ਵਿਸਾਖੀ ਦਾ ਭਾਰੀ ਮੇਲਾ ਹੁੰਦਾ ਹੈ । ਇਸ ਗੁਰਦੁਆਰੇ ਦੇ ਨਾ ਮਹਾਰਾਜਾ ਰਣਜੀਤ ਸਿੰਘ ਵੱਲੋ ਅਰਪੀ ਪੰਜ ਸੌ ਰੁਪਏ ਦੀ ਸਾਲਾਨਾ ਜਾਗੀਰ ਅਤੇ ਪਣ ਚੱਕੀਆ ਵੀ ਹਨ ।

ਵਕਫ ਬੋਰਡ ਨੇ ਵਿਦੇਸ਼ੀ ਸੰਗਤ ਨਾਲ ਰਲ ਕੇ ਇੱਕ ਬਹੁਤ ਹੀ ਸੁੰਦਰ ਅਤੇ ਵੱਡਾ ਰਿਹਾਇਸ਼ੀ ਬਲਾਕ ਬਣਵਾਇਆ ਹੈ । ਇਸ ਤੋ ਇਲਾਵਾ ਇੱਕ ਸਕੂਲ, ਪਾਣੀ ਦੀ ਟੈਂਕੀ ਅਤੇ ਦੂਜੀਆ ਕਈ ਸੌਖਿਆਈਆ ਦਾ ਪ੍ਰਬੰਧ ਵੀ ਕੀਤਾ ਹੈ ।

نوں آئے. گردوارے دا پربندھ مہنتاں کول رہیا. لوکاں نوں مہنتاں خلاف بہت شکایتاں پیدا ہو گئیاں. 18 نومبر 1920ء نوں اِک جتھا بھائی کرتار سنگھ جھبر دی اگوائی ہیٹھ پنجا صاحب اپڑیا. خطرا سی کہ بھاری لڑائی ہوندی پر ایتھوں دے مسلماناں بھائی کرتار سنگھ جی دا ساتھ دِتا جِہدے نال مہنتاں نوں ہار ہوئی اَتے گردوارے دا پربندھ پربندھک کمیٹی دے ہتھ آیا.

پربندھک کمیٹی نے گردوارے دی نویں عمارت تیار کروائی اَتے رہائشی کمرے بنوائے. گرو کے باغ دے مورچے سے 30 اکتوبر 1922ء نوں جد بندی سنگھاں نوں اٹک جیل وچ بند کرن واسطے لیجاون والی ٹرین پنجا صاحب اپڑی تاں سنگت نے اوہناں نوں پرشاد دا چھکاون واسطے ٹرین روکن لئی بینتی کیتی جو نہ منی گئی تاں سنگت ریلوے لائن اُتے لمی پے گئی. اِس دھرنے وچ سردار پرتاپ سنگھ اَتے سردار کرم سنگھ نے گڈی تھلے آ کے شہیدی پراپت کیتی تے گڈی رُکوا لئی گئی.

اِس ویلے گردوارا پنجا صاحب دا پربندھ محکما اوقاف پاکستان کول ہے. گرو گرنتھ جی دا پرکاش ہوندا ہے. بھائی صاحب سنگھ اَتے بھائی ہمت سنگھ جی بورڈ ولوں گرنتھی ہن. سال وچ چار وار دیس ودیس توں سنگت اِکتر ہوندی ہے. وساکھی دا بھاری میلا ہوندا ہے. گردوارے دے ناں مہاراجا رنجیت سنگھ جی ولوں ارپی پنج سو رپے دی سالانا جاگیر اَتے پن چکیاں وی ہن.

وقف بورڈ نے ودیشی سنگت نال رل کے اِک بہت ہی سُندر اَتے وڈا رہائشی بلاک بنوایا ہے. اِس توں اُپرنت اِک سکول، پانی دی ٹینکی اَتے دُوجیاں کئی سکھیائیاں دا پربندھ وی کیتا ہے.

Singh Nalwa Ji built a spacious and beautiful Gurdwara and a water tank. Sher-e-Punjab Maharaja Ranjit Singh, while returning for Peshawar, came here to offer his homage. The control of Gurdwara remained with Mahants and the people had many complaints against the Mahants. On 18th November 1930 AD a group reached Panja Sahib under the leadership of Bhai Kartar Singh Jhabbar. The danger of a big clash was there but the local Muslims sided with Bhai Kartar Singh. Mahants were defeated and the control of Gurdwara fell into the hands of Parbandhak Committee.

Parbandhak Committee constructed a new building for Gurdwara as well as residential rooms

During the period of Guru-kay-Bagh agitation, on 30th October 1922, a train loaded with Sikh prisoners arrived at Panja Sahib. They were to be imprisoned and lodged in Attock Jail. As a gesture for support to their coreligionist the local Parbandhak Committee made a request to stop the train at Panja Sahib to feed them. The request was denied. The sangat lied down over the rail track. In this sit down strike Sardar Partap Singh and Sardar Karan Singh were crushed under the wheels of the train and achieved martyrdom and the train had to halt.

Now, the Waqf Board has the control of Gurdwara. Gur Granth is recited. Bhai Sahib Singh and Bhai Himmat Singh are appointed as Granth by the Board.

Four times a year gatherings of devotees take place. At Visakhi a big fair is organised. Water mills and estate worth Rs. 500 per annum has been assigned to Gurdwara by Maharaja Ranjit Singh.

Waqf Board, in collaboration with the overseas associations, has constructed a very elegant residential block. There is a school, a water tank along with other facilities.


ਵਾਹਿਗੁਰੂ
ਵਾਹਿਗੁਰੂ

ਗੁਰਦੁਆਰਾ ਪਹਿਲੀ ਪਾਤਿਸ਼ਾਹੀ, ਕਟਾਸ ਜ਼ਿਲਾ ਚੱਕਵਾਲ

ਕਟਾਸ ਹਿੰਦੂਆਂ ਦਾ ਇੱਕ ਬਹੁਤ ਹੀ ਪਵਿੱਤਰ ਅਸਥਾਨ ਹੈ । ਇਹ ਅਸਥਾਨ ਚੋਆ ਸੈਦਨ ਸ਼ਾਹ, ਜ਼ਿਲਾ ਚੱਕਵਾਲ ਤੋਂ ਉੱਤੇ ਪਹਾੜੀ ਉੱਤੇ ਕੋਈ ਛੇ ਕਿਲੋਮੀਟਰ ਹੈ । ਇਸ ਅਸਥਾਨ ਦਾ ਜ਼ਿਕਰ ਸਾਨੂੰ ਮਹਾਂਭਾਰਤ ਵਿੱਚ ਵੀ ਮਿਲਦਾ ਹੈ । ਹਿੰਦੂ ਵਿਸ਼ਵਾਸ਼ ਅਨੁਸਾਰ ਕਟਾਸ ਅਤੇ ਪੁਸਕਰ "ਅਜਮੇਰ" ਦੋਵੇਂ ਸ਼ਿਵ ਜੀ ਦੀਆ ਅੱਖਾਂ ਹਨ । ਇੱਥੇ ਹੀ ਪਾਰਸ ਨਾਥ ਜੋਗੀ ਨੇ ਪ੍ਰਾਣ ਤਿਆਗੇ । ਇੱਥੇ ਹੀ ਸਤਿਗੁਰੂ ਨਾਨਕ ਦੇਵ ਜੀ ਨੇ ਚਰਨ ਪਾਏ । ਆਪ ਪਹਿਲੀ ਵਿਸਾਖ ਨੂੰ ਕਟਾਸ ਆਏ । ਆਪ ਦੇ ਅਸਥਾਨ ਨੂੰ ਨਾਨਕ ਨਿਵਾਸ ਆਖਿਆ ਜਾਂਦਾ ਸੀ । ਇੱਥੇ ਬਹੁਤ ਸਾਰੇ ਜੋਗੀਆਂ, ਰਿਸ਼ੀਆਂ, ਮੁਨੀਆਂ ਨੇ ਤੱਪ ਕੀਤਾ ਹੈ, ਜਿਹਨਾਂ ਦੇ ਅਸਥਾਨ ਬਣੇ ਹੋਏ ਹਨ । ਇਹਨਾਂ ਥਾਵਾਂ ਉੱਤੇ ਤਖ਼ਤੀਆ ਨਾਂ ਲੱਗੀਆ ਹੋਣ ਕਰਕੇ ਇਹਨਾਂ ਥਾਵਾਂ ਨੂੰ ਵੱਖ ਵੱਖ ਕਰਨਾ ਬਹੁਤ ਹੀ ਔਖਾ ਹੈ ।

ਇਹ ਅਸਥਾਨ ਇਸ ਪੱਖੋਂ ਵੀ ਇਤਿਹਾਸਕ ਹੈ ਕਿ ਇੱਥੇ ਬਹਿ ਕੇ ਅੱਬੂ ਰਿਹਾਨ ਅਲਬੈਰੂਨੀ ਨੇ ਜ਼ਮੀਨ ਦਾ ਘੇਰਾ ਨਾਪਿਆ । ਇੱਥੇ ਹੀ ਉਹਨੇ ਸੰਸਕ੍ਰਿਤ ਵਿਦਿਆ ਲਈ ਤੇ ਫਿਰ ਜਗਤ ਪ੍ਰਸਿੱਧ ਪੁਸਤਕ " ਕਿਤਾਬ-ਉਲ-ਹਿੰਦ " ਲਿਖੀ । ਹੁਣ ਵੀ ਹਰ ਸਾਲ ਹਿੰਦੂ ਯਾਤਰੀਆਂ ਦਾ ਇੱਕ ਜਥਾ ਭਾਰਤ ਤੋਂ ਦਰਸ਼ਨਾਂ ਤੇ ਪੂਜਾ ਪਾਠ ਵਾਸਤੇ ਆਉਂਦਾ ਹੈ । ਇਸ ਤਵਾਰੀਖੀ ਅਸਥਾਨ ਦੇ ਨਿਸ਼ਾਨ ਸਰਕਾਰੀ ਅਣਗਹਿਲੀ ਕਰਕੇ ਮਿਟਦੇ ਜਾ ਰਹੇ ਹਨ ਜੋ ਕਿ ਇੱਕ ਬਹੁਤ ਹੀ ਵੱਡਾ ਤਵਾਰੀਖੀ ਜ਼ੁਲਮ ਹੈ ।

گردوارا پہلی پاتشاہی کٹاس ضلع چکوال

کٹاس ہندوواں دا اِک بہُت ہی پوتر استھان ہے. ایہ استھان چوآ سیدن شاہ ضلع چکوال توں اُتے پہاڑی اُتے کوئی چھے کلومیٹر ہے. ایس استھان دا ذکر سانُوں مہا بھارت وچ وی ملدا اے. ہندو وشواش انُوسار کٹاس اتے پسکر (اجمیر) دوویں شِو جی دیاں اکھاں ہن. ایتھے ہی پارس ناتھ جوگی پران تیاگے. ایتھے ہی ست گر نانک دیو جی نے چرن پائے. آپ پہلی وساکھ نُوں کٹاس آئے. آپ دے استھان نُوں "نانک نواس" آکھیا جاندا سی. ایتھے بہُت سارے جوگیاں' رِشیاں' مُنیاں تپ کیتا ہے جہناں دے استھان بنے ہوئے ہن ایہناں تھاواں اُتے تختیاں نہ لگیاں ہون کارن ایہناں تھاواں نوں وکھو وکھ کرنا بہُت ہی اوَکھا ہے.

ایہ استھان ایس پکھوں وی بہُت ہی اتہاسک ہے کہ ایتھے بیٹھ ابو ریحان البیرونی نے زمین دا گھیرا ماپیا. ایتھے ہی اوہنے سنسکرت دی ودیا لئی تے فیر جگت پرسدھ پُستک "کتاب الہند" لکھی. ہُن وی ہر سال ہندو یاتریاں دا اِک جتھا بھارت توں درشناں اتے پوجا پاٹ واسطے آوندا ہے. ایس تواریخی استھان دے نشان سرکاری انگوھلی کر کے مِٹدے جا رہے ہن جو کہ اِک بہُت ہی وڈا ظلم ہے.

GURDWARA FIRST GURU, KATAS, DISTRICT CHAKWAL

Katas is a very sacred place for the Hindus. It is located on a hill six kilometers from Choasaidan Shah of Chakwal district. The place is mentioned in Mahabharata and according to Hindu religious belief, both Katas and the Paskar (Ajmer) are the eyes of Shiva. Paras Nath Jogi breathed his last here. Jagat Guru Nanak Ji also visited Katas and had set his foot here on the 1st of Visakh. This place came to be known as Nanaknawas. It was the abode of contemplation for larger groups of mystics, ascetics and Jogies. In the absence of proper markings or sign boards it is difficult to separate one place from the other.

It has great historical significance because it was the place where Alberuni attempted to measure the circumference of Earth, studied and learnt Sanskrit, wrote his renowned "Kitab-ul-Hind". Even today groups of Hindu pilgrims come from India to visit it regularly to worship.

These historical sites are gradually withering away due to the neglect by the government.



ਗੁਰਦੁਆਰਾ ਪਹਿਲੀ ਪਾਤਸ਼ਾਹੀ, ਬਾਲ ਗੁੰਦਾਈ, ਜੇਹਲਮ

ਇਹ ਅਸਥਾਨ ਜਿਹਲਮ ਸ਼ਹਿਰ ਤੋ ਕੋਈ ੨੪ ਕਿਲੋਮੀਟਰ ਪੱਛਮ ਵੱਲ ਇੱਕ ਪਹਾੜੀ ਉੱਤੇ ਹੈ । ਇਸ ਅਸਥਾਨ ਨੂੰ ਟਿੱਲਾ ਜੋਗੀਆਂ ਵੀ ਆਖਿਆ ਜਾਂਦਾ ਹੈ । ਇੱਥੇ ਹੀ ਪੰਜਾਬੀ ਲੋਕ ਕਥਾ ਹੀਰ ਰਾਂਝੇ ਦੇ ਮੁੱਖ ਪਾਤਰ ਰਾਂਝੇ ਨੇ ਬਾਲ ਨਾਥ ਜੋਗੀ ਤੋਂ ਕੰਨ ਪੜਵਾਏ ਅਤੇ ਜੋਗ ਲਈ । ਬਾਲ ਗੁੰਦਾਈ ਇੱਕ ਜੋਗੀ ਦਾ ਨਾਂ ਸੀ । ਜੋ ਇਸ ਟਿੱਲੇ ਉੱਤੇ ਰਹਿੰਦਾ ਸੀ । ਇਹ ਪਰਉਪਕਾਰੀ ਭਜਨੀਕ ਸਾਧੂ ਸੀ । ਸੱਚੇ ਪਾਤਸ਼ਾਹ ਗੁਰੂ ਨਾਨਕ ਦੇਵ ਜੀ ਇਸ ਦੇ ਆਸ਼ਰਮ ਪਧਾਰੇ । ਇਹ ਸਤਿਗੁਰ ਜੀ ਦੇ ਬਚਨ ਸੁਣ ਕੇ ਆਪ ਜੀ ਦਾ ਸ਼ਰਧਾਲੂ ਹੋਇਆ ।

ਬਾਲ ਗੁੰਦਾਈ ਢਿਰਾ ਪੁੰਨ ਗਏ (ਨਾਪ੍ਰ)

ਜਿੱਥੇ ਗੁਰੂ ਸਾਹਿਬ ਬਿਰਾਜੇ ਸਨ, ਉੱਥੇ ਆਪ ਜੀ ਦੇ ਚਰਨ ਚਿੰਨ ਪੱਥਰ ਉੱਤੇ ਉੱਕਰੇ ਹੋਏ ਸਨ । ਜੋ ਹੁਣ ਅਲੋਪ ਹੋ ਚੁੱਕੇ ਹਨ । ਛੋਟਾ ਜਿਹਾ ਦਰਬਾਰ ਬਣਿਆ ਹੋਇਆ ਹੈ । ਇਸ ਦੇ ਨਾਲ ਇੱਕ ਸੁੰਦਰ ਸਰੋਵਰ ਹੈ । ਪੁਜਾਰੀ ਨਾਂਗੇ ਸਾਧੂ ਸਨ । ਗੁਰਦੁਆਰੇ ਦੇ ਨਾਂ ੧੫ ਘੁਮਾਉਂ ਜਮੀਨ ਜੰਗਲ ਹੈ ।

ਇਸ ਥਾਂ ਜਾਣ ਵਾਸਤੇ ਜਿਹਲਮ ਜਾਂ ਦੀਨੇ ਤੋਂ ਆਪਣੀ ਹੀ ਸਵਾਰੀ ਤੇ ਜਾਇਆ ਜਾ ਸਕਦਾ ਹੈ । ਉਸ ਤੋ ਬਿਨਾਂ ਇੱਕ ਦਿਨ ਵਿੱਚ ਜਾ ਕੇ ਮੁੜਨਾ ਔਖਾ ਹੈ । ਪਹਾੜ ਦੀ ਚੋਟੀ ਉੱਤੇ ਬਹੁਤ ਹੀ ਸੁੰਦਰ ਦ੍ਰਿਸ਼ ਅਤੇ ਮੌਸਮ ਹੁੰਦਾ ਹੈ, ਜੋ ਹਰ ਜਾਣ ਵਾਲੇ ਨੂੰ ਆਪਣੀ ਸੁੰਦਰਤਾ ਦੇ ਮੰਤਰ ਵਿੱਚ ਕੀਲ ਲੈਂਦਾ ਹੈ ।

گردوارا پہلی پاتشاہی' بال گُندائی' جہلم

ایہ استھان جہلم شہر توں کوئی 24 کلومیٹر پچھم ول اِک پہاڑی اُتے ہے. ایس استھان نُوں ٹِلاّ جوگیاں وی آکھیا جاندا ہے. ایتھے ہی پنجابی لوک کتھا ہیر رانجھے دے مُکھ پاتر رانجھے نے بال ناتھ جوگی توں کن پڑوائے اتے جوگ لئی. بال گُندائی اِک جوگی دا ناں سی جو ایس ٹلے تے رہندا سی. ایہ پراپکاری بھجنیک سادھو سی. سچے پاتشاہ گرو نانک ایس دے آشرم پدھارے. ایہ ست گر دے بچن سُن آپ دا شردھالو ہویا

بالنگ دائی ڈھیگ پُن گئے (ناپر)

جتھے گرو صاحب ویراجے ہن اوتھے آپ جی دے چرن چِنھ پتھر اُپر اُکرے ہوئے سن جو ہُن الوپ ہو چکے ہن. چھوٹا جہیا دربار بنّیا ہویا ہے. ایس دے نال اِک سُندر سروور ہے. نانگے سادھو پجاری سن. گردوارے دے ناں 15 گھماؤں زمین جنگل ہے.

ایس تھاں جاوݨ واسطے جہلم یاں دینے توں اپنی ہی سواری اُتے جایا جا سکدا ہے. اوس توں بنا اِک دِن وِچ جا کے مُڑنا اوکھا ہے. پہاڑ دی چوٹی اُتے بہت ہی سُندر درِش اَتے موسم ہوندا ہے جو ہر جاݨ والے نُوں اپنے حسن دے منتر وِچ کیل لیندا ہے.

GURDWARA FIRST PATSHAH AT BAL GONDAI DISTRICT JEHLUM

The shrine is located on a hill about 24 kilometers west of Jehlum City. The place is also called Tila Joggian. It was here that Ranjha, the main character of Punjabi Folk story Heer Ranjha, got his ears pierced by Bal Nath Jogi and took Jog. A Jogi by the name of Bal Gondai lived on this mound. He was a Purapkari Sadhu. Sucha Patshah Gur Nanak Dev Ji came to his ashram. He heard the saying of Sat Gur and became his devotee.

The footprints of the Sat Gur, which were preserved in stone at this place, have eroded now. A small darbar is there. There is a beautiful tank beside it. Nange Sadhus were the priests. 15 ghumaon of forest land attached to the shrine.

The place can be reached by personal transport from Jehlum or Dina without which it is difficult to return within a day. The weather and the view on top of the hill is fascinating for the visitor. The memory of this spell binding panorama and beauty of this shrine remains with the visitor forever



ਗੁਰਦੁਆਰਾ ਚੋਆ ਸਾਹਿਬ, ਰੋਹਤਾਸ, ਜਿਲਾ ਜੇਹਲਮ

ਚੋਆ ਸਾਹਿਬ ਨਾਂ ਦਾ ਇਹ ਇਤਿਹਾਸਿਕ ਅਸਥਾਨ ਰੋਹਤਾਸ ਕਿਲੇ ਦੇ ਕਾਬਲੀ ਦਰਵਾਜੇ ਤੋਂ ਬਾਹਰ ਘਾਨ ਨਦੀ ਕਿਨਾਰੇ ਆਪਣੀਆ ਸ਼ਾਨਾਂ ਵਿਖਾ ਰਿਹਾ ਹੈ । ਸੱਚੇ ਪਾਤਸ਼ਾਹ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਟਿੱਲਾ ਜੋਗੀਆਂ ਤੋ ਚੱਲ ਕੇ ਇੱਥੇ ਆਏ, ਉਸ ਸਮੇਂ ਇੱਥੇ ਕੋਈ ਵੱਸੋਂ ਨਹੀਂ ਸੀ । ਆਪ ਜੀ ਨੇ ਆਪਣੇ ਸੋਟੇ ਨਾਲ ਇੱਥੋਂ ਇੱਕ ਸੋਮਾ ਚਲਾਇਆ, ਪਾਣੀ ਦੇ ਸੋਮੇ ਨੂੰ " ਚੋਆ " ਆਖਿਆ ਜਾਂਦਾ ਹੈ । ਇਸ ਵਾਸਤੇ ਇਸ ਅਸਥਾਨ ਦਾ ਨਾਂ " ਚੋਆ ਸਾਹਿਬ " ਪ੍ਰਸਿੱਧ ਹੋ ਗਿਆ । ਬਾਅਦ ਵਿੱਚ ਸ਼ੇਰ ਸ਼ਾਹ ਸੂਰੀ ਨੇ ਇੱਥੇ ਆਪਣਾ ਇੱਕ ਵਿਸ਼ਾਲ ਕਿਲਾ ਬਣਵਾਇਆ ਤਾਂ ਇਹ ਅਸਥਾਨ ਕਿਲੇ ਤੋਂ ਬਾਹਰ ਕਾਬਲੀ ਦਰਵਾਜ਼ੇ ਵੱਲ ਆ ਗਿਆ । ਅੱਜ ਵੀ ਕਿਲੇ ਦੇ ਲੋਕ ਇਸ ਚੋਏ ਦਾ ਜਲ ਹੀ ਵਰਤੋਂ ਵਿੱਚ ਲਿਆਉਂਦੇ ਹਨ ।

ਮਹਾਰਾਜਾ ਰਣਜੀਤ ਸਿੰਘ ਦੇ ਹੁਕਮ ਨਾਲ ੧੮੩੪ ਵਿੱਚ ਅਜੋਕੀ ਇਮਾਰਤ ਬਣਵਾਈ ਗਈ ਜੋ ਬਹੁਤ ਹੀ ਸੁੰਦਰ ਹੈ । ਇਸ ਦੇ ਇੱਕ ਪਾਸੇ ਘਾਨ ਨਦੀ, ਦੂਜੇ ਪਾਸੇ ਕਿਲਾ ਤੇ ਬਾਕੀ ਦੋਵੇਂ ਪਾਸੇ ਜੰਗਲ ਹੈ । ਇੱਥੇ ਪਹੁੰਚਣ ਦਾ ਰਾਹ ਕਿਲੇ ਦੇ ਅੰਦਰ ਹੀ ਹੈ

ਕਿਲਾ ਰੋਹਤਾਸ, ਜਿਲਾ ਜੇਹਲਮ ਵਿੱਚ ਇੱਕ ਬਹੁਤ ਹੀ ਮਸ਼ਹੂਰ ਮੁਕਾਮ ਹੈ । ਇਸ ਤੱਕ ਪੁੱਜਣ ਵਾਸਤੇ " ਦੀਨਾ " ਤੋਂ ਪੈਦਲ ਜਾਂ ਫੌਜੀ ਟਰੱਕਾਂ ਦੀਆਂ ਬਣੀਆਂ ਬੱਸਾਂ ਉੱਤੇ ਜਾਣਾ ਪੈਂਦਾ ਹੈ । ਇਹ ਦੀਨੇ ਤੋਂ ਕੋਈ ੬ ਕਿਲੋਮੀਟਰ ਦੀ ਦੂਰੀ ਉੱਤੇ ਹੈ । ਰੇਲਵੇ ਸਟੇਸ਼ਨ ਦੀਨਾ ਅਤੇ ਲਾਹੋਰ ਤੋਂ ਪਿਸ਼ਾਵਰ ਜਾਣ ਵਾਲੀ ਸੜਕ ਉੱਤੇ ਬੱਸ ਸਟਾਪ ਵੀ ਦੀਨਾ ਹੀ ਹੈ । ੨੬੦ ਰੁਪਏ ਤੇ ਸਤਾਈ ਘੁਮਾਉਂ ਜਮੀਨ ਮਹਾਰਾਜਾ ਰਣਜੀਤ ਸਿੰਘ ਵੱਲੋਂ ਇਸ ਅਸਥਾਨ ਦੇ ਨਾਂ ਹੈ । ਕੱਤਕ ਸੁਦੀ ੧੫ ਨੂੰ ਮੇਲਾ ਜੁੜਦਾ ਸੀ ।

گردوارا چوآ صاحب، روہتاس، ضلع جہلم

چوآ صاحب ناں دا ایہ اتہاسک استھان روہتاس قلعے دے کابلی دروازے توں باہر گھان ندی کنارے اپنیاں شاناں وکھا رہیا ہے. سچے پاتشاہ صاحب گرو نانک دیو جی ٹِلاّ جوگیاں توں چل کے ایتھے آئے. اوس سمے ایتھے کوئی وسوں نہیں سی. آپ نے اپنے سوٹے نال ایتھوں اِک سوما توریا. پانی دے سومے نوں "چوآ" آکھیا جاندا ہے. ایس واسطے ایس استھان دا ناں "چوآ صاحب" پرسدھ ہو گیا. بعد وچ شیر شاہ سوری ایتھے اپنا اِک وشال قلعا بنوایا تاں ایہ استھان قلعے توں باہر کابلی دروازے ول آگیا. اج وی قلعے دے لوک ایس چوئے دا جل ہی ورتوں وچ لیاوندے ہن.

مہاراجا رنجیت سنگھ دے حکم نال 1834ء وچ اجوکی عمارت بنوائی گئی جو بہُت ہی سُندر ہے. ایس دے اِک پاسے گھان ندی، دُوجے بنے قلعا تے باقی دو پاسے جنگل ہے. ایتھے اپڑن دا راہ قلعے دے اندر دی ہے.

قلعا روہتاس ضلع جہلم وچ اِک بہُت ہی مشہور مقام ہے. ایس تیک اپڑن واسطے "دینا" توں پیدل یاں فوجی ٹرکاں دیاں بنیاں بساں اُتے جانا پیندا اے. ایہ دینے توں کوئی 6 کلومیٹر دی وِتھ اُتے ہے. ریلوے سٹیشن دینا اتے لاہور توں پشاور جان والی سڑک اُتے بس سٹاپ وی دینا ہی ہے.

260 رپئے اَتے 27 گھماؤں زمین مہاراجا رنجیت سنگھ ولوں ایس دے ناں ہے. کتک سُدی 15 نوں میلا جُڑدا سی.

GURDWARA CHOWA SAHIB AT ROHTAS DISTRICT JEHLUM

The sacred site of Gurdwara Chowa Sahib is showing its splendour outside Kabuli Darwaza (gate) of Rohtas fort on the river bank of River Ghan. Jagat Guru Nanak Dev Ji arrived here from Tila Jogian. At that time the place was unpopulated. He started the water to flow a spring using his stick. Water spring is called "Chowa" hence this place was got the name of Chowa Sahib. Later Sher Shah built a magnificent fort and this place came outside Kabuli gate. Even today the residents of the fort use the water of this spring. The present building was constructed in 1834 at the command of Maharaja Ranjit Singh. It is a beautiful building with River Ghan on one side and the fort on the other with forest around the remaining sides. The access to the building is from inside the fort The shrine presents fascinating natural beauty surrounded by Ghan Nadi, fort, large trees and underbush.

Fort Rohtas is a famous historical place in Jehlum district. To reach the fort one has to travel by buses made out of army trucks. It is 6 kilometers from Dina. Dina is a Railway Station on Lahore-Peshawar railway line. Dina is also a bus stop on the GT road.

Maharaja Ranjit Singh assigned 27 ghumaon of land and Rs 260 to it. Fair is held on the 15th of Kattak Suddi.



ਗੁਰਦੁਆਰਾ ਨਾਨਕਸਰ, ਡਿੰਗਾ, ਜ਼ਿਲਾ ਗੁਜਰਾਤ

ਡਿੰਗਾ ਨਾਮੀ ਕਸਬਾ ਜ਼ਿਲਾ ਗੁਜਰਾਤ, ਤਹਿਸੀਲ ਖਾਰੀਆ ਦਾ ਮਸ਼ਹੂਰ ਕਸਬਾ ਹੈ, ਇਸ ਕਸਬੇ ਵਿੱਚ ਜਗਤ ਗੁਰੂ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਚਰਨ ਪਾਏ । ਇਹਦੀ ਆਬਾਦੀ ਤੋ ਬਾਹਰ ਮੰਡੀ ਬਹਾਉਦੀਨ ਨੂੰ ਜਾਣ ਵਾਲੀ ਸੜਕ ਨੇੜੇ ਨਾਨਕਸਰ ਨਾਮੀ ਅਸਥਾਨ ਬਣਿਆ ਹੋਇਆ ਹੈ, ਜੋ ਹੁਣ ਅਲੋਪ ਹੋ ਚੁੱਕਿਆ ਹੈ । ਇਸ ਥਾ ਹੁਣ ਲਾਰੀ ਅੱਡਾ ਹੈ । ਸੜਕ ਦੇ ਨਾਲ ਬਣੀ ਕੰਧ ਦੇ ਪਾਰ ਸਰੋਵਰ ਨੂੰ ਜਲ ਦੇਣ ਵਾਲਾ ਖੂਹ ਅਜੇ ਵੀ ਪੈਲੀਆ ਵਿੱਚ ਲੰਘੇ ਵੇਲੇ ਦੀ ਯਾਦ ਦੁਆਉਦਾ ਹੈ ।

ਗੁਰੂ ਨਾਨਕ ਦੇਵ ਜੀ ਜਦ ਇੱਥੇ ਚਰਨ ਪਾਏ ਤਾ ਇੱਕ ਜੋਗੀ ਨੇ ਆਪਣਾ ਪਖੰਡ ਖਲਾਰਿਆ ਹੋਇਆ ਸੀ । ਉਸ ਨੇ ਹੋਕਾ ਦਵਾਇਆ ਕਿ ਮੈ ਬਿਨਾ ਖਾਧੇ ਚਾਲੀਸਾ ਕੱਟਾਗਾ । ਗੁਰੂ ਜੀ ਨੇ ਹੋਕਾ ਬੰਦ ਕਰਵਾ ਦਿੱਤਾ । ਜਦ ਉਸ ਦਾ ਚਾਲੀਸਾ ਪੂਰਾ ਹੋਇਆ ਤਾ ਉਹ ਇਹ ਵੇਖ ਕੇ ਬੇਹੋਸ਼ ਹੋ ਗਿਆ ਕਿ ਕੋਈ ਉਹਨੂੰ ਵੇਖਣ ਵਾਸਤੇ ਨਹੀ ਆਇਆ । ਤਦ ਸਤਿਗੁਰੂ ਜੀ ਨੇ ਢੋਲੀ ਤੋ ਹੋਕਾ ਦਵਾਇਆ, ਲੋਕ ਕੱਠੇ ਹੋਏ ਤਾ ਆਪ ਨੇ ਫਰਮਾਇਆ ਕਿ ਇਹ ਜੋਗੀ ਝੂਠ ਬੋਲਦਾ ਹੈ ਕਿ ਇਸ ਨੇ ਬਿਨਾ ਖਾਧਿਆ ਚਾਲੀਸਾ ਕੱਟਿਆ ਹੈ । ਇਹ ਤਾ ਹਉਮੈ ਦੀ ਖੁਰਾਕ ਖਾਦਾ ਰਿਹਾ ਹੈ । ਹਉਮੈ ਨੂੰ ਮਾਰੇ ਬਿਨਾ ਤਾ ਕਦੇ ਕੋਈ ਜੋਗੀ, ਸੂਫੀ ਸੰਤ ਜਾ ਫਕੀਰ ਨਹੀ ਹੋ ਸਕਦਾ ।

گردوارا نانک سرڈِنگا، ضلع گجرات

ڈنگا نامی قصبا ضلع گجرات تحصیل کھاریاں دا اِک بہُت ہی مشہور قصبا ہے. اِس قصبے اندر جگت گرونانک دیو جی چرن پائے. ایہدی آبادی توں باہر منڈی بہاوَ الدین نُوں جاون والی سڑک نیڑے نانک سرنامی استھان بنْیا ہویا سی، جو ہُن الوپ ہو چکیا ہے. اُس تھاں ہُن لاری اڈا ہے. سڑک دے نال بنْی کندھ دے پار سرووَر نُوں جل دین والا کھوہ اجے وی پیلیاں وچ لنگھیاں ویلیاں دی یاد دواندا ہے.

جگت گرو نانک دیو جی جد ایتھے چرن پائے تاں اِک جوگی نے اپنا پکھنڈ کھلاریا ہویا سی. اوس ہوکا دوایا کہ میں بِنا کھادے چالھیا کٹاں گا. آپ نے ہوکا بند کروا دِتا جد اوہدا چالھیا پورا ہویا تاں اوہ ایہ ویکھ کے بے ہوش ہو گیا کہ اوہنوں ویکھن کوئی نہیں آیا. تد ست گراں ڈھولی توں ہوکا دوایا. لوک اکٹھے ہوئے تاں آپ نے کہیا کہ ایہ جوگی جھُوٹھ بولدا ہے کہ اِس بِنا کھادے چالھیا کٹیا ہے. ایہ تاں ہومے دی خوراک کھاندا رہیا ہے. ہومے نُوں مارے بِنا تاں کدے کوئی جوگی صوفی، سنت یاں فقیر ہو ہی نہیں سکدا.

GURDWARA NANAK SAHIB AT DINGA DISTRICT GUJRAT

Dinga is a very famous town of tehsil Kharian (Gujrat district). Jagat Guru Nanak Dev Ji had visited the place. A shrine called Nanak Sar had been built outside the town near Mandi Bahauddin road. It has now collapsed. Now there is a bus stand at this site. The well ,which provides water to the the tank on the other side of the wall coustructed along the road, is in the field and reminds of the by gone days.

When Jagat Guru Nanak Dev Ji set foot here a Hindu ascetic had set up a drama. He made public announcement to the beat of drum that he would meditate for forty days without eating. Gur Dev Ji stopped the public announcement. When the ascetic completed his 40 days, he fainted when he witnessed that none had come to see him. Then Guru Dev Ji announced to the beat of drum that this ascetic was lying that he had spent forty days without food as he had been feeding himself with his ego and without destroying it no one can be a Jogi, soofi, sant or faqir.



ਗੁਰਦੁਆਰਾ ਕੇਰ ਸਾਹਿਬ, ਜੈ ਸੁੱਖ ਵਾਲਾ, ਮੰਡੀ ਬਹਾਊਦੀਨ

ਮੰਡੀ ਬਹਾਊਦੀਨ ਜਿਲੇ ਦਾ ਪ੍ਰਧਾਨ ਨਗਰ ਹੈ । ਮੰਡੀ ਤੋਂ ਮਰਾਲੇ ਜਾਣ ਵਾਲੀ ਸੜਕ ਤੇ ਪਿੰਡ ਜੈ ਸੁੱਖ ਵਾਲਾ ਵਿੱਚ ਸਤਿਗੁਰ ਨਾਨਕ ਦੇਵ ਜੀ ਦਾ ਪਾਵਨ ਅਸਥਾਨ ਹੈ । ਤਹਿਸੀਲ ਥਾਣਾ, ਮੰਡੀ ਬਹਾਊਦੀਨ ਹੀ ਹੈ । ਗੁਰੂ ਸਾਹਿਬ ਡਿੰਗੇ ਤੋ ਚੱਲ ਕੇ ਇੱਥੇ ਬਿਰਾਜੇ । ਉਸ ਵੇਲੇ ਇੱਥੇ ਦਾ ਇੱਕ ਸੂਫੀ ਲੋਕਾਂ ਤੋਂ ਰੁੱਸ ਕੇ ਉਹਨਾਂ ਨੂੰ ਬਦਦੁਆ ਦੇਣਾ ਚਾਹੁੰਦਾ ਸੀ । ਆਪ ਜੀ ਨੇ ਉਸ ਨੂੰ ਰੱਬੀ ਕੰਮਾ ਨੂੰ ਹੱਥ ਵਿੱਚ ਲੈਣ ਤੋ ਵਰਜਿਆ । ਉਸ ਫਕੀਰ ਦੇ ਪੋਤਰੇ ਭਾਈ ਭਾਗ ਜੀ ਨੇ ਬਹੁਤ ਹੀ ਸੁੱਚਾ ਜੀਵਨ ਜੀਵਿਆ । ਉਹਦੀ ਸਮਾਧ ਗੁਰਦੁਆਰਾ ਸਾਹਿਬ ਦੇ ਸਰੋਵਰ ਦੇ ਦੂਜੇ ਕੰਢੇ ਅੱਜ ਵੀ ਦਰਖਤਾਂ ਦੀ ਠੰਢੀ ਛਾਂ ਵਿੱਚ ਆਪਣੀ ਸੁੰਦਰਤਾ ਵਿਖਾ ਰਹੀ ਹੈ ।

ਸ਼ੇਰੇ ਪੰਜਾਬ ਮਹਾਰਾਜਾ ਰਣਜੀਤ ਸਿੰਘ ਸਮੇ ਗੁਰਦੁਆਰਾ ਸਾਹਿਬ ਦੀ ਤਿੰਨ ਮੰਜਲਾ ਸੁੰਦਰ ਇਮਾਰਤ ਬਣਵਾਈ ਗਈ । ਉਸ ਦੇ ਖੱਬੇ ਪਾਸੇ ਦੋ ਸੁੰਦਰ ਤਲਾਬ ਬਣਵਾਏ ਗਏ, ਜਿਹਨਾਂ ਵਿੱਚੋਂ ਇੱਕ ਬੀਬੀਆਂ ਵਾਸਤੇ ਸੀ । ਸੰਗਤ ਦੇ ਠਹਿਰਣ ਵਾਸਤੇ ਇੱਕ ਬਹੁਤ ਹੀ ਵੱਡੀ ਸਰਾਂ ਵੀ ਹੈ । ਜਿਸ ਅੰਦਰ ਕੋਈ ੧੦੦ ਦੇ ਨੇੜੇ ਘਰ ਆਬਾਦ ਹਨ । ਗੁਰਦੁਆਰਾ ਸਾਹਿਬ ਦੀ ਇਮਾਰਤ ਦੀਆਂ ਲੋਕਾਂ ਨੇ ਵੰਡੀਆਂ ਪਾਈਆਂ ਹੋਈਆਂ ਹਨ । ਪ੍ਰਕਾਸ਼ ਅਸਥਾਨ ਇੱਕ ਪੁਲਿਸ ਕਰਮਚਾਰੀ ਕੋਲ ਹੈ ਜੋ ਕਿਸੇ ਨੂੰ ਦਰਸ਼ਨ ਵੀ ਨਹੀ ਕਰਨ ਦਿੰਦਾ । ਮਹਾਰਾਜਾ ਰਣਜੀਤ ਸਿੰਘ ਨੇ ਚਾਲੀ ਮੁਰੱਬੇ ਜ਼ਰਈ ਜ਼ਮੀਨ ਅਤੇ ਪੰਜ ਹਜਾਰ ਦੀ ਸਾਲਾਨਾ ਜਾਗੀਰ ਇਸ ਦੇ ਨਾਂ ਲਾਈ । ਇੱਥੇ ਵਿਸਾਖੀ, ਚੇਤਰ, ਭਾਦਰੋਂ ਦੀ ਮੱਸਿਆ ਨੂੰ ਮੇਲਾ ਜੁੜਦਾ ਸੀ ।

گردوارا کیر صاحب جے سُکھ والا منڈی بہاؤالدین

منڈی بہاؤالدین ضلع دا پردھان نگر ہے. منڈی توں مرالے جان والی سڑک اُتے پنڈ جے سُکھ والا وچ ست گرنانک دیو جی دا پاون استھان ہے. تحصیل تھانا منڈی بہاؤ الدین ہی ہے. گرو صاحب ڈنگے توں چل کے ایتھے وِراجے ہن اوس ویلے ایتھے دی اِک صوفی پنڈ دے لوکاں توں رُس کے اوہناں نُوں بددعا دے کے سزا دینا چاہندا سی. آپ جی نے اوس نوں ربی کماں نُوں ہتھ وچ لین توں ورجیا. اوس فقیر دے پوترے بھائی بھاگ جی نے بہُت ہی سُچا جیون جیویا. اوہدی سمادھ گردوارا صاحب دے سروور دے دُوجے کنڈھے اج وی برچھاں دی ٹھنڈی چھاں ہیٹھ اپنی سُندرتا وکھا رہی ہے.

شیر پنجاب مہاراجا رنجیت سنگھ سمے گردوارا صاحب دی تِن منزلا سُندر عمارت بنوائی گئی اوس دے کھبے پاسے دو سُندر تالاب بنوائے گئے جنہاں وِچوں اِک بیبیاں واسطے سی. سنگت دے ٹھہرن واسطے اِک بہُت ہی وڈی سراں وی ہے جس اندر کوئی سو دے نیڑے گھر آباد ہن. گردوارا صاحب دی عمارت دیاں لوکاں نے ونڈیاں پائیاں ہوئیاں ہن پرکاش استھان اِک پُلس کرمچاری کول ہے جو کسے نُوں درشن وی نہیں کرن دیندا.

مہاراجا رنجیت سنگھ ولوں 40 مربعے زرعی زمین اتے 5 ہزار دی سالانا جاگیر اس دے نام ہے. ایتھے وساکھی' چیت تے بھادروں دی مسیا نُوں میلا جُڑدا سی.

GURDWARA KAIR SAHIB AT JAI SUKH WALA, DISTRICT MANDI BAHAUDDIN

Mandi Bahauddin is the leading town of district. The sacred shrine of Jagat Guru Nanak Ji is in village Jai Sukh Wala which is located on the main road going from Mandi-Bahauddin to Marala. The Jai Sukh wala is within the Jurisdiction of P.S. & Tehsil Mandi-Bahauddin. Jagat Guru Ji arrived in this village from Dinga at a time when an annoyed mystic wanted to punish the villagers with his curse. Guru Ji prevailed upon him to abandon it and taught him that the right to punish lies in the domain of God. Bhai Bhag, the grandson of this mystic, led a simple and fair life. His grave is displaying its beauty in the cool shade of a tree on the other side of the tank of Gurdwara.

During the reign of Sher-e-Punjab Maharaja Ranjit Singh a beautiful 3-storeyed building of Gurdwara Sahib was constructed. Two elegant tanks were built on its left hand side. One of the tanks was for women. There is a very big inn to provide accommodation to sangats. About 100 housings are settled in it. Some people have divided the building among themselves. A police official is occupying the Prakashasthan (Recitation Room), who does not let any one to visit.

Maharaja Ranjit Singh had bestowed an estate with an annual income of 5 thousand and 40 squares of agricultural land.

Fairs used to be held on Visakhi, Chaiter and Bhadun.



ਗੁਰਦੁਆਰਾ ਨਾਨਕ ਸਰ, ਜ਼ਿਲਾ ਝੰਗ

ਜਗਤ ਗੁਰੂ, ਗੁਰੂ ਨਾਨਕ ਦੇਵ ਜੀ ਦਾ ਇਹ ਪਾਵਨ ਅਸਥਾਨ ਝੰਗ ਸ਼ਹਿਰ ਤੋਂ ਬਾਹਰ ਟੋਬਾ ਰੋਡ ਉੱਤੇ ਹੈ । ਇਸ ਅਸਥਾਨ ਤੱਕ ਅੱਪੜਨ ਵਾਸਤੇ ਝੰਗ ਸ਼ਹਿਰ ਤੋਂ ਬੱਸਾਂ ਤੇ ਵੈਗਨਾਂ ਆਮ ਮਿਲ ਜਾਦੀਆਂ ਹਨ । ਇਸ ਦਾ ਬਸ ਸਟਾਪ ਬਾਗਾ ਵਾਲੀ ਤੋਂ ਅਗਲੀ ਪੁਲੀ ਹੈ । ਇਸ ਪੁਲੀ ਤੇ ਉੱਤਰ ਕੇ ਨਹਿਰ ਦੇ ਨਾਲ਼ ਨਾਲ ਜਿਧਰੋਂ ਪਾਣੀ ਆ ਰਿਹਾ ਹੈ, ਕੋਈ ਦੋ ਕਿਲੋਮੀਟਰ ਪੈਦਲ ਰਾਹ ਹੈ ।

ਜਿਸ ਟਿੱਬੇ ਉੱਤੇ ਸ੍ਰੀ ਗੁਰੂ ਨਾਨਕ ਦੇਵ ਜੀ ਬਿਰਾਜੇ ਸਨ । ਉੱਥੇ ਮਗਰੋਂ ਸ਼ਰਧਾਲੂਆ ਨੇ ਗੁਰਦੁਆਰਾ ਸਾਹਿਬ ਉਸਾਰ ਲਿਆ । ਇਸ ਅਸਥਾਨ ਨੂੰ ਨਾਨਕ ਸਰ ਆਖਿਆ ਜਾਦਾ ਹੈ । ਪਿੰਡ ਦਾ ਨਾਂ ਵੀ ਇਹੀ ਹੈ । ਇਸ ਗੁਰਦੁਆਰੇ ਅੰਦਰ ਪ੍ਰਾਇਮਰੀ ਸਕੂਲ ਹੈ । ਲੰਗਰ ਹਾਲ, ਯਾਤਰੀਆਂ ਦੇ ਠਹਿਰਨ ਵਾਸਤੇ ਕਮਰਿਆਂ ਤੇ ਦੂਜੀਆਂ ਇਮਾਰਤਾਂ ਵਿੱਚ ਜਲੰਧਰ, ਹੁਸ਼ਿਆਰ ਪੁਰ ਤੋਂ ਆਏ ਹੋਏ ਮੁਹਾਜਿਰ ਵਸੇ ਹੋਏ ਹਨ ।

ਗੁਰਦੁਆਰਾ ਸਾਹਿਬ ਦੀ ਇਮਾਰਤ ਬਹੁਤ ਸੁੰਦਰ ਤੇ ਵਿਸ਼ਾਲ ਹੈ । ਇਸ ਦੀ ਸੱਜੀ ਬਾਹੀ ਤੇ ਸੁੰਦਰ ਸਰੋਵਰ ਹੈ । ਮਹਿਕਮਾ ਔਕਾਫ ਵੱਲੋਂ ਸੇਵਾ ਸੰਭਾਲ ਨਾਂ ਦੀ ਕੋਈ ਸ਼ੈ ਨਜ਼ਰ ਨਹੀਂ ਆਉਂਦੀ ।

گردوارا نانک سر، ضلع جھنگ

جگت گرو نانک دیو جی دا ایہ پاون استھان جھنگ شہرتوں باہر ٹوبھا روڈ اُتے ہے. اس استھان تک اپڑن واسطے جھنگ شہرتوں بساں تے ویگناں عام مل جاندیاں ہن. اس دا بس سٹاپ باغاں والی توں اگلی پُلی ہے. اِس پُلی اتے اتر کے نہردے نال نال جدھروں پانی آ رہیا ہے. کوئی دو کلو میٹر پیدل راہ ہے.

جس ٹبے تے ست گر نانک دیو جی ویراجے اوتھے مگروں شردھالواں گردوارا صاحب اسار لیا' اس استھان نوں نانک سر آکھیا جاندا ہے. پنڈ دا ناں وی ایہ ہی ہے. اس گردوارے اندر پرایمری سکول ہے. لنگرہال' یاتریاں دے ٹھہرن والے کمریاں اتے دوجیاں عمارتاں اندر جالندھر' ہشیار پور دے مہاجر وسے ہوئے ہن. گردوارا صاحب دی عمارت بہت سُندر اتے وشال ہے. اس دی سجی باہی سُندر سرودر ہے. محکما اوقاف ولوں سیوا سنبھال ناں دی کوئی شے نظر نہیں آوندی.

GURDWARA NANAKSAR AT JHANG

This sacred shrine of Jagat Guru Nanak Dev Ji is on Toba road outside Jhang. Buses or mini buses going to this place from Jhang are easily available. Its bus stop is on the bridge after Bagha Wala. From the bus stop one has to walk upstream along the canal.

A Gurdwara was built by the followers on the mound where Sat Gur Dev Ji had stayed. A primary school is housed in the Gurdwara now. Refugees from Jullundher and Hoshiarpur are settled in the Langar Hall, residing room and other buildings.

The building of Gurdwara is spacious and imposing with a beautiful tank on its right. The complex is in custody of Waqf Board but without proper care and maintenance.



ਗੁਰਦੁਆਰਾ ਪਹਿਲੀ ਪਾਤਿਸ਼ਾਹੀ, ਹਫਤ ਮਦਰ ਸ਼ੇਖੂਪੁਰਾ

ਇਹ ਪਿੰਡ ਜੋ ਹਫਤ ਮਦਰ ਦੇ ਨਾਮ ਤੋ ਪ੍ਰਸਿੱਧ ਹੈ, ਭਾਈ ਫੇਰੂ ਖੁੰਡਾ ਰੋਡ ਉੱਤੇ ਜਾਤਰੀ ਤੋ ਅੱਗੇ ਹੈ । ਮੇਨ ਰੋਡ ਤੋ ਕੋਈ ਪੰਜ ਕਿਲੋਮੀਟਰ ਨਿੱਕੀ ਸੜਕ ਇਸ ਪਿੰਡ ਵਿੱਚ ਜਾਦੀ ਹੈ । ਇਸ ਦੀ ਤਹਿਸੀਲ ਨਨਕਾਣਾ ਸਾਹਿਬ ਤੇ ਜ਼ਿਲਾ ਸ਼ੇਖੂਪੁਰਾ ਹੈ । ਇਸ ਪਿੰਡ ਦੇ ਗੁਰਦੁਆਰੇ ਦਾ ਨਾਮ ਗੁਰਦੁਆਰਾ ਸੱਚੀ ਮੰਜੀ ਪਹਿਲੀ ਪਾਤਿਸ਼ਾਹੀ ਵੀ ਹੈ । ਇਥੇ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਪਲੰਘ ਗਿੱਲ ਜ਼ਿਮੀਦਾਰਾ ਪਾਸ ਸੀ । ਸ੍ਰੀ ਗੁਰੂ ਅਰਜਨ ਦੇਵ ਜੀ ਨੇ ਇੱਥੇ ਚਰਨ ਪਾਏ ਅਤੇ ਪ੍ਰੇਮੀ ਸਿੱਖਾ ਨੂੰ ਸੋਟਾ ਬਖਸ਼ਿਸ਼ ਕੀਤਾ । ਸਤਿਗੁਰੂ ਸ੍ਰੀ ਗੁਰੂ ਅਮਰਦਾਸ ਜੀ ਦੇ ਇੱਕ ਜੋੜੇ ਦਾ ਪੈਰ ਵੀ ਇੱਥੇ ਸੀ ਅਤੇ ਦੂਜਾ ਧੁਨੀ ਜ਼ਿਲਾ ਹਾਫਿਜ਼ਾਬਾਦ ਵਿੱਚ ਸੀ । ਸਵਾ ਰੁਪਈਆ ਲੈ ਕੇ ਦਰਸ਼ਨ ਕਰਵਾਏ ਜਾਦੇ ਸਨ । ਗੁਰਦੁਆਰਾ ਸਾਹਿਬ ਢਹਿ ਚੁੱਕਿਆ ਹੈ । ਕੁਝ ਹਿੱਸੇ ਹੀ ਬਚੇ ਹਨ ਜੋ ਤੁਸੀ ਤਸਵੀਰ ਵਿੱਚ ਵੇਖ ਸਕਦੇ ਹੋ ।

گردوارا پہلی پاتشاہی ہفت مدر، شیخوپورا

ایہ پنڈ جو ہفت مدر دے ناں توں پرسدھ ہے بھائی پھیرو کھنڈا روڈ اُتے جاتری توں اگے ہے. مین روڈ توں کوئی پنج کلومیٹر نکی سڑک ایس پنڈ وچ جاندی ہے. ایس دی تحصیل ننکانا صاحب اتے ضلع شیخوپورا ہے.

ایس پنڈ دے گردوارے دا ناؤں گردوارا سچی منجی پہلی پاتشاہی بھی ہے. ایتھے ست گر نانک دیو جی دا پلنگھ گِل زمینداراں پاس سی. گرو ارجن دیو جی ایتھے چرن پائے اتے پریمی سنگھاں نوں سوٹا بخشش کیتا. ست گر امرداس جی دے جوڑے دا اِک پیر وی ایتھے سی اتے دُوجا پَیر "دُھنی" ضلع حافظ آباد وچ سی: سوا رپیالے کے درشن کروائے جاندے سن. گردوارا صاحب ڈھے چکیا ہے. کجھ حصے ای بچے ہن جو تسیں تصویر وچ ویکھ سکدے ہو.

GURDWARA FIRST GURU AT HAFTMADAR DISTRICT SHEIKHUPURA

This village which goes by the name of Haftmadar lies on Bhai Pheru-Khunda road after Jatri. From the main road a narrow road runs for 5 kilometers upto this village. It is in tehsil Nankana Sahib of Sheikhupura district.

The Gurdwara of this village is called "Gurdwara Sacchi Manji Pehli Patshahi". The Manji (bed) of Jagat Guru was with Gill landowners of this village. Guru Arjun Dev Ji presented his staff to his devotees when he came to this village. One shoe of Amar Das Ji was in this village while the other was in the village Dhunni of Hafizabad. Pilgrim can see this shoe after making an offering of Rs. 1.25. It can be seen in the photographs that the major parts of Gurdwara have collapsed and only some portions remain standing.



ਗੁਰਦੁਆਰਾ ਪਹਿਲੀ ਪਾਤਸ਼ਾਹੀ ਫਤਿਹ ਭਿੰਡਰ, ਜ਼ਿਲ੍ਹਾ ਸਿਆਲਕੋਟ

ਫ਼ਤਿਹ ਭਿੰਡਰ ਨਾਮੀ ਇਹ ਪਿੰਡ ਤਹਿਸੀਲ ਥਾਣਾ ਡਸਕਾ, ਵਿੱਚ ਪਿੰਡ ਗੋਇੰਦਕੇ ਨੇੜੇ ਹੈ।
ਇਸ ਪਿੰਡ ਵਿਚ ਦਖੱਣ ਵਾਲੇ ਪਾਸੇ ਸੱਤ ਗੁਰ ਨਾਨਕ ਦੇਵ ਜੀ ਦਾ ਛੋਟਾ ਜਿਹਾ ਗੁਰਦੁਆਰਾ। ਗੁਰੂ ਸਾਹਿਬ ਸੰਗਤ ਦਾ ਪ੍ਰੇਮ ਵੇਖ ਕੇ ਇੱਥੇ ਆਏ। ਜਿਸ ਥਾਂ ਆਪ ਵਿਰਾਜੇ, ਪ੍ਰੇਮੀਆਂ ਨੇ ਉਥੇ ਗੁਰੂ ਅਸਥਾਨ ਬਣਾ ਦਿੱਤਾ। ਇਸ ਪਿੰਡ ਨੂੰ ਗਲੋਟੀਆਂ ਤੋਂ ਜਾਇਆ ਜਾ ਸਕਦਾ ਹੈ।


گردوارا پہلی پاتشاہی، فتح بھنڈر، ضلع سیالکوٹ

فتح بھنڈر نامی ایہ پنڈ تحصیل تھانا ڈسکا وِچ پنڈ گوئند کے نیڑے ہے.
ایس پنڈ وِچ دکھن والے پاسے ست گر نانک دیو جی دا چھوٹا جہیا گردوارا ہے. گرو صاحب سنگت دا پریم ویکھ کے ایتھے آئے. جس تھاں آپ ویراجے پریمیاں نے اوتھے گرو استھان بنا دِتا. ایس پنڈ نوں گلوٹیاں توں جایا جاسکدا ہے.

GURDWARA FIRST GURU FATEH BHINDER DISTRICT SIALKOT

The village Fateh Bhinder is located in P.S and Tehsil Daska near village Govind Ke.

There is a small Gurdwara of Sat Guru Nanak Dev Ji on the southern side of the village. Jagat Guru came here in recognition of the affection and devotion of the local Sangat. A Gurdwara was built by the devotees at the spot where he had stayed. The village can be reached from Glotian



ਗੁਰਦੁਆਰਾ ਕਰਤਾਰਪੁਰ ਸਾਹਿਬ ਦਰਬਾਰ ਸਾਹਿਬ, ਨਾਰੋਵਾਲ

ਇਹ ਉਹ ਇਤਿਹਾਸਕ ਥਾਂ ਹੈ, ਜਿੱਥੇ ਜਗਤ ਗੁਰੂ ਸਤਿਗੁਰੂ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਨੇ ੨੩ ਅੱਸੂ ੧੦ ਸੁਦੀ ਸੰਮਤ ੧੫੯੬ ਮੁਜਬ ੨੨ ਸਤੰਬਰ ੧੫੩੯ ਨੂੰ ਦੇਹ ਤਿਆਗੀ ਸੀ । ਇਸ ਅਸਥਾਨ ਤੱਕ ਅੱਪੜਨ ਵਾਸਤੇ ਰੇਲਵੇ ਸਟੇਸ਼ਨ ਦਰਬਾਰ ਸਾਹਿਬ ਲਗਦਾ ਹੈ ਜੋ ਲਾਹੌਰ ਨਾਰੋਵਾਲ ਰੇਲਵੇ ਲਾਈਨ ਉੱਤੇ ਹੈ । ਇੱਥੋਂ ਕੋਈ ਚਾਰ ਕਿਲੋਮੀਟਰ ਪੂਰਬ ਵੱਲ ਰਾਵੀ ਦਰਿਆ ਦੇ ਕਿਨਾਰੇ ਇਸ ਪਾਵਨ ਅਸਥਾਨ ਤੱਕ ਪੈਦਲ ਜਾਣਾ ਪੈਂਦਾ ਹੈ ।

ਅਜੋਕੀ ਇਮਾਰਤ ਦੀ ਉਸਾਰੀ ਮਹਾਰਾਜਾ ਭੁਪਿੰਦਰ ਸਿੰਘ, ਮਹਾਰਾਜਾ ਪਟਿਆਲਾ ਦੀ ਦਿੱਤੀ ਇੱਕ ਲੱਖ ਪੈਂਤੀ ਹਜ਼ਾਰ ਛੇ ਸੌ ਰੁਪਏ ਦੀ ਰਕਮ ਨਾਲ ਉਸਾਰੀ ਗਈ । ਇਮਾਰਤ ਦੀ ਹੁਣ ੧੯੯੫ ਵਿੱਚ ਪਾਕਿਸਤਾਨ ਸਰਕਾਰ ਵੱਲੋਂ ਇੱਕ ਵਾਰ ਫਿਰ ਲੱਖਾਂ ਰੁਪਏ ਲਾ ਕੇ ਮੁਰੰਮਤ ਕਰਵਾਈ ਗਈ ।

ਇਮਾਰਤ ਸੁੰਦਰ ਤੇ ਵਿਸ਼ਾਲ ਹੈ । ਜੰਗਲ ਅਤੇ ਰਾਵੀ ਦੇ ਕਿਨਾਰੇ ਹੋਣ ਕਰਕੇ ਸੇਵਾ ਸੰਭਾਲ ਬਹੁਤ ਹੀ ਔਖਾ ਕੰਮ ਹੈ ।

گردوارا دربار صاحب کرتارپور' نارووال


ایہ اوہ اتہاسک تھاں ہے جتھے جگت گرو ست گر نانک دیو جی مہاراج نے 23 اسوں سُدی 10 سمت 1596 بموجب 22 ستمبر 1539ء نُوں دیہ تیاگی ہے. ایس استھان تیک اپڑن واسطے ریلوے سٹیشن دربار صاحب لگدا ہے جو لاہور نارووال ریلوے لائن اُتے ہے. ایتھوں کوئی چار کلومیٹر پورب ول راوی دریا دے کنارے ایس پاون استھان تیک پیدل جانا پیندا ہے.

اجوکی عمارت دی اُساری مہاراجا بھوپندر سنگھ جی مہاراجا پٹیالا دے دتے اِک لکھ پینتی ہزار چھے سو رپئے نال کیتی گئی. ہُن 1995ء وچ پاکستان سرکار ولوں اِک وار فیر لکھاں رپیا لا کے ایس دی مرمت کروائی گئی ہے. عمارت سُندر اتے وِشال ہے. جنگل اتے راوی دے کنارے ہون کر کے سیوا سنبھال بہُت ہی اوکھا کم ہے.

GURDWARA KARTARPUR SAHIB, NAROWAL

This is the historical place where Jagat Guru Nanak Ji departed from this world on 23rd Assu, Samvat 1596 (22nd Sept. 1529 AD). It is also called Dera Nanak Baba. Dera Sahib railway station, on Lahore-Narowal section, serves this place. The Shrine is located by the River Ravi within a distance of four kilometers from the railway station.

The present building was built at a cost of Rs.1,35,600, donated by Sardar Popindar Singh, the Maharaja of Patiala. It was repaired by the Govt of Pakistan in 1995 incurring expenditure in lacs of rupees. It has a spacious and beautiful building. Its location beside a forest and river Ravi makes its care difficult.



ਗੁਰਦੁਆਰਾ ਭਾਈ ਬਹਿਲੋਲ, ਕਾਦੀਵਿੰਡ, ਕਸੂਰ

ਕਾਦੀਵਿੰਡ ਤਹਿਸੀਲ ਥਾਣਾ ਕਸੂਰ ਵਿੱਚ ਹੈ । ਸਟੀਲ ਬਾਗ, ਜ਼ਿਲਾ ਹਸਪਤਾਲ ਕਸੂਰ ਤੋ ਇੱਕ ਪੱਕੀ ਸੜਕ ਇਸ ਪਿੰਡ ਨੂੰ ਜਾਦੀ ਹੈ । ਇੱਥੇ ਜਾਣ ਵਾਸਤੇ ਟਾਗੇ ਆਮ ਮਿਲ ਜਾਦੇ ਹਨ । ਪਿੰਡ ਤੋ ਬਾਹਰ ਗੁਰੂ ਅਮਰਦਾਸ ਜੀ ਦਾ ਪਾਵਨ ਅਸਥਾਨ ਤਰਗੇ ਦੀ ਜੂਹ ਵਿੱਚ ਹੈ । ਜਦ ਸਤਿਗੁਰੂ ਜੀ ਇੱਥੇ ਠਹਿਰੇ ਹੋਏ ਸਨ ਤਦੋ ਦੀਵਾਨ ਚੰਦ ਦਿੱਲੀ ਵਾਲੇ ਨੇ ਆ ਕੇ ਬੇਨਤੀ ਕੀਤੀ ਕਿ ਪਾਤਿਸ਼ਾਹ, ਮੇਰੇ ਧਨ ਨਾਲ ਕੋਈ ਯਾਦਗਾਰ ਕਾਇਮ ਕਰਵਾ ਦਿਓ ਤਾ ਕਿ ਇਸ ਦੁਨੀਆ ਵਿੱਚ ਮੇਰਾ ਨਾ ਬਣਿਆ ਰਹੇ । ਉਸ ਦੀ ਭਾਵਨਾ ਅਨੁਸਾਰ ਗੁਰੂ ਜੀ ਨੇ ਇੱਕ ਤਲਾਬ ਅਤੇ ਨੇੜੇ ਪੱਕੇ ਰਿਹਾਇਸ਼ੀ ਮਕਾਨ ਬਣਵਾਏ । ਇਹ ਜ਼ਮੀਨ ਦੋ ਸੌ ਵਿੱਘੇ ਭਾਈ ਬਹਿਲੋਲ ਕਾਦੀਵਿੰਡ ਵਾਲੇ ਦੀ ਸੀ ਜੋ ਉਸਨੇ ਸਾਰੀ ਗੁਰੂ ਜੀ ਨੂੰ ਅਰਪਣ ਕਰ ਦਿੱਤੀ । ਬਾਅਦ ਵਿੱਚ ਇੱਥੇ ਹੀ ਭਾਈ ਬਹਿਲੋਲ ਦੀ ਸਮਾਧ ਬਣਵਾਈ ਗਈ । ਸਰਾਧਾ ਦੀ ਸੱਤਵੀ ਨੂੰ ਮੇਲਾ ਹੁੰਦਾ ਸੀ ।

ਗੁਰੂ ਜੀ ਵੱਲੋ ਬਣਵਾਇਆ ਤਲਾਬ ਛੱਪੜ ਹੋ ਚੁੱਕਿਆ ਹੈ । ਭਾਈ ਜੀ ਦੀ ਸਮਾਧ ਅਖੀਰੀ ਦਮਾ ਉੱਤੇ ਖਲੋਤੀ ਹੈ । ਗੁਰਦੁਆਰਾ ਸਾਹਿਬ ਦੇ ਕਮਰਿਆ ਵਿੱਚ ਗੌਰਮਿੰਟ ਦਾ ਸਕੂਲ ਹੈ । ਜ਼ਮੀਨ ਵਕਫ ਬੋਰਡ ਦੇ ਕਬਜ਼ੇ ਵਿੱਚ ਹੈ ।

ਪੰਜਾਬੀ ਸਾਹਿਤ ਦੇ ਪ੍ਰਸਿੱਧ ਲਿਖਾਰੀ ਬਾਬਾ ਸੋਹਣ ਸਿੰਘ ਸੀਤਲ ਇਸੇ ਹੀ ਪਿੰਡ ਦੇ ਰਹਿਣ ਵਾਲੇ ਹਨ । ਉਹਨਾ ਦਾ ਬਾਗ ਅਤੇ ਘਰ ਅਜੇ ਵੀ ਮੌਜੂਦ ਹੈ । ਇਹ ਦੋਵੇ ਮੇਵਾਤ ਦੇ ਸ਼ਰਨਾਰਥੀਆ ਪਾਸ ਹਨ ।

گردوارا بھائی بہلول قادی وِنڈ، قصور

قادی وِنڈ تحصیل تھانا قصور وچ ہے. سٹیل باغ ڈسٹرکٹ ہسپتال قصور توں اک پکی سڑک ایس پنڈ نُوں جاندی ہے. ایتھے جاون واسطے ٹانگے عام مل جاندے ہن. پنڈ توں باہر گرو امرداس جی دا پاون استھان پنڈ ترگے دی جوہ وچ ہے. جد ست گر ایتھے ٹھہرے ہوئے سن تدوں دیوان چند دِلی والے نے آ کے بینتی کیتی کہ پاتشاہ میرے دھن نال کوئی یادگار قائم کرا دیو. تاں جے ایس دنیا وچ میرا ناں بنیا رہے. اوس دی بھاونا انوسار گرو جی نے اِک تالاب اَتے پاس پکا رہائشی مکان بنوائے. ایہ زمین دو سو وگھے بھائی بہلول قادی وِنڈ والے دی سی جو اوس نے ساری گرو جی نُوں ارپن کر دِتی. بعد وچ ایتھے ہی بھائی بہلول دی سمادھ بنائی گئی. سرادھاں دی ستویں نوں میلا ہوندا سی.

گرو جی دا بنوایا تالاب چھپڑ ہو چکا ہے. بھائی جی دی سمادھ اخیری دماں اُتے کھلوتی ہے. گردوارا صاحب دے کمریاں وچ گورنمنٹ دا سکول ہے. زمین وقف بورڈ دے قبضے وچ ہے.

پنجابی ساہت دے پرسدھ لکھاری بابا سوہن سنگھ سیتل وی ایسے ہی پنڈ دے رہن والے ہن. اوہناں دا باغ اتے گھر اجے وی موجود ہے. ایہ دوویں میوات توں آئے شرنارتھیاں پاس ہن.

GURDWARA BHAI BAHLOL AT QADIWIND DISTRICT KASUR

Qadiwind village is within P.S., tehsil and district Kasur. A metalled road from Steel Bagh District Hospital Kasur leads to this village. Tongas (horse driven carriages) going to this village are easily available. The sacred place of Guru Amar Das Ji lies outside the village. When Sat Gur was staying here, Divan Chand of Delhi came and requested some monument in the area of village Tergy with his wealth so that his name may be remembered even after his death. With his consent a water tank and residential rooms were constructed by Guru Ji. The land presented to Guru belonged to Bhai Bahlol of Qadiwind. Later Samadh of Bhai Bahlol was built. A fair used to be held on the 7th Saradhan.

The tank constructed by Guru Ji has now become a pond of dirty water. The Samadh of Bhai Ji is about to collapse. Government School is housed in the rooms of Gurdwara and the land is in the possession of Waqf Board.

The well known Punjabi writer Baba Sohan Singh Sital was a resident of this village. His house and garden are still there but are under the occupation of refugees from Mewat.



ਗੁਰਦੁਆਰਾ ਝਾੜੀ ਸਾਹਿਬ ਤਰਗੇ, ਕਸੂਰ

ਪਿੰਡ ਤਰਗੇ ਕਸੂਰ ਫਿਰੋਜ਼ਪੁਰ ਰੋਡ ਉੱਤੇ ਸਟੀਲ ਬਾਗ ਵਾਲੀ ਪੁਰਾਣੀ ਮਹਿਸੂਲ ਚੁੰਗੀ, ਜੋ ਕਿ ਡਿਸਟਰਿਕਟ ਹਸਪਤਾਲ ਦੇ ਸਾਹਮਣੇ ਸੀ, ਤੋ ਇੱਕ ਸੜਕ ਨਿਕਲਦੀ ਹੈ ਜਿਹਨੂੰ ਕਾਦੀਵਿੰਡ ਰੋਡ ਆਖਿਆ ਜਾਦਾ ਹੈ, ਇਸ ਸੜਕ ਉੱਤੇ ਪਿੰਡ ਕਾਦੀਵਿੰਡ ਤੋ ਅੱਗੇ ਪਿੰਡ ਤਰਗੇ ਹੈ । ਪਿੰਡ ਤਰਗੇ ਦੇ ਥੇਹ ਉੱਤੇ ਜੋ ਕਿ ਕਾਦੀਵਿੰਡ ਤੋ ਪੂਰਬ ਵੱਲ ਨੂੰ ਕੋਈ ਇੱਕ ਕਿਲੋਮੀਟਰ ਦੀ ਵਿੱਥ ਉੱਤੇ ਹੈ, ਇਸ ਦੇ ਕੋਲ ਇਹ ਅਸਥਾਨ ਆਪਣੀਆ ਸ਼ਾਨਾ ਵਿਖਾ ਰਿਹਾ ਹੈ । ਸਤਿਗੁਰੂ ਸ੍ਰੀ ਗੁਰੂ ਅਮਰਦਾਸ ਜੀ ਕਸੂਰ ਨੂੰ ਜਾ ਰਹੇ ਸਨ ਤੇ "ਕਾਦੀਵਿੰਡ" ਦੇ ਲੋਕਾ ਨੇ ਪ੍ਰੇਮ ਪ੍ਰਗਟ ਕੀਤਾ । ਬੇਨਤੀ ਮੰਨ ਕੇ ਗੁਰੂ ਜੀ ਇੱਥੇ ਠਹਿਰੇ । ਨਿੱਕਾ ਜਿਹਾ ਅਸਥਾਨ ਬਣਿਆ ਹੋਇਆ ਹੈ । ਇੱਥੇ ਪਾਸ ਹੀ ਉਹ ਬਿਰਛ ਸਨ ਜਿਸ ਨਾਲ ਗੁਰੂ ਜੀ ਨੇ ਘੋੜੇ ਦੀ ਅਗਾੜੀ ਪਿਛਾੜੀ ਬੰਨੀ ਸੀ । ਇਹ ਰੁੱਖ ਹੁਣ ਅਲੋਪ ਹੋ ਚੁੱਕੇ ਹਨ । ਗੁਰਦੁਆਰੇ ਦੇ ਨਾਲ ਢਾਈ ਘੁਮਾਉ ਜ਼ਮੀਨ ਭਾਈ ਸੁਲੱਖਣ ਸਿੰਘ ਜੀ ਕਾਦੀਵਿੰਡ ਵਾਲੇ ਵੱਲੋ ਹੈ । ਢਾਈ ਘੁਮਾਉ ਜ਼ਮੀਨ ਪਿੰਡ ਵੱਲੋ ਹੈ । ਮੇਲਾ ਵਿਸਾਖੀ ਨੂੰ ਲਗਦਾ ਸੀ ।

گردوارا جھاڑی صاحب ترگے' قصور

پِنڈ ترگے قصور فیروزپور روڈ اُتے سٹیل باغ والی پرانی محصول چونگی جو کہ ڈسٹرکٹ ہسپتال قصور دے ساہمنے سی. قادی وِنڈ روڈ اُتے پِنڈ قادی وِنڈ توں اگے ہے. پِنڈ ترگے دے بھیہ اُتے جو پِنڈ قادی وِنڈ توں پورب ول نُوں کوئی اِک کلومیٹر دی وِتھ اُتے ہے' اِس دے کول ایہ استھان لِپنیاں شاناں وکھا رہیا ہے.


ست گر امرداس جی قصور نوں جا رہے سن تاں "قادی وِنڈ" دے لوکاں نے پریم پرگٹ کیتا. بینتی من کے گرو جی ایتھے ٹھہرے. چھوٹا جہیا استھان بنیا ہویا ہے. ایتھے پاس ہی اوہ بِرچھ سن جِنہاں نال گرو صاحب دے گھوڑے دی اگاڑی پچھاڑی بدھی سی. ایہ رکھ ہُن الوپ ہو چکے ہن. گردوارے نال ڈھائی گھماؤں زمین بھائی سلکھن سنگھ جی "قادی وِنڈ" والے ولوں ہے. ڈھائی گھماؤں زمین پِنڈ ولوں ہے. میلا وساکھی نُوں لگدا سی.

GURDWARA JHARI SAHIB AT TERGAY DISTRICT KASUR

Village Tergay is situated on Kasur-Qadiwind road about one km east of village Qadiwind. This sacred place elegantly stands in this village.

While Sat Gur Amar Das Ji was going to Kasur, the residents of this village welcomed him with love and urged him to stay. He conceded and stayed there. A small Gurdwara was built. There used to be a bunch of trees close by. Sat Gur had tied the horse to trees which have withered away.

There is a grant of 2.5 ghumaon of land by Bhai Sulakhan Singh of Qadiwind and 2.5 ghumaon by villagers for the shrine. A fair is held on Visakhi.



ਜਨਮ ਅਸਥਾਨ ਗੁਰੂ ਰਾਮਦਾਸ ਜੀ, ਚੂਨਾ ਮੰਡੀ, ਲਾਹੌਰ

ਇਸ ਅਸਥਾਨ ਉੱਤੇ ੨੪ ਅੱਸੂ ਸੰਮਤ ੧੫੯੧ (੨੪ ਸਤੰਬਰ ੧੫੩੪) ਨੂੰ ਸਤਿਗੁਰੂ ਰਾਮਦਾਸ ਜੀ ਦਾ ਪ੍ਰਕਾਸ਼ ਹੋਇਆ । ਸਤਿਗੁਰੂ ਜੀ ਨੇ ਉਮਰ ਦੇ ਪਹਿਲੇ ਸੱਤ ਸਾਲ ਇੱਥੇ ਹੀ ਗੁਜ਼ਾਰੇ । ਇਹ ਅਸਥਾਨ ਚੂਨਾ ਮੰਡੀ ਬਜ਼ਾਰ ਵਿੱਚ ਹੈ ।

ਗੁਰੂ ਸਾਹਿਬ ਦਾ ਜੱਦੀ ਮਕਾਨ ਬਹੁਤ ਹੀ ਛੋਟਾ ਸੀ । ਮਹਾਰਾਜਾ ਰਣਜੀਤ ਸਿੰਘ ਦੀ ਮਹਾਰਾਣੀ "ਨਕੀਈਨ" ਨੇ ਆਪਣੇ ਸਪੁੱਤਰ ਖੜਕ ਸਿੰਘ ਦੇ ਜਨਮ ਦੀ ਖੁਸ਼ੀ ਵਿੱਚ ਇਸ ਯਾਦਗਾਰ ਅਸਥਾਨ ਤੇ ਨਵੀਂ ਇਮਾਰਤ ਬਣਵਾਈ । ਇਹ ੧੨੨/੬ X ੯੭ - ੬ ਫੁੱਟਦੀ ਵਿਸ਼ਾਲ ਇਮਾਰਤ ਹੈ । ਇਸ ਇਤਿਹਾਸਕ ਇੰਮਾਰਤ ਦਾ ਨਕਸ਼ਾ ਹਰਿਮੰਦਰ ਸਾਹਿਬ ਜੀ ਨਾਲ ਮਿਲਦਾ ਜੁਲਦਾ ਹੈ । ਪੱਛਮ ਵੱਲ ਖੁੱਲਾ ਵਿਹੜਾ ਹੈ । ਨਿਸ਼ਾਨ ਸਾਹਿਬ ਦੱਖਣ ਪੱਛਮ ਕੋਨੇ ਵਿੱਚ ਹੈ ।

ਸਿੰਘ ਸਭਾ ਲਹਿਰ ਦਾ ਅਰੰਭ ਇਸੇ ਸਥਾਨ ਤੋਂ ਹੀ ਹੋਇਆ ਸੀ । ੧੯੨੭ ਤੋ ੧੯੪੭ ਤੱਕ ਇਸ ਦਾ ਪ੍ਰਬੰਧ ਸ਼੍ਰੋਮਣੀ ਕਮੇਟੀ ਕੋਲ ਰਿਹਾ । ਹੁਣ ਮਹਿਕਮਾ ਔਕਾਫ ਕੋਲ ਹੈ । ਇਸ ਅਸਥਾਨ ਦੇ ਨਾਂ ਅੱਠ ਦੁਕਾਨਾਂ ਹਨ ।

جنم استھان گرو رام داس جی چونا منڈی لاہور

اس استھان اُتے 24 اسوں سمت 1591 (24 ستمبر 1534) نوں ست گر رام داس جی دا پرکاش ہویا. ست گرو جی نے عمر دے پہلے ست سال ایتھے ہی گزارے. ایہ استھان چونا منڈی بازار وچ ہے. گرو صاحب دا جدی مکان بہت ہی چھوٹا سی. مہاراجا رنجیت سنگھ دی مہارانی نکائین نے اپنے سپتر کھڑک سنگھ دے جنم دی خُشی وچ ایس یادگاری استھان تے نویں عمارت بنوائی. ایہ "6. '97 X 6". '122 دی وشال عمارت ہے. اس اتہاسک عمارت دا نقشا ہرمندر صاحب جی نال ملدا جلدا ہے. پچھم ول کُھلا ویڑھا ہے. نشان صاحب دکھن پچھم کونے وچ ہے.
سنگھ سبھا لہر دا ارنبھ ایسے استھان توں ہی ہویا سی. 1927ء توں 1947ء تیکر اس استھان دا پربندھ شرومنی کمیٹی کول رہیا. ہُن محکما اوقاف کول ہے. اس استھان دے ناں اٹھ دکاناں ہن.

JANMASHTAN GURU RAM DAS JI AT CHUNA MANDI LAHORE

Sat guru Ram Das Ji was born at Chuna Mandi Bazaar at the site of present shrine on 26th Assu Samvat 1591 (24th Sept 1534 AD) and spent first seven years of his life here.

The ancestral home of Sat Guru was very small. Maharani Nakain (wife of Maharaja Ranjit Singh) built a shrine to celebrate the birth of her son Kharrak Singh. This is a big building measuring 97.5'X122.5'. It has been built more or less like Harmandir Sahib. There is big courtyard in the west. Nishan Sahib is hoisted in the western corner.

It was the place from where "Singh Sabha Leher" started. The shrine remained under the control of Gurdwara Parbandhak Committee from 1927 to 1947. It is with Auqaf Department at present. There are 8 shops endowed in the name of this shrine.



ਗੁਰਦੁਆਰਾ ਦੀਵਾਨਖਾਨਾ, ਚੂਨਾ ਮੰਡੀ, ਲਾਹੌਰ

ਇਹ ਪਾਵਨ ਅਸਥਾਨ ਲਾਹੌਰ ਸ਼ਹਿਰ ਦੇ ਬਜ਼ਾਰ ਚੂਨਾ ਮੰਡੀ ਅੰਦਰ ਹੈ । ਇਸ ਦੇ ਨੇੜੇ ਹੀ ਪ੍ਰਕਾਸ਼ ਅਸਥਾਨ ਸ੍ਰੀ ਗੁਰੂ ਰਾਮਦਾਸ ਜੀ ਹੈ । ਗੁਰੂ ਰਾਮਦਾਸ ਜੀ ਦੇ ਵੱਡੇ ਵਡੇਰੇ ਲਾਹੌਰ ਦੇ ਰਹਿਣ ਵਾਲੇ ਸਨ । ਗੁਰੂ ਸਾਹਿਬ ਆਪਣੇ ਭਰਾ ਦੇ ਪੁੱਤਰ ਦੇ ਵਿਆਹ ਤੇ ਆਪ ਤਾਂ ਨਾਂ ਆਏ ਪਰ ਉਹਨਾਂ (ਗੁਰੂ) ਅਰਜਨ ਦੇਵ ਜੀ ਨੂੰ ਭੇਜ ਦਿੱਤਾ ਤੇ ਫਰਮਾਇਆ ਕਿ ਜਦ ਤੱਕ ਬੁਲਾਵਾ ਨਾਂ ਆਏ, ਆਉਣਾ ਨਹੀਂ । ਕਾਫੀ ਸਮਾਂ ਬੀਤ ਗਿਆ । ਗੁਰੂ ਅਰਜਨ ਦੇਵ ਜੀ ਨੇ ਗੁਰ ਪਿਤਾ ਵੱਲ ਤਿੰਨ ਚਿੱਠੀਆ ਲਿਖੀਆਂ । ਦੋ ਚਿੱਠੀਆਂ ਬਾਬਾ ਪ੍ਰਿਥੀ ਚੰਦ ਦੇ ਹੱਥ ਆਉਣ ਕਾਰਨ ਗੁਰੂ ਜੀ ਪਾਸ ਨਾਂ ਪਹੁੰਚੀਆਂ, ਤੀਜੀ ਚਿੱਠੀ ਪਹੁੰਚ ਗਈ ਜਿਸ ਵਿੱਚ ਪਹਿਲੇ ਦੋ ਪੱਤਰਾਂ ਬਾਰੇ ਵੀ ਲਿਖਿਆ ਸੀ । ਖਤ ਵਿੱਚ ਲਿਖਿਆ ਸੀ :

ਮੇਰਾ ਮਨ ਲੋਚੇ ਗੁਰ ਦਰਸ਼ਨ ਤਾਈ

ਇਸ ਅਸਥਾਨ ਨੂੰ ਧਰਮਸ਼ਾਲਾ ਗੁਰੂ ਰਾਮਦਾਸ ਵੀ ਆਖਿਆ ਜਾਂਦਾ ਹੈ । ਇਸ ਦੇ ਅਹਾਤੇ ਅੰਦਰ ਹੀ ਦੀਵਾਨਖਾਨਾ ਗੁਰੂ ਅਰਜਨ ਦੇਵ ਜੀ ਹੈ । ਮਹਾਰਾਜਾ ਰਣਜੀਤ ਸਿੰਘ ਨੇ ਇਸ ਥਾਂ ਇੱਕ ਵਿਸ਼ਾਲ ਇਮਾਰਤ ਵੀ ਬਣਵਾਈ ਜੋ ਲਾਹੌਰ ਕਾਰਪੋਰੇਸ਼ਨ ਦੇ ਕਾਰਡ ਨੰ: N - ੨੧੪੩ ਅਧੀਨ ਦਰਜ ਹੈ । ਜਨਮ ਅਸਥਾਨ ਸਤਿਗੁਰੂ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਦਰਸ਼ਨਾਂ ਨੂੰ ਸੰਗਤਾਂ ਇੱਥੋਂ ਪੈਦਲ ਜਾਇਆ ਕਰਦੀਆਂ ਸਨ । ੧੯੨੭ ਤੋ ੧੯੪੭ ਤੱਕ ਇਸ ਦਾ ਪ੍ਰਬੰਧ ਸ਼੍ਰੋਮਣੀ ਕਮੇਟੀ ਕੋਲ ਰਿਹਾ, ਹੁਣ ਮਹਿਕਮਾ ਔਕਾਫ ਪਾਸ ਹੈ, ਜਿਹਨੇ ਇਸ ਵਿੱਚ ਲੋਕਾਂ ਨੂੰ ਵਸਾਇਆ ਹੋਇਆ ਹੈ । ਸੰਗਤਾਂ ਦਰਸ਼ਨ ਵੀ ਨਹੀਂ ਕਰ ਸਕਦੀਆਂ ।

ਇਸ ਦੇ ਨਾਂ ਚਾਰ ਦੁਕਾਨਾਂ ਅਤੇ ੧੮ ਘੁਮਾਉਂ ਜ਼ਮੀਨ ਪਿੰਡ ਰਾਣਾ ਭੱਟੀ, ਸ਼ਾਹਦਰਾ ਵਿੱਚ ਹੈ ।

گردوارا دیوان خانا چُونا منڈی لاہور

ایہ پاون استھان لاہور شہر دے بازار چونا منڈی اندر ہے. اس دے نیڑے ہی پرکاش استھان گرو رام داس جی ہے.

گرو رام داس جی دے وڈ وڈیرے لاہور دے رہن والے سن. گرو صاحب اپنے بھرا ساری مل دے پُتر دے ویاہ اتے آپ تے نہ آئے اوہناں (گرو) ارجن دیو جی نوں بھیج دتا اتے فرمایا کہ جدوں تیکر بلاوا نہ آوے آونا نہیں' کافی سما بیت گیا گرو ارجن دیو جی نے گرپتا ول تن چٹھیاں لکھیاں. دو چٹھیاں بابا پرتھی چند جی ہتھ آون کارن گرو جی پاس نہ اپڑیاں' تیجی چٹھی پہنچ گئی جس وچ پہلے دو پتراں بارے وی لکھیا سی. خط وچ لکھیا سی.

"میرا من لوچے گر درشن تائیں."

اس استھان نوں دھرم سالہ گرو رام داس وی آکھیا جاندا ہے. اس دے احاطے اندر ہی دیوان خانا گرو ارجن دیو جی ہے. مہاراجا رنجیت سنگھ جی نے اس تھاں وشال عمارت بنوائی جو لاہور کارپوریشن دے کارڈ نمبر N2143 ادھین ہے' درج ہے' جنم استھان ست گرو نانک دیو جی دے درشناں نوں ایتھوں سنگتاں پیدل جایا کردیاں سن. 1927ء توں 1947ء تیکر اس دا پربندھ شرومنی کمیٹی کول رہیا. ہُن محکما اوقاف پاس ہے جنّے اس وچ لوکاں نوں وسایا ہویا ہے. سنگتاں درشن وی نہیں کر سکدیاں.

ایس دے نال چار ہٹیاں اتے اٹھاراں گھماؤں زمین پنڈ رانا بھٹی شاہدرہ وچ ہے.

GURDWARA DIWAN KHANA AT CHUNA MANDI, LAHORE

This holy shrine is located in Chuna Mandi of Lahore city. The birth place of Guru Ram Das Ji is clos to it.

The ancestors of Guru Ram Das Ji were the residents of Lahore. Guru Dev did not come in person to Lahore to attend the marriage ceremony of the son of his brother Sahari Mal and instead sent Guru Arjun Dev Ji, with the instruction that he should not return until and unless summoned back. A long time passed, Arjun Dev Ji despatched three letters to his Guru Father out of which two remained undelivered as these fell in the hands of Baba Pirthi Chand. Only the third letter in which he had also mentioned about the first two found its destination. In this letter it was written:

"Mera Man Loche Gurudarshan tain"

(I am burning with a desire to see Guru Ji)

This shrine is also known as Dharamsala Guru Ram Das Ji. Diwan khana of Guru Arjun Dev Ji is also inside this enclosure. Maharaja Ranjit Singh built a spacious building over the site which is registered in the record of Lahore Corporation at registration No N 2143.

Sangat used to proceed on foot from here to visit Janamasthan of Jagat Guru. Its control remained with Shiromni Gurdwara Parbandhak Committee from 1927 to 1947 AD and at present it is in the custody of Auqaf Department and it has settled some people in it. The sangats cannot visit this place.

Four shops and 18 ghumaon of land in village Rana Bhatti Shahdara are endowed to the Gurdwara.



ਧਰਮਸ਼ਾਲਾ ਭਾਈ ਹਰਨਾਮ ਸਿੰਘ, ਬੁੱਚੇਕੀ, ਜ਼ਿਲਾ ਸ਼ੇਖੂਪੁਰਾ

ਬੁੱਚੇਕੀ ਨਾਮੀਂ ਕਸਬਾ ਲਾਹੌਰ ਜੜਾਂਵਾਲਾ ਰੋਡ ਉੱਤੇ ਬਹੁਤ ਮਸ਼ਹੂਰ ਹੈ । ਪੁਰਾਣਾ ਸ਼ਹਿਰ ਸੜਕ ਤੋਂ ਕੋਈ ਇੱਕ ਕਿਲੋਮੀਟਰ ਹਟ ਕੇ ਹੈ । ਪੁਰਾਣੇ ਸ਼ਹਿਰ ਦੇ ਮੁਹੱਲੇ ਧਰਮਸ਼ਾਲਾ ਵਿੱਚ ਭਾਈ ਹਰਨਾਮ ਸਿੰਘ ਜੀ ਦੀ ਧਰਮਸ਼ਾਲਾ ਹੈ । ਇਹ ਇੱਕ ਬਹੁਤ ਹੀ ਸੁੰਦਰ ਇਮਾਰਤ ਸੀ । ਹੁਣ ਇਸ ਵਿੱਚ ਬਹੁਤ ਸਾਰੇ ਸ਼ਰਨਾਰਥੀਆਂ ਦੇ ਘਰ ਵਸ ਗਏ ਹਨ । ਉਹਨਾਂ ਨੇ ਇਸ ਇਮਾਰਤ ਦਾ ਸਾਰਾ ਹੁਸਨ ਬਰਬਾਦ ਕਰ ਦਿੱਤਾ ਹੈ । ਹੁਣ ਤਾਂ ਇਸ ਥਾਂ ਨੂੰ ਪਛਾਣਨਾ ਵੀ ਔਖਾ ਹੈ ।

ਭਾਈ ਹਰਨਾਮ ਸਿੰਘ ਜੀ ਗੁਰੂ ਅਰਜਨ ਦੇਵ ਜੀ ਦੇ ਸਿੱਖ ਸਨ । ਉਹਨਾ ਦਾ ਪ੍ਰੇਮ ਵੇਖ ਕੇ ਹੀ ਗੁਰੂ ਸਾਹਿਬ ਨੇ ਨਨਕਾਣਾ ਸਾਹਿਬ ਤੋ ਇੱਥੇ ਚਰਨ ਪਾਏ । ਜਿੱਥੇ ਆਪ ਬਿਰਾਜੇ, ਉਹ ਪੂਜਾ ਅਸਥਾਨ ਬਣ ਗਿਆ ।

ਇਸ ਪਿੰਡ ਤੋ ਬਾਹਰ ਦੀ ਆਬਾਦੀ ਭੋਰੇ ਵਿੱਚ ਵੀ ਗੁਰੂ ਜੀ ਦੇ ਬਿਰਾਜਣ ਦਾ ਅਸਥਾਨ ਹੈ, ਜਿੱਥੇ ਹੁਣ ਬੱਚਿਆਂ ਦਾ ਸਕੂਲ ਹੈ । ਦਸ ਚੇਤਰ ਨੂੰ ਮੇਲਾ ਜੁੜਦਾ ਹੁੰਦਾ ਸੀ ।

دھرم سالا بھائی ہرنام سنگھ جی بچیکی ضلع شیخوپورا

بچیکی نامی قصبا لاہور جڑانوالا روڈ اتے بہت مشہور ہے. پرانا شہر سڑک توں کوئی اِک کلو میٹر ہٹ کے ہے. پرانے شہر دے محلا دھرم سالا وچ بھائی ہرنام سنگھ جی دی دھرم سالا ہے. ایہ اِک بہت ہی سُندر عمارت سی. ہُن ایس وچ بہت سارے شرنارتھیاں دے گھر وس گئے ہن. اوہناں اس عمارت دا سارا حسن برباد کردتا اے. ہُن تاں اس استھان نُوں پچھاننا وی اوکھا ہے.

بھائی ہرنام سنگھ جی گرو ارجن دیو جی دے سکھ سن اوہناں دا پریم ویکھ کے ہی گرو صاحب ننکانہ صاحب توں ایتھے چرن پائے. جتھے آپ ویراجے اوہ پوجا استھان بن گیا.

ایس پنڈ توں باہر دی آبادی بھورے وچ وی گرو جی دے ویراجن دا استھان ہے. جتھے ہُن بچیاں دا سکول ہے. دس چیت نوں میلا جڑدا ہوندا سی.

DHARMASALA BHAI HARNAM SINGH JI AT BUCCHEKI DISTRICT SHEIKHUPURA

Buccheki is a well known town on Lahore-Jaranwala road. The old city is about one km from the main road. The Dharamsala of Bhai Harnam Singh is in the old town and in a locality which goes by the name of Mohalla Dharamsala. It was a very beautiful building but now many refugees have established their residences in it. They have marred its beauty to the extent that it is difficult to recognize it even. Bhai Harnam Singh Ji was a devotee of Guru Arjun Dev Ji and it was for to his affection and devotion that Guru had set his foot and stayed here for a while. The spot where he stayed became a place of worship. In the Bhorey, a locality outside the village, there used to be another place where Guru Ji had stayed. A girls school has been built here now. A fair used to be held on 10th of Chaiter.



ਗੁਰਦੁਆਰਾ ਪੰਚਮ ਪਾਤਿਸ਼ਾਹ, ਬੁੱਚੇਕੀ ਸ਼ੇਖ਼ੂਪੁਰਾ


ਇਹ ਪਿੰਡ ਲਾਹੌਰ ਜੜਾਂਵਾਲਾ ਰੋਡ ਉੱਤੇ ਬਹੁਤ ਹੀ ਪ੍ਰਸਿੱਧ ਹੈ । ਰੇਲਵੇ ਸਟੇਸ਼ਨ ਨਨਕਾਣਾ ਸਾਹਿਬ ਤੋਂ ਕੋਈ ੧੫ ਕਿਲੋਮੀਟਰ ਦੱਖਣ ਪੱਛਮ ਵੱਲ ਹੈ । ਇਸ ਪਿੰਡ ਵਿੱਚ ਸਤਿਗੁਰੂ ਸ੍ਰੀ ਗੁਰੂ ਅਰਜਨ ਦੇਵ ਜੀ ਦਾ ਗੁਰਦੁਆਰਾ ਹੈ । ਗੁਰੂ ਸਾਹਿਬ ਨਨਕਾਣਾ ਸਾਹਿਬ ਤੋ ਚੱਲ ਕੇ ਇੱਥੇ ਆਏ ਸਨ । ਗੁਰਦੁਆਰਾ ਸੁੰਦਰ ਗੁੰਬਦਦਾਰ ਬਣਿਆ ਹੋਇਆ ਹੈ । ਸੰਗਤ ਦੇ ਠਹਿਰਣ ਵਾਸਤੇ ਸਰਾਂ ਤੇ ਲੰਗਰਖਾਨਾਂ ਵੀ ਹੈ । ਇਮਾਰਤ ਅਜੇ ਵੀ ਤਗੜੀ ਤੇ ਸੁੰਦਰ ਹੈ । ਇਸ ਵਿੱਚ ਗੌਰਮਿੰਟ ਪ੍ਰਾਇਮਰੀ ਸਕੂਲ ਹੈ ।

گردوارا پنجم پاتشاہی بچیکی، ضلع شیخوپورا

ایہ پنڈ لاہور جڑانوالا روڈ اُتے بہُت ہی پرسدھ ہے. ریلوے سٹیشن ننکانا صاحب توں 15 کلومیٹر دکھن پچھم ہے. ایس پنڈ وِچ ست گر ارجن دیو جی دا گردوارا ہے. گرو صاحب ننکانا صاحب توں چل کے ایتھے آئے ہن. گردوارا سُندر گُنبد دار بنیا ہویا ہے. سنگت دے ٹھہرن واسطے سراں اَتے لنگر خانا وی ہے. عمارت اجے وی تگڑی اَتے سُندر ہے. ایس وچ گورنمنٹ پرایمری سکول ہے.

GURDWARA FIFTH GURU AT BUCHEKI DISTRICT SHEIKHUPURA

The village Bucheki on Lahore-Jaranwala road is very well known. It is 15 kilometer south-west of Nankana Sahib Railway station. The Gurdwara of Sat Gur Arjun Dev Ji is situated in this village. Guru Arjun Dev Ji came to this place from Nankana Sahib. The Gurdwara with a dome is beautifully built. There is a langar hall and an inn for the stay of pilgrims. The building is strong and beautiful even now. Govt Primary school is functioning here at present.



ਗੁਰਦੁਆਰਾ ਪੰਜਵੀ ਪਾਤਿਸ਼ਾਹੀ, ਬਹਿੜਵਾਲ, ਜ਼ਿਲਾ ਕਸੂਰ

ਬਹਿੜਵਾਲ ਨਾ ਦਾ ਇਹ ਪਿੰਡ ਲਾਹੌਰ ਤੋ ਮੁਲਤਾਨ ਜਾਣ ਵਾਲੀ ਸੜਕ ਉੱਪਰ ਜੰਬਰ ਅਤੇ ਪੱਤੋਕੀ ਵਿਚਾਲੇ ਹੈ । ਇਸ ਪਿੰਡ ਨੂੰ ਜਾਣ ਵਾਸਤੇ ਭੋਣੀਕੇ ਮੋੜ ਉੱਤੇ ਉਤਰਨਾ ਪੈਦਾ ਹੈ । ਪਿੰਡ ਬਹੁਤ ਵੱਡਾ ਅਤੇ ਪੱਕਾ ਹੈ । ਇਸ ਪਿੰਡ ਵਿੱਚ ਸਤਿਗੁਰੂ ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਜੰਬਰ ਤੋ ਉੱਠ ਕੇ ਆਏ ਸਨ ।

ਗ਼ਰਮੀ ਦਾ ਮੌਸਮ ਸੀ । ਗੁਰੂ ਸਾਹਿਬ ਨੇ ਇੱਥੋ ਦੇ ਹੇਮੇ ਚੌਧਰੀ ਤੋ ਜਲ ਛਕਣ ਲਈ ਮੰਗਿਆ । ਚੌਧਰੀ ਨੇ ਆਖਿਆ " ਪਾਤਿਸ਼ਾਹ, ਇਹ ਜਲ ਤਾ ਖਾਰਾ ਹੈ । ਮੈ ਪਿੰਡ ਤੋ ਜਾ ਕੇ ਮਿੱਠਾ ਜਲ ਲਿਆਉਦਾ ਹਾ । ਤਾ ਗੁਰੂ ਜੀ ਨੇ ਬਚਨ ਕੀਤਾ " ਭਾਈ ਹੇਮੇ, ਇਹ ਜਲ ਮਿੱਠਾ ਹੈ । ਗੁਰੂ ਜੀ ਦਾ ਬਚਨ ਮਨ ਕੇ ਉਸ ਨੇ ਉਸੇ ਖੂਹ ਦਾ ਜਲ ਲੈ ਆਦਾ ਜੋ ਸਤਿਗੁਰੂ ਜੀ ਨੇ ਪੀਤਾ । ਇਸ ਤੋ ਪਿੱਛੋ ਜਦ ਹੇਮੇ ਅਤੇ ਪਿੰਡ ਦੇ ਲੋਕਾ ਨੇ ਜਲ ਪੀਤਾ ਤਾ ਮਿੱਠਾ ਜਲ ਹੋਣ ਕਾਰਨ ਸਭ ਆਨੰਦਿਤ ਹੋ ਗਏ । ਚੌਧਰੀ ਹੇਮੇ ਨੂੰ ਗੁਰੂ ਜੀ ਨੇ ਫਰਮਾਇਆ ਕਿ ਤੂੰ ਸਾਧ ਸੰਗਤ ਦੀ ਸੇਵਾ ਕਰਿਆ ਕਰ । ਤਦ ਚੌਧਰੀ ਨੇ ਹੱਥ ਜੋੜ ਕੇ ਬੇਨਤੀ ਕੀਤੀ ਕਿ ਮੇਰੇ ਪਾਸ ਨਾ ਤਾ ਧਨ ਹੈ ਅਤੇ ਨਾ ਹੀ ਮੇਰੇ ਘਰ ਔਰਤ ਹੈ । ਤਾ ਸਤਿਗੁਰਾ ਨੇ ਪੁੱਛਿਆ ਕਿ ਇਸ ਪਿੰਡ ਵਿੱਚ ਕੋਈ ਵਿਧਵਾ ਔਰਤ ਹੈ ? ਤਾ ਸੰਗਤ ਨੇ ਪਿੰਡ ਦੀ ਇੱਕ ਵਿਧਵਾ ਨੂੰ ਗੁਰੂ ਜੀ ਦੇ ਅੱਗੇ ਪੇਸ਼ ਕੀਤਾ । ਗੁਰੂ ਜੀ ਨੇ ਹੁਕਮ ਕੀਤਾ ਕਿ ਹੇ ਪੁਤਰੀ, ਚੌਧਰੀ ਹੇਮਾ ਤੇਰਾ ਸਰਤਾਜ ਹੈ । ਗੁਰੂ ਜੀ ਦਾ ਹੁਕਮ ਮੰਨ ਕੇ ਉਸ ਨੇ

گردوارا پنجویں پاتشاہی بہڑوال، ضلع قصور

بہڑوال ناں دا ایہ پنڈ لاہور توں ملتان جاون والی سڑک اپر جمبر اتے پتوکی وچالے ہے. ایس پنڈ نوں جاون واسطے بھوئی کے موڑ اُتے اترنا پیندا ہے. پنڈ بہت وڈا اتے پکا ہے. ایس پنڈ وچ ست گر ارجن دیو جی مہاراج جمبر توں اُٹھ کے آئے.

گرمی دا موسم سی. گرو صاحب نے ایتھوں دے ہیمے چودھری توں جل چھکن لئی منگیا چودھری نے آکھیا "پاتشاہ! ایہ جل تاں کھارا ہے. میں پنڈ توں جا کے مِٹھا جل لیاوندا ہاں. تاں گرو جی نے بچن کیتا. بھائی ہیمے ایہ جل مِٹھا ہے. گرو جی دا بچن من کے اوسے کھوہ دا جل لے آندا' جو گراں نے پیتا' ایس توں پچھوں جد ہیمے اتے پنڈ دے لوکاں نے جل پیتا تاں مٹھا جل ہون توں سارے آنند ہو گئے. چودھری ہیمے نوں گرو جی نے فرمایا کہ توں سادھ سنگت دی سیوا کیتی کر تد چودھری نے ہتھ جوڑ کے بینتی کیتی کہ میرے پاس نہ دھن ہے اتے نہ ہی میرے گھر عورت ہے. تد ست گراں پچھیا کہ ایس پنڈ وچ کوئی ودھوا استری ہے؟ تاں سنگت نے پنڈ دی اِک ودھوا نوں گرو جی دے پیش کیتا. گرو جی نے حکم دِتا کہ ہے پُتری چودھری ہیما تیرا سرتاج ہے. گرو صاحب دا حکم سن کے اوس ہیمے نوں پتی دھارن کر لیا. گرو صاحب پرسن ہو کے اوس نوں وردان دِتا. جس توں اوس دے گھر سنتان پیدا ہوئی. ایس دی اولاد وچوں ہیرا سنگھ ہویا جو سمت 1763 نوں جنمیا. ایس نے سمت 1788 وچ امرت چھکیا اتے نکئی مثل دا پہلا سردار ہویا. ایس مثل دے دُوجے سردار بھگوان سنگھ

GURDWARA FIFTH GURU AT BEHERWAL DISTRICT KASUR

This village, known as Beherwal, is located between Jamber and Pattoki on Lahore-Multan road. You have to get down at Bhonni Kay More bus stop to get to this village. It is a large village and built with baked bricks and cement. Guru Arjun Dev Ji arrived in the village from Jamber.

It was summer and Guru Dev Ji requested Hema Chaudhary for some water to drink. Chaudhary said, "Patshah! this water is brackish. I will fetch sweet water from the village". At this Guru Dev Ji said, "Bhai Hema! this water is sweet!". following the words of Guru Dev, he brought the water from this well and Guru Dev Ji took this water. Afterwards Hema and other people of the village took this water. All of them became happy when they found it to be sweet. Guru Dev Ji said to Chaudhary, "You must keep serving the Sangat". Hema folded his hand and said humbly, "I neither have money nor there is a woman in my house". Guru Ji then asked if there was a widow in the village. The Sangat brought a widow of the village before Guru Dev. Guru Dev Ji ordered, "O Daughter! Hema is henceforth your husband". At Guru Dev's command she accepted him as her husband. Guru was pleased and he blessed both of them. They had children. Hira Singh, a descendant of Bhai Hema, was born in Samvat 1763 and he took Amrit in Samvat 1788. He became the founder and first chief of the Nakai Misl.



ਚੌਧਰੀ ਨੂੰ ਆਪਣਾ ਪਤੀ ਧਾਰਨ ਕਰ ਲਿਆ । ਗੁਰੂ ਜੀ ਨੇ ਪ੍ਰਸੰਨ ਹੋ ਕੇ ਉਹਨੂੰ ਵਰ ਦਿੱਤਾ ਜਿਸ ਤੋ ਉਸ ਦੇ ਘਰ ਔਲਾਦ ਹੋਈ । ਉਸ ਦੇ ਖਾਨਦਾਨ ਵਿੱਚ ਹੀਰਾ ਸਿੰਘ ਸੀ ਜੋ ਸੰਮਤ ੧੭੬੩ ਨੂੰ ਜਨਮਿਆ । ਸੰਮਤ ੧੭੮੮ ਵਿੱਚ ਅੰਮ੍ਰਿਤ ਛਕਿਆ ਅਤੇ ਨਕਾਇਨ ਮਿਸਲ ਦਾ ਪਹਿਲਾ ਸ੍ਰਦਾਰ ਹੋਇਆ । ਇਸ ਮਿਸਲ ਦੇ ਦੂਜੇ ਸਰਦਾਰ ਭਗਵਾਨ ਸਿੰਘ ਦੀ ਭੈਣ ਦਾਤਾਰ ਕੌਰ ਮਹਾਰਾਣੀ ਨਕਾਇਨ, ਮਹਾਰਾਜਾ ਰਣਜੀਤ ਸਿੰਘ ਦੀ ਪਟਰਾਣੀ ਹੋਈ । ਇਸ ਤੋ ਮਹਾਰਾਜ ਖੜਕ ਸਿੰਘ ਪੈਦਾ ਹੋਇਆ । ਇਸ ਮਿਸਲ ਦੇ ਇੱਕ ਸਰਦਾਰ ਈਸ਼ਰ ਸਿੰਘ ਨੇ ਇਸਲਾਮ ਕਬੂਲ ਕਰ ਲਿਆ ਅਤੇ ਮੁਸਲਮਾਨ ਹੋ ਗਿਆ । ਉਸ ਦਾ ਨਾਮ ਸਰਦਾਰ ਅਬਦੁਲ ਅਜ਼ੀਜ਼ ਰੱਖਿਆ ਗਿਆ । ਉਸ ਦੀ ਔਲਾਦ ਵਿੱਚੋ ਸ੍ਰਦਾਰ ਆਰਿਫ ਨਕਈ ੧੯੯੬ ਵਿੱਚ ਲਹਿੰਦੇ ਪੰਜਾਬ ਦਾ ਮੁੱਖ ਮੰਤਰੀ ਬਣਿਆ । ਪਿੰਡ ਵਿੱਚ ਜਿੱਥੋ ਸਤਿਗੁਰੂ ਜੀ ਨੇ ਜਲ ਛਕਿਆ ਤੇ ਖਾਰਾ ਮਿੱਠਾ ਕੀਤਾ, ਉੱਥੇ ਗੁਰਦੁਆਰਾ ਸਾਹਿਬ ਬਣਿਆ ਹੋਇਆ ਹੈ । ਅੱਜ ਕੱਲ ਇਥੇ ਯੂਨਿਅਨ ਕੌਸਲ ਦਾ ਦਫਤਰ ਹੈ । ਗੁਰਦੁਆਰਾ ਸਾਹਿਬ ਦੀ ਸੱਜੀ ਨੁੱਕਰ ਵਿੱਚ ਉਹ ਪਾਵਨ ਖੂਹ ਤੇ ਕਿੱਕਰ ਮੌਜੂਦ ਹੈ, ਜਿਸ ਹੇਠ ਗੁਰੂ ਜੀ ਬਿਰਾਜੇ ਤੇ ਖਾਰਾ ਮਿੱਠਾ ਕੀਤਾ ।

ਗੁਰਦੁਆਰਾ ਸਾਹਿਬ ਅੰਦਰ ਹੁਣ ਪ੍ਰਕਾਸ਼ ਨਹੀ ਹੁੰਦਾ । ਛੱਤਾ ਢਹਿ ਚੁੱਕੀਆ ਹਨ, ਬਰਬਾਦੀ ਦਾ ਸਮਾ ਹੈ । ੩੯ ਘੁਮਾਉ ਜ਼ਮੀਨ ਮਾਈ ਬਿਸ਼ਨ ਕੌਰ ਵੱਲੋ ਤੇ ਸਾਢੇ ਤਿੰਨ ਘੁਮਾਉ ਜਮੀਨ ਇੱਕ ਹੋਰ ਪ੍ਰੇਮੀ ਵੱਲੋ ਹੈ । ਪੋਹ ਸੁਦੀ ਸੱਤਵੀ ਨੂੰ ਮੇਲਾ ਹੁੰਦਾ ਸੀ । ਗੁਰਦੁਆਰੇ ਤੋ ਖੱਬੇ ਪਾਸੇ ਖੇਤਾ ਵਿੱਚ ਚੌਧਰੀ ਹੇਮਰਾਜ ਦੀ ਸਮਾਧ ਹੈ, ਜੋ ਇਸ ਪਿੰਡ ਦੇ ਇਤਿਹਾਸ ਦਾ ਇੱਕ ਸੁਨਹਿਰੀ ਪੰਨਾ ਹੈ ।

دی بھیَن دا تار کور مہارانی نکائین مہاراجا رنجیت سنگھ جی دی پٹ رانی ہوئی جس توں مہاراجا کھڑک سنگھ پیدا ہویا. ایس مثل دے اِک سردار ایشر سنگھ نے اسلام قبول کر لیا اتے مسلمان ہو گیا. ایس دا ناؤں سردار عبدالعزیز رکھیا گیا. ایس دی اولاد وچوں سردار عارف نکئی پچھمی پنجاب دا مکھ منتری بنیا.


پِنڈ وچ جتھوں ست گراں جل چھکیا اتے کھارا مٹھا کیتا اوتھے گردوارا صاحب بنیا ہویا ہے. اج کل ایتھے یونین کونسل دا دفتر ہے. گردوارا صاحب دی سجی نکر وچ اوہ پاون کھوہ اتے کِکر دا رکھ اج وی موجود ہے. جس ہیٹھ گرو صاحب ویراجے اتے جل مِٹھا کیتا.

گردوارا صاحب اندر ہُن پرکاش نہیں ہوندا. چھتاں ڈھے چکیاں ہن. بربادی دا سما ہے. 39 گھماؤں زمین مائی بشن کور ولوں تے ساڈھے تِن گھماؤں اِک ہور پریمی ولوں ہے. پوہ سدی ستویں نُوں میلا ہوندا سی. گردوارے توں کھبے پاسے کھیتاں وچ چودھری ہیم راج دی سمادھ ہے. جو ایس پِنڈ دے اتہاس دا اِک سنہری پنا ہے.

Datar Kaur was the sister of the Bhagat Singh, the second chieftain of the Naki Misl. She became the queen of Ranjit Singh from whome the crown prince Maharaja Kharrak Singh was born. Sardar Ishar Singh a chief of this Misl, embraced Islam and was named Sardar Abdul Aziz. One of his descendants Sardar Arif Nakai, became the chief minister of Punjab.

A Gurdwara was built at the spot where Guru had sweetened the brackish water. The Gurdwara now houses the offices of Union Council. The sacred well and the acacia tree are still there in the right hand corner of Gurdwara.

Prakash does not take place in this Gurdwara at present. The roofs have collapsed. Overall view is that of destruction. 39 ghumaon land has been granted by Mai Bishan Kaur and 3.5 ghumaon has been bestowed by another devotee. A fair used to be held on 7th of Poh. The Samadh of Chaudhary Hem Raj is in the fields on the left of Gurdwara. It is a golden page in the history of this village.



ਗੁਰਦੁਆਰਾ ਥੰਮ ਸਾਹਿਬ, ਜੰਬਰ ਕਲਾਂ, ਜ਼ਿਲਾ ਕਸੂਰ

ਜੰਬਰ ਕਲਾਂ ਜ਼ਿਲਾ ਕਸੂਰ ਦਾ ਇੱਕ ਪਿੰਡ ਹੈ ਜੋ ਲਾਹੌਰ ਮੁਲਤਾਨ ਰੋਡ ਉੱਤੇ ਭਾਈ ਫੇਰੂ ਤੋ ਅੱਗੇ ਛਾਂਗਾ ਮਾਂਗਾ ਮੋੜ ਉੱਤੇ ਆਬਾਦ ਹੈ । ਜੰਬਰ ਕਲਾ ਤੇ ਜੰਬਰ ਖੁਰਦ ਦੋ ਜੁੜਵੇਂ ਪਿੰਡ ਹਨ ਜਿਹਨਾਂ ਦੀ ਆਬਾਦੀ ਹੁਣ ਇੱਕ ਮਿੱਕ ਹੋ ਗਈ ਹੈ । ਜੁੰਬਰ ਕਲਾ ਦੀ ਆਬਾਦੀ ਵਿੱਚ ਸਤਿਗੁਰੂ ਸ੍ਰੀ ਗੁਰੂ ਅਰਜਨ ਦੇਵ ਜੀ ਦਾ ਪਾਵਨ ਅਸਥਾਨ ਥੰਮ ਸਾਹਿਬ ਹੈ । ਸਤਿਗੁਰੂ ਜੀ ਬਹਿੜਵਾਲ ਤੋ ਚੱਲ ਕੇ ਇੱਥੇ ਆਏ । ਇੱਥੇ ਉਹਨਾਂ ਨੇ ਕਿਦਾਰਾ, ਸਮੱਧੂ, ਮਖੰਡਾ, ਤੁਲਸਾ ਅਤੇ ਲਾਲੂ ਨਾਮੀ ਨੂੰ ਪਾਹੁਲ ਦੇ ਕੇ ਗੁਰਸਿੱਖ ਬਣਾਇਆ । ਇਸ ਪਾਵਨ ਦਰਬਾਰ ਦੇ ਨਾਮ ੧੫੦ ਘੁਮਾਉਂ ਜਮੀਨ ਹੈ । ਇਮਾਰਤ ਸੁੰਦਰ, ਬੁਲੰਦ ਤੇ ਵਿਸ਼ਾਲ ਹੈ । ੧੯੪੭ ਵੇਲੇ ਉਸਾਰੀ ਹੋ ਰਹੀ ਸੀ ਇਸ ਵਾਸਤੇ ਅੱਜ ਵੀ ਇਮਾਰਤ ਬਹੁਤ ਮਜ਼ਬੂਤ ਹੈ ।

گردوارا تھم صاحب جمبر، ضلع قصور

جمبر ضلع قصور دا اِک پنڈ جو لاہور ملتان روڈ اُتے بھائی پھیرو توں اگے چھانگا مانگا موڑ اُتے اباد ہے. جمبر کلاں اتے جمبر خورد دو جڑویں پنڈ ہن جِنہاں دی ابادی ہُن اِک مک ہو گئی ہے. جمبر کلاں دی ابادی وچ ست گر ارجن دیو جی دا پاون استھان تھم صاحب ہے. ست گر بہڑوال توں چل کے ایتھے آئے. ایتھے اوہناں کدارا، سمدھو، مکھنڈا، تُلسا تے لالو ناںک نُوں پاہل دے کے گر سکھ کیتا. ایس پاون دربار دے ناؤں 150 گھماؤں زمین ہے. عمارت سُندر بلند اتے وشال ہے. 1947ء سے اساری لگی ہوئی سی. ایس واسطے اج وی عمارت بہُت ہی مضبوط ہے.

GURDWARA THAM SAHIB AT JAMBER, DISTRICT KASUR

Jamber a village of District Kasur is located after Bhai Phero at Chhanga Manga turning on Lahore-Multan road.

Jamber Kalan and Jamber Khurd are twin villages which have now overlapped each other. The sacred shrine of Tham Sahib is located in Jamber Kalan where Satguru Arjun Dev Ji had come from Beherwal. Kedara, Samdhu, Makhanda, Tulsa and Lalu were converted to Sikhism here by Guru Dev Ji.

The building of Gurdwara is tall, beautiful and spacious with 150 acres of land attached to it. The building was under construction in 1947 and hence it is in good condition.



ਗੁਰਦੁਆਰਾ ਪੰਜਵੀ ਪਾਤਿਸ਼ਾਹੀ, ਹੰਜਰਾ

ਹੰਜਰਾ ਨਾਮੀਂ ਪਿੰਡ ਲਾਹੌਰ ਮੁਲਤਾਨ ਰੋਡ ਉੱਤੇ ਪ੍ਰਸਿੱਧ ਕਸਬੇ ਪੱਤੋਕੀ ਤੋਂ ਕੋਈ ੨੦ ਕਿਲੋਮੀਟਰ ਰਾਵੀ ਵਾਲੇ ਪਾਸੇ ਹੈ । ਪੱਤੋਕੀ ਤੋਂ ਇਸ ਪਿੰਡ ਨੂੰ ਪੱਕੀ ਸੜਕ ਜਾਂਦੀ ਹੈ । ਪਿੰਡ ਦੀ ਪੂਰਬੀ ਬਾਹੀ ਵੱਲ ਸਤਿਗੁਰੂ ਸ੍ਰੀ ਗੁਰੂ ਅਰਜਨ ਦੇਵ ਜੀ ਦਾ ਗੁਰਦੁਆਰਾ ਹੈ । ਇੱਥੇ ਬੈਠ ਕੇ ਆਪ ਜੀ ਨੇ ਜਾਤਰੀ ਅਤੇ ਹੰਜਰਾ ਦੋ ਭਰਾਵਾਂ ਵਿਚਕਾਰ ਚੱਲਿਆ ਆ ਰਿਹਾ ਜ਼ਮੀਨ ਦੀ ਹਦਬੰਦੀ ਦਾ ਝਗੜਾ ਨਿਬੇੜਿਆ । ਦੋਹਾ ਪਿੰਡਾਂ ਵਿੱਚ ਹੱਦਬੰਦੀ ਕੀਤੀ ਗਈ ਅਤੇ ਦੋਹਾ ਪਿੰਡਾਂ ਵਿੱਚ ਆਪ ਜੀ ਨੇ ਚਰਨ ਪਾ ਕੇ ਨਿਹਾਲ ਕੀਤਾ ।

ਗੁਰਦੁਆਰਾ ਪਹਿਲਾਂ ਸਾਧਾਰਨ ਜਿਹਾ ਬਣਿਆ ਹੋਇਆ ਸੀ ਮਗਰੋਂ ਪਿੰਡ ਦੀ ਸੰਗਤ ਨੇ ਉਸ ਨੂੰ ਉਸਾਰਿਆ ੧੯੪੭ ਤੋਂ ਬੰਦ ਪਿਆ ਹੈ । ਸਰੋਵਰ ਛੱਪੜ ਦਾ ਰੂਪ ਧਾਰਨ ਕਰ ਗਿਆ ਹੈ ।

گردوارا پنجویں پاتشاہی، ہنجرا

ہنجرا نامی پِنڈ لاہور ملتان روڈ اُتے پرسدھ قصبے پتوکی توں کوئی 20 کلومیٹر راوی والے پاسے ہے. پتوکی توں ایس پِنڈ نُوں پکی سڑک جاندی ہے. پِنڈ دی پوربی باہی ست گر ارجن دیو جی دا گردوارا ہے. ایتھے بیٹھ کے آپ جی نے جاتری اتے ہنجرا دوہاں بھراواں وچکار چلیا آ رہیا زمین دی حد بندی دا جھگڑا نبیڑیا. دوہاں پنڈاں وچ حد بندی کیتی اتے دوہاں پنڈاں وچ آپ نے چرن پا کے نہال کیتا. گردوارا پہلوں سادھارن جہیا بنْیا ہویا سی مگروں پِنڈ دی سنگت نے اوس نُوں پکا اُساریا. 1947 توں بند پیا ہے. سروور چھپڑ دا روپ دھارن کر گیا ہے.

GURDWARA 5TH GURU HANJRA

The village Hanjra is located on Lahore-Multan road. It is twenty kilometers towards River Ravi from Pattoki town. A metalled road leads to Hanjra from Pattoki. The Gurdwara of Guru Arjun dev Ji is located in the eastern side of the village. It is the place where Guru Arjun Dev settled the long standing boundary dispute between two brothers, Jatri and Hanjra and established the boundary between the two villages. Gur Dev Ji graced both the villages by his presence.

Initially the Gurdwara was a simple construction but subsequently the village sangat built it with bricks and mortar. Gurdwara is closed since 1947. The tank has now become a pool of stagnated water.



ਗੁਰਦੁਆਰਾ ਪੰਜਵੀ ਪਾਤਿਸ਼ਾਹੀ, ਜਾਤਰੀ, ਸ਼ੇਖ਼ੂਪੁਰਾ

ਜਾਤਰੀ ਨਾ ਦਾ ਇਹ ਪਿੰਡ ਭਾਈ ਫੇਰੂ ਖੁੰਡਾ ਰੋਡ ਉੱਤੇ ਹੈਡ ਬੱਲੋਕੀ ਤੋ ਅੱਗੇ ਹੈ । ਪਿੰਡ ਸੜਕ ਦੇ ਉੱਤੇ ਹੀ ਆਬਾਦ ਹੈ । ਇਸ ਪਿੰਡ ਦੀ ਆਬਾਦੀ ਅੰਦਰ ਸਤਿਗੁਰੂ ਸ੍ਰੀ ਗੁਰੂ ਅਰਜਨ ਦੇਵ ਜੀ ਦਾ ਗੁਰਦੁਆਰਾ ਸੀ ਜੋ ਹੁਣ ਅਲੋਪ ਹੋ ਚੁੱਕਿਆ ਹੈ । ਕੇਵਲ ਉਹਦੀ ਸਰਾ ਹੀ ਬਾਕੀ ਹੈ । ਇੱਥੇ ਸਤਿਗੁਰੂ ਜੀ ਆਪਣੇ ਪਰੇਮੀ ਸਿੱਖ ਭਾਈ ਜਾਤਰੀ ਦੇ ਪ੍ਰੇਮ ਨੂੰ ਵੇਖਦੇ ਹੋਏ ਬਿਰਾਜੇ । (ਵੇਖੋ "ਹੰਜਰਾ")

ਭਾਈ ਜਾਤਰੀ ਦੀ ਸਮਾਧ ਅੱਜ ਵੀ ਪਿੰਡੋ ਬਾਹਰ ਰਾਵੀ ਵਾਲੇ ਪਸੇ ਰੁੱਖਾ ਦੇ ਇੱਕ ਝੁੰਡ ਵਿੱਚ ਖਲੋਤੀ ਹੈ ।

گردوارا پنجویں پاتشاہی جاتری، شیخوپورا

جاتری ناں دا ایہ پنڈ بھائی پھیرو کھنڈا روڈ اُتے ہیڈ بلوکی توں اگے سڑک دے اُتے ہی آباد ہے. ایس پنڈ دی ابادی اندر ست گر ارجن دیو جی دا گردوارا سی جو ہُن الوپ ہو چکیا ہے. کیول اوہدی سراں ہی باقی ہے. ایتھے ست گر اپنے پریمی بھائی جاتری دے پریم نُوں ویکھدیاں ویراجے (وستھار واسطے ویکھو ہنجرا)
بھائی جاتری دی سمادھ اج وی پنڈوں باہر راوی والے پاسے رُکھاں دے اِک جھُنڈ وِچ کھلوتی ہے.

GURDWARA FIFTH GURU AT JATRI DISTRICT SHEIKHUPURA

This village, called Jatri, is located on the Bhai Pheru-Khunda road a little farther from Balluki Head Works. There used to be the Gurdwara of Sat Guru Arjun Dev Ji in the village which has now vanished, only its inn remains. Sat Guru stayed in the village for a few days in recognition of Bhai Jatri's love. (for details please see Hanjra).

Even today the Samadh of Bhai Jatri stands in a grove of trees outside the village on the river Ravi side.



ਗੁਰਦੁਆਰਾ ਪੰਜਵੀ ਪਾਤਿਸ਼ਾਹੀ, ਸ਼ੇਖਮ (ਕਸੂਰ)

ਸ਼ੇਖਮ ਨਾਮ ਦੇ ਜ਼ਿਲਾ ਕਸੂਰ ਅੰਦਰ ਦੋ ਪਿੰਡ ਹਨ । ਜਿਸ ਪਿੰਡ ਬਾਰੇ ਅਸੀ ਗੱਲ ਕਰ ਰਹੇ ਹਾ ਇਹ ਪਿੰਡ ਪੱਤੋਕੀ ਹੱਲਾ ਰੋਡ ਉੱਤੇ ਪੱਤੋਕੀ ਤੋ ਕੋਈ ਤਿੰਨ ਕਿਲੋਮੀਟਰ ਦੀ ਵਿੱਥ ਉੱਤੇ ਹੈ । ਪਿੰਡ ਦੀ ਆਬਾਦੀ ਹਜ਼ਾਰਾ ਵਿੱਚ ਹੈ ਪਿੰਡ ਦੇ ਵਿਚਾਲੇ ਗੁਰੂ ਅਰਜਨ ਦੇਵ ਜੀ ਮਹਾਰਾਜ ਦਾ ਪਾਵਨ ਅਸਥਾਨ ਹੈ । ਆਪ ਬਹਿੜਵਾਲ ਤੋ ਚੱਲ ਕੇ ਇੱਥੇ ਆਏ ।

ਗੁਰਦੁਆਰਾ ਛੋਟਾ ਜਿਹਾ ਬਣਿਆ ਹੋਇਆ ਹੈ । ਹੁਣ ਇਸ ਅੰਦਰ ਯੂਨਿਅਨ ਕੋਸਲ ਸ਼ੇਖਮ ਦਾ ਦਫਤਰ ਹੈ ।

گردوارا پنجویں پاتشاہی شیخم (قصور)

شیخم ناں دے ضلع قصور اندر دو پنڈ ہن جس پِنڈ بارے اسیں گل کر رہے ہاں ایہ پِنڈ پتوکی ہلا روڈ اُتے پتوکی توں کوئی تِن کلومیٹر دی وِتھ اُتے ہے. پِنڈ دی آبادی ہزاراں وچ ہے. پِنڈ دے وچالے گرو ارجن دیو جی مہاراج دا پاون استھان ہے. آپ بہڑوال توں چل ایتھے آئے.

گردوارا چھوٹا جیہا بنیا ہویا ہے. ہُن اِس اندر یونین کونسل شیخم دا دفتر ہے.

GURDWARA FIFTH GURU AT SHEIKHAM, DISTRICT KASUR

There are two villages by the name of Sheikam in Kasur district. The village we are talking about is at a distance of three kilometers from Pattoki on the Pattoki-Halla road and has a population running in thousands. The sacred shrine of Guru Arjun Dev Ji is located in the centre of the village. The fifth Guru Arjun Dev Ji arrived here from Beherwal. It is a small Gurdwara and at present the offices of Sheikam Union Council are housed in it.



ਗੁਰਦੁਆਰਾ ਪੰਚਮ ਪਾਤਿਸ਼ਾਹੀ, ਚੱਕ ਰਾਮਦਾਸ, ਗੁਜਰਾਂਵਾਲਾ


ਚੱਕ ਰਾਮਦਾਸ ਨਾਮੀ ਇਹ ਕਸਬਾ ਥਾਣਾ ਵਾਂਢੋ ਜ਼ਿਲਾ ਗੁਜਰਾਂਵਾਲਾ ਵਿੱਚ ਹੈ । ਐਮਨਆਬਾਦ ਤੋਂ ਮੀਆਂਵਾਲੀ ਬੰਗਲੇ ਨੂੰ ਜਾਣ ਵਾਲੀ ਸੜਕ ਉੱਤੇ ਐਮਨਆਬਾਦ ਤੋਂ ਕੋਈ ੨੦ ਕਿਲੋਮੀਟਰ ਪੂਰਬ ਵੱਲ ਇਹ ਪਿੰਡ ਆਬਾਦ ਹੈ । ਪੰਚਮ ਪਾਤਿਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਭਾਈ ਪੁਰਾਣੇ ਦਾ ਪ੍ਰੇਮ ਕਰ ਕੇ ਇੱਥੇ ਖਿੱਚੇ ਆਏ । ਗੁਰੂ ਸਾਹਿਬ ਦੇ ਨਿਵਾਸ ਦੇ ਅਸਥਾਨ ਉੱਤੇ ਸੁੰਦਰ ਗੁਰਦੁਆਰਾ ਬਣਿਆ ਹੋਇਆ ਸੀ ਜੋ ਹੁਣ ਅਲੋਪ ਹੋ ਚੁੱਕਿਆ ਹੈ । ਇਸ ਅਸਥਾਨ ਦੇ ਸਾਹਮਣੇ ਇੱਕ ਚੋਬਾਰਾ ਸੀ, ਜਿਹਨੂੰ ਹੁਣ ਲੋਕ ਗੁਰੂ ਦਾ ਮਹਿਲ ਕਰਕੇ ਜਾਣਦੇ ਹਨ । ਇਸ ਪਾਵਨ ਅਸਥਾਨ ਦੇ ਨਾਂ ਸਿੱਖ ਰਾਜ ਵੱਲੋਂ ਦਿੱਤੀ ੪੦ ਘੁਮਾਉ ਜਮੀਨ ਮੁਆਫ ਹੈ । ਜ਼ਮੀਨ ਮਹਿਕਮਾ ਔਕਾਫ ਕੋਲ ਹੈ ਜਦ. ਕਿ ਗੁਰਦੁਆਰਾ ਸਾਹਿਬ ਅਣਗੌਲੀ ਕਰ ਕੇ ਮਿਟ ਚੁੱਕਿਆ ਹੈ ।

گردوارا پنچم پاتشاہی چک رام داس گجرانوالا

چک رام داس نامی ایہ پنڈ تھانا واہنڈو ضلع گجرانوالے وچ ہے. ایمن اباد توں میاں والی بنگلے نوں جاون والی سڑک اُتے ایمن اباد توں کوئی 20 کلومیٹر پورب ول ہے. پنچم پاتشاہ گرو ارجن دیو جی بھائی پرانے دے پریم کر کے ایتھے کھچے آئے. گرو صاحب دے نواس دے استھان اُتے سُندر گردوارا بنْیا ہویا سی جو ہُن الوپ ہو چکیا ہے. ایس استھان دے ساہمنے اِک چبارا سی جنہوں ہُن لوک گرو دا محل کر کے جاندے ہن. ایس پاون استھان دے ناں سِکھ راج ولوں دتی چالھی گھماؤں زمین معاف ہے. زمین محکما اوقاف کول ہے جد کہ گردوارا صاحب ان گولھی کر کے مٹ چکیا ہے.

GURDWARA 5TH GURU AT CHAK RAM DAS DISTRICT GUJRANWALA

This village going by the name of Chak Ram Das is in Wandhu police station of Gujranwala district. It is located 20 kilometer east of Eminabad and lies on Eminabad-Mianwali Bungalow road. It was due to the love and affection of Bhai Prana that the Fifth Patshah Guru Arjun Dev Ji was attracted to this place. A beautiful Gurdwara was built on the spot where Guru Ji had stayed. It has vanished now. There used to be a chaubara in front of this place which is now called the Guru Da Mahal (palace of Guru) by the people. There is no land revenue due on 40 ghumaon of land granted to this gurdwara by Sikh rulers. The land is in the custody of Auqaf Department. The Gurdwara has now vanished due to the lack of maintenance



ਗੁਰਦੁਆਰਾ ਬਾਉਲੀ ਸਾਹਿਬ, ਰੰਗ ਮਹਿਲ, ਲਾਹੌਰ

ਪੰਜਵੇਂ ਪਾਤਿਸ਼ਾਹ ਜੀ ਦਾ ਇਹ ਪਾਵਨ ਅਸਥਾਨ ਲਾਹੌਰ ਸ਼ਹਿਰ ਦੇ ਰੰਗ ਮਹਿਲ ਬਾਜ਼ਾਰ ਦੇ ਚੌਕ ਅੰਦਰ ਹੈ । ਇਸ ਅਸਥਾਨ ਦੇ ਨਾਲ ਸੁਨਿਹਰੀ ਮਸੀਤ ਦਾ ਪਿਛਵਾੜਾ ਲਗਦਾ ਹੈ ।

ਇਸ ਅਸਥਾਨ ਦਾ ਇਤਿਹਾਸ ਦੱਸਦਿਆਂ ਹੋਇਆਂ " ਤ੍ਰਾਰੀਖ ਖਾਲਸਾ " ਦਾ ਕਰਤਾ ਲਿਖਦਾ ਹੈ : ਗੁਰੂ ਸਾਹਿਬ ਦੇ ਲਾਹੌਰ ਜਾਣ ਸਮੇਂ ਇੱਕ ਵੱਡਾ ਝਗੜਾ ਹੋ ਰਿਹਾ ਸੀ । ਬੁਖਾਰੇ ਦਾ ਇੱਕ ਪਠਾਣ ਮੁਹਿੰਮ ਉੱਤੇ ਜਾਣ ਲੱਗਾ ਛੇਤੀ ਨਾਲ ੧੪੨ ਮੋਹਰਾਂ ਦਾ ਬਟੂਆ ਛੱਜੂ ਭਗਤ ਪਾਸ ਅਮਾਨਤ ਰੱਖ ਗਿਆ ਸੀ । ਅਜੇ ਉਦੋਂ ਹੀ ਛੱਜੂ ਨੇ ਦੁਕਾਨ ਖੋਲੀ ਸੀ ਇਸ ਲਈ ਅਜੇ ਤੱਕ ਰੋਜ਼ਨਾਮਚਾ ਲਿਖਣ ਵਾਲਾ ਵੀ ਕੋਈ ਨਹੀਂ ਸੀ ਆਇਆ । ਛੱਜੂ ਉਸ ਬਟੂਏ ਨੂੰ ਸੰਦੂਕ ਵਿੱਚ ਰੱਖ ਕੇ ਭੁੱਲ ਗਿਆ । ਕਈ ਮਹੀਨਿਆਂ ਪਿੱਛੋ ਆ ਕੇ ਪਠਾਣ ਨੇ ਰਕਮ ਮੰਗੀ । ਅਮਾਨਤ ਦੀ ਵਹੀ ਵਿੱਚ ਉਸਦਾ ਨਾਮ ਨਹੀਂ ਸੀ । ਛੱਜੂ ਨੇ ਪੈਸੇ ਦੇਣ ਤੋਂ ਇਨਕਾਰ ਕਰ ਦਿੱਤਾ । ਮੁੱਕਦਮਾ ਲਾਹੌਰ ਦੇ ਹਾਕਿਮ ਕੋਲ ਗਿਆ ਤੇ ਪਠਾਣ ਹਾਰ ਗਿਆ । ਕੁਝ ਚਿਰ ਮਗਰੋਂ ਛੱਜੂ ਨੇ ਸਫਾਈ ਕੀਤੀ ਤਾਂ ਉਹ ਬਟੂਆ ਨਿਕਲ ਆਇਆ । ਛੱਜੂ ਇੱਕ ਦੋਸ਼ਾਲਾ ਲੈ ਕੇ ਪਠਾਣ ਕੋਲ ਗਿਆ ਤੇ ਮੁਆਫੀ ਮੰਗੀ । ਪਠਾਣ ਨੇ ਆਖਿਆ ਕਿ ਮੈ ਮੁਕੱਦਮਾ ਹਾਰ ਚੁੱਕਾ ਹਾਂ, ਇਸ ਵਾਸਤੇ ਇਸ ਉੱਤੇ ਮੇਰਾ ਕੋਈ ਹੱਕ ਨਹੀਂ । ਇਹ ਝਗੜਾ ਸ੍ਰੀ ਗੁਰੂ ਅਰਜਨ ਦੇਵ ਜੀ ਪਾਸ ਪੇਸ਼ ਹੋਇਆ । ਜਦ ਉਹਨਾਂ ਦੋਹਾਂ ਨੇ ਪੈਸੇ ਕਬੂਲ ਨਾਂ ਕੀਤੇ ਤਾਂ ਗੁਰੂ ਜੀ ਨੇ ਉਸ ਪੈਸੇ ਨਾਲ ਡੱਬੀ ਬਜ਼ਾਰ ਅੰਦਰ ਲੋਕਾਂ ਵਾਸਤੇ ਸੰਮਤ ੧੬੧੬ ਵਿੱਚ ਇੱਕ ਬਾਉਲੀ ਬਣਵਾਈ ।

ਸੰਮਤ ੧੬੮੫ ਵਿੱਚ ਇਹ ਬਾਉਲੀ ਮਿੱਟੀ ਨਾਲ ਭਰਾ ਦਿੱਤੀ ਗਈ । ਮਹਾਰਾਜਾ ਰਣਜੀਤ ਸਿੰਘ ਸਮੇਂ ਸੰਮਤ ੧੮੯੧ ਵਿੱਚ ਇੱਕ ਫੁਲੇਰੇ ਦੇ ਪਤਾ ਦੇਣ ਤੇ ਇਹ ਬਾਉਲੀ ਪਰਗਟ ਕੀਤੀ ਗਈ । ਇੱਕ ਵਾਰ ਇਸ ਵੇਲੇ ਫਿਰ ਇਹ ਬਾਉਲੀ ਅਲੋਪ ਹੋ ਚੁੱਕੀ ਹੈ । ਇਸ ਵੇਲੇ ਕੇਵਲ ਇੱਕ ਨਿੱਕਾ ਜਿਹਾ ਬਾਗ ਹੈ, ਜਿਸ ਵਿੱਚ ਲੋਕ ਆਰਾਮ ਕਰਦੇ ਹਨ, ਆਸੇ ਪਾਸੇ ਦੁਕਾਨਾਂ ਹਨ ।

گردوارا باؤلی صاحب رنگ محل لاہور

پنجویں پاتشاہ جی دا ایہ پاون استھان لاہور شہر دے رنگ محل بازار دے چوک اندر ہے. اس استھان دے نال سنہری مسیت دا پچھواڑا لگدا اے.

اس استھان دا اتہاس دسدیاں ہویاں تواریخ گرو خالصا دا کرتا لکھدا اے.

"گرو صاحب دے لاہور جان سمے اِک وڈا جھگڑا ہو رہیا سی. بخارے دا اِک پٹھان مہم اتے جاون لگا چھیتی نال اِک سو بتالی (142) مہراں دا بٹوا چھجو بھگت پاس امانت رکھ گیا. اودوں ہی چھجو نے آکے دُکان کھولی سی اجے روزنامچا لکھن والا وی کوئی نہیں آیا سی. چھجو اوس بٹوے نوں صندوق وچ رکھ کے بھُل گیا کئی مہینیاں پچھوں پٹھان نے اپنی رقم منگی امانت دی وہی وچ اوس دا ناں نہیں سی. چھجو پیسے دین توں انکار کر دتا' مقدما لاہور دے حاکم کول گیا تے پٹھان ہار گیا. کجھ چر مگروں چھجو نے صفائی کیتی تاں اوہ بٹوا نکل آیا. چھجو بٹوا تے نال اِک دو شالا لے کے پٹھان کول گیا تے معافی منگی پٹھان نے آکھیا کہ میں مقدما ہار چکیا ہاں اس واسطے اس اتے میرا کوئی حق نہیں. ایہ جھگڑا گرو ارجن جی پاس پیش ہویا. جد اوہناں دوہاں پیسے قبول نہ کیتے تاں گرو جی نے اوس پیسے نال ڈبی بازار اندر لوکاں واسطے سمت 1616 وچ اِک باؤلی بنوائی.

سمت 1685 وچ ایہ باؤلی مٹی نال بھرا دتی گئی. مہاراجا رنجیت سنگھ سمے سمت 1891 وچ اِک پھلیرے دے پتا دین اپر ایہ باولی پرگٹ کیتی گئی' اس ویلے اِک وار فیر ایہ باؤلی الوپ ہو چکی ہے. ایس ویلے کیول اِک نکا جیہا باغ ہے جس وچ لوک آرام کردے ہن. آسے پاسے ہٹیاں ہن.

GURDWARA BAOLI SAHIB AT RANG MAHAL, LAHORE CITY

This sacred shrine of fifth Guru is situated in Rang Mahal Bazaar of Lahore city at the back of the Sonehri (Golden) Mosque. The compiler of "Tawarikh-e-Guru Khalsa", giving a historical account of this shrine, writes, "At the time of departure of Guru Sahib to Lahore a big dispute was on. A Pathan of Bukhara was leaving on an expedition and in haste, he entrusted a purse containing 142 gold coins to the charge of Chajjoo Bhagat. He had opened his shop just then and his clerk had not arrived as yet. Chajjoo took the purse and placed it in the safe and forgot all about it. The Pathan returned after a lapse of many months and demanded back his money. Chajjoo denied outrightly since there was no entry of this transaction in his account books. The case went to court of governor of Lahore and the Pathan lost the case. It so happened that after a few days. Chajjoo found the purse of Pathan while he was checking and cleaning his safe. He immediately went to the Pathan with his purse as well as a gift of a shawl and apologised. The Pathan refused to accept the purse saying that he had lost his claim and as such had no right over it. The dispute came up before Guru Arjun Dev Ji, when both of them refused to accept the money, he decided to build a baoli (stepped well) in Dabbi Bazaar with this money in Samvat 1616.

In Samvat 1685, this baoli was got filled with earth. During the reign of Ranjit Singh the baoli was restored in Samvat 1891 when a florist informed him about it. This baoli has once again been lost, only a small garden remains with shops around it where the people take rest.



ਗੁਰਦੁਆਰਾ ਬੁੱਧੂ ਦਾ ਆਵਾ, ਲਾਹੌਰ

ਇਹ ਪਾਵਨ ਅਸਥਾਨ ਲਾਹੌਰ ਅੰਮ੍ਰਿਤਸਰ ਜੀ ਦੀ ਰੋਡ ਉੱਤੇ ਆਪਣੀਆਂ ਸ਼ਾਨਾਂ ਵਿਖਾ ਰਿਹਾ ਹੈ । ਮਹਾਨ ਕੋਸ਼ ਅਨੁਸਾਰ ਬੁੱਧੂ ਦਾ ਪੁੱਤਰ ਲਾਹੌਰ ਦਾ ਇੱਕ ਘੁਮਿਆਰ ਸੀ, ਉਹਨੇ ਇੱਕ ਵਾਰ ਬਹੁਤ ਵੱਡਾ ਆਵਾ ਤਿਆਰ ਕਰਕੇ ਗੁਰੂ ਅਰਜਨ ਦੇਵ ਜੀ ਦੇ ਹਜ਼ੂਰ ਅਰਦਾਸ ਕਰਵਾਈ ਕਿ ਆਵਾ ਪੱਕ ਨਿਕਲੇ । ਸੰਗਤ ਨੇ ਜੋ ਪ੍ਰਸ਼ਾਦ ਛਕ ਕੇ ਅਰਦਾਸ ਕੀਤੀ ਤਾਂ ਭਾਈ ਲਿਖੋ ਜੀ ਜੋ ਪ੍ਰਸ਼ਾਦਾ ਵਰਤਾਉਣ ਪਿੱਛੋ ਆਇਆ ਸੀ, ਆਖਿਆ ਆਵਾ ਪਿੱਲਾ ਹੋ ਗਿਆ ਹੈ । ਜਦ ਇੱਟਾ ਪਿੱਲੀਆਂ ਨਿਕਲੀਆਂ ਤਾਂ ਬੁੱਧੂ ਨੇ ਸਤਿਗੁਰੂ ਦੇ ਹਜ਼ੂਰ ਬੇਨਤੀ ਕੀਤੀ । ਸਤਿਗੁਰਾਂ ਨੇ ਫੁਰਮਾਇਆ " ਪ੍ਰੇਮੀ ਸਿੱਖ ਦਾ ਬਚਨ ਅਟੱਲ ਹੈ । ਤੇਰੀਆਂ ਇੱਟਾਂ ਪੱਕੀਆਂ ਦੇ ਮੁੱਲ ਵਿਕਣਗੀਆ ।" ਲਾਹੌਰ ਵਿੱਚ ਭਾਰੀ ਬਰਸਾਤ ਸ਼ੁਰੂ ਹੋ ਗਈ ਤੇ ਪਿੱਲੀਆਂ ਇੱਟਾਂ ਪੱਕਿਆਂ ਦੇ ਮੁੱਲ ਵਿਕ ਗਈਆਂ ।

ਗੁਲਾਬੀ ਬਾਗ ਨੇੜੇ ਇੰਜੀਨਿਅਰਿੰਗ ਯੂਨੀਵਰਿਸਟੀ ਦੇ ਜ਼ੀਰੋ ਗੇਟ ਸਾਹਮਣੇ ਭਾਈ ਬੁੱਧੂ ਜੀ ਦਾ ਮਕਬਰਾ ਹੈ । ਇਸ ਤੋਂ ਪਿੱਛੇ ਗੁਰਦੁਆਰਾ ਸਾਹਿਬ ਸੀ, ਹੁਣ ਇੱਥੇ ਕਬਰਿਸਤਾਨ ਬਣ ਚੁੱਕਾ ਹੈ । ਇਹ ਗੁਰਦੁਆਰਾ ਬਹੁਤ ਸਮਾਂ ਗੁਰੂਸਰ ਸਤਲਾਣੀ ਦੇ ਮਹੰਤਾਂ ਅਧੀਨ ਰਿਹਾ । ਫਿਰ ਗੁਰਦੁਆਰਾ ਪ੍ਰਬੰਧਕ ਕਮੇਟੀ ਕੋਲ ਆ ਗਿਆ । ੧੯੩੮ ਨੂੰ ਜਦ ਸਿੱਖ ਨੈਸ਼ਨਲ ਕਾਲਜ ਦੀ ਇਮਾਰਤ ਬਣਵਾਈ ਗਈ ਤਦ ਇਸ ਪਾਵਨ ਅਸਥਾਨ ਨੂੰ ਵੀ ਸ਼ਾਨਦਾਰ ਉਸਾਰਿਆ ਗਿਆ । ਬੁੱਧੂ ਦਾ ਮਕਬਰਾ ਇਸ ਵੇਲੇ ਆਰਕਾਈਵਜ਼ ਵਿਭਾਗ ਨੇ ਸੰਭਾਲਿਆ ਹੋਇਆ ਹੈ ।

گردوارا بھائی بُدھو دا آوا' لاہور

ایہ استھان لاہور امرتسر جی ٹی روڈ اتے انجینئرنگ یونیورسٹی دے ساہمنے ہے. گرو گھر دے پریت وان بھائی بدھو جی نے اٹاں دا آوا لگایا سی. کیہا جاندا ہے کہ بھائی کملیا جی دے واک کرکے اٹاں پوریاں پکدیاں نہیں سن. بھائی بُدھو جی نے گرو ارجن دیو جی دے چرناں وچ بنتی کیتی "سچے پاتشاہ مہر کرو" گرو جی نے فرمایا "گر سکھ دا واک اٹل ہے' پر تیریاں کچیاں اِٹاں وی پکیاں دے بھاء وِکن گیاں." اس سال اِٹاں دی منگ اینی ودھی کہ بھائی بدھو دے آوے دیاں سبھ اِٹاں وِک گئیاں بھائی بدھو نے خُشی وچ آوے دی زمین دے نیڑے اِک گردوارا بنوایا.

ایہ گردوارا بہُت سما گرو سر ستلانی دے مہنتاں دے پربندھ ادھین رہیا. 1927ء وچ گردوارا ایکٹ انوسار ایہ استھان دی پنتھک پربندھ ادھین آگیا. 1938ء وچ جد سکھ نیشنل کالج دی عمارت بنائی گئی تاں گردوارے دی وی شاندار عمارت تیار کروائی گئی. گردوارا صاحب دی عمارت الوپ ہو چکی ہے. بھائی بُدھو دا مقبرا آرکائیوز ڈیپارٹمنٹ دے پاس ہے.

GURDWARA BHAI BUDDHU DA AWA AT LAHORE

This shrine is located on the Lahore-Amritsar (Grand Trunk) road facing the Engineering University. It is said that Bhai Buddhu, a devotee of Guru had started a brick kiln, but the bricks of his kiln could not be fully backed due to a curse spelled by Bhai Kamlia. Bhai Buddhu prayed to Guru Arjun Dev "Sacchay Patshah bless me!" Guru Dev Ji told him that the curse of a Sikh is final but added that his unbaked bricks would fetch the same price as that of the baked bricks. It so happened that in that year the demand for bricks soared so high that all the bricks of Bhai Buddhu were sold. Bhai Buddhu built a Gurdwara as a part of his celebration. For a long time this Guru Sar remained under the control of Mahant of Satlani. Under the Gurdwara act of 1927 AD this came under the control of Gurdwara Parbandhak Committee. In 1938 AD when building of Sikh National College was constructed a splendid building for Gurdwara was also built. The building of Gurdwara has collapsed but tomb of Buddhu is being maintained by the Archaeological Department.



ਗੁਰਦੁਆਰਾ ਲਾਲ ਖੂਹ, ਮੋਚੀ ਦਰਵਾਜ਼ਾ, ਲਾਹੌਰ

ਇਹ ਇਤਿਹਾਸਕ ਖੂਹ ਮੋਚੀ ਦਰਵਾਜ਼ੇ ਦੇ ਅੰਦਰ ਬਜ਼ਾਰ ਵਿੱਚ ਹੈ । ਇਹ ਖੂਹ ਕਦੇ ਚੰਦੂ ਦੀ ਹਵੇਲੀ ਵਿੱਚ ਸੀ । ਇਸ ਦੇ ਪਾਸ ਹੀ ਇੱਕ ਛੋਟੀ ਜਿਹੀ ਕੋਠੜੀ ਸੀ ਜਿੱਥੇ ਚੰਦੂ ਨੇ ੧੬੦੬ ਵਿੱਚ ਸ੍ਰੀ ਗੁਰੂ ਅਰਜਨ ਦੇਵ ਜੀ ਨੂੰ ਗ੍ਰਿਫਤਾਰ ਕਰਕੇ ਕੈਦ ਕੀਤਾ ਸੀ । ਗੁਰੂ ਜੀ ਕੈਦ ਸਮੇਂ ਇਸ ਖੂਹ ਤੋਂ ਜਲ ਛਕਦੇ ਅਤੇ ਇਸ਼ਨਾਨ ਕਰਦੇ ਸਨ । ਇੱਥੇ ਹੀ ਗੁਰੂ ਜੀ ਨੂੰ ਅਨੇਕਾਂ ਤਸੀਹੇ ਦਿੱਤੇ ਗਏ । ਜਦ ੧੬੧੯ ਨੂੰ ਛੇਵੇਂ ਪਾਤਿਸ਼ਾਹ ਲਾਹੌਰ ਤਸ਼ਰੀਫ ਲਿਆਏ ਤਦ ਇੱਥੇ ਹੀ ਗੁਰਸਿੱਖਾਂ ਨੇ ਚੰਦੂ ਦੇ ਨੱਕ ਵਿੱਚ ਨਕੇਲ ਪਾ ਕੇ ਫੇਰਿਆ ਅਤੇ ਇੱਥੇ ਹੀ ਭੜਭੁੰਜੇ ਨੇ ਆਪਣਾ ਕੜਛਾ ਮਾਰ ਕੇ ਚੰਦੂ ਨੂੰ ਗੱਡੀ ਚਾੜਿਆ ।

ਪਹਿਲਾਂ ਇਹ ਪਾਵਨ ਅਸਥਾਨ ਛੋਟਾ ਜਿਹਾ ਸੀ, ਬਾਅਦ ਵਿੱਚ ਸੰਗਤਾਂ ਨੇ ਮਾਇਆ ਖਰਚ ਕੇ ਨਾਲ ਦੇ ਮਕਾਨ ਖਰੀਦ ਲਏ ਅਤੇ ਇਮਾਰਤ ਬਣਵਾਈ । ੧੯੨੭ ਤੋ ੧੯੪੭ ਤੱਕ ਇਸ ਦਾ ਪ੍ਰਬੰਧ ਸ਼੍ਰੋਮਣੀ ਕਮੇਟੀ ਕੋਲ ਰਿਹਾ, ਹੁਣ ਮਹਿਕਮਾ ਔਕਾਫ ਕੋਲ ਹੈ । ਇਸ ਅਸਥਾਨ ਦੇ ਨਾਲ ਇੱਕ ਦੁਕਾਨ, ੨੧ ਕਨਾਲ ੧੪ ਮਰਲੇ ਜ਼ਮੀਨ ਪਿੰਡ ਖੋਖਰ, ਜ਼ਿਲਾ ਲਾਹੌਰ ਵਿੱਚ ਹੈ ।

گردوارا لال کھوہ' موچی دروازہ' لاہور

ایہ اتہاسک کھوہ موچی دروازے دے اندر بازار وچ ہے. ایہ کھوہ کدے چندو دی حویلی وچ سی. اس دے پاس ہی اِک چھوٹی جہی کوٹھری سی جتھے چندو نے 1606ء وچ گرو ارجن دیو جی نوں گرفتار کرکے قید کیتا. گرو جی قید دے سمے اس کھوہ توں جل چھکدے اتے اشنان کریا کردے سن. ایتھے ہی گرو جی نوں اینکاں تسیہے دتے گئے. جد 1619ء نوں چھیویں پاتشاہی جی لاہور تشریف لائے تد ایتھے ہی گر سکھاں چندو دے نک وچ نکیل پا کے پھیریا اتے ایتھے ہی بھڑبھونجے نے اپنا کڑچھا مار کے چندو نُوں گڈی چاڑھیا.

پہلوں ایہ پاون استھان چھوٹا جہیا سی بعد وچ سنگتاں نے مایا خرچ کے نال دے مکان خرید لئے اتے عمارت بنوائی. 1927ء توں 1947ء تیکر اس دا پربندھ شرمنی کمیٹی کول رہیا. ہُن محکما اوقاف پاس ہے.

اس استھان دے نال اِک ہٹی' 21 کنال 14 مرلے زمین پنڈ کھوکھر ضلع لاہور وچ ہے.

GURDWARA LAL KHOI AT MOCHI DARWAZA, LAHORE

This historical well is located in a bazaar inside Mochi Gate. This well was once in Chandu's Haveli (mansion) and there used to be a small cell near this well where Chandu had imprisoned Guru Arjun Dev Ji after arresting him in 1606 AD. During his detention, Guru Dev Ji used to drink water from this well and also used it for his bath. It is also the place where Guru Dev Ji was put to different tortures. In 1619 A.D when Sixth Patshah Ji came to Lahore, Chandu was led by a nose-string around the city and it was here that a *Bharbhonja* (one who sells poached grams) killed him with his ladle.

In the beginning this sacred place was a small place but later Sangat spent money and bought adjacent houses and built the building. Shiromni Parbandhak Committee remained in charge of its care and maintenance from 1927 to 1947 AD and at present it is in custody of Waqf-Board.

There is a shop, 21 canal and 14 marlas of land in the name of Gurdwara in the Khokhar village of Lahore district.



ਗੁਰਦੁਆਰਾ ਡੇਹਰਾ ਸਾਹਿਬ ਲਾਹੌਰ

ਸਿੱਖ ਇਤਿਹਾਸ ਅਨੁਸਾਰ ਗੁਰੂ ਅਰਜਨ ਦੇਵ ਜੀ ਮਹਾਰਾਜ ਚੰਦੂ ਦੇ ਤਸੀਹੇ ਸਹਾਰਦੇ ਹੋਏ ਇੱਥੇ ਸ਼ਹੀਦ ਹੋਏ । ਉਹਨਾਂ ਨੂੰ ਤੱਤੀ ਤਵੀ ਤੇ ਬਿਠਾ ਕੇ ਇੱਥੇ ਰਾਵੀ ਦੇ ਠੰਡੇ ਪਾਣੀ ਵਿੱਚ ਸੁੱਟ ਦਿੱਤਾ ਗਿਆ । ਇਉਂ ਆਪ ਨੇ ਇਸ ਥਾਂ ਉੱਤੇ ੩੦ ਮਈ ੧੬੦੬ ਨੂੰ ਸ਼ਹੀਦੀ ਪ੍ਰਾਪਤ ਕੀਤੀ ।

ਉਸ ਸਮੇਂ ਰਾਵੀ ਕਿਲੇ ਅਤੇ ਸ਼ਾਹੀ ਮਸੀਤ ਦੀਆਂ ਕੰਧਾਂ ਨਾਲ ਖਹਿ ਕੇ ਇੱਥੇ ਵਗਦੀ ਸੀ । ਸੰਨ ੧੬੧੯ ਨੂੰ ਛੇਵੇਂ ਪਾਤਿਸ਼ਾਹ ਸ੍ਰੀ ਗੁਰੂ ਹਰਿਗੋਬਿੰਦ ਜੀ ਗੁਰ ਅਸਥਾਨਾਂ ਦੇ ਦਰਸ਼ਨਾਂ ਨੂੰ ਆਏ ਤਾਂ ਆਪ ਨੇ ਇਸ ਸ਼ਹੀਦੀ ਅਸਥਾਨ ਉੱਤੇ ਥੜਾ ਸਾਹਿਬ ਤਿਆਰ ਕਰਵਾਇਆ । ਸਿੱਖ ਰਾਜ ਸਮੇ ਮਹਾਰਾਜਾ ਰਣਜੀਤ ਸਿੰਘ ਵੱਲੋਂ ਗੁਰਦੁਆਰਾ ਸਾਹਿਬ ਦੀ ਉਸਾਰੀ ਕਰਵਾਈ ਗਈ । ਸੰਗਮਰਮਰ ਦੀ ਮਨਮੋਹਣੀ ਇਮਾਰਤ ਗੁਬੰਦਦਾਰ ਜਿਹਦੇ ਚੁਫੇਰੇ ਬਰਾਮਦਾ ਬਣਵਾਇਆ ਗਿਆ । ੧੯੦੯ ਨੂੰ ਪ੍ਰਕਾਸ਼ ਅਸਥਾਨ ਵਾਸਤੇ ਇੱਕ ਹਾਲ ਕਮਰਾ ਅਤੇ ਸਰਾਂ ਬਣਵਾਈ ਗਈ ਅਤੇ ਨਿਸ਼ਾਨ ਸਾਹਿਬ ਸਥਾਪਤ ਕਰਵਾਇਆ ਗਿਆ । ਗੁਰਦੁਆਰਾ ਸੁਧਾਰ ਲਹਿਰ ਸਮੇ ਇਸ ਗੁਰਦੁਆਰੇ ਦੇ ਪ੍ਰਬੰਧ ਵਾਸਤੇ ੧੯੨੪ ਨੂੰ ਲੋਕਲ ਕਮੇਟੀ ਬਣਾਈ ਗਈ । ੧੯੨੭ ਨੂੰ ਇਸ ਦਾ ਪ੍ਰਬੰਧ ਸ਼ਰੋਮਣੀ ਕਮੇਟੀ ਕੋਲ ਚਲਾ ਗਿਆ । ੨੧ ਅਪ੍ਰੈਲ ੧੯੩੦ ਨੂੰ ਇੱਕ ਵਾਰ ਫਿਰ ਸੇਵਾ ਅਰੰਭ ਹੋਈ ਜੋ ੯ ਸਤੰਬਰ ੧੯੩੪ ਨੂੰ ਸੰਪੂਰਨ ਹੋਈ । ਗੁੰਬਦ ਉੱਤੇ ਸੋਨਾ ਚੜ੍ਹਾਇਆ ਗਿਆ ਅਤੇ ਆਸੇ ਪਾਸੇ ਕੱਚੀ ਥਾਂ ਨੂੰ ਪੱਕਾ ਕੀਤਾ ਗਿਆ । ੯ ਸਤੰਬਰ ੧੯੪੭ ਨੂੰ ਇਸ ਦਾ ਪ੍ਰਬੰਧ ਪਾਕਿਸਤਾਨ ਸਰਕਾਰ ਦੇ ਹੱਥ ਆਇਆ । ਹੁਣ ਵੀ ਇੱਥੇ ਰੋਜ਼ਾਨਾ ਪ੍ਰਕਾਸ਼ ਹੁੰਦਾ ਹੈ । ਦੇਸ਼ ਵਿਦੇਸ਼ ਤੋਂ ਹਰ ਵੇਲੇ ਸੰਗਤ ਇੱਥੇ ਜੁੜੀ ਰਹਿੰਦੀ ਹੈ । ਗੁਰੂ ਦਾ ਲੰਗਰ ਜਾਰੀ ਹੈ । ਦੋ ਸਿੰਘ ਸਰਕਾਰ ਵੱਲੋ ਸੇਵਾਦਾਰ ਹਨ । ਪਾਕਿਸਤਾਨ ਬਣਨ ਮਗਰੋਂ ਸਤਿਕਾਰਯੋਗ ਸਰਦਾਰ ਹਰੀ ਸਿੰਘ ਜੀ ਇਸ ਦੇ ਪਹਿਲੇ ਗ੍ਰੰਥੀ ਸਨ ਜੋ ੧੯੬੫ ਤੋਂ ਬਹੁਤ ਚਿਰ ਤੱਕ ਰੇਡੀਓ ਪਾਕਿਸਤਾਨ ਦੇ ਪ੍ਰੋਗਰਾਮ ਅੰਦਰ ਗੁਰੂ ਗ੍ਰੰਥ ਸਾਹਿਬ ਦੀ ਵਿਆਖਿਆ ਕਰਦੇ ਰਹੇ ।

ਸੰਗਤ ਦੀ ਵਧਦੀ ਹੋਈ ਗਿਣਤੀ ਨੂੰ ਮੁੱਖ ਰੱਖਦਿਆਂ ਹੁਣ ਗੁਰਦੁਆਰਾ ਸਾਹਿਬ ਦੇ ਲੰਗਰ ਹਾਲ ਨਾਲ ਲਗਦੀ ਵਿਹਲੀ ਜ਼ਮੀਨ ਉੱਤੇ ਮੀਆਂ ਮੀਰ ਜੀ ਦੀ ਯਾਦ ਵਿੱਚ ਸਾਈ ਮੀਆਂ ਮੀਰ ਸਰਾਂ ਉਸਾਰੀ ਗਈ ਹੈ । ਇਸ ਸਰਾਂ ਦੀਆਂ ਦੋ ਮੰਜਲਾਂ ਹਨ ਜਿਹਦੇ ਥੱਲੇ ਇੱਕ ਤਹਿਖਾਨਾ ਵੀ ਹੈ ।

گردوارا ڈیرا صاحب گرو ارجن دیو جی' لاہور

گردوارا ڈیرا صاحب شاہی قلعے لاہور دے ساہمنے اتے بادشاہی مسیت نیڑے ہے. ایس استھان تے ست گر ارجن دیو جی چندو دے تسیہیاں نُوں سہاردے ہوئے راوی دریا اندر 30 مئی 1606ء نُوں شہیدی پراپت کیتی.

چھیویں پاتشاہ صاحب گرو ہرگوبند جی 1619ء نوں جد گرو استھاناں دے درشن کردے لاہور اپڑے تاں آپ دا شہیدی استھان تھڑا صاحب تیار کروایا. مہاراجا رنجیت سنگھ نے ایس گردوارے دی عمارت بنوائی جو بہُت چھوٹی سی. گرو گرنتھ صاحب جی دے پرکاش واسطے 1909ء نُوں پرکاش استھان منجی صاحب دی اُساری شروع ہوئی. روزانا دیوان دا پربندھ ہویا. یاترواں دی رہائش لئی اِک سراں بنوائی گئی.

گردوارا سدھار لہر سمے 1925ء شرومنی کمیٹی ولوں اِک لوکل کمیٹی بنائی گئی. 1927ء وچ ایس دا پربندھ شرومنی کمیٹی نے آپ سنبھال لیا. 21 اپریل 1930ء نُوں ایس گردوارے دی سیوا فیر ارنبھ ہوئی جو 9 ستمبر 1934ء نُوں سنپورن ہوئی. گنبداں اُپر سونا چڑھایا گیا. فرش پکے کروائے گئے. گردوارے دا پرویش مارگ سنگ مرمر دا بنیا ہویا ہے. روزانا پرکاش ہوندا ہے. متروکا وقف بورڈ ولوں دو گرنتھی تھاپے ہوئے ہن. ہر سال شہیدی جوڑ میلے' وساکھی' مہاراجا رنجیت سنگھ دی برسی اتے ست گر نانک دیو جی دے جنم دن اُتے دیس ودیش توں سنگت جُڑدی ہے. نومبر 1996 نوں سنگت واسطے 47 کمریاں دا اِک میاں میر بلاک سرکار ولوں اُساریا گیا ہے. گرو کا لنگر ہر ویلے چلدا ہے.

GURDWARA DERA SAHIB, GURU ARJUN DEV JI, LAHORE

Gurdwara Dera Sahib is situated opposite Lahore Fort near Badshahi Mosque. This is the place where Sat Gur Arjun Dev Ji was martyred in the River Ravi facing the tortures inflicted by Chandu on 30th May 1606 AD.

The site where Guru Arjun Dev was martyred a Thara (platform) Sahib was built at by Guru Hargobind Ji in Samvat 1919 when he came to Lahore visiting Gur Asthans. Later Maharaja Ranjit Singh constructed a building of the Gurdwara which was very small..

In 1909 AD construction of Parakashasthan and Manji Sahib was started for the Parakash of Guru Granth Sahib.Arrangement for daily diwan were made. Inn for the residence of the pilgrims were also costructed.In 1925 AD a local committee was constituted by Shiromni Committee in the wake of Gurdwara reform movement. In 1927 Shiromni Committee took over the charge of Gurdwara and its construction restarted on the 21st April 1930 AD which was completed on 9th Sept 1934 AD. The domes were gold-plated. Floors were cemented. The front of Gurdwara is built in marble.Parakash takes place daily. Evacuee Waqf Board has appointed two Granthis. International sangats are held every year on Shaheedi Jor Mela, Visakhi, Death Anniversary of Maharaja Ranjit Singh and birthday of Sat Gur Guru Nanak Dev Ji.

In November 1996, Govt of Pakistan built 47 roomed Mian Mir Block for visitors. Guru's langar serves round the clock


ਸਤਿਕਰਤਾਰ

ਗੁਰਦੁਆਰਾ ਛੇਵੀਂ ਪਾਤਸ਼ਾਹੀ, ਮਾਨਸਹਿਰਾ।


ਸਾਹਿਬ ਗੁਰੂ ਹਰਗੋਬਿੰਦ ਜੀ ਦਾ ਇਹ ਪਾਵਨ ਅਸਥਾਨ ਮਾਨਸਹਿਰਾ ਕਸ਼ਮੀਰ ਰੋਡ ਉਤੇ ਹੈ। ਇਸ ਅਸਥਾਨ ਉੱਤੇ ਆਪ ਜੀ ਕਸ਼ਮੀਰ ਤੋਂ ਮੁੜਦੇ ਹੋਏ ਵਿਰਾਜੇ। ਜਿਥੇ ਆਪ ਨੇ ਚਰਨ ਪਾਏ ਅਤੇ ਪ੍ਰੇਮੀ ਸੰਗਤ ਨੂੰ ਦਰਸ਼ਨ ਦੇ ਕੇ ਨਿਹਾਲ ਕੀਤਾ, ਗੁਰ ਸਿਖਾਂ ਨੇ ਓਥੇ ਗੁਰਦੁਆਰਾ ਉਸਾਰ ਲਿਆ। ਇਹ ਗੁਰਦੁਆਰਾ ਤਿਨ ਮੰਜ਼ਲਾ ਹੈ। ਇਸ ਦੇ ਹਾਲ ਕਮਰੇ ਦੇ ਵਿਚਾਲੇ ਪਰਕਾਸ਼ ਅਸਥਾਨ ਹੈ। ਫਰਸ਼ ਅਤੇ ਕੰਧਾਂ ਉੱਤੇ ਵੱਖੋ ਵੱਖ ਸੇਵਾਕਾਰਾਂ ਦੇ ਨਾਵਾਂ ਦੀਆਂ ਟਾਇਲਾਂ ਲਗੀਆਂ ਹੋਈਆਂ ਹਨ। ਕਦੇ ਇਥੇ ਨਿਤ ਪਰਕਾਸ਼ ਹੁੰਦਾ ਸੀ। ਹੁਣ ਇਹ ਇਕ ਸੱਖਣੀ ਇਮਾਰਤ ਹੈ

گردوارا چھیویں پاتشاہی ' مانسہرا

صاحب گرو ہرگوبند جی دا ایہ پاون استھان مانسہرا کشمیر روڈ اتے ہے. ایس استھان اُتے آپ جی کشمیر توں مڑدے ہوئے ویراجے. جتھے آپ نے چرن پائے اتے پریمی سنگت نوں درشن دے کے نہال کیتا' گر سِکھاں نے اوتھے گردوارا اُسار لیا. ایہ گردوارا تِن منزلا ہے. ایس دے ہال کمرے دے وچالے پرکاش استھان ہے. فرش اَتے کندھاں اُتے وکھو وکھ سیواکاراں دے ناواں دیاں ٹائلاں لگیاں ہوئیاں ہن. کدے ایتھے نت پرکاش ہوندا سی. ہُن ایہ اِک سکھنی عمارت ہے.

GURDWARA 6TH GURU MANSEHRA

This sacred shrine of Sahib Guru Hargobind Ji is on Kashmir Road in Mansehra City. He came here while returning from Kashmir. The Siksh of the Gurus built this Gurdwara at the site where he had stayed and pleased the loving Sangat by providing them with an opportunity to look at him. This Gurdwara is three storeyed and the Prakashasthan is in the hall of this Gurdwara. The tiles bearing the name of those who have served the Gurdwara are fixed on the flour and the walls. Captivating pictures are drawn on the walls. Once prakash used to take place but now it is just a building.



ਗੁਰਦੁਆਰਾ ਛੇਵੀਂ ਪਾਤਿਸ਼ਾਹੀ, ਚਿੱਟੀ ਗੱਟੀ, ਮਾਨਸਹਿਰਾ, ਜ਼ਿਲਾ ਹਜ਼ਾਰਾ

ਚਿੱਟੀ ਗੱਟੀ ਨਾਮੀਂ ਇੱਕ ਨਿੱਕਾ ਜਿਹਾ ਪਿੰਡ ਤਹਿਸੀਲ ਥਾਣਾ ਮਾਨਸਹਿਰਾ, ਜ਼ਿਲਾ ਹਜ਼ਾਰਾ ਵਿੱਚ ਹੈ । ਮਾਨਸਹਿਰਾ ਤੋਂ ਕੋਈ ੮ ਕਿਲੋਮੀਟਰ ਦੂਰ ਸੜਕ ਕਿਨਾਰੇ ਲੱਗੇ ਇੱਕ ਬਾਗ ਅੰਦਰ ਗੁੰਬਦ ਦਾਰ ਇਹ ਅਸਥਾਨ ਨਜ਼ਰ ਆਉਦਾ ਹੈ । ਛੇਵੇਂ ਪਾਤਿਸ਼ਾਹ ਧਰਮ ਪ੍ਰਚਾਰ ਕਰਦੇ ਹੋਏ ਇਸ ਥਾਂ ਤੇ ਬਿਰਾਜੇ ਸਨ ।

ਗੁਰਦੁਆਰਾ ਸੁੰਦਰ ਬਣਿਆ ਹੋਇਆ ਹੈ । ਗੁੰਬਦ ਅੰਦਰ ਉੱਤੇ ਸ਼ਿਵਲਿੰਗ ਦੀ ਪੂਜਾ ਕੀਤੀ ਜਾਂਦੀ ਸੀ, ਜਦਕਿ ਥੱਲੇ ਗੁਰੂ ਗਰੰਥ ਸਾਹਿਬ ਜੀ ਦਾ ਪ੍ਰਕਾਸ਼ ਹੁੰਦਾ ਸੀ । ਅੱਜ ਵੀ ਪੱਥਰ ਦਾ ਬਣਿਆ ਹੋਇਆ ਸ਼ਿਵਲਿੰਗ ਉੱਥੇ ਸਥਾਪਤ ਹੈ । ਪੁਜਾਰੀ ਹਿੰਦੂ ਸੀ, ਇਸ ਵਾਸਤੇ ਉਸ ਨੇ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਥੱਲੇ ਕੀਤਾ ਹੋਇਆ ਸੀ । ਵਿਸਾਖੀ ਨੂੰ ਮੇਲਾ ਜੁੜਦਾ ਸੀ ਜਿਸ ਵਿੱਚ ਪਹਾੜੀ ਸੰਗਤ ਹੁੰਮ ਹੁੰਮਾ ਕੇ ਆਉਂਦੀ ਹੁੰਦੀ ਸੀ ।

گردوارا چھویں پاتشاہی چٹی گٹی مانسہرا ضلع ہزارا

چٹی گٹی نامی اِک نکا جہیا پنڈ تحصیل تھانا مانسہرا ضلع ہزارے وچ ہے. مانسہرا توں کوئی اٹھ کلومیٹر دور سڑک کنارے لگے اِک باغ اندر گنبدار ایہ استھان نظر آوندا ہے. چھویں پاتشاہ دھرم پرچار کردے ایس تھاں ویراجے ہن.

گردوارا سُندر بنْیا ہویا ہے. گنبد اندر اُتے شِولِنگ جی دی پوجا کیتی جاندی سی جد کہ تھلے گرو گرنتھ جی صاحب دا پرکاش ہوندا سی. اج وی پتھر دا بنْیا ہویا شِولِنگ اوتھے ستھاپت ہے. پجاری ہندو سی. ایس واسطے اوس گرو گرنتھ صاحب نُوں تھلے رکھیا ہویا سی. وساکھی نُوں میلا جُڑدا سی جہدے وچ پہاڑی سنگت ہُم ہما کے آوندی ہوندی سی.

GURDWARA SIXTH GURU CHITTI GATTI, MANSEHRA DISTRICT HAZARA

This tiny village called Chitti Gatti is in P.S Mansehra. (Hazara district) This domed shrine is visible in a garden by the road about 8 km from Mansehra.

Gurdwara is beautifully constructed. Inside the dome the genital of Shiv (Shiv Ling) used to be worshipped on the upper floor whereas the prakash of Guru Granth Sahib took place downstairs. A Shiv Ling made of stone is still there. The priests were Hindus and that is why they kept Guru Granth Sahib downstairs. A fair was held on Visakhi which was enthusiastically attended by the people living in the surrounding hills.



ਗੁਰਦੁਆਰਾ ਛੇਵੀਂ ਪਾਤਿਸ਼ਾਹੀ ਧਮਿਆਲ, ਰਾਵਲਪਿੰਡੀ

ਧਮਿਆਲ ਨਾ ਦਾ ਪਿੰਡ ਰਾਵਲਪਿੰਡੀ ਸ਼ਹਿਰ ਤੋ ਕੋਈ ਬਾਰ ਕਿਲੋਮੀਟਰ ਦੂਰ ਹੈ । ਇੱਥੇ ਜਾਣ ਵਾਸਤੇ ਰਾਜਾ ਬਜ਼ਾਰ ਤੋ ਸੁਆਰੀ ਮਿਲ ਜਾਦੀ ਹੈ । ਇਸ ਪਿੰਡ ਅੰਦਰ ਇੱਕ ਮਹਾਨ ਗੁਰਦੁਆਰਾ ਸਾਹਿਬ ਸਥਿੱਤ ਹੈ, ਇਸ ਬਾਰੇ ਭਾਈ ਕਾਹਨ ਸਿੰਘ ਨਾਭਾ ਜੀ ਲਿਖਦੇ ਹਨ :" ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਅਤੇ ਮਾਤਾ ਸਾਹਿਬ ਕੌਰ ਨੇ ਇੱਥੋ ਦੇ ਵਸਨੀਕ ਰੋਚਾ ਮੱਲ ਅਤੇ ਅਨਾਰ ਸਿੰਘ ਪ੍ਰੇਮੀਆ ਨੂੰ ਅਨੰਦਪੁਰ ਵਿੱਚ ਸੰਗਤ ਦੀ ਪ੍ਰੇਮ ਭਾਵ ਨਾਲ ਸੇਵਾ ਕਰਦੇ ਵੇਖ ਕੇ ਆਪਣੇ ਜੋੜੇ ਬਖਸ਼ੇ ਜਿਹਨਾਂ ਦਾ ਇੱਕ ਇੱਕ ਪੈਰ ਉਹਨਅ ਦੀ ਸੰਤਾਨ ਨਰਾਇਣ ਸਿੰਘ ਪਾਸ ਹੈ । ਗੁਰੂ ਸਾਹਿਬ ਦਾ ਜੋੜਾ ਸਾਦਾ ੧੧ ਇੰਚ ਲੰਮਾ, ਪੱਬ ਪਾਸੋ ਤਿੰਨ ਇੰਚ ਹੈ, ਮਾਤਾ ਜੀ ਦਾ ਜੋੜਾ ੯ ਇੰਚ ਹੈ ਅਤੇ ਤਿੰਨ ਇੰਚ ਤਿੱਲੇ ਦਾਰ ਹੈ । "ਇਹ ਜੋੜੇ ਪਿੰਡ ਦੇ ਇਸ ਗੁਰਦੁਆਰਾ ਸਾਹਿਬ ਅੰਦਰ ਬਿਰਾਜਮਾਨ ਸਨ, ਜਿਹਨਾ ਦਾ ਦਰਸ਼ਨ ਕਰਕੇ ਲੋਕ ਨਿਹਾਲ ਹੁੰਦੇ ਸਨ । ਹੁਣ ਗੁਰਦੁਆਰਾ ਸਾਹਿਬ ਦੀ ਇਮਾਰਤ ਅੰਦਰ ਸਕੂਲ ਹੈ ਜਿੱਥੇ ਬੱਚੇ ਵਿਦਿਆ ਲੈਦੇ ਹਨ । ਇਮਾਰਤ ਸੁੰਦਰ ਅਤੇ ਮਜ਼ਬੂਤ ਹੈ ।

گردوارا چھیویں پاتشاہی دھمیال' راولپنڈی

دھمیال ناں دا پنڈ راولپنڈی شہر توں کوئی باراں کلو میٹر دور ہے. ایتھے جاوݨ واسطے راجا بازار توں سواری مل جاندی ہے. اِس پنڈ اندر مہان اِک گردوارا صاحب سھت ہن. اِس بارے بھائی کاہن سنگھ جی نابھا لکھدے ہن.

"شری گرو گوبند سنگھ صاحب اَتے ماتا صاحب کور نے ایتھوں دے وسنیک روچا مل اَتے انار سنگھ پریمیاں نُوں آنند پور وچ سنگت دی پریم بھاو نال سیوا کردے ویکھ کے اپݨے جوڑے بخشے. جِنھاں دا اِک اِک پَیر اوہناں دی سنتان نارائن سنگھ پاس ہے. گرو صاحب دا جوڑا سادا 11 انچ لما ہے. پب پاسوں چوڑا تِن انچ ہے. ماتا جی دا جوڑا 9 انچ اَتے تِن انچ تلے دار ہے."

ایہ جوڑے پِنڈ دے اِس گردوارا صاحب اندر براجمان سن جِنھاں دے درشن کر کے لوک نہال ہوندے سی. ہُن گردوارا صاحب دی عمارت اندر سکول ہے. جتھے بچے ودیا لیندے ہن. عمارت سُندر اَتے مضبوط ہے.

GURDWARA SIXTH GURU AT DAMHIAL DISTRICT RAWALPINDI

This village. known as Damhial, is located at a distance of 12 kilometers from Rawalpindi City. Transport to reach this place is available from Raja Bazaar of Rawalpindi City. A great Gurdwara Sahib has been established in this village about which Bhai Kahan Singh Ji Nabha writes, "Shri Guru Gobind Singh Sahib and Mata Sahib Kaur witnessed the devotion and love with which the two residents of this village, Roacha Mal and Anar Singh, served the Sangat in Anand Pur Sahib. They gave them their pair of shoes. One of these shoe is with the descendent of Narayan Singh. The shoe of Guru Sahib is plain, 11 inches long and 3 inch wide. The pair of Mata Ji is 9"X3" and it is embroidered.

These shoes were kept in the Gurdwara of this village and people used to see them to get solace. Now a school is functioning in the building where children receive education. The building is beautiful and strong.



ਗੁਰਦੁਆਰਾ ਛੇਵੀਂ ਪਾਤਿਸ਼ਾਹੀ, ਨੜਾਲੀ, ਜ਼ਿਲਾ ਰਾਵਲਪਿੰਡੀ


ਜ਼ਿਲਾ ਰਾਵਲਪਿੰਡੀ ਤਹਿਸੀਲ ਗੁਜਰੱਖਾ ਥਾਣਾ ਜਾਤਰੀ ਦਾ ਇੱਕ ਪਿੰਡ ਜੋ ਰੇਲਵੇ ਸਟੇਸ਼ਨ ਦੌਲਤਾਲਾ ਤੋਂ ਛੇ ਮੀਲ ਦੱਖਣ ਪੱਛਮ ਵੱਲ ਹੈ, ਇਸ ਪਿੰਡ ਨੂੰ ਗੁਜਰੱਖਾ ਤੋਂ ਵੀ ਪੱਕੀ ਸੜਕ ਜਾਦੀ ਹੈ । ਮੰਦਰਾ ਤੋਂ ਦੋਲਤਾਲਾ ਰਾਹੀ ਵੀ ਅੱਪੜਿਆ ਜਾ ਸਕਦਾ ਹੈ । ਇਸ ਪਿੰਡ ਵਿੱਚ ਸ੍ਰੀ ਗੁਰੂ ਹਰਿਗੋਬਿੰਦ ਜੀ ਦਾ ਗੁਰਦੁਆਰਾ ਹੈ । ਇੱਥੇ ਭਾਈ ਹਰਬੰਸ ਜੀ ਤਪਾ ਗੁਰੂ ਜੀ ਦੇ ਸਿੱਖ ਸਨ । ਉਹਨਾਂ ਦਾ ਪ੍ਰੇਮ ਵੇਖ ਕੇ ਮਾਨਸਹਿਰੇ ਤੋਂ ਆਉਂਦੇ ਹੋਏ ਸਤਿਗੁਰੂ ਜੀ ਇੱਥੇ ਬਿਰਾਜੇ । ਇਹ ਗੁਰਦੁਆਰਾ ਪਹਿਲਾ ਤਪਾ ਹਰਬੰਸ ਜੀ ਦੇ ਨਾਂ ਤੋਂ ਪ੍ਰਸਿੱਧ ਸੀ, ਫਿਰ ਛੇਵੇਂ ਪਾਤਿਸ਼ਾਹ ਦਾ ਗੁਰਦੁਆਰਾ ਮਸ਼ਹੂਰ ਹੋਇਆ, ਇਸ ਦਾ ਦਲਾਨ ਬਹੁਤ ਹੀ ਸੁੰਦਰ ਹੈ । ਉਸ ਅੱਗੇ ਇੱਕ ਵਿਸ਼ਾਲ ਸਰੋਵਰ ਹੈ । ਇਸ ਸਰੋਵਰ ਦੀ ਸੇਵਾ ਸਰਦਾਰ ਹਰਨਾਮ ਸਿੰਘ, ਅਸਿਸਟੈਂਟ ਸੁਪਰੀਟੈਂਡਟ ਸਰਵੇ ਨੇ ੧੫ ਹਾੜ ਸੰਮਤ ੧੯੮੬, ਪਹਿਲੀ ਜੁਲਾਈ ੧੯੨੯ ਨੂੰ ਕਰਵਾਈ । ਸਰੋਵਰ ਦੀ ਪੂਰਬੀ ਨੁੱਕਰ ਉੱਤੇ ਇੱਕ ਬਹੁਤ ਵੱਡਾ ਬੋਹੜ ਦਾ ਬ੍ਰਿਛ ਹੈ ਜੋ ਉਹਨਾਂ ਸਮਿਆਂ ਦਾ ਹੈ । ਬੋਹੜ ਦੇ ਰੁੱਖ ਥੱਲੇ ਹੀ ਭਾਈ ਹਰਬੰਸ ਸਿੰਘ ਜੀ ਦੀ ਸਮਾਧ ਮੰਦਰ ਵਾਗ ਬਣੀ ਹੈ । ਹੁਣ ਸਰੋਵਰ ਸੁੱਕਾ ਹੋਇਆ ਹੈ । ਦਲਾਨ ਵਾਲੇ ਮਕਾਨਾਂ ਵਿੱਚ ਪ੍ਰਚੂਨ ਦੀਆ ਹੱਟੀਆਂ ਹਨ ਅਤੇ ਗੁਰਦੁਆਰਾ ਸਾਹਿਬ ਅੰਦਰ ਕਸ਼ਮੀਰੀ ਪਰਿਵਾਰ ਰਹਿੰਦਾ ਹੈ ।

گردوارا چھیویں پاتشاہی نڑالی، ضلع راولپنڈی

ضلع راولپنڈی تحصیل گوجر خاں تھانا جاتری دا اِک پِنڈ جو ریلوے سٹیشن دولتالا توں چھے میل دکھن پچھم ہے. ایس پِنڈ نُوں گوجر خاں توں وی پکی سڑک جاندی ہے. مندرا توں دولتالا راہیں وی اپڑیا جا سکدا ہے. ایس پِنڈ وچ ست گر ہرگوبند صاحب جی دا گردوارا ہے. ایتھے بھائی ہربنس جی تپا گرو جی دے سکھ سن. اوہناں دا پریم ویکھ کے مانسہرے توں آندے ہوئے ست گر جی ایتھے وِراجے ہن. ایہ گردوارا پہلوں تپا ہربنس جی دے نام توں پرسدھ سی. فیر چھیویں پاتشاہ جی دا گردوارا مشہور ہویا. ایس دا دالان بہُت ہی سُندر ہے. اوس اگے اِک وشال سروور ہے. ایس سروور دی سیوا سردار ہرنام سنگھ اسسٹنٹ سپرنٹنڈنٹ سروے نے 15 ہاڑ سمت 1986 بہ مطابق پہلی جولائی 1929ء نُوں کروائی. سروور دی پوربی نُکر اُتے اِک وڈا بوڑھ دا بِرچھ ہے جو اوہناں ہی سمیاں دا ہے. بوڑھ دے تھلے ہی بھائی ہربنس جی دی سمادھ مندر وانگ بنی ہوئی ہے. ہُن سروور سُکا ہویا ہے. دالان والے مکاناں وچ پرچون دیاں ہٹیاں ہن تے گردوارا صاحب اندر کشمیری پروار رہندا ہے.

GURDWARA SIXTH GURU AT NARALI DISTRICT RAWALPINDI

There is a village, Narali, in P.S Jatri of Tehsil Gujar Khan of Rawalpindi district which is six miles southwest of Daultala railway station. A metalled road leads to this village from Gujar Khan. It can also be approached from Mandra via Daultala. Gurdwara Sat Guru Hargobind Sahib is located in this village. The father of Bhai Harbans Singh Ji was a Sikh of the Guru and in response to his love and affection Guru Dev Ji stayed here while coming from Mansehra. This gurdwara was earlier known as Tapa Harbans Ji and later became famous as the Gurdwara of Sixth Patshah. Its veranda is very beautiful and there is a very big tank a little farther from here. This tank was repaired by Sardar Harnam Singh, Assistant Superintendent (Survey) on 15th Har Samvat 1986 (1st July 1929 AD). There is a big banyan tree in the eastern corner of this tank which belongs to that period. The samadh of Bhai Harbans Singh is built like a temple under this banyan tree. The tank is dry now and shops have been established in the rooms along the veranda and a Kashmiri family lives inside the Gurdwara Sahib.



ਗੁਰਦੁਆਰਾ ਛੇਵੀਂ ਪਾਤਿਸ਼ਾਹੀ, ਬਜ਼ੁਰਗਵਾਲ, ਗੁਜਰਾਤ

ਬਜ਼ੁਰਗਵਾਲ ਨਾਮੀ ਇਹ ਪਿੰਡ ਗੁਜਰਾਤ ਭਿੰਬਰ ਰੋਡ ਉੱਤੇ ਹੈ । ਗੁਜਰਾਤ ਤੋਂ ਇਸ ਪਿੰਡ ਦੀ ਵਾਟ ੨੪ ਕਿਲੋਮੀਟਰ ਹੈ । ਰੇਲਵੇ ਸਟੇਸ਼ਨ ਤੇ ਤਹਿਸੀਲ ਨਗਰ ਲਾਲਾ ਮੂਸਾ ਹੈ । ਲਾਲਾ ਮੂਸਾ ਤੋਂ ਵੀ ਇਸ ਪਿੰਡ ਨੂੰ ਜਾਇਆ ਜਾ ਸਕਦਾ ਹੈ । ਇਸ ਪਿੰਡ ਅੰਦਰ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦਾ ਗੁਰਦੁਆਰਾ ਸਾਹਿਬ ਹੈ । ਆਪ ਕਸ਼ਮੀਰ ਤੋਂ ਗੁਜਰਾਤ ਆਉਂਦੇ ਹੋਏ ਇੱਥੇ ਬਿਰਾਜੇ ਸਨ ।

ਇਸ ਪਿੰਡ ਅੰਦਰ ਤਿੰਨ ਗੁਰਦੁਆਰੇ ਸਨ, ਹੁਣ ਕੋਈ ਇੱਕ ਵੀ ਸਬੂਤਾ ਨਹੀਂ ਹੈ । ਬਾਕੀ ਦੋ ਗੁਰਦੁਆਰਿਆਂ ਦੇ ਨਾਮ ਨਿਸ਼ਾਨ ਤਾਂ ਉੱਕਾ ਹੀ ਮਿਟ ਚੁੱਕੇ ਹਨ ਜਦਕਿ ਇਸ ਇਤਿਹਾਸਕ ਅਸਥਾਨ ਦੇ ਕੁਝ ਨਿਸ਼ਾਨ ਬਾਕੀ ਹਨ । ਇਹਨਾ ਨੂੰ ਵੇਖ ਕੇ ਤੁਸੀਂ ਬਿਨਾ ਦੱਸੇ ਇਸ ਨੂੰ ਗੁਰਦੁਆਰਾ ਨਹੀਂ ਕਹਿ ਸਕਦੇ । ਮਹਾਰਾਜਾ ਰਣਜੀਤ ਸਿੰਘ ਵੱਲੋਂ ੩੦੦ ਰੁਪਈਆ ਸਾਲਾਨਾ ਜਾਗੀਰ ਇਸ ਗੁਰਦੁਆਰੇ ਦੇ ਨਾਮ ਹੈ ।

گردوارا چھیویں پاتشاہی بزرگ وال گجرات


بزرگ وال نامی ایہ پِنڈ گجرات بھمبر روڈ اُتے ہے. گجرات توں اس پِنڈ دی واٹ 24 کلو میٹر ہے. ریلوے سٹیشن لالا موسیٰ ہے. لالا موسیٰ توں وی اس پِنڈ نوں جایا جاسکدا ہے. اس پِنڈ اندر گرو ہرگوبند جی دا گردوارا صاحب ہے. آپ کشمیر توں گجرات آوندے ہوئے ایتھے وراجے ہن.
ایس پِنڈ اندر تِن گردوارے سن، ہُن کوئی اِک وی ثبوتا نہیں باقی دو گردواریاں دے تاں اکا نام ہی مٹ چکے ہن جد کہ اوس اتہاسک استھان دے کجھ نشان باقی ہن. ایہناں نوں ویکھ کے تسِیں بنا دسے ایس نُوں گردوارا نہیں کہ سکدے.
مہاراجا رنجیت سنگھ جی ولوں تِن سو رپئے سالانا جاگیر اس گردوارے دے ناں ہے.

GURDWARA SIXTH GURU AT BUZURGWAL DISTRICT GUJRAT

This village going by the name of Bazurgwal is located on the Gujrat-Bhimber road at a distance of about 24 kilometers from Gujrat. Lala Musa is its railway station and tehsil headquarter. The village can be approached from here. There is a Gurdwara of Guru Hargobind Ji in this village. He had stayed in this village while he was coming to Gujrat from Kashmir

There used to be three Gurdwaras in this village but none of them survived undamaged. Two have been wiped out completely while some marks of this historic place remain but you cannot say that its a Gurdwara until the same is specifically pointed out.

An estate with an income of Rs 300 per annum has been granted to the Gurdwara by Maharaja Ranjit Singh.



ਗੁਰਦੁਆਰਾ ਛੇਵੀਂ ਪਾਤਿਸ਼ਾਹੀ, ਗੁਜਰਾਤ

ਮੀਰੀ ਪੀਰੀ ਦੇ ਪਾਤਿਸ਼ਾਹ ਸ੍ਰੀ ਗੁਰੂ ਹਰਿਗੋਬਿੰਦ ਜੀ ਕਸ਼ਮੀਰ ਤੋਂ ਮੁੜਦੇ ਇਸ ਥਾਂ ਬਿਰਾਜੇ । ਇਹ ਅਸਥਾਨ ਕਾਬਲੀ ਦਰਵਾਜ਼ੇ ਦੇ ਅੰਦਰ ਹੈ । ਇਸ ਅਸਥਾਨ ਨੂੰ ਕੁਝ ਇਤਿਹਾਸਕਾਰਾਂ ਨੇ " ਹਵੇਲੀ ਛੇਵੀਂ ਪਾਤਿਸ਼ਾਹੀ " ਕਰਕੇ ਵੀ ਲਿਖਿਆ ਹੈ । ਇਸ ਦੀ ਇਮਾਰਤ ਬਹੁਤ ਸੁੰਦਰ ਬਣੀ ਹੋਈ ਹੈ । ਇਸ ਵੇਲੇ ਇਸ ਵਿੱਚ ਬਹੁਤ ਸਾਰੇ ਸ਼ਰਨਾਰਥੀਆ ਦੇ ਘਰ ਆਬਾਦ ਹਨ । ਲੋਕਾਂ ਨੇ ਆਪੋ ਆਪਣੀ ਲੋੜ ਮੂਜਬ ਵਾਧੇ ਘਾਟੇ ਕਰ ਲਏ ਹਨ । ਇਸ ਦਾ ਕਿਰਾਇਆ ਮਹਿਕਮਾ ਔਕਾਫ ਲੈਂਦਾ ਹੈ ।

ਇਸ ਸ਼ਹਿਰ ਦੇ ਅੰਦਰ ਮੁਸਲਮਾਨ ਸੂਫੀ ਹਜ਼ਰਤ ਸ਼ਾਹ ਦੌਲਾ ਜੀ ਦਾ ਮਜ਼ਾਰ ਵੀ ਹੈ । ਭਾਈ ਗੜੀਏ ਦਾ ਇਹਨਾ ਨਾਲ ਮਿਲਾਪ ਹੋਇਆ, ਉਹਨਾਂ ਤੋਂ ਆਪ ਨੇ ਸੁਖਮਨੀ ਸਾਹਿਬ ਦਾ ਪਾਠ ਸੁਣਿਆ । ਮਗਰੋਂ, ਛੇਵੇਂ ਪਾਤਿਸ਼ਾਹ ਜੀ ਨਾਲ ਵੀ ਆਪ ਜੀ ਦੀ ਮਿਲਣੀ ਹੋਈ । ਸ਼ਾਹ ਦੌਲਾ ਜੀ ਨੇ ਗੁਰੂ ਗੋਬਿੰਦ ਸਿੰਘ ਜੀ ਨੂੰ ਸੌ ਤੋਲੇ ਸੋਨਾ ਭੇਟ ਕੀਤਾ ਜੋ ਸਭ ਕੁਝ ਤਵਾਰੀਖ ਦਾ ਭਾਗ ਹੈ । ਸ਼ਾਹ ਦੌਲਾ ਜੀ ਦਾ ਮਜ਼ਾਰ ਗੁਰਦੁਆਰਾ ਸਾਹਿਬ ਤੋਂ ਨੇੜੇ ਹੀ ਹੈ ।

گردوارا چھیویں پاتشاہی، گجرات

میری پیری دے پاتشاہ گرو ہرگوبند جی کشمیر توں مُڑدے ہوئے ایس تھاں ویراجے. ایہ استھان کابلی دروازے دے اندر ہے. ایس استھان نوں کجھ اتہاس کاراں "حویلی چھیویں پاتشاہی" کر کے وی لکھیا ہے. ایس دی عمارت بہُت سُندر بنی ہوئی ہے. ایس ویلے ایس وچ بہُت سارے شرنارتھیاں دے گھراباد ہن. لوکاں آپو اپنی لوڑ موجب وادھے گھاٹے کر لئے ہن. ایس دا کرایا محکما اوقاف لیندا ہے.

ایس شہر اندر مسلمان صوفی حضرت شاہ دولا جی دا مزار وی ہے. بھائی گڑیئے دا ایہناں نال ملاپ ہویا. اوہناں توں آپ نے سکھمنی صاحب دا پاٹھ سنیا مگروں چھیویں پاتشاہ جی نال وی آپ دی ملنی ہوئی. شاہ دولا جی نے گرو گوبند سنگھ جی نوں سو تولے سونا بھینٹ کیتا جو سبھ کجھ تاریخ دا بھاگ ہے. شاہ دولا جی دا مزار گردوارا چھیویں پاتشاہی توں نیرت ہی ہے.

GURDWARA 6TH GURU, GUJRAT CITY

The Patshah of Meeri and Piri Secular and Temporal Guru Hargobind Ji stayed in this place while on his way back from Kashmir. The place is located inside Kabuli Gate. Some chroniclers have also used the name of "Haveli Chhenvi Patshahi" (Mansion of the 6th king) for this place. The building is elegantly built and presently it is occupied by refugees. These people have made alterations in the building to suit their requirements. Rent is collected by the Waqf Board.

The Shrine of Shah Daula Ji is also located in this city. Bhai Gadiya met him. Shah Daula listened to the recitation of Sukhmani Sahib from him. Later Shah Ji met sixth Patshahi and made a presentation of 100 tolas of gold to Guru Gobind Singh, which is a part of history. The Shrine of Shah Daula Ji is close to Gurdwara of 6th Patshahi.



ਗੁਰੂ ਕੋਠਾ ਵਜ਼ੀਰਾਬਾਦ, ਜ਼ਿਲਾ ਗੁੱਜਰਾਂਵਾਲਾ


ਵਜ਼ੀਰਾਬਾਦ ਜ਼ਿਲਾ ਗੁਜਰਾਂਵਾਲਾ ਦਾ ਤਹਿਸੀਲ ਪ੍ਰਧਾਨ ਨਗਰ ਹੈ । ਇਸ ਸ਼ਹਿਰ ਵਿੱਚ ਸ੍ਰੀ ਗੁਰੂ ਹਰਿਗੋਬਿੰਦ ਜੀ ਦਾ ਪਾਵਨ ਅਸਥਾਨ " ਗੁਰੂ ਕੋਠਾ " ਕਰਕੇ ਮਸ਼ਹੂਰ ਹੈ । ਆਪ ਕਸ਼ਮੀਰ ਤੋਂ ਮੁੜਦੇ ਹੋਏ, ਆਪਣੇ ਇੱਕ ਪ੍ਰੇਮੀ ਭਾਈ ਖੇਮ ਚੰਦ ਜੀ ਦੇ ਘਰ ਠਹਿਰੇ, ਜਿੱਥੇ ਬਾਅਦ ਵਿੱਚ ਗੁਰਦੁਆਰਾ ਉਸਾਰਿਆ ਗਿਆ । ਇਹ ਇੱਕ ਬਹੁਤ ਹੀ ਸੁੰਦਰ ਇਮਾਰਤ ਸੀ । ਹੁਣ ਚੋਖਾ ਹਿੱਸਾ ਢਹਿ ਚੁੱਕਾ ਹੈ । ਗੁਰਦੁਆਰਾ ਸਾਹਿਬ ਅੰਦਰ ਸ਼ਰਨਾਰਥੀਆਂ ਦੇ ਘਰ ਆਬਾਦ ਹਨ । ਗੁਰਦੁਆਰੇ ਦੇ ਨਾਂ ੧੩ ਘੁਮਾਉਂ ਜ਼ਮੀਨ ਜ਼ਰਈ ਹੈ । ਇੱਕ ਸੁੰਦਰ ਤੇ ਵਿਸ਼ਾਲ ਤਲਾਬ ਇਸ ਦੀ ਸੁੰਦਰਤਾ ਵਿੱਚ ਵਾਧਾ ਕਰਦਾ ਹੈ । ਬਸੰਤ ਪੰਚਮੀ ਅਤੇ ਦਿਵਾਲੀ ਨੂੰ ਮੇਲਾ ਜੁੜਦਾ ਸੀ । ਹੁਣ ਵਿਸਾਖੀ ਉੱਤੇ ਨਿੱਕਾ ਜਿਹਾ ਮੇਲਾ ਇਸ ਸ਼ਹਿਰ ਦੇ ਮੁਸਲਮਾਨ ਵਸਨੀਕ ਕਰਦੇ ਹਨ ।

گرو کوٹھا وزیر آباد ضلع گجرانوالا

وزیر آباد ضلع گجرانوالا دا پردھان نگر ہے. ایس شہر وچ گرو ہرگوبند جی دا پاون استھان "گرو کوٹھا" کر کے مشہور ہے. آپ کشمیر توں مڑدے ہوئے اپنے اِک پریمی بھائی کھیم چند جی دے گھر ٹھہرے. جتھے بعد وچ گردوارا صاحب اُسارے گئے. ایہ اِک بہُت ہی سُندر عمارت سی. ہُن چوکھا حِصا ڈھے چکا ہے. گردوارا صاحب اندر شرنارتھیاں دے گھر اباد ہن. گردوارے دے ناں 13 گھماؤں زمین زرعی ہے. اِک سُندر تے وشال تالاب ایس دی سُندرتا وچ وادھا کردا ہے. بسنت پنچمی اتے دیوالی نوں میلا جڑدا سی. ہُن وساکھی اُتے نکا جہیا میلا ایس شہر دے مسلمان وسنیک کردے ہن.

GURDWARA GURU KOTHA WAZIRABAD DISTRICT GUJRANWALA

Wazirabad is a leading town of Gujranwala district and Guru Kotha, the sacred place named after Guru Hargobind Ji, is located in this town on his way back from Kashmir. He stayed at the house of one of his devotees by the name of Bhai Khem Chand Ji. A Gurdwara sahib was built here later. Once it was a beautiful building but its major portion has collapsed now and premises is occupied by refugees. 13 acres of agricultural land is endowed in the name of Gurdwara. A large and beautiful water tank adds to the scenic beauty of Gurdwara. Basant Panchami and Diwali fairs used to be held regularly, Now a mini Visakhi fair is arranged by the Muslims of the town.



ਗੁਰਦੁਆਰਾ ਛੇਵੀਂ ਪਾਤਿਸ਼ਾਹੀ ਰਸੂਲ ਨਗਰ (ਰਾਮ ਨਗਰ)

ਰਸੂਲ ਨਗਰ ਨਾਮੀ ਬਹੁਤ ਹੀ ਇਤਿਹਾਸਕ ਕਸਬਾ ਹੈ ਜਿਹਨੂੰ ਰਾਮ ਨਗਰ ਕਰਕੇ ਵੀ ਇਤਿਹਾਸ ਅੰਦਰ ਯਾਦ ਕੀਤਾ ਜਾਂਦਾ ਹੈ, ਇਹ ਕਸਬਾ ਤਹਿਸੀਲ ਵਜ਼ੀਰ ਆਬਾਦ, ਜ਼ਿਲਾ ਗੁਜਰਾਂਵਾਲਾ ਅੰਦਰ ਚਨਾਬ ਦਰਿਆ ਦੇ ਖੱਬੇ ਕੰਢੇ ਆਬਾਦ ਹੈ । ਇਸ ਕਸਬੇ ਅੰਦਰ ਸਤਿਗੁਰੂ ਸ੍ਰੀ ਗੁਰੂ ਹਰਿਗੋਬਿੰਦ ਜੀ ਦਾ ਗੁਰਦੁਆਰਾ ਸ਼ਾਨਾਂ ਵਿਖਾ ਰਿਹਾ ਹੈ । ਛੋਟਾ ਜਿਹਾ ਦਰਬਾਰ ਬਣਿਆ ਹੋਇਆ ਹੈ ਜਿਸ ਉੱਪਰ ਸੁੰਦਰ ਗੁੰਬਦ ਅਤੇ ਸੰਗਮਰਮਰ ਦਾ ਫਰਸ਼ ਹੈ । ਕੰਧਾਂ ਉੱਪਰ ਗੁਰੂ ਗਰੰਥ ਸਾਹਿਬ ਜੀ ਦੇ ਵਾਕ ਉੱਕਰੇ ਹੋਏ ਹਨ । ਗੁਰਦੁਆਰੇ ਦੇ ਸੱਜੇ ਪਾਸੇ ਵਾਲਾ ਬੂਹਾ ਇੱਕ ਵਿਸ਼ਾਲ ਬਾਗ ਵੱਲ ਖੁਲਦਾ ਹੈ, ਜੋ ਇਸ ਦਰਬਾਰ ਦਾ ਹਿੱਸਾ ਹੈ । ਸਤਿਗੁਰੂ ਸ੍ਰੀ ਗੁਰੂ ਹਰਿਗੋਬਿੰਦ ਜੀ ਵਜ਼ੀਰ ਆਬਾਦ ਤੋਂ ਚੱਲ ਕੇ ਇੱਥੇ ਆਏ ਸਨ ਤੇ ਇੱਥੋਂ ਉੱਠ ਕੇ ਹਾਫਿਜ਼ ਆਬਾਦ ਨੂੰ ਆਪਣੇ ਚਰਨਾਂ ਦੀ ਛੋਹ ਬਖਸ਼ੀ ।

੧੯੯੨ ਦੀ ਸੌਣੀ ਵੇਲੇ ਇਸ ਦਰਬਾਰ ਦੇ ਗੁੰਬਦ ਉੱਤੇ ਅਸਮਾਨੀ ਬਿਜਲੀ ਡਿੱਗੀ, ਜਿਹਦੇ ਨਾਲ ਗੁੰਬਦ ਦਾ ਉਤਲਾ ਹਿੱਸਾ ਸੜ ਗਿਆ । ਇਸ ਵੇਲੇ ਇਸ ਦਰਬਾਰ ਦੀ ਸਰਾਂ ਅੰਦਰ ਬਹੁਤ ਸਾਰੇ ਗੁੱਜਰਾਂ ਦੇ ਘਰ ਵਸੇ ਹੋਏ ਹਨ ।

گردوارا چھیویں پاتشاہی رسول نگر (رام نگر)

رسول نگر نامی بہت ہی اتہاسک قصبا ہے جہنوں رام نگر کر کے وی اتہاس اندر یاد کیتا جاندا ہے. ایہ قصبا تحصیل وزیر آباد ضلع گجرانوالا اندر دریا چناب دے کھبے کنڈھے آباد ہے. اِس قصبے اندر ست گر ہرگوبند جی دا گردوارا شاناں وکھا رہیا ہے. چھوٹا جہیا دربار بنیا ہویا ہے. جِس اُپر سُندر گنبد اَتے سنگ مرمر دا فرش ہے. کندھاں اُپر گروگرنتھ صاحب جی دے واک اُکرے ہوئے ہن. گردوارے دا سجے پاسے والا بوہا اِک وشال باغ ول کھلدا ہے جو اِس دربار دا حِصا ہے. ست گر ہرگوبند جی وزیر آباد توں چل کے ایتھے آئے سن اَتے ایتھوں اُٹھ کے حافظ آباد نوں اپنے چرناں دی چھوہ بخشی ہے.

1992ء دی سونْی ویلے اِس دربار دے گنبد اُتے اسمانی بجلی ڈِگی جہدے نال گنبد دا اُتلا حصا سڑ گیا. اِس ویلے اِس دربار دی سراں اندر بہت سارے گجراں دے گھر وسے ہوئے ہن.

GURDWARA SIXTH GURU AT RASUL NAGAR DISTRICT GUJRANWALA

Rasul Nagar is a very historic town which is referred in history by the name of Ram Nagar. It is situated on the left bank of River Chenab in Tehsil Wazirabad of Gujranwala district. A Gurdwara of Sat Gur Hargobind Ji is displaying its splendour inside this town. A small darbar has been built. The top is a beautiful dome and the floor is done in marble. Verses of Garanth Sahib are written on the walls. The right hand door of the Gurdwara opens in a big garden which is a part of this darbar. Sat Gur Hargobind Ji came to this place from Wazirabad and had graced Hafizabad after leaving this place.

The top of the cupola of the shrine was burnt in 1992 when the lightening struck the dome of this darbar during monsoon. Many Gujjar families have settled in the inn of the Gurdwara.



ਗੁਰਦੁਆਰਾ ਛੇਵੀਂ ਪਾਤਸ਼ਾਹੀ, ਹਾਫਿਜ਼ਆਬਾਦ ਸ਼ਹਿਰ


ਇਹ ਇਤਿਹਾਸਕ ਅਸਥਾਨ ਜਿਹਨੂੰ ਰੂੜੀ ਸਾਹਿਬ ਅਤੇ ਕਿੱਲਾ ਸਾਹਿਬ ਕਰ ਕੇ ਵੀ ਜਾਣਿਆ ਜਾਂਦਾ ਹੈ । ਹਾਫਿਜ਼ਆਬਾਦ ਸ਼ਹਿਰ ਅੰਦਰ ਮੁਹੱਲਾ ਗੁਰੂ ਨਾਨਕ ਪੁਰੇ ਵਿੱਚ ਸਥਿੱਤ ਹੈ । ਇਸ ਅਸਥਾਨ ਨੂੰ ਇਹ ਮਾਣ ਪ੍ਰਾਪਤ ਹੈ ਕਿ ਮੀਰੀ ਪੀਰੀ ਦੇ ਪਾਤਿਸ਼ਾਹ ਸਤਿਗੁਰੂ ਸ੍ਰੀ ਗੁਰੂ ਹਰਗੋਬਿੰਦ ਜੀ ਕਸ਼ਮੀਰ ਤੋਂ ਮੁੜਦੇ ਹੋਏ ਰਸੂਲ ਨਗਰ ਤੋਂ ਚੱਲ ਕੇ ਇੱਥੇ ਬਿਰਾਜੇ । ਜਿਸ ਥਾਂ ਆਪ ਜੀ ਨੇ ਘੋੜਾ ਬੰਨ੍ਹਿਆ, ਉਸ ਨੂੰ ਕਿੱਲਾ ਸਾਹਿਬ ਅਤੇ ਜਿੱਥੇ ਆਪ ਜੀ ਨੇ ਅਰਾਮ ਫਰਮਾਇਆ, ਉਸ ਨੂੰ ਰੂੜੀ ਸਾਹਿਬ ਕਿਹਾ ਜਾਣ ਲੱਗਾ । ਕੁਝ ਚਿਰ ਇਹ ਅਸਥਾਨ ਕੱਚਾ ਰਿਹਾ, ਫਿਰ ਸੰਗਤਾ ਨੇ ਇਹਨੂੰ ਪੱਕਾ ਕਰ ਕੇ ਬਣਵਾ ਦਿੱਤਾ । ਇਸ ਪਾਵਨ ਅਸਥਾਨ ਦੇ ਨਾ ੪੦ ਘੁਮਾਉ ਜਮੀਨ ਹਾਫਿਜ਼ਆਬਾਦ ਵਿੱਚ ਅਤੇ ੨੮ ਘੁਮਾਉਂ ਜਮੀਨ ਪਿੰਡ ਬਟੇਰੇ ਵਿੱਚ ਸਿੱਖ ਰਾਜ ਦੀ ਹੈ । ਇਸ ਤੋਂ ਬਿਨਾਂ ਇੱਥੋਂ ਦੇ ਕਪੂਰ ਪ੍ਰਵਾਰ ਵੱਲੋਂ ਵੀ ਚੋਖੀ ਜਾਗੀਰ ਦਰਬਾਰ ਦੇ ਨਾਮ ਹੈ । ਇੱਥੇ ੧੫ ਹਾੜ ਨੂੰ ਮੇਲਾ ਹੁੰਦਾ ਸੀ, ਹੁਣ ਕੁਝ ਸਾਲਾਂ ਤੋਂ ਦਰਬਾਰ ਅੰਦਰ ਇੱਕ ਕਬਰ ਬਣਾ ਦਿੱਤੀ ਗਈ ਹੈ, ਇਸ ਅੰਦਰ ਕੋਈ ਵੀ ਮਨੁੱਖ ਦਫਨ ਨਹੀਂ ਹੈ, ਇਹ ਖਾਲੀ ਕਬਰ ਹੈ, ਇਸ ਨੂੰ ਲਾਲਾਂ ਵਾਲੀ ਸਰਕਾਰ ਕਰਕੇ ਜਾਣਿਆ ਜਾਂਦਾ ਹੈ । ਇਸ ਪਾਰੋਂ ਮੇਲੇ ਦੀ ਰੀਤ ਵੀ ਬਣੀ ਹੋਈ ਹੈ ।

گردوارا چھیویں پاتشاہی حافظ آباد شہر

ایہ اتہاسک استھان جہنوں روڑی صاحب اَتے کِلّا صاحب کر کے وی جانیا جاندا ہے. حافظ آباد شہر اندر محلا گرونانک پورے وچ سِتھت ہے. اِس استھان نوں ایہ مان پراپت ہے کِہ ایتھے میری پیری دے پاتشاہ ست گر ہرگوبند جی کشمیر توں مڑدے ہوئے رسول نگر توں چل کے ایتھے وِراجے. جس تھاں آپ نے گھوڑا بنھیا اُس نوں کِلّا صاحب اَتے جتھے آپ نے آرام فرمایا اُس نوں روڑی صاحب کہیا جان لگا. کُجھ چر ایہ استھان کچا رہیا فیر سنگت نے ایہنوں پکا بنوا دِتا. اِس پاون استھان دے ناں 40 گھماؤں زمین حافظ آباد وچ اَتے 28 گھماؤں پنڈ بٹیرے وچ سکھ راج دی ہے. اِس توں اڈ ایتھوں دے کپور پروار ولوں وی چوکھی جاگیر دربار دے ناؤں ہے. ایتھے 15 ہاڑ نوں میلا ہوندا سی. ہُن کُجھ سالاں توں دربار اندر اِک قبر بنا دِتی گئی ہے. جس اندر کوئی وی منکھ دفن نہیں. ایہ خالی قبر ہے. اِس نوں لالاں والی سرکار کر کے جانیا جاندا ہے. اِس پاروں میلے دی ریت وی بنی ہوئی ہے.

GURDWARA SIXTH GURU AT HAFIZABAD CITY

This historic place is also known as Rori Sahib and Killa Sahib. It is situated in Mohalla Guru Nanakpur of Hafizabad City. This place holds a distinction that Patshah of Meeri and Peeri Sat Gur Hargobind Ji came here from Rasool Nagar while returning from Kashmir. The place where he took rest came to be called Rori Sahib and the spot where he tied his horse became known as Killa Sahib. For sometime it remained a mud building but afterwards Sangat built it with solid bricks. 40 ghumaon of land in Hafizabad and 28 ghumaon land in village Batera is in the name of this Gurdwara since the Sikh rule. Over and above it the Kapur family has made endowment of a considerable estate to the Gurdwara. Once a fair used to be held on 18th of Har. Since a few years a grave has been erected inside the darbar but no one is buried in it. It is an empty grave. It is called Lalan Wali Sarkar and thus the custom of holding an annual fair is maintained.



ਗੁਰਦੁਆਰਾ ਇੱਛਾ ਪਰਿਕ, ਵਿੱਨੀ, ਹਾਫਿਜ਼ਆਬਾਦ

ਵਿੱਨੀ ਜ਼ਿਲਾ ਤਹਿਸੀਲ ਤੇ ਥਾਣਾ ਹਾਫਿਜ਼ਆਬਾਦ ਦਾ ਇੱਕ ਪਿੰਡ ਹੈ । ਇਸ ਪਿੰਡ ਵਿੱਚ ਸਤਿਗੁਰੂ ਸ੍ਰੀ ਗੁਰੂ ਹਰਿਗੋਬਿੰਦ ਜੀ ਦਾ ਗੁਰਦੁਆਰਾ " ਇੱਛਾ ਪਰਿਕ " ਹੈ । ਸਤਿਗੁਰ ਜੀ ਪਿੰਡ ਵਾਸੀਆਂ ਦੇ ਪ੍ਰੇਮ ਨੂੰ ਵੇਖਦੇ ਹੋਏ ਹਾਫਿਜ਼ਆਬਾਦ ਤੋਂ ਚੱਲ ਕੇ ਇੱਥੇ ਠਹਿਰੇ ਸਨ ।

ਗੁਰਦੁਆਰਾ ਸਾਹਿਬ ਇੱਕ ਮਕਾਨ ਦੀ ਸੂਰਤ ਵਿੱਚ ਚੰਗਾ ਬਣਿਆ ਹੋਇਆ ਹੈ । ਇਸ ਦੇ ਨਾਂਉ ਥੋੜੀ ਜਿਹੀ ਜਾਗੀਰ ਇਸ ਪਿੰਡ ਵਿੱਚ ਹੈ । ਇਸ ਵੇਲੇ ਇੱਥੇ ਸ਼ਰਨਾਰਥੀ ਵਸੇ ਹੋਏ ਹਨ । ਪਹਿਲੀ ਵਿਸਾਖ ਨੂੰ ਨਿੱਕਾ ਜਿਹਾ ਮੇਲਾ ਹੁੰਦਾ ਸੀ ਜੋ ਹੁਣ ਮੁੱਕ ਗਿਆ ਹੈ ।

گردوارا اِچھا پرک وِنی حافظ آباد

وِنی ضلع تحصیل تے تھانا حافظ آباد دا اِک پِنڈ ہے. اِس پِنڈ وچ ست گر ہرگوبند جی دا گردوارا "اِچھا پرک" ہے. ست گر جی پِنڈ واسیاں دے پریم نُوں ویکھدے حافظ آباد توں چل ایتھے ٹھہرے ہن.

گردوارا صاحب اِک مکان دی صورت چنگا بنْیا ہویا ہے. اِس دے ناؤں تھوڑی جہی جاگیر اِس پِنڈ وِچ ہے. اِس ویلے ایتھے شرنارتھی وسے ہوئے ہن. پہلی وساکھ نُوں نکا جہیا میلا ہوندا سی جو ہُن مُک گیا ہے.

GURDWARA ICCHA PARAK AT VINNI IN HAFIZABAD

Vinni is a village of police station, Tehsil and district Hafizabad. "Ichcha Parak" Gurdwara of Sat Guru Hargobind Ji is in this village. Sat Guru came here for a brief visit from Hafizabad in recognition of love and affection of the villagers.

Gurdwara has been well constructed in form of a house and some land is attached to it. Presently same refugees are settled here. In the past a small fair used to be held on the first Visakhi but it is stopped now.



ਗੁਰਦੁਆਰਾ ਗੁਰੂ ਅਮਰਦਾਸ ਜੀ, ਧੁੱਨੀ (ਜ਼ਿਲਾ ਹਾਫਿਜ਼ਾਬਾਦ)

ਜ਼ਿਲਾ ਤਹਿਸੀਲ ਹਾਫਿਜ਼ਾਬਾਦ ਦਾ ਪਿੰਡ ਜੋ ਧੁੱਨੀ ਕਰਕੇ ਮਸ਼ਹੂਰ ਹੈ, ਇਸ ਪਿੰਡ ਨੂੰ ਹਾਫਿਜ਼ਾਬਾਦ ਤੋ ਪੱਕੀ ਸੜਕ ਜਾਦੀ ਹੈ, ਇਸ ਤੋ ਪਹਿਲੋ ਪਿੰਡ ਵਿੱਨੀ ਆਉਦਾ ਹੈ । ਇਸ ਵਿੱਚ ਵੀ ਗੁਰਦੁਆਰਾ ਸਾਹਿਬ ਹੈ ।

ਧੁੱਨੀ ਵਾਲੇ ਗੁਰਦੁਆਰਾ ਸਾਹਿਬ ਵਿੱਚ ਗੁਰੂ ਅਮਰਦਾਸ ਜੀ ਦੇ ਜੋੜੇ ਦਾ ਇੱਕ ਪੈਰ ਸੀ ਜੋ ੧੧ ਇੰਚ ਲੰਮਾ ਤੇ ਸਾਢੇ ਤਿੰਨ ਇੰਚ ਚੋੜਾ ਸੀ । ਭਾਈ ਚੈਨਾ ਮੱਲ (ਧੀਰੋ ਮੱਲ) ਤੀਜੇ ਗੁਰੂ ਦਾ ਪ੍ਰੇਮੀ ਸਿੱਖ ਸੀ । ਸਤਿਗੁਰੂ ਜੀ ਨੇ ਇਸ ਦੀ ਸੇਵਾ ਤੋ ਪ੍ਰਸੰਨ ਹੋ ਕੇ ਉਸ ਨੂੰ ਆਪਣਾ ਜੋੜਾ ਬਖਸ਼ਿਆ, ਜਿਸ ਦਾ ਇੱਕ ਪੈਰ ਇੱਥੇ ਅਤੇ ਇੱਕ ਪਿੰਡ ਮਦਰ, ਤਹਿਸੀਲ ਨਨਕਾਣਾ ਸਾਹਿਬ ਜ਼ਿਲਾ ਸ਼ੇਖੂਪੁਰਾ ਵਿੱਚ ਹੈ । ਹਜ਼ੀਰਾ ਦੇ ਰੋਗੀ ਇਹਨਾ ਥਾਵਾ ਵਿੱਚ ਜਾਦੇ ਤੇ ਜੋੜੇ ਨੂੰ ਗਲ ਨਾਲ ਛੁਹਾ ਕੇ ਅਰੋਗ ਹੁੰਦੇ । ਇਸ ਵੇਲੇ ਗੁਰਦੁਆਰਾ ਸਾਹਿਬ ਪਿੰਡ ਦੇ ਵਿਚਾਲੇ ਹੈ । ਹਾਲ ਕਮਰਾ ਹੈ, ਜਿਸ ਦੇ ਚਾਰ ਬੂਹੇ ਹਨ, ਇਸ ਵਿੱਚ ਹੁਣ ਅੰਬਾਲੇ ਤੋ ਆਏ ਹੋਏ ਸ਼ਰਨਾਰਥੀ ਵਸੇ ਹੋਏ ਹਨ । ਗੁਰਦੁਆਰਾ ਸਾਹਿਬ ਦੀ ਇਮਾਰਤ ਪੱਕੀ, ਫਰਸ਼ ਚਿੱਟੇ ਕਾਲੇ ਰੰਗ ਦੀਆ ਰੋਗਨੀ ਇੱਟਾ ਦਾ ਲੱਗਾ ਹੋਇਆ ਹੈ । ਛੱਤ ਕੋਈ ੧੬ ਫੁੱਟ ਉੱਚੀ ਹੈ । ਜ਼ਮੀਨ ਇਸ ਪਿੰਡ ਤੇ ਕੁਝ ਹੋਰ ਪਿੰਡਾ ਵਿੱਚ ਹੈ ।

گردوارا گرو امرداس جی ڈھنی، ضلع حافظ آباد

ضلع تحصیل حافظ آباد دا اِک پِنڈ جو ڈھنی کر کے مشہور اے. ایس پِنڈ نُوں حافظ آباد توں پکی سڑک جاندی اے. ایس توں پہلوں پِنڈ وِنی آوندا ہے. ایس وچ وی گردوارا صاحب ہے. ڈھنی والے گردوارا صاحب وچ گرو امرداس جی دے جوڑے دا اِک پَیر سی جو 11 انچ لما اتے ساڑھے 3 انچ پنجے توں چوڑا سی. بھائی چینامل (پیرو مل) تیجے گرو جی دا پرم پریمی سکھ سی. ست گر اوس دی سیوا توں پرسن ہو کے اوس نُوں اپنا جوڑا بخشیا جو اِک پَیر ایتھے اَتے اِک پِنڈ مدر تحصیل ننکانا صاحب ضلع شیخوپورا وچ سی. ہجیراں دے روگی ایہناں دوہاں تھاواں وچ جاندے جوڑے نُوں گل نال چھوہا کے اروگ ہوندے سن.

ایس ویلے گردوارا صاحب پِنڈ دے وچالے ہے. اِک ہال کمرا ہے جس دے چار بوہے ہن. ایس وچ ہُن انبالے توں آئے شرنارتھی وسے ہوئے ہن. گردوارا صاحب دی عمارت پکی، فرش چٹے کالے رنگ دِیاں روغنی ٹائلاں دا لگا ہویا ہے. چھت کوئی 16 فٹ اُچی ہے. ایس نال زمین ایس پِنڈ اتے کجھ ہور پِنڈاں وچ ہے.

GURDWARA GURU AMARDAS JI AT DHUNNI DISTRICT HAFIZABAD

A village of Tehsil and district Hafizabad is popularly known as Dhunni. A metalled road leads to Dhunni from Hafizabad. Another village by the name of Vinni precedes it. There is a Gurdwara in the village Vinni.

One shoe of Guru Amardas Ji was kept in this Gurdwara which was 11 inches long and 3.5 inches wide at the toe. Bhai Cheena Mal (Peera Mal) was a devotee and follower of the Guru Ji. Sat Gur was pleased with him and granted him one pair of his shoes. One of the shoes was kept here while the other was kept in village Madar of tehsil Nankana Sahib (Distt. Sheikhupura). People suffering from *Hajeeran* (Cervical Lymphadenopathy) used to visit both the places and touched their cheeks against the shoes to get rid of the disease.

The Gurdwara is now in the centre of the village. There is a hall which has four doors. It is presently under the occupation of refugees from Ambala. The Gurdwara is built with brick while the floors are done in black and white glazed tiles. The ceiling is sixteen feet high. The land assigned to this Gurdwara is in this village as well as in some other villages.



ਗੁਰਦੁਆਰਾ ਪਿੰਡ ਬੱਚੇ

ਬੱਚੇ ਨਾਂ ਦਾ ਇਹ ਪਿੰਡ ਜ਼ਿਲਾ ਤਹਿਸੀਲ ਥਾਣਾ ਹਾਫ਼ਿਜ਼ਾਬਾਦ ਵਿੱਚ ਰੇਲਵੇ ਸਟੇਸ਼ਨ ਕਾਲੇ ਕੇ ਤੋ ੧੦ ਕਿਲੋਮੀਟਰ ਪੂਰਬ ਵੱਲ ਹੈ। ਹਾਫ਼ਿਜ਼ਾਬਾਦ ਤੋਂ ਇਸ ਪਿੰਡ ਵਿੱਚ ਪੱਕੀ ਸੜਕ ਵੀ ਜਾਂਦੀ ਹੈ। ਇਹ ਇੱਕ ਬਹੁਤ ਹੀ ਨਿੱਕਾ ਜਿਹਾ ਪਿੰਡ ਹੈ। ਇਸ ਪਿੰਡ ਵਿੱਚ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਜੀ ਦਾ ਗੁਰਦੁਆਰਾ ਹੈ, ਗੁਰੂ ਜੀ ਵਿੰਨੀ ਤੋਂ ਚੱਲ ਕੇ ਇੱਥੇ ਆ ਕੇ ਥੋੜਾ ਸਮਾਂ ਬਿਰਾਜੇ ਤੇ ਧਰਮ ਉਪਦੇਸ਼ ਦਿੱਤਾ। ਛੋਟਾ ਜਿਹਾ ਗੁਰਦੁਆਰਾ ਬਣਿਆ ਹੋਇਆ ਸੀ ਜੋ ਕਿ ਹੁਣ ਅਲੋਪ ਹੋ ਚੁੱਕਾ ਹੈ। ਗੁਰਦੁਆਰੇ ਦੇ ਨਾਲ ਲਗਦੀ ਮਹੰਤ ਭਾਰਤੀ ਦਾਸ ਦੀ ਸਮਾਧ ਅੱਜ ਵੀ ਖਲੋਤੀ ਹੈ। ਭਾਰਤੀ ਦਾਸ ਇੱਕ ਵਾਰ ਦਸਮ ਪਾਤਿਸ਼ਾਹ ਪਾਸ ਇੱਕ ਸੁੰਦਰ ਘੋੜਾ ਲੈ ਕੇ ਹਾਜ਼ਿਰ ਹੋਇਆ ਸੀ। ਗੁਰੂ ਜੀ ਨੇ ਪ੍ਰਸੰਨ ਹੋ ਕੇ ਉਸ ਨੂੰ ਇੱਕ ਦਸਤਾਰ ਤੇ ਗੁਰੂ ਗਰੰਥ ਸਾਹਿਬ ਜੀ ਬਖਸ਼ੇ ਜੋ ੧੯੪੭ ਤੱਕ ਇੱਥੇ ਬਿਰਾਜਮਾਨ ਰਹੇ। ਸ਼ਰਧਾਲੂ ਦੂਰ ਦੂਰ ਤੋਂ ਉਹਨਾਂ ਦੇ ਦਰਸ਼ਨਾਂ ਨੂੰ ਆਉਂਦੇ ਸਨ।

ਵਿਸਾਖੀ ਤੇ ਇਕਾਦਸ਼ੀ ਨੂੰ ਮੇਲਾ ਜੁੜਦਾ ਸੀ। ਇਸ ਗੁਰਦੁਆਰੇ ਦੇ ਨਾਮ ੧੧੦ ਮੁਰੱਬੇ ਜ਼ਮੀਨ ਹੈ। ਜਿਹਦੇ ਵਿੱਚ ੪੦ ਮੁਰੱਬੇ ਮਹਾਰਾਜਾ ਰਣਜੀਤ ਸਿੰਘ ਵੱਲੋਂ ਲੰਗਰ ਲਈ ਦਿੱਤੇ ਹੋਏ ਹਨ।

گردوارا پنڈ بچے

بچے ناں دا ایہ پنڈ ضلع تحصیل تھانا حافظ آباد وچ ریلوے سٹیشن کالے کے توں 10 کلومیٹر پورب ول ہے. حافظ آباد توں اِس پنڈ وچ پکی سڑک وی جاندی ہے. ایہ اِک بہُت ہی نِکا جیہا پنڈ ہے. اِس پنڈ وچ گرو ہر گوبند جی دا گردوارا ہے. گرو جی وِنی توں چل ایتھے آئے. تھوڑا سماں وِراجے دھرم اُپدیش دِتا. چھوٹا جیہا گردوارا بنْیا ہویا سی جو ہُن الوپ ہو چکیا ہے. گردوارے دے نال لگدی مہنت بھارتی داس جی دی سمادھ اَج وی کھلوتی ہے. بھارتی داس اِک وار دسم پاتشاہ جی پاس سُندر گھوڑا لے کے حاضر ہویا. گرو جی نے پرسن ہو کے اُس نُوں اِک دستار اَتے گرو گرنتھ صاحب جی بخشے جو 1947ء تیک ایتھے براجمان رہے. شردھالو دُور دُور توں اوہناں دے درشناں نُوں آوندے سن.

وساکھی اتے ایکادشی نُوں میلا جُڑدا سی. اِس گردوارے دے ناں 110 مربعے زمین ہے جِہدے وچوں 40 مربعے مہاراجا رنجیت سنگھ ولوں لنگر واسطے دِتے ہوئے ہن.

GURDWARA SIXTH GURU AT BACCHE DISTRICT HAFIZABAD

This village called Bacche is within P.S., Tehsil and district Hafizabad. It is ten kilometer east of Kaleke railway station. A metalled road also leads to the village from Hafizabad. This is a tiny village. There is a Gurdwara of Guru Hargobind Ji in this village. Sat Guru walked to this village from Vinni and preached Sikh religion for some time. A small Gurdwara was built which has fallen apart now.

The Samadh of Mahant Bharti Das adjacent to Gurdwara stands todate. Bharti Das once went to the 10th Patshah and presented him with a beautiful horse. Guru Ji was pleased and bestowed him with his "dastar" (turban) and a copy of Guru Granth Sahib Ji. Both relics remained here upto 1947. Pilgrims used to come from far afar to see them.

Visakhi and Ekadshi fairs used to be held. 110 squares of land is attached to the shrine out of which 40 squares were gifted by Maharaja Ranjit Singh for the management of Langarkhana.



ਗੁਰਦੁਆਰਾ ਖਾਰਾ ਸਾਹਿਬ, ਭਾਈ ਕੇ ਮੱਟੂ, ਜ਼ਿਲਾ ਗੁੱਜਰਾਂਵਾਲਾ

ਭਾਈ ਕੇ ਮੱਟੂ ਨਾਮੀਂ ਪਿੰਡ ਜ਼ਿਲਾ ਤੇ ਤਹਿਸੀਲ ਗੁਜਰਾਂਵਾਲਾ ਥਾਣਾ ਨੌਸ਼ਿਹਰਾ ਵਿਰਕਾ ਤੋਂ ਨੇੜੇ ਕੋਈ ਦੋ ਕਿਲੋਮੀਟਰ ਦੱਖਣ ਪੂਰਬ ਵੱਲ ਹੈ । ਇਸ ਪਿੰਡ ਵਿੱਚ ਵੜਨ ਤੋਂ ਪਹਿਲਾਂ ਹੀ ਗੁਰਦੁਆਰਾ ਖਾਰਾ ਸਾਹਿਬ ਹੈ ।

ਛੇਵੇ ਪਾਤਿਸ਼ਾਹ ਸ੍ਰੀ ਗੁਰੂ ਹਰਿਗੋਬਿੰਦ ਜੀ ਜਦ ਇਸ ਥਾਂ ਤੇ ਬਿਰਾਜੇ ਤਾਂ ਇੱਕ ਆਦਮੀ ਮੱਥਾ ਟੇਕ ਕੇ ਆਪ ਦੇ ਪਾਸ ਬਹਿ ਗਿਆ । ਉਸ ਦੀਆਂ ਮੁੱਛਾਂ ਤੰਮਾਕੂ ਪੀ ਪੀ ਕੇ ਪੀਲੀਆਂ ਹੋ ਗਈਆਂ ਸਨ । ਗੁਰੂ ਜੀ ਨੇ ਉਸਤੋਂ ਉਹਦਾ ਨਾਂ ਪੁੱਛਿਆ ਤਾ ਉਸ ਨੇ ਉੱਤਰ ਦਿੱਤਾ ਕਿ ਮੇਰਾ ਨਾਮ ਹਰਿਗੋਬਿੰਦ ਹੈ । ਸਤਿਗੁਰੂ ਜੀ ਨੇ ਆਖਿਆ ਕਿ ਭਾਈ ਇਹ ਨਾਮ ਰੱਖ ਕੇ ਫਿਰ ਤੰਮਾਕੂ ਪੀਣ ਦਾ ਕੁਕਰਮ ਕਿਉਂ ਕਰਦਾ ਹੈ ਤਾਂ ਉਸ ਨੇ ਅੱਗੇ ਤੋਂ ਤੰਮਾਕੂ ਪੀਣਾ ਛੱਡ ਦਿੱਤਾ । ਪਿੱਛਲੀ ਭੁੱਲ ਤੇ ਮੁਆਫੀ ਮੰਗ ਕੇ ਉਹ ਗੁਰੂ ਜੀ ਦਾ ਸਿੱਖ ਹੋਇਆ ।

ਗੁਰਦੁਆਰਾ ਸਾਹਿਬ ਦੀ ਇਮਾਰਤ ਬਹੁਤ ਸੁੰਦਰ ਬਣੀ ਹੋਈ ਹੈ । ਫਰਸ਼ ਉੱਤੇ ਚਿੱਟੇ ਕਾਲੇ ਰੰਗ ਦੀਆਂ ਟਾਇਲਾਂ ਲੱਗੀਆਂ ਹੋਈਆਂ ਹਨ । ਇਮਾਰਤ ਦੇ ਅੰਦਰ ਬਾਹਿਰ ਸੋਹਣੀ ਫੁਲਕਾਰੀ ਹੋਈ ਹੈ । ਛੱਤ ਉੱਤੇ ਵੇਲ ਬੂਟੇ ਬਣੇ ਹੋਏ ਹਨ । ਕੰਧਾਂ ਉੱਤੇ ਸੇਵਾ ਕਰਨ ਵਾਲਿਆਂ ਦੀਆਂ ਅਨੇਕਾਂ ਟਾਇਲਾਂ ਲੱਗੀਆਂ ਹੋਈਆਂ ਹਨ । ਜਿਹਨਾਂ ਤੋਂ ਪਤਾ ਲਗਦਾ ਹੈ ਕਿ ਇਹ ਇਮਾਰਤ ਸੰਮਤ ੧੯੯੦ ਵਿੱਚ ਬਣੀ । ਸਤ ਸਾਉਣ ਨੂੰ ਮੇਲਾ ਹੁੰਦਾ ਸੀ ।

گردوارا کھارا صاحب بھائی کے مٹو ضلع گجرانوالا

بھائی کے مٹو نامی پنڈ ضلع تے تحصیل گجرانوالا تھانا نوشہرا ورکاں توں نیڑے کوئی دو کلو میٹر دکھن پورب ول ہے. اس وچ وڑن توں پہلوں ہی گردوارا کھارا صاحب ہے. چھیویں پاتشاہ گرو ہرگوبند جی صاحب جد ایس تھاں آکے ویراجے تاں اِک آدمی متھا ٹیک کے پاس بیٹھ گیا جس دیاں مچھاں تماکو پیندیاں پیندیاں پیلیاں ہو گئیاں سن گرو جی نے اوس توں اوہدا ناؤں پچھیا تاں اوس نے اُتر دِتا کہ میرا ناؤں ہرگوبند ہے. ست گر جی آکھیا بھائی ایہ ناؤں رکھ کے فیر تماکو پین دا کُکرم کیوں کردا ہیں. تاں اوس نے اگوں لئی تماکو پین چھڈ دِتا پچھلی بُھل اُتے معافی منگ کے گرو جی دا سِکھ ہویا.

گردوارا صاحب دی عمارت بہت سُندر بنی ہوئی ہے. فرش اُتے چٹے کالے رنگ دیاں ٹایلاں لگیاں ہوئیاں ہن. عمارت دے اندر باہر سُندر پھلکاری ہوئی ہوئی اے چھت اتے بیل بُوٹے بنے ہوئے ہن. کندھاں اُتے سیوا کروان والیاں دے ناواں دیاں انیکاں ٹایلاں لگیاں ہوئیاں ہن جہناں توں پتا لگدا اے کہ ایہ عمارت سمت 1990ء وچ بنی. ست ساون نُوں میلا ہوندا سی.

GURDWARA KHARA SAHIB AT BHAIKE MATTU DISTRICT GUJRANWALA

The village by the name Bhaike Mattu is located about two kilometers south-east of the Police Station Noshehra Virkan of tehsil Gujranwala. The Gurdwara is located just before the entrance to the village.

When Sixth Patshah Guru Hargobind Ji was staying here a man came and sat close to Patshah after prostrating before him. His moustaches had turned yellow due to smoking. Guru Dev Ji asked his name. "Hargobind is my name", he replied. Sat Guru Dev Ji said, "You carry this name yet you commit offense of smoking". He quitted smoking, sought forgiveness for the past deeds and became a disciple of Guru Dev Ji.

The building of the Gurdwara is very attractive, floors are done in black and white tiles and walls are decorated with paintings of flowers. The ceiling too is decorated in floral designs. Many plaques bearing the name of the people who helped in its repair and maintenance and which tell us that it was constructed in Samvat 1990.

A fair used to be held on the 7th of Saawan.



ਗੁਰਦੁਆਰਾ ਪੰਜਵੀਂ ਛੇਵੀਂ ਪਾਤਿਸ਼ਾਹੀ, ਨਨਕਾਣਾ ਸਾਹਿਬ

ਇਹ ਦੋਵੇਂ ਇਤਿਹਾਸਕ ਅਸਥਾਨ ਗੁਰਦੁਆਰਾ ਸਾਹਿਬ ਤੰਬੂ ਸਾਹਿਬ ਤੋਂ ਨੇੜਤ ਜਨਮ ਅਸਥਾਨ ਨੂੰ ਜਾਣ ਵਾਲੀ ਸੜਕ ਉੱਤੇ ਸਥਿੱਤ ਹਨ । ਸਤਿਗੁਰੂ ਸ੍ਰੀ ਗੁਰੂ ਅਰਜਨ ਦੇਵ ਜੀ ਦਾ ਅਸਥਾਨ ਗੁੰਬਦ ਤੋਂ ਬਿਨਾ ਅਤੇ ਮੀਰੀ ਪੀਰੀ ਦੇ ਮਾਲਿਕ ਸਤਿਗੁਰੂ ਸ੍ਰੀ ਗੁਰੂ ਹਰਿਗੋਬਿੰਦ ਜੀ ਦਾ ਸਥਾਨ ਗੁੰਬਦ ਵਾਲਾ ਬਣਿਆ ਹੋਇਆ ਹੈ । ਇਹ ਦੋਵੇਂ ਗੁਰਦੁਆਰੇ ਇੱਕੋ ਚਾਰਦੀਵਾਰੀ ਵਿੱਚ ਹਨ । ਛੇਵੇਂ ਪਾਤਿਸ਼ਾਹ ਕਸ਼ਮੀਰ ਤੋਂ ਮੁੜਦੇ ਹੋਏ ਨਨਕਾਣਾ ਸਾਹਿਬ ਜੀ ਦੇ ਦਰਸ਼ਨਾਂ ਨੂੰ ਹਾੜ ਮਹੀਨੇ ਸੰਮਤ ੧੬੭੦ ਮੁਤਾਬਿਕ ੧੬੧੩ ਨੂੰ ਪਧਾਰੇ । ਆਪ ਜਿਥੇ ਵਿਰਾਜੇ ਸਨ, ਗੁਰਸਿੱਖਾ ਸਦਾ ਲਈ ਇਹ ਗੁਰਮੇਲਾ ਕਾਇਮ ਕਰ ਲਿਆ । ਇਸ ਗੁਰਧਾਮ ਨੂੰ ੧੩ ਘੁਮਾਉਂ ਜਮੀਨ ਮੁਆਫ ਦੱਸੀ ਜਾਂਦੀ ਹੈ । ਜਿਸ ਵਣ ਦੇ ਬ੍ਰਿਛ ਹੇਠ ਸਤਿਗੁਰੂ ਬਿਰਾਜੇ, ਹੁਣ ਉਹ ਅਲੋਪ ਹੋ ਚੁੱਕਿਆ ਹੈ । ਉਸ ਬਿਰਛ ਦਾ ਤਣਾਂ ਸ਼ੀਸ਼ੇ ਦੀ ਇੱਕ ਪੇਟੀ ਵਿੱਚ ਸੰਭਾਲ ਕੇ ਗੁਰਦੁਆਰਾ ਛੇਵੀਂ ਪਾਤਿਸ਼ਾਹੀ ਦੇ ਉੱਤੇ ਗੁੰਬਦ ਵਿੱਚ ਆਉਂਦੀਆਂ ਸੰਗਤਾਂ ਦੇ ਦਰਸ਼ਨਾਂ ਵਾਸਤੇ ਰੱਖਿਆ ਹੋਇਆ ਹੈ । ਇੱਥੇ ਵੀ ਪ੍ਰਕਾਸ਼ ਨਹੀਂ ਹੁੰਦਾ, ਕੇਵਲ ਇਮਾਰਤਾਂ ਹੀ ਹਨ । ਯਾਤਰੀ ਦਰਸ਼ਨ ਕਰਕੇ ਪ੍ਰਸੰਨ ਹੋ ਜਾਂਦੇ ਹਨ ।


گردوارا پنجویں چھیویں' پاتشاہی ننکانا صاحب

ایہ دوویں اتہاسک استھان گردوارا تنبو صاحب توں نیرت جنم استھان صاحب نُوں جان والی سڑک اُتے سحت ہن. ست گر ارجن دیو جی دا استھان گنبد توں بِنا اتے میری پیری دے مالک ست گر ہرگوبند جی دا استھان گنبددار بنْیا ہویا ہے. ایہ دوویں گردوارے اکو چار دیواری وچ ہن. چھیویں پاتشاہ کشمیر توں مڑدے ہوئے ننکانا صاحب جی دے درشناں نوں ہاڑ مہینے سمت 1670 بمطابق 1613ء نُوں پدھارے.. آپ جتھے ویراجے ہن گرسنگھاں سدا لئی ایہ گر میلا قائم کر لیا. ایس گردھام نوں 13 گھماؤں زمین معاف دسی جاندی ہے. ون دے جِس بِرچھ ہیٹھ ست گرو ویراجے ہن اوہ ہُن الوپ ہو چکیا ہے. اوس برچھ دا تنا شیشے دی اک پیٹی وچ سنبھال کے گردوارا چھیویں پاتشاہی دے اُتے گنبد وچ آوندیاں سنگتاں دے درشناں واسطے رکھیا ہویا ہے. ایتھے وی پرکاش نہیں ہوندا کیول عمارتاں ہی ہن. یاتری درشن کر کے پرسن ہو جاندے ہن.

GURDWARA 5TH AND 6TH GURU, AT NANKANA SAHIB, DISTRICT SHEIKHUPURA

Both of these historical shrines are situated near Tambo Sahib on the road leading towards Janamasthan Nankana Sahib. The shrine of Sat Gur Arjun Dev Ji is without a dome whereas the sacred shrine of the Patshah of meeri peeri Guru Hargobind has been built with dome and both the shrines have a common boundary wall.

The sixth Patshah came to visit Nankana Sahib in the month of Har Samvat 1670 (1613 AD) while returning from Kashmir. The Guru's disciples established this Gur Mela at the site where he had stayed. 13 ghumaon of land is said to be endowed to the Gurdham. The tree under which Guru Dev Ji stayed, has withered away. A piece of that tree has been preserved in a glass case and placed inside the dome of the shrine of the 6th Guru so that the visiting Sangats may see it. Here too Prakash does not take place, only the buildings stand which the yatrees visit and get solace.



ਗੁਰਦੁਆਰਾ ਛੇਵੀਂ ਪਾਤਿਸ਼ਾਹੀ, ਕੋਟਲੀ ਭਾਗ, ਗੁਜਰਾਂਵਾਲਾ

ਕੋਟਲੀ ਭਾਗ ਨਾਂ ਦਾ ਇਹ ਪਿੰਡ ਐਮਨਆਬਾਦ ਤੋਂ ਮੀਆਂ ਵਾਲੀ ਬੰਗਲੇ ਨੂੰ ਜਾਣ ਵਾਲੀ ਸੜਕ ਉੱਤੇ ਹੈ। ਇਸ ਦਾ ਬੱਸ ਸਟਾਪ ਪੁਲੀ ਚੱਕ ਰਾਮਦਾਸ ਹੈ। ਪੱਕੀ ਤੋਂ ਪਿੰਡ ਦੀ ਵਾਟ ੨ ਕਿਲੋਮੀਟਰ ਹੈ।

ਇੱਥੇ ਸਤਿਗੁਰੂ ਸ੍ਰੀ ਗੁਰੂ ਹਰਿਗੋਬਿੰਦ ਜੀ ਦਾ ਗੁਰਦੁਆਰਾ ਛੋਟਾ ਜਿਹਾ ਬਣਿਆ ਹੋਇਆ ਹੈ। ਆਪ ਜਿਸ ਪਿੱਪਲ ਦੇ ਰੁੱਖ ਹੇਠ ਬਿਰਾਜੇ, ਉਹ ਅੱਜ ਤੱਕ ਮੌਜੂਦ ਹੈ। ਕੋਲ ਹੀ ਉਹ ਨਿੱਕਾ ਜਿਹਾ ਮੰਜੀ ਸਾਹਿਬ ਅਤੇ ਥੜ੍ਹਾ ਸਾਹਿਬ ਹੈ। ਹੁਣ ਇੱਥੇ ਲੋਕ ਵਸ ਗਏ ਹਨ। ਇਸ ਦਰਬਾਰ ਦੇ ਨਾਮ ੧੬ ਘੁਮਾਉ ਜ਼ਮੀਨ ਇਸ ਪਿੰਡ ਵੱਲੋਂ ਹੈ। ੧੪ ਚੇਤਰ ਨੂੰ ਮੇਲਾ ਹੁੰਦਾ ਸੀ।

گردوارا چھیویں پاتشاہی کوٹلی بھاگا، گجرانوالا

کوٹلی بھاگا نام دا ایہ پِنڈ ایمن آباد توں میانوالی بنگلے نُوں جاون والی سڑک اُتے ہے. اس دا بس سٹاپ پُلی چک رام داس ہے. پُلی توں پِنڈ دی واٹ دو کلو میٹر ہے.

ایتھے ست گر ہرگوبندھ جی دا گردوارا چھوٹا جیہا بنیا ہویا ہے. آپ جس پپل دے رکھ ہیٹھ وِراجے اوہ اج تیکر موجود ہے کول ہی اوہ نکا جیہا منجی صاحب اتے تھڑا صاحب ہے. ہُن ایتھے لوک وس گئے ہن. اس دربار دے ناں 16 گھماؤں زمین اس پِنڈ ولوں ہے. 14 چیتر نوں میلا ہوندا سی.

GURDWARA 6TH GURU, KOTLI BHAGA, DISTRICT GUJRANWALA

This village, named Kotli Bhaga, lies on the road leading to Mianwali Bungalow from Eminabad. Its bus stop is Chak Ram Das bridge and the village is 2 kms from here.

A small gurdwara of Sat Guru Hargobind Ji is built here. The pipal tree under which he was seated is still standing. A small Manji Sahib and Thara Sahib is close to it. People have now settled in it. 16 ghumaon of land has been endowed to this darbar by the village. A fair used to be held on 14 of Chait.



ਗੁਰਦੁਆਰਾ ਛੇਵੀਂ ਪਾਤਿਸ਼ਾਹੀ ਗਲੋਟੀਆ, ਜ਼ਿਲਾ ਸਿਆਲਕੋਟ

ਗਲੋਟੀਆਂ ਖੁਰਦ ਨਾਮੀਂ ਇਹ ਪਿੰਡ ਗੁਜਰਾਂਵਾਲਾ ਸਿਆਲਕੋਟ ਮੇਨ ਰੋਡ ਉੱਤੇ ਆਬਾਦ ਹੈ । ਬੱਸ ਸਟਾਪ ਗਲੋਟੀਆਂ ਦੇ ਨਾਮ ਤੋਂ ਹੀ ਪ੍ਰਸਿੱਧ ਹੈ । ਮੇਨ ਰੋਡ ਤੋਂ ਪਿੰਡ ਦੀ ਦੂਰੀ ਚਾਰ ਕਿਲੋਮੀਟਰ ਹੈ । ਪਿੰਡ ਵਿੱਚ ਪੱਕੀ ਸੜਕ ਜਾਂਦੀ ਹੈ, ਟਾਂਗਾ ਅਤੇ ਵੈਗਨ ਸਵਾਰੀ ਆਮ ਮਿਲ ਜਾਦੀ ਹੈ ।

ਇਸ ਪਿੰਡ ਦੇ ਬਿਲਕੁਲ ਵਿਚਾਲੇ ਸਭ ਤੋਂ ਉੱਚੀ ਥਾਂ ਉੱਤੇ ਛੇਵੇਂ ਪਾਤਿਸ਼ਾਹ ਜੀ ਦਾ ਪਾਵਨ ਅਸਥਾਨ ਹੈ । ਗੁਰੂ ਸਾਹਿਬ ਕਸ਼ਮੀਰ ਤੋਂ ਮੁੜਦੇ ਹੋਏ ਇੱਥੇ ਬਿਰਾਜੇ । ਇੱਥੇ ਹੀ ਗੁਰੂ ਹਰਿ ਰਾਏ ਜੀ ਨੇ ਇੱਕ ਪ੍ਰੇਮੀ ਦੀ ਅਰਾਧਨਾ ਤੇ ਅਚਨਚੇਤ ਦਰਸ਼ਨ ਦਿੱਤੇ ।

ਗੁਰਦੁਆਰਾ ਸਾਹਿਬ ਦਾ ਸੁੰਦਰ ਗੁੰਬਦ ਦੂਰੋਂ ਹੀ ਨਜ਼ਰ ਆਉਦਾ ਹੈ । ਪਿੰਡ ਅੰਦਰ ਇਹ ਸਭ ਤੋਂ ਉੱਚੀ ਇਮਾਰਤ ਹੈ । ਪ੍ਰਕਾਸ਼ ਅਸਥਾਨ ਚਿੱਟੇ ਸੰਗਮਰਮਰ ਦਾ ਬਣਿਆ ਹੋਇਆ ਹੈ । ੧੯੪੭ ਤੋ ਮਗਰੋਂ ਕਦੇ ਪ੍ਰਕਾਸ਼ ਨਹੀਂ ਹੋਇਆ । ਇਸ ਵੇਲੇ ਪਿੰਡ ਦੇ ਲੋਕ ਇਸ ਇਮਾਰਤ ਨੂੰ ਜੰਞ ਘਰ ਵਜੋਂ ਵਰਤ ਰਹੇ ਹਨ । ਗੁਰੂ ਸਾਹਿਬ ਦੇ ਸਮੇਂ ਇੱਥੇ ਇੱਕ ਬੋਹੜ ਦਾ ਰੁੱਖ ਸੀ ਜੋ ਹੁਣ ਅਲੋਪ ਹੋ ਚੁੱਕਿਆ ਹੈ । ਪਿੰਡ ਵੱਲੋ ੧੩ ਘੁਮਾਉਂ ਜਮੀਨ ਗੁਰਦੁਆਰਾ ਸਾਹਿਬ ਦੇ ਨਾਂ ਹੈ । ਇਮਾਰਤ ਦੀ ਹਾਲਤ ਐਨੀ ਪਤਲੀ ਹੈ ਕਿ ਇਹ ਕਿਸੇ ਵੇਲੇ ਵੀ ਅਲੋਪ ਹੋ ਸਕਦੀ ਹੈ ।

گردوارا چھیویں پاتشاہی گلوٹیاں ضلع سیالکوٹ

گلوٹیاں خورد نامی ایہ پِنڈ گجرانوالا سیالکوٹ مین روڈ اُتے اباد اے. بس سٹاپ گلوٹیاں دے ناں توں ہی پرسدھ ہے. مین روڈ توں پِنڈ دی دوری چار کلومیٹر ہے. پِنڈ وچ پکی سڑک جاندی اے. تانگا اتے ویگن سواری واسطے عام مِل جاندا ہے. ایس پِنڈ دے اُکا وچالے سبھ توں اُچی تھاں اُتے چھیویں پاتشاہ جی دا پاون استھان ہے. گرو صاحب کشمیر توں مُڑدے ہوئے ایس تھاں ویراجے. ایتھے ہی گرو ہر رائے جی نے اِک پریمی دی ارادھناں اُتے اچن چیت درشن دِتے.

گردوارا صاحب دا سُندر گنبد دوروں ہی نظر آوندا ہے. پِنڈ اندر ایہ سبھ توں اُچی عمارت ہے. پرکاش استھان چِٹے سنگ مرمر دا بنیا ہویا ہے. 1947 مگروں کدے پرکاش نہیں ہویا. ایس ویلے پِنڈ دے لوک ایس عمارت نُوں جنج گھر وجوں ورتدے ہن. گرو صاحب دے سمے ایتھے اِک بوڑھ دا درخت سی جو ہُن الوپ ہو چکیا ہے. پِنڈ ولوں 13 گھماؤں زمین گردوارا صاحب دے ناں ہے. عمارت دی حالت اینی پتلی ہے کہ ایہ کسے ویلے وی الوپ ہو سکدا ہے.

GURDWARA 6TH GURU GLUTIAN DISTRICT SIALKOT

This village called Glutian Khurd (minor) is situated on Gujranwala-Sialkot road. The bus stop is known as Glutian. The village is at a distance of four kilometers from the main road. A metalled road leads to the village. Tongas (Horse driven carriages) and mini buses are easily available. The shrine of 6th Guru is located at the highest spot in the center of the village. On solicitous entreaties of a devotee Guru Ji stayed here while on his way back from Kashmir.

The beautiful dome of Gurdwara is visible from a distance. It is the highest building of the village. Prakashasthan is made of white marble but no Prakash has taken place since 1947. The building is presently being used as a marriage hall. There used to be a banyan tree during the times of Guru Dev Ji which is gone now. 13 ghumaon of land has been assigned to the Gurdwara by the village. The building is in such a poor condition that it may collapse any moment.



ਗੁਰਦੁਆਰਾ ਕੁੰਡ ਸਾਹਿਬ, ਰਹਿਸਮਾ, ਜ਼ਿਲਾ ਸਿਆਲਕੋਟ

ਰਹਿਸਮਾ ਨਾਮੀ ਇਹ ਪਿੰਡ ਜ਼ਿਲਾ ਤੇ ਤਹਿਸੀਲ ਸਿਆਲਕੋਟ ਦਾ ਇੱਕ ਸਰਹੱਦੀ ਪਿੰਡ ਹੈ । ਇਸ ਪਿੰਡ ਵਿੱਚ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਤਿੰਨ ਗੁਰਦੁਆਰੇ ਹਨ ਜਿਹਨਾਂ ਦੇ ਨਾਮ ਕੁੰਡ ਸਾਹਿਬ, ਗੁਰੂ ਸਰ ਅਤੇ ਟਾਹਲੀ ਸਾਹਿਬ ਹਨ । ਹੁਣ ਇਸ ਪਿੰਡ ਦਾ ਨਾਮ ਸਾਲਿਹ ਪੁਰ ਹੈ । ਕਸਬਾ ਚਪਰਾੜ ਦੇ ਨਾਲ ਇੱਕ ਬੰਧ ਹੈ, ਇਸ ਬੰਧ ਨੂੰ ਪਾਰ ਕਰਕੇ ਇਸ ਪਿੰਡ ਵਿੱਚ ਜਾਇਆ ਜਾ ਸਕਦਾ ਹੈ । ਗੁਰਦੁਆਰਾ ਕੁੰਡ ਸਾਹਿਬ ਅਲੋਪ ਹੋ ਚੁੱਕਿਆ ਹੈ । ਕੁੰਡ ਸਾਹਿਬ ਦੇ ਕਿਨਾਰੇ ਦਾ ਇੱਕ ਤਪ ਅਸਥਾਨ ਅੱਜ ਵੀ ਖਲੋਤਾ ਹੈ ।

گردوارا کنڈ صاحب رہسما ضلع سیالکوٹ

رہسما نامی ایہ پنڈ ضلع تے تحصیل سیالکوٹ دا اِک سرحدی پنڈ ہے. اس پنڈ وچ تن گردوارے گرو ہرگوبند صاحب جی دے ہن. جنہاں دے ناں کنڈ صاحب، گرو سرا تے ٹاہلی صاحب ہن. ہُن اس پنڈ دا ناں صالح پور ہے. قصبا چپراڑ دے نال اِک بند ہے. اس بند نُوں پار کر کے ایس پنڈ وچ جایا جا سکدا اے. گردوارا کُنڈ صاحب الوپ ہو چکیا ہے کُنڈ صاحب دے کنارے دا اِک تپ استھان اج وی کھلوتا اے.

GURDWARA KUND SAHIB AT REHSEMA DISTRICT SIALKOT

This village by the name of Rehsema is a border village of district and tehsil Sialkot. There are three Gurdwaras of Guru Hargobind Ji in this village, namely (1) Kund Sahib (2) Gurusar Sahib, and (3) Tahli Sahib. This village is called Salehpur now. There is an embankment near Chaprar and the village can be reached by crossing this embankment. Gurdwara Kund Sahib has been completely destroyed. A tapashtan (Meditation quarter) at the edge of Kund Sahib is still standing today.



ਗੁਰਦੁਆਰਾ ਗੁਰੂ ਸਰ, ਰਹਿਸਮਾ, ਜ਼ਿਲਾ ਸਿਆਲਕੋਟ

ਜ਼ਿਲਾ ਸਿਆਲਕੋਟ ਦੇ ਪਿੰਡ ਰਹਿਸਮਾ ਅੰਦਰ ਗੁਰੂ ਹਰਿਗੋਬਿੰਦ ਜੀ ਦਾ ਅਸਥਾਨ ਗੁਰੂਸਰ ਹੈ । ਇਸ ਪਿੰਡ ਤੋਂ ਕੋਈ ਅੱਧਾ ਕਿਲੋਮੀਟਰ ਬਾਹਰ ਗੁਰੂ ਸਾਹਿਬ ਦਾ ਤਾਲ ਸੀ । ਜਦ ਗੁਰੂ ਸਾਹਿਬ ਇੱਥੇ ਪਧਾਰੇ ਤਦ ਇਹ ਸੁੱਕ ਚੁੱਕਾ ਸੀ, ਗੁਰੂ ਜੀ ਨੇ ਨੇਜਾ ਮਾਰ ਕੇ ਜਲ ਕੱਢਿਆ । ਗੁਰਦੁਆਰਾ ਸਾਹਿਬ ਬਣਿਆ ਹੋਇਆ ਸੀ, ਗੁਰੂ ਗਰੰਥ ਸਾਹਿਬ ਜੀ ਦਾ ਪ੍ਰਕਾਸ਼ ਹੁੰਦਾ ਸੀ ।

ਇਸ ਵੇਲੇ ਇਹ ਪਾਵਨ ਸਰੋਵਰ ਪੂਰਿਆ ਜਾ ਚੁੱਕਾ ਹੈ । ਗੁਰਦੁਆਰਾ ਸਾਹਿਬ ਵਿੱਚ ਲੋਕ ਵਸੇ ਹੋਏ ਹਨ ।

گردوارا، گرو سر رہسما ضلع سیالکوٹ

ضلع سیالکوٹ دے پنڈ رہسما اندر گرو ہرگوبند جی دا استھان گرو سر ہے. اس پنڈ توں کوئی ادھا کلو میٹر باہر گرو صاحب دا تال سی. جد گرو صاحب ایتھے پدھارے تد ایہ سُکا سی. ست گر نے نیزا مار کے جل کڈھیا. گردوارا بنیا ہویا سی. گرو گرنتھ جی صاحب دا پرکاش ہوندا سی.

ایس ویلے ایہ پاون سروور پوریا جاچکیا ہے. گردوارا صاحب وچ لوک وسے ہوئے ہن.

GURDWARA GURUSAR AT REHSEMA DISTRICT SIALKOT

This shrine of Hargobind Ji called Gurusar is located at Rehsema village of Sialkot district. Once there used to be a tank of Guru Ji at a distance of half a kilometer from village. It is said that the pond was dry when Guru Dev Ji arrived at the place and Sat Gur made the water ooze out of the earth by throwing his lance. There was a Gurdwara and Prakash of Guru Granth Sahib Ji used to be held.

The sacred pond has been levelled now and Gurdwara has been occupied by people.



ਗੁਰਦੁਆਰਾ ਟਾਹਲੀ ਸਾਹਿਬ, ਰਹਿਸਮਾ, ਸਿਆਲਕੋਟ

ਇਸ ਪਿੰਡ ਅੰਦਰ ਗੁਰੂ ਹਰਿਗੋਬਿੰਦ ਸਾਹਿਬ ਜੀ ਦਾ ਇਹ ਤੀਜਾ ਅਸਥਾਨ ਹੈ । ਜਦ ਗੁਰੂ ਸਾਹਿਬ ਇੱਥੇ ਤਸ਼ਰੀਫ ਲਿਆਏ, ਤਦ ਇੱਥੇ ਇੱਕ ਗੋਸਾਈ ਸਾਧੂ ਦੀ ਲੜਕੀ ਦਾ ਵਿਆਹ ਸੀ । ਉਸ ਦੀ ਬੇਨਤੀ ਕਰਨ ਉੱਤੇ ਗੁਰੂ ਸਾਹਿਬ ਨੇ ਉਸ ਦੇ ਘਰ ਵਿੱਚ ਚਰਨ ਪਾਏ । ਉਹਨਾਂ ਜਿਸ ਕੁੰਡ ਵਿੱਚ ਪੈਰ ਧੋਤੇ, ਉਹ ਪੂਜਾ ਅਸਥਾਨ ਬਣ ਗਿਆ । ਗੁਰੂ ਸਾਹਿਬ ਨੇ ਸਾਧੂ ਨੂੰ ਸੌ ਰੁਪਏ ਇੱਕ ਬਟਵੇ ਵਿੱਚ ਪਾਕੇ ਦਿੱਤੇ ਅਤੇ ਸੇਹਲੀ ਟੋਪੀ ਬਖਸ਼ੀ । ਕਦੇ ਇਹ ਤਿੰਨੇ ਵਸਤਾਂ ਇੱਥੇ ਯਾਦਗਾਰ ਸਨ ।

ਪਿੰਡ ਤੋਂ ਪੂਰਬ ਵੱਲ ਟਾਹਲੀ ਸਾਹਿਬ ਨਾਮੀ ਅਸਥਾਨ ਹੈ । ਗੁਰੂ ਸਾਹਿਬ ਕਸ਼ਮੀਰ ਜਾਂਦੇ ਹੋਏ ਇੱਥੇ ਬਿਰਾਜੇ, ਟਾਹਲੀ ਨਾਲ ਘੋੜਾ ਬੰਨ੍ਹਿਆ, ਇਸ ਕਰਕੇ ਇਸ ਦਾ ਨਾਮ ਟਾਹਲੀ ਸਾਹਿਬ ਪ੍ਰਸਿੱਧ ਹੋ ਗਿਆ । ਇਹ ਮਕਾਨ ਵੀ ਹੁਣ ਇੱਕ ਮਕਾਨ ਦੀ ਸੂਰਤ ਵਿੱਚ ਹੈ । ਇਸ ਅੰਦਰ ਲੋਕਾਂ ਦੀ ਰਿਹਾਇਸ਼ ਹੈ ।

ਇਸ ਪਿੰਡ ਨੂੰ ਹੁਣ ਸਾਲਿਹਪੁਰ ਆਖਿਆ ਜਾਂਦਾ ਹੈ । ਇਸ ਦਾ ਪੁਲਿਸ ਸਟੇਸ਼ਨ ਚਿਪਰਾੜ, ਜ਼ਿਲਾ ਤੇ ਤਹਿਸੀਲ ਸਿਆਲਕੋਟ ਹੈ । ਇਹ ਦਰਬਾਰ ਅੰਮ੍ਰਿਤਸਰ ਦੀ ਸੰਗਤ ਨੇ ਬਣਵਾਇਆ ਸੀ, ਇੱਕ ਦੋ ਤੇ ਤਿੰਨ ਹਾੜ ਨੂੰ ਮੇਲਾ ਹੁੰਦਾ ਸੀ । ਤਿੰਨ ਘੁਮਾਂ ਜਮੀਨ ਗੁਰਦੁਆਰਾ ਸਾਹਿਬ ਦੇ ਨਾਮ ਹੈ ।

گردوارا ٹاہلی صاحب رہسما ضلع سیالکوٹ

اِس پنڈ اندر گرو ہرگوبند جی صاحب دا ایہ تیجا استھان ہے. جد گرو صاحب ایتھے تشریف لائے تد ایتھے دے اِک گوسائی سادھو دی لڑکی دا ویاہ سی. اس دی بنتی کرن اتے گرو صاحب نے اوس دے گھر چرن پائے. اوہناں جس کنڈ وچ چرن دھوتے اوہ پوجا استھان بن گیا. گرو صاحب نے سادھو نوں سو رپئے اِک بٹوے وچ پا کے دتے. اتے سہلی ٹوپی بخشی. کدے ایہ تنے وستاں ایتھے یادگار سن.

پنڈ توں پورب ول ٹاہلی صاحب نامی استھان ہے گرو صاحب کشمیر جاندے ہوئے ایتھے ویراجے ٹاہلی نال گھوڑا بدھا. اس کارن ٹاہلی صاحب نام پرسدھ ہوگیا. ایہ استھان وی ہُن اِک مکان دی صورت ہے. اس اندر لوکاں دی رہائش ہے.

اس پنڈ نوں ہُن صالح پور آکھیا جاندا اے. اس دا پُلس سٹیشن چپراڑ ضلع تے تحصیل سیالکوٹ ہے

ایہ دربار امرتسر دی سنگت نے بنوایا سی. اِک دو تے تِن ہاڑ نُوں میلا ہوندا سی تِن گھماؤں زمین گردوارا صاحب دے ناں اے.


GURDWARA TAHLI SAHIB AT REHSEMA DISTRICT SIALKOT

This is the third shrine of Guru Hargobind Ji in this village. When Guru Dev Ji reached this place, the marriage of daughter of a Gosai Sadhu was being solemnized. Guru Dev Ji went to his house at his supplications. The pond where he washed his feet was turned into a place of worship. Guru Ji presented the Sadhu one hundred rupees in a purse along with a sehli (local) cap. These three items were kept here as relics.

The shrine called Tahli Sahib is located at the eastern side of the village. Guru Sahib stayed here while on his way to Kashmir and during his stay he had tied his horse with a sheesham (siccoo) tree and thus it came to be called Tahli Sahib. The shrine looks like a house and some people live in it.

The village is now known as Salehpur. Its P.S. is Chaprar of tehsil and district Sialkot.

This darbar was built by the Sangat of Amritsar. A fair used to be held on 1st, 2nd and 3rd of Har. 3 ghumaon of land is endowed to the Gurdwara.



ਗੁਰਦੁਆਰਾ ਚੌਮਾਲਾ ਸਾਹਿਬ, ਭਾਟੀ ਦਰਵਾਜ਼ਾ, ਲਾਹੌਰ

ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦਾ ਇਹ ਪਾਵਨ ਅਸਥਾਨ ਮੁਹੱਲਾ ਚੌਮਾਲਾ, ਅੰਦਰੂਨ ਭਾਟੀ ਦਰਵਾਜ਼ੇ ਵਿੱਚ ਹੈ । ਇਥੇ ਸਤਿਗੁਰੂ ਜੀ ਨੇ ਭਾਈ ਜੀਵਨ ਦੇ ਘਰ ਨਿਵਾਸ ਕੀਤਾ । ਇੱਥੇ ਗੁਰੂ ਸਾਹਿਬ ਨੇ ਕਈ ਵਾਰ ਦੀਵਾਨ ਲਗਾਇਆ । ਪ੍ਰੇਮੀਆਂ ਨੂੰ ਅੰਮ੍ਰਿਤ ਬਚਨਾਂ ਨਾਲ ਨਿਹਾਲ ਕੀਤਾ । ਭਾਈ ਬਿਧੀ ਚੰਦ ਜੀ ਜਦ ਗੁਰੂ ਜੀ ਦੇ ਘੋੜੇ ਲੈਣ ਲਾਹੌਰ ਆਏ ਤਾਂ ਉਹ ਵੀ ਇੱਥੇ ਹੀ ਠਹਿਰੇ । ਇਸ ਮਕਾਨ ਨੂੰ ਭਾਈ ਜੀਵਨ ਨੇ ਗੁਰਦੁਆਰਾ ਬਣਾ ਦਿੱਤਾ । ਇਸ ਦਾ ਪਹਿਲਾਂ ਪ੍ਰਬੰਧ ਮਹੰਤਾਂ ਪਾਸ ਸੀ । ੧੯੧੫ ਵਿੱਚ ਗੁਰਦੁਆਰਾ ਸਾਹਿਬ ਦੇ ਹਾਲ ਦਾ ਵਿਸਥਾਰ ਕੀਤਾ ਗਿਆ । ਮਹੰਤ ਹਰੀ ਸਿੰਘ ਤੋਂ ਗੁਰਦੁਆਰੇ ਦਾ ਪ੍ਰਬੰਧ ਸੰਗਤਾਂ ਨੇ ਆਪਣੇ ਹੱਥ ਵਿੱਚ ਲੈ ਲਿਆ । ਪਹਿਲਾਂ ਲੋਕਲ ਕਮੇਟੀ ਬਣੀ, ਫਿਰ ੧੯੨੭ ਤੇ ੧੯੪੭ ਤੱਕ ਸ਼੍ਰੋਮਣੀ ਕਮੇਟੀ ਦਾ ਪ੍ਰਬੰਧ ਰਿਹਾ, ਹੁਣ ਮਹਿਕਮਾ ਔਕਾਫ ਕੋਲ ਹੈ ।

ਪਹਿਲਾਂ ਗੁਰੂ ਗਰੰਥ ਸਾਹਿਬ ਦਾ ਪ੍ਰਕਾਸ਼ ਹੁੰਦਾ ਸੀ । ਸ਼ਰਧਾਲੂਆਂ ਦੇ ਠਹਿਰਨ ਵਾਸਤੇ ਅਨੇਕਾਂ ਮਕਾਨ ਸਨ । ਗੁਰਦੁਆਰੇ ਦੇ ਨਾਲ ਇੱਕ ਮਕਾਨ ਭਾਟੀ ਦਰਵਾਜ਼ੇ ਤੇ ੮੭ ਘੁਮਾਉਂ ਜਮੀਨ ਪਿੰਡ ਖੁਦਪੁਰ ਤਹਿਸੀਲ ਲਾਹੌਰ ਵਿੱਚ ਹੈ । ਬਸੰਤ ਪੰਚਮੀ ਨੂੰ ਮੇਲਾ ਹੁੰਦਾ ਸੀ । ਇਸ ਵੇਲੇ ਗੁਰਦੁਆਰਾ ਸਾਹਿਬ ਦਾ ਨਾਂ ਨਿਸ਼ਾਨ ਮਿਟ ਚੁੱਕਿਆ ਹੈ । ਇਸ ਅਸਥਾਨ ਉੱਤੇ ਲੋਕਾਂ ਨੇ ਤਿੰਨ ਤਿੰਨ ਮੰਜ਼ਲੇ ਮਕਾਨ ਛੱਤ ਲਏ ਹਨ । ਇਤਿਹਾਸ ਦਾ ਇੱਕ ਪੰਨਾ ਮਨਮੁੱਖਾਂ ਨੇ ਚੱਟ ਲਿਆ ਹੈ ।

گردوارا چومالا صاحب بھاٹی دروازا لاہور

گرو ہرگوبند جی دا ایہ پاون استھان محلا چومالا اندرون بھاٹی دروازے وچ ہے. ایتھے ست گر جی نے بھائی جیون دے گھر نواس کیتا. ایتھے گرو صاحب نے کئی وار دیوان لگایا. پریمیاں نوں امرت بچناں نال نہال کیتا. بھائی بدی چند جی جد گرو جی دے گھوڑے لین لاہور آئے تے اوہ وی ایتھے ہی ٹھہرے اس مکان نوں بھائی جیون نے گردوارا بنا دتا. اس دا پہلا پربندھ مہنتاں پاس سی. 1915ء وچ گردوارا صاحب دے ہال دا وستھار کیتا گیا. مہنت ہری سنگھ توں 1921ء وچ گردوارے دا پربندھ سکھ سنگتاں نے اپنے ہتھ وچ لے لیا. پہلوں لوکل کمیٹی بنی' فیر 1927ء توں 1947ء تیک شرومنی کمیٹی دا پربندھ رہیا. ہُن محکما اوقاف کول ہے.

پہلے گرو گرنتھ صاحب دا پرکاش ہوندا سی. شردھالواں دے ٹھہرن واسطے انیکاں مکان سن. گردوارے دے ناں اِک مکان بھاٹی دروازے اندر 87 گھماؤں زمین پنڈ خودپور تحصیل لاہور وچ ہے. بسنت پنچمی نوں میلا ہوندا سی.


ایس ویلے گردوارا صاحب دا نام نشان تک مک گیا ہے. اس استھان اتے لوکاں تِن تِن منزلا مکان چھت لئے ہن. اتہاس دا اِک پنا من مکھاں چٹ لیا ہے.

GURDWARA CHOWMALA SAHIB AT BHATI DARWAZA LAHORE

This sacred shrine is located in Chowmala Mohalla inside Bhati Gate. Guru Hargobind Ji stayed in the house of Bhai Jivan, held a number of congregation (Diwan) and blessed the devotees with eternal teachings. Bhai Biddi Chand Ji also stayed here when he came to take back the horses of Guru Ji. Bhai Jivan converted this house into a Gurdwara. Its initial charge was with the mahants. In 1915 the hall of Gurdwara Sahib was enlarged. Sikh Sangats took over the control from Mahant Hari Singh in 1921 AD. Initially a local Committee was constituted then it passed onto the control of Shiromni Gurdwara Parbandhak Committee from 1927 to 1947 AD. The Auqaf Department has the charge of this place now.

Prakash of Guru Garanth Sahib used to take place. There were a large number of rooms for pilgrims to stay. A house in Bhati gate and 87 ghumaon of land in Khudpur village of Tehsil Lahore is attached to Gurdwara. A fair used to be held on Basant Panchami.

Gurdwara has been completely wiped out. People have constructed three storey buildings over the site of the Gurdwara and thus a page of history has been destroyed by the selfish individuals.



ਗੁਰਦੁਆਰਾ ਪਾਤਸ਼ਾਹੀ ਛੇਵੀਂ, ਮਜ਼ੰਗ, ਲਾਹੌਰ

ਸਾਹਿਬ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ੧੬੧੯ ਈ ਨੂੰ ਦੀਵਾਨ ਚੰਦੂ ਨੂੰ ਨਾਲ ਲੈ ਕੇ ਲਾਹੌਰ ਆਏ । ਇੱਥੋਂ ਹੀ ਆਪ ਨੇ ਗੁਰੂ ਘਰ ਦੀ ਪ੍ਰੇਮੀ ਬੀਬੀ ਕੌਲਾਂ ਨੂੰ ਆਪਣੇ ਘੋੜੇ ਤੇ ਸੁਆਰ ਕੀਤਾ ।

ਇਹ ਅਸਥਾਨ ਮਜ਼ੰਗ ਵਿੱਚ ਟੈਂਪਲ ਰੋਡ ਉੱਤੇ ਸਥਿੱਤ ਹੈ । ਇਸ ਦੀ ਪਹਿਲੀ ਇਮਾਰਤ ਮਹਾਰਾਜਾ ਰਣਜੀਤ ਸਿੰਘ ਨੇ ਬਣਵਾਈ । ੧੯੨੬ ਨੂੰ ਸਵਰਗੀ ਸ੍ਰਦਾਰ ਮਹਿਰ ਸਿੰਘ ਦੇ ਉੱਦਮ ਸਦਕਾ ਮੌਜੂਦਾ ਇਮਾਰਤ ਹੋਂਦ ਵਿੱਚ ਆਈ । ਰੋਜ਼ਾਨਾ ਦੀਵਾਨ ਸਜਦਾ ਸੀ । ੧੯੨੭ ਤੋ ੧੯੪੭ ਤੱਕ ਇਸ ਦਾ ਪ੍ਰਬੰਧ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਕੋਲ ਰਿਹਾ । ਹੁਣ ਮਹਿਕਮਾ ਔਕਾਫ ਕੋਲ ਹੈ । ਇਸ ਪਾਵਨ ਅਸਥਾਨ ਦੇ ਨਾਂ ੯ ਦੁਕਾਨਾਂ ਹਨ ਜੋ ਗੁਰਦੁਆਰਾ ਸਾਹਿਬ ਦੀ ਇਮਾਰਤ ਵਿੱਚ ਹੀ ਹਨ । ਵਿਸ਼ਾਲ ਦੀਵਾਨ ਹਾਲ ਹੈ । ਇਸ ਅੰਦਰ ਹੁਣ ਹਰ ਸਾਲ ਆਪ ਜੀ ਦੇ ਪ੍ਰਕਾਸ਼ ਦਿਵਸ ਉੱਤੇ ਅਖੰਡ ਪਾਠ ਰੱਖਿਆ ਜਾਂਦਾ ਹੈ । ਸੰਗਤਾਂ ਦੇ ਦਰਸ਼ਨ ਦੀਦਾਰੇ ਵਾਸਤੇ ਇਸ ਦੇ ਬੂਹੇ ਹਰ ਵੇਲੇ ਖੁੱਲੇ ਰਹਿੰਦੇ ਹਨ ।

گردوارا پاتشاہی چھیویں مزنگ لاہور

صاحب گرو ہرگوبند جی 1619ء نوں دیوان چندو نوں نال لے کے لاہور آئے. ایتھوں ہی آپ نے گرو گھر دی پریمی بی بی کولاں نوں اپنے گھوڑے اُتے سوار کیتا.

ایہ استھان مزنگ وچ ٹمپل روڈ اُتے ہے. اس پاون استھان دی پہلی عمارت مہاراجا رنجیت سنگھ نے بنوائی 1926ء نوں سورگی سردار مہر سنگھ دے اُدم صدقا موجودا عمارت ہوند وچ آئی. روزانا دیوان سجدا سی. 1927ء توں 1947ء تیکر اس دا پربندھ شرومنی گردوارا پربندھک کمیٹی کول رہیا. ہُن محکما اوقاف کول ہے. اس پاون استھان دے ناں 9 ہٹیاں ہن جو گردوارا صاحب دی عمارت وچ ہی ہن. وشال دیوان ہے. اس اندر ہُن ہر سال آپ جی دے پرکاش دیوس اُتے اکھنڈ پاٹھ صاحب رکھیا جاندا ہے. سنگت دے درشن دیدار واسطے اس دے بوہے ہر ویلے کھلے رہندے ہن.

GURDWARA SIXTH GURU AT MOZANG, LAHORE

Guru Hargobind Ji came to Lahore in 1619 AD with Diwan Chandu. It was from here that he asked Gur Premi (lover and devotee) Bibi Kaulan to ride his horse. The shrine is on Temple road in Mozang. The initial building of this sacred place was built by Maharaja Ranjit Singh. It was shifted to the present building in 1926 AD through the courtesy of late Sardar Mehar Singh. Congregation was held daily, Shiromni Gurdwara Parbandhak Committee remained in charge of its maintenance from 1927 to 1947 and at present it is in the custody of Waqf Board. Nine Shops inside the building of Gurdwara sahib are endowed to it. An Akhand Patth (complete recitation) is done on the birth anniversary of Gur Dev Ji. Its doors are ever open for the Sangat.


PEPSI

ਗੁਰਦੁਆਰਾ ਸ਼ਿਕਾਰਗੜ੍ਹ ਸਾਹਿਬ, ਕਾਛਾ ਜ਼ਿਲਾ ਲਾਹੌਰ

ਸਤਿਗੁਰੂ ਸ੍ਰੀ ਗੁਰੂ ਹਰਿਗੋਬਿੰਦ ਜੀ ਦੀ ਲਾਹੌਰ ਫੇਰੀ ਨਾਲ ਸਬੰਧਤ ਇਹ ਪਾਵਨ ਅਸਥਾਨ ਲਾਹੌਰ ਤੋਂ ਕੋਈ ੧੫ ਕਿਲੋਮੀਟਰ ਦੀ ਦੂਰੀ ਉੱਤੇ ਹੈ । ਫਿਰੋਜ਼ਪੁਰ ਰੋਡ ਉੱਤੇ ਪ੍ਰਸਿੱਧ ਬੱਸ ਸਟਾਪ ਕਾਹਨਾ ਤੋਂ ਕੋਈ ਚਾਰ ਕਿਲੋਮੀਟਰ ਪੱਛਮ ਵੱਲ ਹੈ । ਰੇਲਵੇ ਸਟੇਸ਼ਨ ਕਾਛਾ ਹੈ, ਜੋ ਪਿੰਡ ਤੋਂ ਤਿੰਨ ਕਿਲੋਮੀਟਰ ਦੂਰ ਹੈ ।

ਇਸ ਪਿੰਡ ਵਿੱਚ ਇੱਕ ਟਿੱਬੇ ਉੱਤੇ ਇਹ ਪਾਵਨ ਅਸਥਾਨ ਹੈ । ਇਸ ਨੂੰ ਗੁਰੂ ਅਰਜਨ ਦੇਵ ਜੀ ਨਿਵਾਸ ਵੀ ਆਖਿਆ ਜਾਂਦਾ ਹੈ । ਛੇਵੇਂ ਪਾਤਿਸ਼ਾਹ ਜੀ ਨੇ ਇੱਥੇ ਸ਼ਿਕਾਰ ਖੇਡਿਆ । ਉਸ ਵੇਲੇ ਇੱਥੇ ਭਾਰੀ ਜੰਗਲ ਸੀ । ਇਸ ਪਿੰਡ ਤੋਂ ਬਾਹਰ ਗੁਰਦੁਆਰਾ ਸਾਹਿਬ ਵਾਲੀ ਗਲੀ ਸਾਹਮਣੇ ਇੱਕ ਵਿਸ਼ਾਲ ਤਾਲ ਹੈ । ਇਹ ਤਾਲ ਦੀਵਾਨ ਲਖਪਤ ਦਾ ਬਣਵਾਇਆ ਹੋਇਆ ਹੈ । ਹੁਣ ਇਹ ਮੱਛੀਪਾਲ ਮਹਿਕਮੇ ਕੋਲ ਹੈ । ਇਸ ਪਾਵਨ ਅਸਥਾਨ ਉੱਤੇ ਭਾਈ ਮੱਲ ਜੀ ਨੇ ਅੰਗਰੇਜ਼ਾ ਦੇ ਰਾਜ ਵੇਲੇ ਗੁਰੂ ਗਰੰਥ ਸਾਹਿਬ ਦਾ ਪ੍ਰਕਾਸ਼ ਕੀਤਾ । ਪਿੱਛੋਂ ਇਹ ਗੁਰਦੁਆਰਾ ਸਿੰਘ ਸਭਾ ਦੇ ਪ੍ਰਬੰਧ ਹੇਠ ਆ ਗਿਆ । ਕਮੇਟੀ ਨੇ ਏਥੇ ਬੱਚਿਆ ਦੀ ਉੱਚੀ ਵਿਦਿਆ ਲਈ ਇੱਕ ਕਾਲਜ ਬਣਾਉਣ ਦਾ ਪ੍ਰੋਗਰਾਮ ਬਣਾਇਆ ਜੋ ਅਧੂਰਾ ਰਹਿ ਗਿਆ ।

ਇੱਕ ਸਾਲ ਪਹਿਲਾ ਇਸ ਪਾਵਨ ਅਸਥਾਨ ਦਾ ਡਿੱਗਾ ਹੋਇਆ ਢਾਚਾ ਖਲੋਤਾ ਸੀ । ਹੁਣ ਉਹ ਵੀ ਮੁੱਕ ਗਿਆ ਹੈ । ਇਸ ਜਗ੍ਹਾ ਉੱਤੇ ਇੱਕ ਮੇਊ ਨੇ ਆਪਣੀ ਹਵੇਲੀ ਬਣਾ ਲਈ ਹੈ । ਗੁਰਦੁਆਰਾ ਸਾਹਿਬ ਦੇ ਰਿਹਾਇਸ਼ੀ ਕਮਰੇ, ਇੱਕ ਖੂਹ ਅਤੇ ਲੰਗਰ ਹਾਲ ਮੌਜੂਦ ਹੈ । ਇਹਨਾਂ ਇਮਾਰਤਾਂ ਵਿੱਚ ਲੋਕ ਵਸੇ ਹੋਏ ਹਨ ।

گردوارا' شکار گڑھ صاحب' کاچھا ضلع لاہور

ست گر ہر گوبند جی دی لاہور پھیری نال سنبندھت ایہ پاون استان لاہور توں کوئی 15 کلو میٹر دی دوری اُتے ہے. فیروز پور روڈ اتے پرسدھ بس سٹاپ کاہنا نوتوں کوئی چار کلو میٹر پچھم ول ہے. ریلوے سٹیشن کاچھا ہے. جو پنڈ توں تن کلو میٹر دور ہے.

اس پنڈ وچ اِک ٹبے اُتے ایہ پاون استھان ہے. اس نوں گرو ارجن دیو جی نواس وی آکھیا جاندا ہے. چھیویں پاتشاہ جی ایتھے شکار کھیڈیا اُس ویلے ایتھے بھاری جنگل سی. اس پنڈ توں باہر گردوارا صاحب والی گلی ساہمنے اِک وشال تال ہے. ایہ تال دیوان لکھپت دا بنوایا ہویا ہے. ہُن ایہ مچھی پال محکمے کول ہے. اس پاون استھان اُتے بھائی مل جی نے انگریزی راج ویلے گرو گرنتھ صاحب جی پرکاش کیتا. پچھوں ایہ گردوارا سنگھ سبھا دے پربندھ ہیٹھ آگیا. 1947ء توں پہلوں گردوارا کمیٹی نے ایتھے بچیاں دی اُچی وِدیا لئی اک کالج بناؤن دا پروگرام بنایا جو ادھورا ہی رہ گیا.

اِک سال پہلوں اس پاون استھان دا ڈگا ہویا ڈھانچا کھلوتا سی ہُن اوہ وی مک گیا ہے. اس جگھا اُتے اِک میو نے اپنی حویلی بنا لئی ہے. گردوارا صاحب دے رہایشی کمرے' اِک کھوہ اتے لنگرہال موجود ہے. ایہناں عمارتاں وچ لوک وسے ہوئے ہن.

GURDWARA SHIKARGARH SAHIB AT KAACHA, DISTRICT LAHORE

This sacred shrine connected with the Lahore visit of Sat Guru Hargobind, is located at a distance of 15 km from Lahore. It is about 4 kms west of Kahna bus stop on Ferozepur Road. Kaacha is the Railway station about 3 km from the village.

The Gurdwara which is known as Guru Arjun Nawas was built on a knoll in the village. Sixth Patshah went hunting there which was a thick forest then.

There is a big water reservoir outside the village in front of street of the Gurdwara sahib. It was built by Diwan Lakhpat Rai. Presently it is with Fisheries Department. Bhai Mal Ji started Prakash of Guru Granth Sahib during the English rule. Later the control of Gurdwara passed into the hands of Singh Sabha. Gurdwara Committee had finalised a plan to set up a College for the higher education of girls before 1947 but this plan remained incomplete.

The remains of collapsed shrine were standing a year ago but now the same have disappeared completely. A Mayo (a clan) raised a mansion over the site. The residential rooms of Gurdwara, the tank and the Langarhall are still standing but some people live in these buildings.



ਗੁਰਦੁਆਰਾ ਛੇਂਵੀ ਪਾਤਿਸ਼ਾਹੀ, ਰਾਮਪੁਰ ਕਲਾਂ, ਲਾਹੌਰ


ਰਾਮਪੁਰ ਕਲਾਂ ਨਾਮੀ ਇਹ ਪਿੰਡ ਲਾਹੌਰ ਅੰਮ੍ਰਿਤਸਰ ਰੋਡ ਉੱਤੇ ਆਬਾਦ ਹੈ । ਇਸ ਪਿੰਡ ਅੰਦਰ ਗੁਰੂ ਹਰਿਗੋਬਿੰਦ ਜੀ ਦਾ ਗੁਰਦੁਆਰਾ ਸੀ । ਗੁਰੂ ਸਾਹਿਬ ਖਰਕ ਜਾਂਦੇ ਹੋਏ ਇਸ ਥਾਂ ਬਿਰਾਜੇ । ਛੋਟਾ ਜਿਹਾ ਦਰਬਾਰ ਬਣਿਆ ਹੋਇਆ ਸੀ, ਹੁਣ ਅਲੋਪ ਹੋ ਚੁੱਕਿਆ ਹੈ । ਹੁਣ ਇਸ ਅੰਦਰ ਗੁੱਜਰਾਂ ਦੇ ਘਰ ਵਸੇ ਹੋਏ ਹਨ ।

گردوارا'چھیویں پاتشاہی رام پورہ کلاں ضلع لاہور

رام پور کلاں نامی ایہ پنڈ لاہور امرتسر روڈ اُتے آباد اے. اس پنڈ اندر گرو ہرگوبند جی دا گردوارا سی. گرو صاحب کھرک جاندے ہوئے اس تھاں وِراجے چھوٹا جہیا دربار بنیا ہویا سی. ہُن اس اندر گجراں دے گھر وسے ہوئے ہن.

GURDWARA SIXTH GURU RAMPUR KALAN,DISTRICT LAHORE

The village is located on Lahore-Amritsar road. Once there was a Gurdwara of Guru Hargobind Ji Guru Ji in this village. He had stayed here while on his way to Kharak. A small darbar had been built here but now the families of Gujjars are settled in it.



ਗੁਰਦੁਆਰਾ ਛੇਂਵੀ ਪਾਤਿਸ਼ਾਹੀ, ਮਿਨਹਾਲਾ, ਜ਼ਿਲਾ ਲਾਹੌਰ


ਮਿਨਹਾਲਾ ਨਾਮੀ ਇਹ ਪਿੰਡ ਥਾਣਾ ਬਰਕੀ ਜ਼ਿਲਾ ਲਾਹੌਰ ਵਿੱਚ ਹੈ । ਇਸ ਪਿੰਡ ਨੂੰ ਜਾਣ ਵਾਸਤੇ ਜੱਲੋ ਮੋੜ ਤੋਂ ਇੱਕ ਸੜਕ ਨਿਕਲਦੀ ਹੈ । ਵੈਗਨਾਂ ਤੇ ਟਾਂਗੇ ਆਮ ਮਿਲ ਜਾਦੇ ਹਨ । ਇਸ ਨਗਰ ਅੰਦਰ ਗੁਰੂ ਹਰਿਗੋਬਿੰਦ ਜੀ ਦਾ ਪਾਵਨ ਅਸਥਾਨ ਹੈ । ਗੁਰਦੁਆਰਾ ਸਾਹਿਬ ਪਿੰਡ ਵਿੱਚ ਵੜਦਿਆ ਹੀ ਸੱਜੇ ਹੱਥ ਉੱਤੇ ਇੱਕ ਵਿਸ਼ਾਲ ਛੱਪੜ ਕਿਨਾਰੇ ਹੈ । ਇਹ ਛੱਪੜ ਕਦੇ ਗੁਰਦੁਆਰਾ ਸਾਹਿਬ ਦਾ ਸਰੋਵਰ ਸੀ । ਇਮਾਰਤ ਗਿਰ ਚੁੱਕੀ ਹੈ । ਕੇਵਲ ਇੱਕ ਬੁਰਜ ਹੀ ਖਲੋਤਾ ਹੈ । ਇਹ ਵੀ ਕਿਸੇ ਵੇਲੇ ਅਲੋਪ ਹੋ ਸਕਦਾ ਹੈ ।

گردوارا چھیویں پاتشاہی منہالا ضلع لاہور

منہالا نامی پنڈ تھانا برکی ضلع لاہور وچ اے. ایس پنڈ نوں جاون واسطے جلو موڑ توں اِک سڑک نکلدی ہے. ویگناں اتے تانگے عام مل جاندے ہن. اس نگر اندر گرو ہرگوبند جی دا پاون استھان ہے. گردوارا صاحب پنڈ وچ وڑدیاں ہی سجے ہتھ اُتے اِک وشال چھپڑ کنارے ہے. ایہ چھپڑ کدے گردوارا صاحب دا سرووَر سی. عمارت ڈگ چکی ہے. کیول اِک بُرج ہی کھلوتا ہے. ایہ کسے ویلے وی الوپ ہو سکدا اے.

GURDWARA SIXTH GURU AT MINHALA, DISTRICT LAHORE

The village Minhala is located in P.S. Burki of Lahore district. A road starts from Jallo Mor and leads to the village. Wagons and Tongas are easily available. The sacred shrine of Guru Hargobind Ji is in this village. Gurdwara Sahib is located by a big pond of water on the right hand side of the entrance to the village. Once this pond used to be the sacred tank of the Gurdwara Sahib. The building has collapsed but only one tower is still standing. It too may collapse any moment.



ਗੁਰਦੁਆਰਾ ਬੇਰੀ ਸਾਹਿਬ, ਛੇਵੀ ਪਾਤਿਸ਼ਾਹੀ, ਖਰਕ, ਲਾਹੌਰ

ਜ਼ਿਲਾ ਤਹਿਸੀਲ ਲਾਹੌਰ ਥਾਣਾ ਬਰਕੀ ਦਾ ਇਹ ਪਿੰਡ "ਖਰਕ" ਤੋ ਪੂਰਬ ਵੱਲ ਕੋਈ ਅੱਧਾ ਕਿਲੋਮੀਟਰ ਦੂਰ ਗੁਰੂ ਹਰਿਗੋਬਿੰਦ ਜੀ ਦਾ ਗੁਰਦੁਆਰਾ "ਬੇਰੀ ਸਾਹਿਬ" ਹੈ । ਸਤਿਗੁਰੂ ਜੀ ਪਢਾਣੇ ਤੋ ਇੱਥੇ ਆਏ ਤੇ ਬੇਰੀ ਨਾਲ ਘੋੜਾ ਬੰਨਿਆ । ਇਸ ਬੇਰੀ ਤੋ ੨੦ ਕੁ ਕਦਮ ਉੱਤੇ ਗੁਰੂ ਜੀ ਦੇ ਬੈਠਣ ਦੇ ਥਾ ਕੱਚਾ ਦਮਦਮਾ ਸਾਹਿਬ ਸੀ ਜੋ ਮਗਰੋ ਪੱਕਾ ਕਰ ਦਿੱਤਾ ਗਿਆ । ਉਹ ਖੂਹ ਵੀ ਪਾਸ ਹੀ ਹੈ ਜਿੱਥੇ ਸਤਿਗੁਰੂ ਜੀ ਨੇ ਜਲ ਛਕਿਆ । ਗੁਰੂ ਗਰੰਥ ਸਾਹਿਬ ਜੀ ਦਾ ਕਦੇ ਨਿੱਤ ਪਰਕਾਸ਼ ਹੁੰਦਾ ਸੀ ਤੇ ਪੋਹ ਸੁਦੀ ਸੱਤ ਨੂੰ ਮੇਲਾ ਜੁੜਦਾ ਸੀ । ਹੁਣ ਇਹ ਸਭ ਕੁਝ ਅਲੋਪ ਹੋ ਚੁੱਕਾ ਹੈ ਤੇ ਕੇਵਲ ਰੁੱਖਾ ਦਾ ਇੱਕ ਝੁੰਡ ਹੈ ।

گردوارا بیری صاحب چھیویں پاتشاہی کھرک ' لاہور

ضلع تحصیل لاہور تھانا برکی دا اِک پنڈ جو "کھرک" کر کے پرسدھ ہے. ایس پنڈ توں پورب ول کوئی ادھا کلومیٹر دور گرو ہرگوبند جی صاحب دا گردوارا "بیری صاحب" ہے. ست گر جی پڑھانے توں ایتھے آئے. ار بیری نال گھوڑا بدھا. ایس بیری توں 20 قدم پر گرو جی دے بیٹھن دے تھاں کچا دمدمہ صاحب سی. جو مگروں پکا کر دِتا گیا اوہ کھوہ وی پاس ہی ہے جتھوں ست گراں جل چھکیا. گرو گرنتھ صاحب جی دا کدے نت پرکاش ہوندا سی. پوہ سُدی ست نُوں میلا جُڑدا سی ہُن ایہ سبھ کُجھ الوپ ہو چکیا ہے. کیول رُکھاں دا اِک جُھنڈ ہے.

GURDWARA BAIRI SAHIB 6TH GURU AT KHARAK DISTRICT LAHORE

A village in Burki Police station of tehsil & district Lahore is known as "Kharak". Gurdwara "Bair Sahib" of Guru Hargobind Ji is about half a kilometer east of the village. Sat Gur Hargobind Ji came here from Padhana and tied his horse to the Bair tree. There was a mud Damdama Sahib at the place where Guru Dev Ji sat. It is at a distance of about 20 steps from this bair tree. It was later built with bricks. The well used by Guru Ji to satiate his thirst is close by. Once the Prakash of Guru Granth Sahib used to take place and a fair used to be held on the 7th of Poh. All of these have now vanished but for a grove of trees.

ੴ

ਗੁਰਦੁਆਰਾ ਛੇਂਵੀ ਪਾਤਿਸ਼ਾਹੀ, ਝਲੀਆ, ਜ਼ਿਲਾ ਲਾਹੌਰ

ਝਲੀਆ ਨਾਮੀ ਪਿੰਡ ਤਹਿਸੀਲ ਲਾਹੌਰ ਥਾਣਾ ਬਰਕੀ ਵਿੱਚ ਹੈ ਇਸ ਪਿੰਡ ਨੂੰ ਜਾਣ ਵਾਸਤੇ ਬਰਕੀ ਤੋਂ ਤਾਂਗੇ ਮਿਲਦੇ ਹਨ । ਬਰਕੀ ਤੋਂ ਇਸ ਦੀ ਵਾਟ ਕੋਈ ਪੰਜ ਕਿਲੋਮੀਟਰ ਪੂਰਬ ਹੈ । ਇਹ ਦੋ ਪਿੰਡ ਇੱਕ ਦੂਜੇ ਨਾਲ ਮਿਲੇ ਹੋਏ ਹਨ । ਇਸ ਵਾਸਤੇ ਇਹਨਾਂ ਨੂੰ ਢਿਲਵਾਂ ਝਲੀਆ ਵੀ ਆਖਿਆ ਜਾਂਦਾ ਹੈ ।

ਇਸ ਪਿੰਡ ਅੰਦਰ ਸਤਿਗੁਰੂ ਸ੍ਰੀ ਗੁਰੂ ਹਰਿਗੋਬਿੰਦ ਜੀ ਦਾ ਚਰਨ ਛੋਹ ਪਾਵਨ ਅਸਥਾਨ ਹੈ । ਗੁਰਦੁਆਰਾ ਸੁੰਦਰ, ਕਿਸੇ ਸਰਕਾਰੀ ਬੰਗਲੇ ਵਾਂਗ ਬਣਿਆ ਹੋਇਆ ਹੈ । ਅੱਗੇ ਬਰਾਮਦੇ ਪਿੱਛੇ ਦੋ ਮਕਾਨ ਬਣੇ ਹੋਏ ਹਨ । ਇਸ ਅਸਥਾਨ ਦੇ ਨਾਂ ਅੱਠ ਘੁਮਾਉਂ ਜ਼ਮੀਨ ਪਿੰਡ ਵੱਲੋਂ ਹੈ । ਇਸ ਵੇਲੇ ਇਸ ਪਾਵਨ ਦਰਬਾਰ ਅੰਦਰ ਅੰਬਾਲੇ ਦਾ ਇੱਕ ਮੁਹਾਜਿਰ ਘਰਾਣਾ ਵਸਿਆ ਹੋਇਆ ਹੈ ।

گردوارا چھیویں پاتشاہی جھلیاں ضلع لاہور

جھلیاں نامی پنڈ تحصیل لاہور تھانا برکی وچ ہے. اس پنڈ نوں جاون واسطے برکی توں تانگے ملدے ہن. برکی توں اس دی واٹ کوئی پنج کلو میٹر پورب ہے. ایہ دو پنڈ اِک دوجے نال ملے ہوئے ہن. ایس واسطے ایہناں نوں ڈھلواں جھلیاں وی آکھیا جاندا ہے. اس پنڈ اندر ست گر ہر گوبند جی دا چرن چھوہ پاون استھان ہے. گردوارا سُندر کسے سرکاری بنگلے وانگوں بنیا ہویا ہے. اگے برآمدا پچھے دو مکان بنے ہوئے ہن. اس استھان دے ناں اٹھ گھماؤں زمین پنڈ ولوں ہے. اِس ویلے اِس پاون دربار اندر انبالے دا اِک مہاجر گھرانا وسیا ہویا ہے.

GURDWARA SIXTH GURU AT JHALIAN DISTRICT. LAHORE.

The village Jhalian is in P.S. Burki of the Lahore district. It is five kilometers east of Burki and Tongas can be hired from Burki to go to the village.

These two villages of Jhalian and Dhilwan are linked with each other and that is why they are also called as Jhalian Dhilwan.

There is a sacred place in the village which was touched by the feet of Sat Gur Hargobind Ji. Gurdwara is beautiful and has been constructed like a govt bungalow with a verandah in front and with two rooms at the back.

8 ghumaon Land is endowed by the villagers to the shrine. A refugee family from Ambala is settled in it now.



ਗੁਰਦੁਆਰਾ ਛੇਂਵੀ ਪਾਤਿਸ਼ਾਹੀ ਢਿਲਵਾਂ, ਜ਼ਿਲਾ ਲਾਹੌਰ

ਢਿਲਵਾਂ ਨਾਮੀ ਇਹ ਪਿੰਡ ਤਹਿਸੀਲ ਲਾਹੌਰ ਥਾਣਾ ਬਰਕੀ ਵਿੱਚ ਹੈ । ਇਸ ਪਿੰਡ ਨੂੰ ਜਾਣ ਵਾਸਤੇ ਬਰਕੀ ਤੋਂ ਟਾਂਗੇ ਮਿਲਦੇ ਹਨ । ਪੱਕੀ ਸੜਕ ਪਿੰਡ ਵਿੱਚ ਜਾਂਦੀ ਹੈ । ਬਰਕੀ ਤੋਂ ਇਸ ਦੀ ਵਾਟ ਚਾਰ ਕਿਲੋਮੀਟਰ ਦੀ ਹੈ ।

ਇਸ ਪਿੰਡ ਤੋਂ ਪੂਰਬ ਵੱਲ ਗੁਰੂ ਹਰਿਗੋਬਿੰਦ ਸਾਹਿਬ ਜੀ ਦਾ ਮੰਜੀ ਸਾਹਿਬ ਹੈ । ਗੁਰੂ ਸਾਹਿਬ ਅਨੇਕਾਂ ਪਿੰਡਾਂ ਦਾ ਉਧਾਰ ਕਰਦੇ ਹੋਏ ਝਲੀਆ ਤੋਂ ਚੱਲ ਕੇ ਇੱਥੇ ਪਧਾਰੇ ਸਨ । ਆਪ ਦੇ ਬੈਠਣ ਵਾਲੇ ਸਥਾਨ ਉੱਤੇ ਮੰਜੀ ਸਾਹਿਬ ਬਣਾ ਦਿੱਤਾ ਗਿਆ । ਕਦੇ ਇੱਥੇ ਪ੍ਰਕਾਸ਼ ਹੁੰਦਾ ਸੀ, ਹੁਣ ਇਸ ਦੇ ਉੱਕਾ ਨਾਲ ਪ੍ਰਾਇਮਰੀ ਸਕੂਲ ਦੀ ਇਮਾਰਤ ਬਣਾ ਦਿੱਤੀ ਗਈ ਹੈ । ਇਸ ਅਸਥਾਨ ਦੇ ਨਾਂ ੮ ਘੁਮਾਉ ਜ਼ਮੀਨ ਪਿੰਡ ਵੱਲੋਂ ਹੈ ।

گردوارا چھیویں پاتشاہی ڈھلواں ضلع لاہور

ڈھلواں نامی ایہ پِنڈ تحصیل لاہور تھانا برکی وچ ہے. اس پِنڈ نوں جاون واسطے برکی توں تانگے ملدے ہن. پکی سڑک پِنڈ وچ جاندی ہے. برکی توں اِس دی واٹ چار کلو میٹر ہے.

اس پِنڈ توں باہر پورب ول گرو ہر گوبند جی دا منجی صاحب ہے. گرو صاحب اینکاں پنڈاں دا ادھار کردے ہوئے جھلیاں توں چل ایتھے پدھارے ہن. آپ دے بیٹھن دے استھان اتے منجی صاحب بنا دتا گیا. کدے ایتھے پرکاش ہوندا سی. ہُن اس دے اُکا نال پرایمری سکول دی عمارت بنا دِتی گئی ہے. اِس استھان دے ناں اٹھ گھماؤں زمین پِنڈ ولوں ہے.

GURDWARA SIXTH GURU AT DHILWAN DISTRICT LAHORE

The village called Dhilwan is in the Barki P.S. of Lahore district. Tongas can be hired from Barki to go to this village. A metalled road leads into the village and it is a distance of four kilometer from Barki. Manji Sahib of Guru Hargobind Ji is located towards the east outside the village. Guru Ji reached this place from Jhalian after visiting many villages. The Manji Sahib was built as the place where he sat. Once Prakash used to be held but now a primary school has been built just adjacent to it. 8 ghumaon of land has been endowed by villagers to the Gurdwara.



ਗੁਰਦੁਆਰਾ ਛੇਵੀਂ ਪਾਤਸ਼ਾਹੀ, ਪਦਾਣਾਂ, ਜਿਲਾ ਲਾਹੌਰ

ਇਹ ਗੁਰਦੁਆਰਾ ਪਿੰਡ ਪਦਾਣਾਂ, ਜ਼ਿਲਾ ਲਾਹੌਰ, ਥਾਣਾ ਬਰਕੀ ਵਿੱਚ ਅੱਜ ਵੀ ਆਪਣੀਆ ਸ਼ਾਨਾਂ ਵਿਖਾ ਰਿਹਾ ਹੈ । ਛੇਵੇਂ ਪਾਤਿਸ਼ਾਹ ਸਾਹਿਬ ਸ੍ਰੀ ਗੁਰੂ ਹਰਿਗੋਬਿੰਦ ਜੀ ਪਿੰਡ ਢਿਲਵਾਂ ਤੋਂ ਚੱਲ ਕੇ ਪਿੰਡ ਵਾਸੀਆਂ ਦੇ ਪ੍ਰੇਮ ਕਰਕੇ ਇੱਥੇ ਆਏ ਸਨ । ਇੱਥੇ ਜੱਲਣ ਜੱਟ ਜੋ ਕਿ ਇਸ ਇਲਾਕੇ ਦਾ ਪ੍ਰਸਿੱਧ ਜਮੀਨਦਾਰ ਭਗਤ ਸੀ, ਨਾਲ ਸਤਿਗੁਰੂ ਜੀ ਦੀ ਵਿਚਾਰ ਚਰਚਾ ਹੋਈ ।

ਪਹਿਲਾਂ ਇਹ ਗੁਰਦੁਆਰਾ ਸਾਧਾਰਨ ਹਾਲਤ ਵਿੱਚ ਸੀ । ਇੱਥੋਂ ਦੇ ਸਰਦਾਰ ਅਤਰ ਸਿੰਘ ਪਦਾਣਾਂ ਜੀ ਨੇ ਗੁਰਦੁਆਰੇ ਦੀ ਸੇਵਾ ਅਰੰਭੀ ਅਤੇ ਪਿੰਡ ਦੀ ਸੰਗਤ ਨੇ ਉੱਦਮ ਕਰਕੇ ਸੁੰਦਰ ਦਰਬਾਰ ਬਣਾਇਆ । ਇੱਥੋ ਦੀ ਇੱਕ ਮੁਕਾਮੀ ਕਮੇਟੀ ਲੰਗਰ ਦਾ ਪ੍ਰਬੰਧ ਕਰਦੀ ਸੀ । ਹੁਣ ਇਸ ਪਾਵਨ ਅਸਥਾਨ ਅੰਦਰ ਮੇਵਾਤ ਤੋਂ ਆਏ ਹੋਏ ਸ਼ਰਨਾਰਥੀ ਵਸਦੇ ਹਨ । ਇਮਾਰਤ ਚੰਗੀ ਤਕੜੀ ਹੈ । ਸੇਵਾ ਸੰਭਾਲ ਵੱਲ ਧਿਆਨ ਨਾਂ ਦਿੱਤਾ ਗਿਆ ਤਾਂ ਚੰਗੀ ਹਾਲਤ ਮਾੜੀ ਹੋ ਸਕਦੀ ਹੈ ।

گردوارا چھویں پاتشاہی پڑھانا، ضلع لاہور

ایہ گردوارا پنڈ پڑھانا ضلع تحصیل لاہور تھانا برکی وچ اج وی اپنیاں شاناں وکھا رہیا ہے. چھویں پاتشاہ صاحب گرو ہرگوبند جی پنڈ ڈھلواں توں چل کے پنڈ واسیاں دے پریم کر کے ایتھے آئے ہن. ایتھے جلھن جٹ نال جو کہ ایس علاقے دا پرسدھ زمیندار بھگت سی ست گر جی دی چرچا ہوئی.

پہلوں ایہ گردوارا سدھارن حالت وچ سی. ایتھوں دے سردار عطر سنگھ پڑھانا جی نے گردوارے دی سیوا ارنبھی اتے پنڈ دی سنگت نے اُدم کر کے سُندر دربار بنایا. ایتھوں دی اِک مقامی کمیٹی لنگر دا پربندھ کردی سی. ہُن ایس پاون استھان اندر میوات توں آئے شرنارتھی وسے ہوئے ہن. عمارت چنگی تگڑی ہے. سیوا سنبھال ول دھیان نہ دِتا گیا تاں چنگی حالت ماڑی ہو سکدی ہے.

GURDWARA SIXTH GURU, PADHANA, DISTRICT LAHORE

This Gurdwara is displaying its splendour in the village Padhana, Police Station Burki, district Lahore.

Sixth Guru Hargobind Ji arrived in this village from Dhilvan due to the love and affection of the villagers. During his stay, he talked about Sat Gur Ji with Jalhan Jat, a prominent land lord of the village.

Initially Gurdwara was built in a simple pattern. Sardar Attar Singh of Padhana,the cheif of this village,started the reconstruction of and with the efforts of villagers a beautiful building was erected. A local committee used to arrange for the Langar.

The premises of Gurdwara is now occupied by the refugees from Mewat, the building is in good condition but it can deteriorate if proper care is not taken.



ਗੁਰਦੁਆਰਾ ਛੇਂਵੀ ਪਾਤਿਸ਼ਾਹੀ, ਰਾਮਪੁਰਾ ਖੁਰਦ, ਜ਼ਿਲਾ ਲਾਹੌਰ

ਜ਼ਿਲਾ ਅਤੇ ਤਹਿਸੀਲ ਲਾਹੌਰ, ਥਾਣਾ ਬਰਕੀ ਦਾ ਇਹ ਪਿੰਡ ਜੋ ਲਾਹੌਰ ਬਰਕੀ ਰੋਡ ਉੱਤੇ ਸੜਕ ਤੋਂ ਤਿੰਨ ਕਿਲੋਮੀਟਰ ਪੂਰਬ ਵੱਲ ਆਬਾਦ ਹੈ ।

ਇਸ ਪਿੰਡ ਅੰਦਰ ਗੁਰੂ ਹਰਿਗੋਬਿੰਦ ਜੀ ਦਾ ਗੁਰਦੁਆਰਾ ਸਾਹਿਬ ਹੈ । ਇਮਾਰਤ ਸੁੰਦਰ ਤੇ ਗੁੰਬਦਦਾਰ ਬਣੀ ਹੋਈ ਹੈ । ਗੁਰੂ ਸਾਹਿਬ ਪਢਾਣੇ ਤੋਂ ਚੱਲ ਕੇ ਸੰਗਤਾ ਦਾ ਪ੍ਰੇਮ ਵੇਖ ਕੇ ਇੱਥੇ ਬਿਰਾਜੇ । ਇਸ ਅਸਥਾਨ ਦੇ ਨਾਮ ੧੫ ਵਿੱਘੇ ਜ਼ਮੀਨ ਹੈ । ਪੁਜਾਰੀ ਉਦਾਸੀ ਸਾਧੂ ਸਨ ।

ਇਸ ਵੇਲੇ ਡਿੱਗੇ ਹੋਏ ਦਰਬਾਰ ਅੰਦਰ ਮੇਵਾਤ ਦੇ ਸ਼ਰਨਾਰਥੀ ਵਸੇ ਹੋਏ ਹਨ ।

گردوارا چھیویں پاتشاہی رام پورہ ضلع لاہور

ضلع اتے تحصیل لاہور تھانا برکی دا اِک پنڈ جو لاہور برکی روڈ اتے سڑک توں تن کلو میٹر پورب ول آباد ہے.
اس پنڈ اندر گرو ہرگوبند جی دا گردوارا صاحب ہے. عمارت سُندر گنبد دار بنی ہوئی اے. گرو صاحب پڈھانے توں چل کے سنگت دا پریم ویکھ کے ایتھے ویراجے اس استھان دے ناں 15 وگھے زمین ہے. پجاری اداسی سادھو سن.
اس ویلے ڈگے ہوئے دربار اندر میوات دے شرنارتھی وسے ہوئے ہن.

GURDWARA SIXTH GURU AT RAMPUR KHURD, DISTRICT LAHORE

Rampur Khurd is a village of Police satation Burki of tehsil and district Lahore which is located three kilometers east of Lahore-Burki road.

A Gurdwara of Guru Hargobind Ji is in this village. The building has a dome and it is built beautifully. Guru Ji came here from Padhana and stayed here in recognition of the love and devotion of the sangats living in the village. The priests used to Udasi Sadhus. 15 Bigha land is endowed in the name of the village.

Presently refugees from Mewat are settled in the darbar which has collapsed.



ਗੁਰਦੁਆਰਾ ਛੇਵੀ ਪਾਤਿਸ਼ਾਹੀ ਹਡਿਆਰਾ, ਜ਼ਿਲਾ ਲਾਹੌਰ

ਹਡਿਅਰਾ ਨਾਮੀ ਇਹ ਪਿੰਡ ਲਾਹੌਰ ਘਵਿੰਡੀ ਰੋਡ ਉੱਤੇ ਆਬਾਦ ਹੈ । ਇਸ ਸੜਕ ਨੂੰ ਪਹਿਲਾਂ ਲਾਹੌਰ ਪੱਟੀ ਰੋਡ ਵੀ ਕਿਹਾ ਜਾਂਦਾ ਸੀ ।

ਹਡਿਅਰਾ ਪਿੰਡ ਅੰਦਰ ਸ੍ਰੀ ਗੁਰੂ ਹਰਿਗੋਬਿੰਦ ਜੀ ਦਾ ਪਾਵਨ ਅਸਥਾਨ ਹੈ । ਇੱਥੇ ਆਪ ਸੰਗਤ ਦਾ ਪ੍ਰੇਮ ਦੇਖ ਕੇ ਤਸ਼ਰੀਫ ਲਿਆਏ । ਇਸ ਪਿੰਡ ਅੰਦਰ ਇਹ ਇਮਾਰਤ ਸਭ ਤੋਂ ਉੱਚੀ ਹੈ, ਜੋ ਦੂਰੋਂ ਹੀ ਨਜ਼ਰ ਆਉਂਦੀ ਹੈ । ਇਸ ਵੇਲੇ ਇਸ ਇਮਾਰਤ ਅੰਦਰ ਅੰਮ੍ਰਿਤਸਰ ਦੇ ਸ਼ਰਨਾਰਥੀ ਵਸੇ ਹੋਏ ਹਨ । ਇਮਾਰਤ ਬਹੁਤ ਹੀ ਸੁੰਦਰ ਤੇ ਮਜ਼ਬੂਤ ਹੈ । ਸੇਵਾ ਸੰਭਾਲ ਕੋਈ ਨਹੀਂ । ਕਦੇ ਹਰ ਰੋਜ਼ ਪ੍ਰਕਾਸ਼ ਹੁੰਦਾ ਸੀ । ਪੁਜਾਰੀ ਸਿੰਘ ਸਨ ।

گردوارا چھیویں پاتشاہی ہڈیارا ضلع لاہور

ہڈیارا نامی پنڈ لاہور گھونڈی روڈ اُتے آباد ہے. اس سڑک نوں پہلوں لاہور پٹی روڈ وی کہیا جاندا سی.

ہڈیارا پنڈ اندر صاحب سری گرو ہرگوبند جی دا پاون استھان ہے. ایتھے آپ سنگت دا پریم ویکھ کے تشریف لیائے. اس پنڈ اندر ایہ عمارت سبھ توں اُچی ہے جو دوروں ہی نظر آؤندی ہے. ایس ویلے اس عمارت اندر امرتسر دے شرنارتھی وسے ہوئے ہن. عمارت بہت ہی سُندر اتے مضبوط ہے. سیوا سنبھال کوئی نہیں' کدے ہر روز پرکاش ہوندا سی' پجاری سنگھ سن.

GURDWARA SIXTH GURU AT HADIARA DISTRICT. LAHORE

The village by the name of Hadiara is situated on Lahore-Ghawindi road. This road was previously known as Lahore-Patti road.

There is a sacred shrine of Sri Guru Hargobind Ji in the village Hadiara. He visited this place in recognition of the affection of the Sikh Sangat. The Gurdwara is the tallest building of the village and it is visible from a distance. At present refugees from Amritsar are settled in it. The building is beautiful and in good condition but there is no arrangement for its maintenance. Once Prakash used to perform daily and the priests were singhs.



ਗੁਰਦੁਆਰਾ ਛੇਵੀਂ ਪਾਤਿਸ਼ਾਹੀ, ਗੁਰੂ ਮਾਂਗਟ, ਲਾਹੌਰ

ਇਹ ਪਾਵਨ ਅਸਥਾਨ ਲਾਹੌਰ ਛਾਉਣੀ ਰੇਲਵੇ ਸਟੇਸ਼ਨ ਦੇ ਬਹੁਤ ਨੇੜੇ ਹੈ । ਹੁਣ ਇਸ ਪਿੰਡ ਦੇ ਆਸੇ ਪਾਸੇ ਲਾਹੌਰ ਦੀ ਮਾਡਰਨ ਬਸਤੀ ਗੁਲਬਰਗ ਉੱਸਰ ਗਈ ਹੈ । ਇਸ ਅਸਥਾਨ ਨੂੰ ਰੇਲਵੇ ਸਟੇਸ਼ਨ ਲਾਹੌਰ ਛਾਉਣੀ ਤੇ ਵਾਲਟਨ ਲਗਦੇ ਹਨ । ਸਤਿਗੁਰੂ ਸ੍ਰੀ ਗੁਰੂ ਹਰਿਗੋਬਿੰਦ ਜੀ ਮੁਜੰਗ ਤੋਂ ਉੱਠ ਕੇ ਇੱਥੇ ਬਿਰਾਜੇ ਸਨ । ਗੁਰਦੁਆਰਾ ਬਹੁਤ ਸੁੰਦਰ ਬਣਿਆ ਹੋਇਆ ਸੀ । ਇਸ ਪਾਵਨ ਅਸਥਾਨ ਨੂੰ ੧੯੪੭ ਵੇਲੇ ਬੜਾ ਨੁਕਸਾਨ ਪਹੁੰਚਿਆ । ਬਹੁਤ ਸਾਲ ਖੰਡਰ ਪਿਆ ਰਿਹਾ । ਇਸ ਪਾਵਨ ਅਸਥਾਨ ਦੀ ਪਵਿੱਤਰਾ ਨੂੰ ਭੰਗ ਹੋਣ ਤੋ ਬਚਾਉਣ ਲਈ ਇੱਥੇ " ਸ਼ਾਨੇ ਇਸਲਾਮ " ਨਾਂ ਦੀ ਆਲੀਸ਼ਾਨ ਮਸੀਤ ਬਣਾ ਦਿੱਤੀ ਗਈ ਹੈ । ਇਸ ਮਸੀਤ ਦੇ ਨਾਲ ਇੱਕ ਵਿਦਿਆਲਾ " ਮਦਰਿਸਾ " ਹੈ ਜਿੱਥੇ ਕੁਰਾਨ ਦੀ ਸਿੱਖਿਆ ਦਿੱਤੀ ਜਾਂਦੀ ਹੈ । ਲੋਕ ਭਲਾਈ ਵਾਸਤੇ ਇੱਥੇ ਇੱਕ ਡਿਸਪੈਂਸਰੀ ਵੀ ਕੰਮ ਕਰ ਰਹੀ ਹੈ । ਹੁਣ ਇਹ ਇਲਾਕਾ ਥਾਣਾ ਗੁਲਬਰਗ ਵਿੱਚ ਹੈ । ਪਹਿਲੋਂ ਥਾਣਾ ਮਜ਼ੰਗ ਸੀ ।

گردوارا چھویں پاتشاہی گرومانگٹ لاہور

ایہ پاون استھان لاہور چھاؤنی ریلوے سٹیشن دے بہُت نیڑے سی. ہُن ایس پِنڈ دے آسے پاسے لاہور دی ماڈرن بستی گلبرگ اُسر گئی ہے. ایس استھان نوں ریلوے سٹیشن لاہور چھاؤنی اتے والٹن لگدے ہن. ست گر ہرگوبند جی مزنگ توں اُٹھ کے ایتھے ویراجے ہن. گردوارا بہُت سُندر بنیا ہویا سی. ایس پاون استھان نُوں 1947ء ویلے وڈا نقصان اپڑیا. بہُت سال ایہ کھنڈر پیا رہیا. ایس پاون استھان دی پوترتا نُوں بھنگ ہون توں بچان لئی ایتھے "شان اسلام" ناں دی عالی شان میت بنا دتی گئی. ایس میت دے نال اِک ودیالا "مدرسا" ہے جتھے قرآن دی سکھیا دتی جاندی ہے. لوک بھلائی واسطے ایتھے اِک ڈسپنسری وی کم کر رہی ہے. ہُن ایہ علاقا تھانا گلبرگ وچ ہے. پہلوں تھانا مزنگ سی.

GURDWARA SIXTH GURU AT GURU MANGAT, LAHORE

Once this sacred shrine used to be very close to Lahore Cantonment railway station but now Gulberg, a modern locality of Lahore, has developed around it . Lahore Cantt and Walton railway station serve this place. Sat Gur Hargobind Ji came here after leaving Mozang. The Gurdwara was beautifully built but it had to suffer vast damage in 1947. It stood as a ruin for many years. In order to preserve the sanctity of this sacred place a splendid mosque,"Shan-e-Islam" (glory of Islam), has been built here. There is a school with the mosque where the Quran is taught. A dispensary is also working for the welfare of the people. This area is now under Gulberg, police station . earlier Mozang was its police station.



ਗੁਰਦੁਆਰਾ ਛੇਵੀਂ ਪਾਤਿਸ਼ਾਹੀ ਅਮਰਸਧੂ, ਲਾਹੌਰ

ਇਹ ਪਿੰਡ ਲਾਹੌਰ ਫਿਰੋਜ਼ਪੁਰ ਰੋਡ ਉੱਤੇ ਆਬਾਦ ਹੈ । ਇਸ ਨੂੰ ਰੇਲਵੇ ਸਟੇਸ਼ਨ ਕੋਟ ਲੱਖਪਤ ਲਗਦਾ ਹੈ । ਫਿਰੋਜ਼ਪੁਰ ਰੋਡ ਉੱਤੇ ਕੈਂਚੀ ਅਮਰਸਧੂ ਦੇ ਬਸ ਸਟਾਪ ਤੋਂ ਉੱਤਰ ਕੇ ਪਿੰਡ ਵਿੱਚ ਜਾਣਾ ਪੈਂਦਾ ਹੈ । ਇਸ ਪਿੰਡ ਵਿੱਚ ਛੇਵੇਂ ਪਾਤਿਸ਼ਾਹ ਜੀ ਦਾ ਪਾਵਨ ਅਸਥਾਨ ਹੈ, ਜੋ ਸੜਕ ਤੋਂ ਇੱਕ ਕਿਲੋਮੀਟਰ ਦੀ ਦੂਰੀ ਤੇ ਪਿੰਡ ਤੋਂ ਪੂਰਬ ਵਾਲੇ ਪਾਸੇ ਹੈ । ਸਤਿਗੁਰੂ ਜੀ ਬੀਬੀ ਕੌਲਾਂ ਜੀ ਦੇ ਨਾਲ ਮਜ਼ੰਗ ਤੋਂ ਇੱਥੇ ਆਏ ਸਨ, ਇਸ ਵਾਸਤੇ ਇਸ ਅਸਥਾਨ ਨੂੰ " ਗੁਰਦੁਆਰਾ ਬੀਬੀ ਕੌਲਾਂ " ਵੀ ਆਖਿਆ ਜਾਂਦਾ ਹੈ । ਪਹਿਲਾਂ ਇਸ ਅਸਥਾਨ ਉੱਤੇ ਸਾਧਾਰਨ ਗੁਰਦੁਆਰਾ ਸੀ । ਭਾਈ ਮੋਹਨ ਸਿੰਘ ਅਕਾਲੀ ਦੇ ਉੱਦਮ ਨਾਲ ਰਾਏ ਬਹਾਦਰ ਸਰ ਗੰਗਾ ਰਾਮ ਜੀ ਨੇ ੧੯੭੯ ਸੰਮਤ ਵਿੱਚ ਗੁਰਦੁਆਰੇ, ਖੂਹ ਅਤੇ ਸਰੋਵਰ ਦੀ ਸੇਵਾ ਕਰਵਾਈ । ੧੭ ਕਨਾਲ ਜ਼ਮੀਨ ਇਸ ਪਿੰਡ ਵਿੱਚ ਗੁਰਦੁਆਰੇ ਦੇ ਨਾਮ ਹੈ ।

ਇਸ ਵੇਲੇ ਗੁਰਦੁਆਰਾ ਸਾਹਿਬ ਦੀ ਇਮਾਰਤ ਸੁੰਦਰ ਅਤੇ ਵਧੀਆ ਹੈ । ਸਰੋਵਰ ਕਿਧਰੋਂ ਕਿਧਰੋਂ ਟੁੱਟਿਆ ਹੋਇਆ ਹੈ । ਗੁਰਦੁਆਰੇ ਦੇ ਬਾਗ ਪਾਸੇ ਪੱਕੀ ਚਾਰਦਵਾਰੀ ਹੈ । ਸੇਵਾਦਾਰ ਗੌਰਮਿੰਟ ਵੱਲੋਂ ਡਿਊਟੀ ਦਿੰਦਾ ਹੈ, ਇੱਥੇ ਪ੍ਰਕਾਸ਼ ਨਹੀਂ ਹੁੰਦਾ ।

گردوارا چھیویں پاتشاہی امرسدھو لاہور

لاہور توں فیروز پور جاون والی سڑک اُتے امرسدھو اِک بہت ہی وڈا بس سٹاپ ہے. ریلوے سٹیشن کوٹ لکھپت ہے. پنڈ توں پورب ول گرو ہرگوبند جی دا پاون استھان ہے. اس نوں گردوارا بی بی کولاں وی آکھیا جاندا ہے. گرو صاحب گرو مانگٹ توں چل ایتھے آئے. بی بی کولاں جی نوں نال لے کے گرو صاحب کجھ سما ایتھے وِراجے.

پہلوں ایتھے سدھارن گردوارا سی. بھائی موہن سنگھ جی اکالی دے ادھم نال سر گنگارام جی نے سمت 1979 وچ کھوہ اتے گردوارے دی سیوا کروائی. 17 کنال زمین گردوارے دے ناں ایس پنڈ وچ ہے. ہر سال ساون مہینے وچ میلا جُڑدا اے. گردوارا صاحب دی حالت چنگی ہے. سرووَر تباہ ہوندا جارہیا اے. گردوارا صاحب دی ولگن وچ پیراں تے اوہناں دے گھوڑے دیاں قبراں بن چکیاں ہن.

GURDWARA SIXTH GURU AT AMAR SADDHU DISTRICT LAHORE

Amar Saddhu is a very big bus stop on the Lahore-Ferozpur road. .The railway station is Kot Lakhpat. The sacred shrine of Guru Hargobind is located in the eastern side of the village. It is also known as Gurdwara Bibi Kaulan. Guru Dev Ji had come here from Guru Mangat and stayed here for some time with Bibi Kaulan.

In the beginning it was a simple Gurdwara, then in Samvat 1979 Sir Ganga Ram, with the initiative of Bhai Mohan Singh Akali, got the Gurdwara and its well repaired. 17 kanals of land is endowed to Gurdwara Sahib in this village. Fair is held in the month of Saawan. The condition of Gurdwara is good but the tank is in the process of destruction. The graves of a pir and his horse have been constructed within the compound of Gurdwara.



ਗੁਰਦੁਆਰਾ ਟਾਹਲੀ ਸਾਹਿਬ ਘੱਕਾ ਕੋਟਲੀ ਸ਼ੱਕਰਗੜ੍ਹ (ਜ਼ਿਲਾ ਨਾਰੋਵਾਲ)


ਘੱਕਾ ਅਤੇ ਕੋਟਲੀ ਦੋਵੇਂ ਜੁੜਵਾਂ ਪਿੰਡ ਹਨ ਜੋ ਥਾਣਾ ਸ਼ਾਹ ਗਰੀਬ ਤਹਿਸੀਲ ਸ਼ਕਰਗੜ੍ਹ ਵਿੱਚ ਅੱਜ ਵੀ ਅਬਾਦ ਹਨ । ਪਿੰਡ " ਘੱਕਾ " ਅੰਦਰ ਸਤਿਗੁਰੂ ਸ੍ਰੀ ਗੁਰੂ ਹਰਿਰਾਏ ਜੀ ਦਾ ਅਸਥਾਨ ਟਾਹਲੀ ਸਾਹਿਬ ਹੈ । ਇਹ ਇੱਕ ਵਿਸ਼ਾਲ ਅਤੇ ਸੁੰਦਰ ਗੁਰਦੁਆਰਾ ਹੈ ਜੋ ਹੁਣ ਢਹਿ ਰਿਹਾ ਹੈ । ਸਤਿਗੁਰੂ ਜੀ ਇੱਥੇ ਟਾਹਲੀ ਅਤੇ ਬੇਰੀ ਦੇ ਬਿਰਛ ਥੱਲੇ ਵਿਰਾਜੇ । ਹੁਣ ਟਾਹਲੀ ਸੁੱਕ ਚੁੱਕੀ ਹੈ ਜਦਕਿ ਬੇਰੀ ਅੱਜ ਵੀ ਆਪਣੀਆਂ ਸ਼ਾਨਾਂ ਵਿਖਾ ਰਹੀ ਹੈ । ਇੱਥੇ ਗੁਰੂ ਸਾਹਿਬ ਨੇ ਮੋਲੇ ਨਾਮਕ ਮਨੁੱਖ ਨੂੰ ਖਰਗੋਸ਼ ਦੀ ਜੂਨ ਤੋਂ ਮੁਕਤ ਕੀਤਾ ਸੀ, ਇਸ ਦੀ ਸਮਾਧ ਪਿੰਡ ਬੋਆ ਵਿੱਚ ਸਥਿੱਤ ਹੈ । ਭਾਈ ਫਤਹਿ ਚੰਦ ਪ੍ਰੇਮੀ ਸਿੱਖ ਦੀ ਪ੍ਰੀਤ ਕਰ ਕੇ ਗੁਰੂ ਸਾਹਿਬ ਕੁਝ ਦਿਨ ਇਸ ਟਾਹਲੀ ਅਤੇ ਬੇਰੀ ਦੇ ਬਿਰਛ ਹੇਠ ਠਹਿਰੇ । ਇਹ ਪਾਵਨ ਅਸਥਾਨ ਇਸੇ ਛੋਹ ਦੀ ਯਾਦਗਾਰ ਹੈ । ਇਸ ਗੁਰਦੁਆਰੇ ਦੇ ਨਾਂ ਪੰਜਾਹ ਵਿਘੇ ਜ਼ਮੀਨ ਅਤੇ ਸੌ ਰੁਪਿਆ ਸਾਲਾਨਾ ਜਾਗੀਰ ਹੈ । ਵਿਸਾਖੀ ਨੂੰ ਮੇਲਾ ਜੁੜਦਾ ਸੀ । ਇਸ ਅਸਥਾਨ ਨੂੰ ਜਾਣ ਵਾਸਤੇ ਨਾਰੋਵਾਲ ਸ਼ਕਰਗੜ ਰੋਡ ਦਾ " ਬਾਗ " ਸਟਾਪ ਜਾ ਬੁਸਤਾਨ ਤੋਂ ਉਤਰ ਕੇ ਜਾਇਆ ਜਾ ਸਕਦਾ ਹੈ । ਪਿੰਡ ਵਿੱਚ ਪੱਕੀ ਸੜਕ ਜਾਂਦੀ ਹੈ । ਗੁਰਦੁਆਰਾ ਪਿੰਡ ਵਿੱਚ ਵੜਨ ਤੋਂ ਪਹਿਲਾਂ ਹੀ ਸੜਕ ਉੱਪਰ ਆ ਜਾਂਦਾ ਹੈ । ਇਸ ਵਿੱਚ ਅਨਵਰ ਖਾਂ ਨਾਮੀ ਜਿਲਾ ਗੁਰਦਾਸਪੁਰ ਦਾ ਸ਼ਰਨਾਰਥੀ ਅਬਾਦ ਹੈ । ਇਮਾਰਤ ਖਸਤਾ ਹਾਲਤ ਵਿੱਚ ਹੈ ।

گردوارا ٹاہلی صاحب (گھکا کوٹلی شکر گڑھ) ضلع نارووال

گھکا اتے کوٹلی دو جڑویں پِنڈ ہن جو تھانا شاہ غریب تحصیل شکر گڑھ وچ اج وی اباد ہن. پِنڈ "گھکا" اندر ست گر ہر رائے جی دا استھان ٹاہلی صاحب ہے. ایہ اک وشال اتے سُندر گردوارا ہے جو ہُن ڈھے رہیا ہے. ست گر جی ایتھے ٹاہلی اتے بیری دے برچھ تھلے ویراجے سن. ٹاہلی سُک چکی ہے جد کہ بیری اج وی اپنیاں شاناں وکھا رہی ہے. ایتھے گرو صاحب نے مولے نامک منکھ نوں سجڑ (خرگوش) دی جون توں مکت کیتا سی. ایس دی سمادھ پِنڈ "بوعہ" وچ ہے. بھائی فتح چند پریمی سکھ دی پریت کر کے گرو صاحب کجھ دن ایس ٹاہلی اتے بیری دے برچھ ہیٹھ ٹھہرے. ایہ پاون استھان ایسے چھوہ دی یادگار ہے. ایس گردوارے دے ناں پنجاہ وگھے زمین اتے سو رپیا سالانا جاگیر ہے. وساکھی نوں میلا جڑدا سی. ایس استھان نوں جان واسطے نارووال شکر گڑھ روڈ دا "باغ" سٹاپ یاں بستان توں اُتر کے جایا جا سکدا ہے. پِنڈ وچ پکی سڑک جاندی ہے. گردوارا پِنڈ وچ وڑن توں پہلوں ہی سڑک اُپر آ جاندا ہے. ایس وچ انور خاں نامی ضلع گرداس پور دا شرنارتھی اباد ہے. عمارت خستا حالت وچ ہے.

GURDWARA TAHLI SAHIB AT GHAKKA KOTLI TEHSIL SHAKKARGARH, DISTRICT NAROWAL

Ghakka and Kotli are twin villages situated in P.S. Shah Gharib of Tehsil Shakkargarh. Tahli Sahib, the shrine of Sat Guru Har Rai Ji, is in the village Ghakka. It is a beautiful and spacious Gurdwara which is now falling apart. Sat Guru Ji sat beside this Tahli (Shisham tree) under the shade of the bair tree. The shisham has withered away but the bair tree is still there. It was here that Guru Ji blessed a man and released (Mukti) him from rebirth as a rabbit. His samadh is the village "Boa". Guru Ji stayed for a few days by this shisham and under the shadow of the bair tree in recognition of the love expressed by Bhai Fateh Chand Premi. This holy shrine is a memorial of his love and affection. Land measuring 50 bighas and an estate worth rupees one hundred per annum is assigned to it. A fair used to be held on Visakhi. This Gurdwara can be reached by road after getting off at Bagh or Bostan bus stop on Narowal-Shakkargarh road. A mettled road leads to the village. The Gurdwara is on the road before the village. Anwar Khan a refugee from Gurdaspur has settled in Gurdwara. The building is in a very bad shape.



ਦਰਗਾਹ ਹਜ਼ਰਤ ਬਾਬਾ ਫਰੀਦ, ਗੰਜ ਸ਼ਕਰ ਪਾਕਪਤਨ

ਹਜ਼ਰਤ ਬਾਬਾ ਫਰੀਦ ਗੰਜ ਸ਼ਕਰ ਜੀ ਦਾ ਜਨਮ ੫੮੪ ਹਿਜਰਤੀ ੧੧੮੮ ਈ: ਨੂੰ ਹਜ਼ਰਤ ਜਲਾਲੂਦੀਨ ਸੁਲੇਮਾਨ ਦੇ ਘਰ ਮਾਤਾ ਮਰੀਅਮ ਜੀ ਦੇ ਉਦਰ ਤੋਂ ਕੋਠੇਵਾਲ ਜ਼ਿਲਾ ਮੁਲਤਾਨ ਵਿੱਚ ਹੋਇਆ । ਆਪ ਖਵਾਜਾ ਕੁਤਬੁਦੀਨ ਬਖਤਿਆਰ ਕਾਕੀ (ਦਿੱਲੀ ਵਾਲੇ) ਦੇ ਮੁਰੀਦ (ਚੇਲੇ) ਸਨ । ਆਪ ਨੂੰ ਪੰਜਾਬੀ ਜ਼ਬਾਨ ਦੇ ਪਹਿਲੇ ਕਵੀ ਵਜੋ ਮੰਨਿਆ ਜਾਦਾ ਹੈ । ਆਪ ਦੀ ਰਚਨਾ ਸਲੋਕ ਜੋ ਫਰੀਦ ਬਾਣੀ ਦੇ ਨਾਮ ਤੋ ਗੁਰੂ ਗਰੰਥ ਸਾਹਿਬ ਜੀ ਵਿੱਚ ਦਰਜ ਹੈ । ਸਤਿਗੁਰੂ ਨਾਨਕ ਦੇਵ ਜੀ ਸਿੰਧ ਨੂੰ ਜਾਦੇ ਹੋਏ ਆਪ ਜੀ ਦੀ ਦਰਗਾਹ ਦੇ ਦਰਸ਼ਨਾ ਨੂੰ ਪਾਕਪਤਨ ਆਏ । ਜਿਸ ਥਾ ਆਪ ਨੇ ਚਰਨ ਪਾਏ ਉਸ ਥਾ ਨੂੰ ਟਿੱਬਾ ਨਾਨਕਸਰ ਆਖਿਆ ਜਾਦਾ ਹੈ ।

ਬਾਬਾ ਫਰੀਦ ਜੀ ਨੇ ੫ ਮੁਹੱਰਮ ੬੭੯ ਹਿਜਰੀ, ੭ ਮਈ ੧੨੮੦ ਮੰਗਲਵਾਰ ਨੂੰ ਇਸ ਦੁਨੀਆ ਤੋ ਪਰਦਾ ਕੀਤਾ । ਆਪ ਦਾ ਮਿਜ਼ਾਰ ਪਾਕਪਤਨ ਸ਼ਹਿਰ ਦੇ ਮੱਥੇ ਦਾ ਝੁਮਰ ਹੈ । ਆਪ ਦਾ ਮਿਜ਼ਾਰ ਹਜ਼ਰਤ ਖਾਜਾ ਨਿਜ਼ਾਮਉਦੀਨ ਔਲਿਆ ਹੋਰਾ ਬਣਵਾਇਆ । ਇਸ ਮਿਜ਼ਾਰ ਦੇ ਦੋ ਦਰਵਾਜ਼ੇ ਹਨ, ਇੱਕ ਨੂਰੀ ਦਰਵਾਜ਼ਾ ਤੇ ਦੂਜਾ ਬਹਿਸ਼ਤੀ (ਸਵਰਗੀ) ਦਰਵਾਜ਼ਾ । ਬਹਿਸ਼ਤੀ ਦਰਵਾਜ਼ੇ ਵਿੱਚੋ ਹਰ ਸਾਲ ਮੇਲੇ ਉੱਤੇ ਲੱਖਾ ਲੋਕ ਲੰਘਦੇ ਹਨ । ਇਹ ਦਰਵਾਜ਼ਾ ਸਾਲ ਵਿੱਚ ਇੱਕ ਵਾਰ ਹੀ ਖੁਲਦਾ ਹੈ । ਚਾਦੀ ਦਾ ਬਣਿਆ ਹੋਇਆ ਹੈ, ਜਿਹਦੇ ਵਿੱਚ ਸੁਨਿਹਰੀ ਪੱਤਰੀ ਨਾਲ ਫੁਲਕਾਰੀ ਕੀਤੀ ਗਈ ਹੈ । ਹਰ ਰੋਜ਼ ਹਜ਼ਾਰਾ ਸ਼ਰਧਾਲੂ ਆਪ ਦੇ ਦਰਸ਼ਨਾ ਨੂੰ ਦੇਸ਼ ਵਿਦੇਸ਼ ਤੋ ਆਉਦੇ ਹਨ । ਹੀਰ ਕਹਾਣੀ ਦੇ ਰਚਣਹਾਰ ਸਈਅਦ ਵਾਰਿਸ ਸ਼ਾਹ ਜੀ ਦਾ ਫੁਰਮਾਨ ਹੈ :

درگاہ حضرت بابا فرید گنج شکر' پاکپتن

حضرت بابا فرید گنج شکر جی دا جنم 584ھ (1188ء) نوں حضرت جلال الدین سلیمان دے گھر ماتا مریم جی دے اُدر توں کوٹھیوال ضلع ملتان وچ ہویا. آپ خواجا قطب الدین بختیار کاکی (دلی والے) دے مرید (چیلے) سن. آپ نُوں پنجابی زبان دے پہلے کوی وجوں منیا جاندا ہے. آپ دی رچنا شلوک جو فرید بانی دے نام توں گروگرنتھ جی صاحب اندر درج ہے. ست گرنانک دیو جی سندھ نُوں جاندے ہوئے آپ جی دی درگاہ دے درشناں نُوں پاکپتن آئے۔ جس تھاں آپ نے چرن پائے اُس استھان نُوں ٹبا نانک سر آکھیا جاندا ہے.

بابا فرید جی نے 5 محرم 679ھ 7 مئی 1280ء منگلوار نوں اِس دُنیا توں پردا کیتا. آپ دا مزار پاکپتن شہر دے متھے دا جھمر ہے. آپ دا مزار حضرت خواجا نظام الدین اولیا ہوراں بنوایا. اِس مزار دے دو دروازے ہن. اِک نوری دروازا اَتے دوجا بہشتی (سورگی) دروازا بہشتی دروازے وچوں ہر سال میلے اُتے لکھاں لوک لنگھدے ہن. ایہ دروازا سال وچ اِک وار ہی کھلدا ہے. ایہ چاندی دا بنیا ہویا ہے. جہدے وچ سنہری پتری نال پھلکاری کیتی گئی ہے. ہر روز ہزاراں شردھالو آپ دے مزار دے درشناں نُوں دیس ودیش توں آوندے ہن. آپ دا میلا ہر ورھے 5 محرم نُوں بڑی دھوم دھام نال منایا جاندا ہے.

DARGAH HAZRAT BABA FARID GANJSHAKAR AT PAKPATTAN

Hazrat Baba Fariduddin Masood Ganjshakar was born in 1188 AD (584 Hijri) at Kothewal village of Multan district. Hazrat Jalaluddin Suleman was his father and Maryam Ji was his mother. He was a disciple of Khawja Qutbuddin Bakhtiar Kaki (Dehliwala). Baba Farid is recognised as the first acclaimed poet of Punjabi language. His verses have been collected in Guru Granth Sahib under the chapter Farid's Sayings by Guru Nanak Dev Ji. Jagat Gur Nanak Dev Ji, while on his way to Sindh, had made a brief stop at Pakpattan to visit the shrine of Baba Farid. The place where he had set his foot is called Tibba Nanak Sar.

Baba Farid departed from this world on Tuesday, 7th May 1280 AD (679 Hijri) and since then his mazar (tomb) is the pride of Pakpattan. Khwaja Nizamuddin Aulia constructed his tomb. Mazar has two doors, namely Noori darwaza and Bahishti darwaza. Bahishti darwaza opens once a year and during the fair thousands of people pass through it. It (door) is made of silver and floral designs are laid in gold sheet. Thousands of devotees come to visit the shrine daily from within the country and from abroad.

His death anniversary is celebrated every year on the 5th of Muharram.



ਖੂਹ ਬਾਬਾ ਫਰੀਦ ਚੱਕ EB – 317 ਬੂਰੇਵਾਲਾ, ਜ਼ਿਲਾ ਵਿਹਾੜੀ

ਹਜ਼ਰਤ ਹਾਜੀਸ਼ੇਰ ਚਾਵਲੀ ਮਸ਼ਾਇਖ ਜੀ ਦੇ ਦਰਬਾਰ ਜੋ ਵਿਹਾੜੀ, ਤਹਿਸੀਲ ਬੂਰੇਵਾਲਾ ਦੇ ਇੱਕ ਪਿੰਡ ੩੧੭ EB ਵਿੱਚ ਸਥਿੱਤ ਹੈ, ਤੋ ਕੋਈ ਅੱਧਾ ਕਿਲੋਮੀਟਰ ਅੱਗੇ ਆਬਾਦੀ ਵਿੱਚ ਹੈ । ਇਸ ਪਾਵਨ ਖੂਹ ਦੇ ਪਾਸੇ ਇੱਕ ਵੱਡੀ ਚਾਰ ਦੀਵਾਰੀ ਹੈ । ਇਸ ਚਾਰ ਦੀਵਾਰੀ ਜੋ ਮਜ਼ਾਰ ਦੇ ਦਰਵਾਜ਼ੇ ਦੇ ਸਾਹਮਣੇ ਸਤਿਗੁਰ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਸੁੰਦਰ ਦਰਬਾਰ ਹੈ ।

ਇਸ ਖੂਹ ਨੂੰ ਬਾਬਾ ਫਰੀਦ ਜੀ ਦਾ ਖੂਹ ਆਖਿਆ ਜਾਦਾ ਹੈ । ਕਹਿੰਦੇ ਹਨ ਕਿ ਬਾਬਾ ਫਰੀਦ ਜੀ ਨੇ ਇਸ ਖੂਹ ਵਿੱਚ ਕੱਚੇ ਤੰਦ ਨਾਲ ਲਮਕ ਕੇ ਤਪੱਸਿਆ ਕੀਤੀ ਤੇ ਭਗਤੀ ਪਾਈ । ਇਹ ਖੂਹ ਅੱਜ ਵੀ ਚਾਲੂ ਹੈ । ਇਸ ਦਾ ਜਲ ਮਿੱਠਾ ਤੇ ਸੀਤਲ ਹੈ । ਲੋਕ ਅਨੇਕਾ ਸਰੀਰਕ ਤੇ ਮਾਨਸਿਕ ਰੋਗਾ ਤੋ ਮੁਕਤ ਹੋਣ ਲਈ ਇਸ ਖੂਹ ਦਾ ਜਲ ਛਕਦੇ ਹਨ । ਇਹ ਇਤਿਹਾਸਕ ਖੂਹ ਸਦੀਆ ਤੋ ਇੰਜ ਹੀ ਜਾਰੀ ਹੈ ਤੇ ਜਾਰੀ ਰਹੇਗਾ । ਪਹਿਲਾ ਇਸ ਉੱਤੇ ਛੱਤ ਨਹੀ ਸੀ । ੧੯੯੭ ਵਿੱਚ ਇਸ ਦੀ ਕੱਚੀ ਚਾਰਦੀਵਾਰੀ ਨੂੰ ਪੱਕਾ ਕਰਨ ਦੇ ਨਾਲ ਨਾਲ ਖੂਹ ਉੱਤੇ ਗੋਲ ਛੱਤ ਪਾ ਦਿੱਤੀ ਗਈ ਹੈ, ਜਿਸ ਥੱਲੇ ਗੋਲ ਥੰਮ ਹਨ । ਨਾਲ ਹੀ ਯਾਤਰੂਆ ਦੇ ਠਹਿਰਨ ਵਾਸਤੇ ਇੱਕ ਬਰਾਮਦਾ ਬਣਾ ਦਿੱਤਾ ਗਿਆ ਹੈ ।

کھوہ بابا فرید چک E.B 317 بورے والا، ضلع وہاڑی

حضرت حاجی شیر چاولی مشائخ جی دے دربار جو ضلع وہاڑی تحصیل بورے والا دے اک پنڈ 317/E.B وچ سخت ہے، جس توں کوئی ادھا کلومیٹر اگے ابادی وِچ ہے. ایس پاون کھوہ دے پاسے اِک وڈی چاردیواری ہے. ایس چاردیواری دے دروازے دے ساہمنے ست گر نانک دیو جی دا سُندر دربار ہے.

ایس کھوہ نُوں بابا فرید جی دا کھوہ آکھیا جاندا ہے. کہندے ہن کہ بابا فرید جی نے ایس کھوہ وچ کچے تند نال لمک کے بارھاں ورھے تپسیا کیتی اتے بھگتی پائی. ایہ کھوہ اج وی چالو ہے. ایس دا جل مِٹھا اتے سیتل ہے. لوک انیکاں سریرک اتے مانسک بیماریاں توں آروگ ہون واسطے ایس دا جل چھکدے ہن. ایہ اتہاسک کھوہ صدیاں توں انج ہی جاری ہے اتے رہے گا. پہلوں ایس اُتے چھت نہیں سی، ہُن 1997ء وچ ایس دی کچی چاردیواری نُوں پکا کرن دے نال نال کھوہ اُتے گول چھت پا دتی ہے جس تھلے گول تھم ہن نال ہی یاترواں دے ٹھہرن واسطے اِک براماد وی بنا دِتا گیا ہے.

KHU BABA FARID AT CHAK NO. 317 EB BUREWALA DISTRICT VEHARI

This well is in a locality half a kilometer from the shrine of Haji Sher *Chawli Mashaekh* which is situated in Chak No 317/EB of tehsil Burewala of District Vehari. There is a high boundary wall around the well and there is a beautiful darbar of Sat Gur Nanak Dev Ji in front of the gate in the boundary wall.

The well is called Khoi Baba Farid. It is said that Baba Farid meditated for twelve years hanging by a *Kacchi tand* (raw yarn) in this well and achieved Bhakti. The well is still in use and its water is cool and tasty.

People drink water from this well in order to get relief from various physical and spiritual diseases. This historical well has been running for centuries and will continue running eternally. Earlier there was no roof over it. In 1997 its mud-boundary wall was built in brick and a circular roof supported by round pillars was erected. A veranda has been constructed for the devotees.



ਟਿੱਬਾ ਬਾਬਾ ਫਰੀਦ, ਲਾਹੌਰ


ਇਹ ਅਸਥਾਨ ਲਾਹੌਰ ਜ਼ਿਲਾ ਕਚਿਹਰੀ ਤੇ ਐਸ ਐਸ ਪੀ ਦਫਤਰ ਦੇ ਪਿਛਵਾੜੇ ਹੈ । ਇਸ ਨੂੰ ਟਿੱਬਾ ਬਾਬਾ ਫਰੀਦ ਆਖਿਆ ਜਾਂਦਾ ਹੈ । ਜਦ ਬਾਬਾ ਫਰੀਦੁਦੀਨ ਗੰਜ ਸ਼ਕਰ ਜੀ ਲਾਹੌਰ ਆਏ ਤਾਂ ਇਸ ਥਾਂ ਬਿਰਾਜੇ, ਮਗਰੋਂ ਸ਼ਰਧਾਲੂਆ ਇੱਥੇ ਥੜਾ ਸਾਹਿਬ ਬਣਾ ਲਿਆ । ਮਹਾਰਾਜਾ ਰਣਜੀਤ ਸਿੰਘ ਜੀ ਦੇ ਸਮੇਂ ਇਸ ਉੱਤੇ ਚੋਖੰਡੀ ਉਸਾਰੀ ਗਈ ਜੋ ਦਸੰਬਰ ੧੯੯੬ ਤੱਕ ਕਾਇਮ ਸੀ, ਹੁਣ ਇੱਕ ਵਾਰ ਫਿਰ ਅਸਥਾਨ ਦੀ ਸੇਵਾ ਹੋ ਰਹੀ ਹੈ । ਇਸ ਉੱਤੇ ਇੱਕ ਆਲੀਸ਼ਾਨ ਗੁੰਬਦ ਉਸਾਰਿਆ ਜਾ ਰਿਹਾ ਹੈ, ਜੋ ਬਹੁਤ ਦੂਰੋ ਨਜ਼ਰ ਆ ਜਾਦਾ ਹੈ । ਇੱਥੇ ਹਰ ਸਾਲ ਭਾਰੀ ਮੇਲਾ ਜੁੜਦਾ ਹੈ । ਇਸ ਦੇ ਆਸੇ ਪਾਸੇ ਫਕੀਰਾਂ ਦੀਆਂ ਕਬਰਾਂ ਅਤੇ ਵਣਾਂ ਦੀ ਸੰਘਣੀ ਝੰਗੀ ਹੈ ।

ٹبا بابا فرید لاہور

ایہ استھان لاہور ضلع کچہری دے پچھواڑے ہے. بابا فرید الدین مسعود گنج شکر جد لاہور تشریف لیائے تاں اوہناں اپنے رہن واسطے ایس استھان نُوں چنیا. بعد وچ شردھالواں ایتھے اِک تھڑا صاحب بنا لیا. مہاراجا رنجیت سنگھ سے ایس اُتے چوکھنڈی اُسار دتی گئی. انگریز سے جد ایس ایس پی آفس بنایا گیا تاں ایس ٹبے دا چوکھا حصا چکوا دتا گیا اوس اُتے جنیاں قبراں سن اوہ سبھ ختم ہو گئیاں ہن. کیول تھڑا صاحب والی تھاں ہُن باقی بچی ہے. ہُن ایس اُتے اک عالی شان گنبد اُساریا جا رہیا ہے. ہر سال 5 محرم نوں ایتھے میلا جڑدا سی جس اندر ہندو مسلمان اتے سکھ سبھ اکٹھے ہوندے سن. ہُن وی میلا ہوندا ہے. اوہ پہلوں والیاں رونقاں نہیں ہن.

TIBBA BABA FARID AT LAHORE

This shrine is behind Lahore District courts. When Baba Farid ud Din Masood Ganj Shakar came to Lahore, he chose this spot for his residence Later the devotees built a raised platform. A chaukhandi (room with four doors) was erected over it during the reign of Maharaja Ranjit Singh. Much of this structure was razed to ground during the British period when SSP office was established there. All the graves built on the platform were levelled. Only a small portion of the platform remained intact. Now an elegant dome is being built over it. A fair was organised annually on the 5th of Moharram which was attended by Muslims, Hindus and Sikhs. Even now the fair is organised but the fanfare of the past is gone.



ਕਬਰ ਰਾਏ ਬੁਲਾਰ, ਨਨਕਾਣਾ ਸਾਹਿਬ, ਜ਼ਿਲਾ ਸ਼ੇਖ਼ੂਪੁਰਾ

ਜਨਮ ਅਸਥਾਨ ਜਗਤ ਗੁਰੂ ਨਾਨਕ ਦੇਵ ਜੀ ਮਹਾਰਾਜ ਨਨਕਾਣਾ ਸਾਹਿਬ ਦੇ ਪਿਛਵਾੜੇ ਆਬਾਦੀ ਤੋ ਬਾਹਰ ਇੱਕ ਥੇਹ ਹੈ । ਇਸ ਥੇਹ ਨੂੰ ਧੌਲਰ ਥੇਹ ਕਰ ਕੇ ਯਾਦ ਕੀਤਾ ਜਾਂਦਾ ਹੈ । ਇਸ ਉੱਤੇ ਦੁਨੀਆ ਦੇ ਉਸ ਪਹਿਲੇ ਬੰਦੇ ਦੀ ਕਬਰ ਹੈ, ਜਿਹਨੇ ਸਤਿਗੁਰੂ ਨਾਨਕ ਦੇਵ ਜੀ ਨੂੰ ਅੱਲਾ ਦਾ ਪਿਆਰਾ ਬੰਦਾ ਕਰ ਕੇ ਪਛਾਣਿਆ । ਉਹਨਾ ਨੇ ਆਪਣੀ ਅੱਧੀ ਜਾਗੀਰ ਗੁਰਦੁਆਰਾ ਸਾਹਿਬ ਜੀ ਦੇ ਨਾ ਲਾ ਦਿੱਤੀ ਜੋ ਅੱਜ ਵੀ ਉਸਦੇ ਨਾ ਹੈ ।

ਇਹ ਕੱਚੀ ਕਬਰ ਤਾਰੀਖ ਦਾ ਇੱਕ ਬਹੁ ਵੱਡਾ ਨਿਸ਼ਾਨ ਹੈ । ਰਾਏ ਬੁਲਾਰ ਦੀ ਵੰਸ਼ ਵਿੱਚੋ ਬਹੁਤ ਨਾਮਵਰ ਅਤੇ ਪ੍ਰਸਿੱਧ ਸਿਆਸਤਦਾਨ ਰਹੇ ਹਨ । ਜਿਹਨਾ ਵਿੱਚੋ ਰਾਏ ਮਨਸਬ ਅਲੀ ਖਾ ਤਾ ਵਜ਼ੀਰ ਵੀ ਰਹੇ ਹਨ । ਇਸੇ ਤਰਾ ਰਾਏ ਮੁਹੰਮਦ ਬਸ਼ੀਰ ਭੱਟੀ ਪਾਕਿਸਤਾਨ ਦੀ ਨੈਸ਼ਨਲ ਅਸੰਬਲੀ ਦੇ ਮੈਂਬਰ ਰਹੇ ਹਨ ।

قبر رائے بلار ننکانا صاحب، ضلع شیخوپورا

جنم استھان جگت گرو نانک دیو جی مہاراج ننکانا صاحب دے پچھواڑے آبادی توں باہر اِک بھتیہ ہے. اِس بھتیہ نوں دھولر بھتیہ کر کے یاد کیتا جاندا ہے. اِس اُتے دُنیا دے اُس پہلے بندے دی قبر ہے جنے ست گر نانک دیو جی نُوں اللہ دا پیارا بندا کر کے پچھانیا. اوہناں اپنی ادھی جاگیر گردوارا صاحب جی دے ناں لا دِتی جو اَج وی اوسے دے ناں ہے.

ایہ کچی قبر تاریخ دا اِک بہت وڈا نشان ہے. رائے بلار دی ونش وچوں بہت نامور اَتے پرسدھ سیاست دان رہے ہن جہناں وچوں رائے منصب علی خان تے وزیر وی رہے ہن ایسے طرحاں رائے محمد بشیر بھٹی پاکستان دی نیشنل اسمبلی دے ممبر رہے ہن.

GRAVE OF RAI BULAR AT NANKANA SAHIB DISTRICT. SHEIKHUPURA

There is a ruin in the locality behind the Janamasthan of Jagat Guru at Nankana. This ruin is known as Dhaular Thia. On it is the grave of the person who was the first to recognize Sat Gur Nanak Dev Ji as the one chosen by God. He had bestowed half of his estate to Gurdwara which is still in the name of Gurdwara Sahib. This mud grave is a great milestone of history.

Many descendants of Rai Bular have been notable politicians. Rai Mansab Ali had been a minister. Similarly Rai Mohammad Bashir Bhatti has been a member of Pakistan National Assembly.



ਚਿਲਾਗਾਹ ਅਤੇ ਕਬਰ ਹਜ਼ਰਤ ਹਮਜ਼ਾ ਗੌਸ (ਸਿਆਲਕੋਟ)

ਮੁਹੱਲਾ ਬਾਬੇ ਬੇਰ ਵਿੱਚ ਹੀ ਗੁਰਦੁਆਰਾ ਬੇਰ ਜੀ ਸਾਹਿਬ ਤੋਂ ਕੋਈ ੪੦੦ ਮੀਟਰ ਦੀ ਵਿੱਥ ਉੱਤੇ ਅਬਾਦੀ ਵਿੱਚ ਇੱਕ ਨਿੱਕਾ ਜਿਹਾ ਕਬਰਿਸਤਾਨ ਹੈ । ਇਸ ਕਬਰਸਤਾਨ ਵਿੱਚ ਇੱਕ ਉੱਚੇ ਥੜੇ ਤੇ ਦੋ ਕਬਰਾਂ ਹਨ । ਇੱਕ ਕਬਰ ਜਿਸ ਉੱਤੇ ਸਾਵਾਂ ਕੱਪੜਾ ਪਿਆ ਰਹਿੰਦਾ ਹੈ, ਉਹ ਪੀਰ ਹਜ਼ਰਤ ਹਮਜ਼ਾ ਗੌਸ ਜੀ ਦੀ ਕਬਰ ਹੈ ਜਦਕਿ ਦੂਜੀ ਕਬਰ ਉਹਨਾਂ ਦੇ ਮੁਰੀਦ (ਚੇਲੇ) ਦੀ ਹੈ । ਇਸ ਕਬਰਸਤਾਨ ਦੇ ਸੱਜੇ ਪਾਸੇ ਵਾਲੀ ਸਾਹਮਣੀ ਨੁੱਕਰ ਵਿੱਚ ਇੱਕ ਬਹੁਤ ਉੱਚੀ ਗੁੰਬਦਦਾਰ ਇਮਾਰਤ ਹੈ । ਇਹ ਉਹਨਾਂ ਦੀ ਚਿਲਾਗਾਹ ਹੈ । ਇਸ ਵਿੱਚ ਵੜਦਿਆਂ ਹੀ ਬੂਹੇ ਦੇ ਨਾਲੋਂ ਪੌੜੀਆਂ ਚੜਦੀਆਂ ਹਨ । ਇਹ ਪੌੜੀਆਂ ਛੱਤ ਤੇ ਚਲੀਆਂ ਜਾਦੀਆਂ ਹਨ । ਛੱਤ ਉੱਤੇ ਗੁੰਬਦ ਹੈ ਜਿਸ ਦੇ ਚਾਰ ਬੂਹੇ ਹਨ, ਪਰ ਇਹਨਾਂ ਵਿੱਚ ਵੜਨ ਵਾਸਤੇ ਕੋਈ ਪੌੜੀ ਨਹੀਂ ਹੈ । ਇਹ ਛੱਤ ਨਾਲੋਂ ਕੋਈ ਚਾਰ ਫੁੱਟ ਉੱਚੇ ਹਨ । ਇਹਨਾਂ ਬੂਹਿਆਂ ਦੇ ਅੰਦਰ ਚਾਰਾਂ ਪਾਸਿਆ ਤੋਂ ਰੇੜਾਂ ਬਣੀਆਂ ਹੋਈਆਂ ਹਨ, ਜੋ ਗੁੰਬਦ ਦੇ ਕੇਂਦਰ ਵਿੱਚ ਇਕੱਠੀਆਂ ਹੁੰਦੀਆਂ ਹਨ । ਇੱਥੇ ਕੇਵਲ ਇੱਕ ਬੰਦੇ ਦੇ ਬੈਠਣ ਦੀ ਥਾਂ ਹੈ । ਇਹ ਹੀ ਚਿਲੇ ਵਾਲੀ ਥਾਂ ਹੈ । ਗੁੰਬਦ ਵਿਚਕਾਰੋਂ ਖੁਲਾ ਹੈ । ਇਸ ਵਿੱਚੋਂ ਚਾਨਣ ਤਾਂ ਅੰਦਰ ਆਉਂਦਾ ਹੈ, ਪਰ ਮੀਂਹ ਨਹੀਂ । ਇਹ ਇੱਕ ਅਨਮੋਲ ਯਾਦਗਾਰ ਹੈ ਜੋ ਢਹਿੰਦੀ ਜਾ ਰਹੀ ਹੈ ।

چلّا گاہ اتے قبر حضرت حمزہ غوث (سیالکوٹ)

محلا بابے بیر وچ ہی گردوارا بیر جی صاحب توں کوئی 400 میٹر دی وِتھ اُتے ابادی دے وِچ اِک چھوٹا جہیا قبرستان ہے. ایس قبرستان وچ اک اُچے تھڑے اُتے دو قبراں ہن. اک قبر جس اُتے ساوا کپڑا پیا رہندا ہے اوہ پیر حضرت حمزہ غوث جی دی ہے جد کہ دوجی قبر اوہناں دے مرید (چیلے) دی ہے. ایسے قبرستان دے سجے پاسے والی ساہمنی نکر وچ اک بہُت اُچی گنبددار عمارت ہے. ایہ اوہناں دی چِلّا گاہ ہے. ایس وچ وڑدیاں ہی بوہے دے نالوں پوڑیاں چڑھدیاں ہن. ایہ پوڑیاں چھت تے چلیاں جاندیاں ہن. چھت اُتے گنبد ہے. جہدے چار بوہے ہن پر ایہناں وچ وڑن واسطے کوئی پوڑی نہیں. ایہ چھت نالوں کوئی چار فٹ اُچے ہن. ایہناں بوہیاں دے اندر چاراں پاسیاں توں رہڑاں بنّیاں ہوئیاں ہن جو گنبد دے کیندر وچ اکٹھیاں ہوندیاں ہن. ایتھے کیول اک بندے دے بیٹھن دی تھاں ہے. ایہ ہی چلے والی تھاں ہے. گُنبد وچکاروں کھلا ہے. ایس وچوں چانن تاں اندر آوندا ہے پر مینہ نہیں. ایہ اِک انمول یادگار ہے جو ڈھیندی جا رہی ہے.

CHILLAHGAH AND GRAVE OF HAZRAT HAMZA GHAUS AT SIALKOT CITY

A small graveyard is located at a distance of about 400 meters from Gurdwara Baba Bair Sahib inside Mohalla Baba Bair. There are two graves on a raised platform, one grave covered with a simple cloth is the grave of Hazrat Hamza Ghaus while the other belongs to his disciple. There is a high building with a dome in the right corner facing the entrance. This was his meditating place. Just beside the door are the stairs that lead to the roof. The dome on the roof has four doors but there are no steps to reach these doors. The doors are about four feet above the roof. Inside the door four sloped catwalks have been built which meet at the centre of the dome. Only one person can sit here. This is the place for meditation. The dome is open at the centre. The light can come in but not the rain. This is a priceless monument which is now in the process of decay.



ਮਿਜ਼ਾਰ ਸਾਈਂ ਮੀਆਂ ਮੀਰ ਜੀ

ਸਾਈਂ ਮੀਆਂ ਮੀਰ ਜੀ ਜਿਹਨਾਂ ਦਾ ਅਸਲ ਨਾਂ ਮੀਰ ਮੁਹੰਮਦ ਅਤੇ ਪ੍ਰਸਿੱਧ ਨਾਂ ਮੀਆ ਮੀਰ ਸੀ, ਆਪ ਦਾ ਜਨਮ ੧੫੩੧ ਈ: ਨੂੰ ਸਿਉਸਤਾਨ ਸਿੰਧ ਵਿੱਚ ਹੋਇਆ । ਆਪ ਨੇ ਉਮਰ ਦਾ ਚੋਖਾ ਹਿੱਸਾ ਲਾਹੌਰ ਵਿੱਚ ਬਿਤਾਇਆ । ਪਹਿਲੀ ਮਾਘ ਸੰਮਤ ੧੬੪੫, ੩ ਜਨਵਰੀ ੧੫੮੮ ਨੂੰ ਪੰਚਮ ਪਾਤਿਸ਼ਾਹ ਗੁਰੂ ਅਰਜਨ ਦੇਵ ਜੀ ਮਹਾਰਾਜ ਨੇ ਆਪ ਤੋਂ ਹਰਿਮੰਦਰ ਸਾਹਿਬ ਦਾ ਨੀਹ ਪੱਥਰ ਰਖਵਾਇਆ । ਸਤਿਗੁਰੂ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਤੇ ਆਪ ਨੇ ਹਾਅ ਦਾ ਨਾਅਰਾ ਮਾਰਿਆ । ਆਪ ਨੇ ਜਹਾਂਗੀਰ, ਸ਼ਾਹਜਹਾਂ ਅਤੇ ਉਹਨਾਂ ਦੇ ਵਜ਼ੀਰਾਂ ਅਮੀਰਾਂ ਵੱਲੋਂ ਭੇਜੀ ਭੇਟਾ ਨੂੰ ਕਦੇ ਕਬੂਲ ਨਹੀਂ ਕੀਤਾ । ਮੁਗਲ ਸ਼ਹਿਜਾਦਾ ਦਾਰਾ ਸ਼ਿਕੋਹ ਆਪ ਦਾ ਮੁਰੀਦ ਸੀ । ੧੭ ਰਬੀਅਉਲ ਅੱਵਲ ੧੦੪੫ ਹਿਜਰੀ ਨੂੰ ਆਪ ਨੇ ਇਸ ਜਹਾਨ ਨੂੰ ਛੱਡਿਆ ਤੇ ਆਪ ਨੂੰ ਆਪ ਜੀ ਦੀ ਵਸੀਅਤ ਅਨੁਸਾਰ ਮੀਆਂ ਨੱਥਾ ਜੀ ਪਾਸ ਦਫਨਾਇਆ ਗਿਆ ਜੋ ਆਪ ਦਾ ਮਿੱਤਰ ਸੀ ।

ਦਾਰਾ ਸ਼ਿਕੋਹ ਨੇ ਆਪ ਦਾ ਬਹੁਤ ਹੀ ਸੁੰਦਰ ਮਜ਼ਾਰ ਬਣਵਾਇਆ, ਜੋ ਅੱਜ ਵੀ ਆਪਣੀਆਂ ਸ਼ਾਨਾਂ ਵਿਖਾ ਰਿਹਾ ਹੈ । ਮਜ਼ਾਰ ਦੀ ਉਸਾਰੀ ਜਾਰੀ ਸੀ ਕਿ ਔਰੰਗਜ਼ੇਬ ਤਖਤ ਉੱਤੇ ਆਣ ਬੈਠਾ । ਉਹਨੇ ਮਜ਼ਾਰ ਤੇ ਲੱਗਨ ਵਾਲਾ ਲਾਲ ਪੱਥਰ ਜੋ ਦਾਰਾ ਸ਼ਿਕੋਹ ਨੇ ਮੰਗਵਾਇਆ ਸੀ, ਚੁੱਕ ਕੇ ਲਾਹੌਰ ਦੀ ਬਾਦਸ਼ਾਹੀ ਮਸੀਤ ਉੱਤੇ ਲਵਾ ਲਿਆ । ਇਸ ਤਰਾਂ ਆਪ ਦਾ ਮਜ਼ਾਰ ਦਾਰਾ ਸ਼ਿਕੋਹ ਦੀ ਮਰਜ਼ੀ ਅਨੁਸਾਰ ਨਾਂ ਬਣ ਸਕਿਆ । ਮਹਾਰਾਜਾ ਰਣਜੀਤ ਸਿੰਘ ਦੇ ਹੁਕਮ ਉੱਤੇ ਆਪ ਦੇ ਮਜ਼ਾਰ ਦੀ ਸਰਕਾਰੀ ਪੱਧਰ ਉੱਤੇ ਮੁਰੰਮਤ ਹੋਈ ਤੇ ਸ਼ਾਹੀ ਖਜਾਨੇ ਵੱਲੋਂ ਪੰਜ ਸੌ ਰੁਪਿਆ ਇਸ ਦਾ ਤਾਰਿਆ ਗਿਆ । ਮਹਾਰਾਜਾ ਹਰ ਸਾਲ ਮੇਲੇ ਵੇਲੇ ਮਿਜ਼ਾਰ ਉੱਤੇ ਆਪ ਆਉਂਦਾ ਅਤੇ ਦਿਲ ਖੋਲ ਕੇ ਸੇਵਾ ਕਰਦਾ । ਹੁਣ ਇਹ ਮਿਜ਼ਾਰ ਮਹਿਕਮਾ ਔਕਾਫ ਕੋਲ ਹੈ । ਹਰ ਸਾਲ ਮੇਲਾ ਹੁੰਦਾ ਹੈ ।

مزار سائیں میاں میرجی

سائیں میاں میرجی جناں دا اصل ناں میر محمد اتے پرسدھ ناؤں میاں میر سی. آپ دا جنم 1531ء نوں سیوستان سندھ وچ ہویا اتے عمر دا چوکھا حصا لاہور وچ ہی بتایا. پہلی ماگھ سمت 1645' 3 جنوری 1588ء نوں پنچم پاتشاہ صاحب گرو ارجن دیو جی مہاراج نے آپ توں ہرمندر صاحب دا نینہ پتھر رکھوایا. ست گر ارجن دیو جی دی شہیدی اُتے آپ نے ہا دا نعرا ماریا. آپ نے جہانگیر' شاہ جہان اتے اوہناں دے وزیراں امیراں ولوں بھیجی بھینٹا نوں کدے قبول نہ کیتا. مغل شہزادا دارا شکوہ آپ دا مرید سی.

17 ربیع الاول 1045ھ نوں آپ نے ایس جہان نوں چھڈیا تے آپ نوں آپ دی وصیت انُوسار میاں نتھا جی پاس دفنایا گیا جو آپ دا مِتر سی.

دارا شکوہ نے آپ دا بہُت ہی سُندر مزار بنوایا جو اج وی اپنیاں شاناں وکھا رہیا ہے. مزار دی اُساری جاری سی کہ اورنگ زیب تخت اُتے آن بیٹھا. اوس نے مزار تے لگن والا لال پتھر جو دارا شکوہ منگوایا سی' چکوا کے لاہور دی بادشاہی مسیت (جو قلعے ساہویں ہے) اُتے لوا لیا. ایوں آپ دا مزار دارا شکوہ دی مرضی انُوسار نہ بن سکیا. مہاراجا رنجیت سنگھ دے حکم اُتے آپ دے مزار دی سرکاری پدھر اُتے مرمت ہوئی اتے شاہی خزانے ولوں پنج سو رپیا ایس دا تاریا گیا. مہاراجا ہر سال میلے ویلے مزار اُتے آوندا. دل کھول کے سیوا کردا. ہُن ایہ مزار محکما اوقاف کول اے. ہر سال میلا ہوندا اے.

MAZAR SAIN MIAN MIR JI AT LAHORE

Sain Mian Mir Ji, whose real name was Mir Mohammad, was popularly called Mian Mir. He was born at Sevastan (Sindh) in 1531 AD. He spent most of his life in Lahore. Fifth Patshah Sat Gur Arjun Dev Ji got the foundation stone of Harmandir Sahib laid by Mian Mir on 1st Magh, Samvat 1647 (3rd January 1588 AD). Mian Mir raised slogans to mourn the martyrdom of Guru Arjun Dev. He never accepted any gift sent by Emperor Jehangir, Emperor Shah Jehan, their Ministers and nobles. Moghal Prince Dara Shikoh was his disciple.

He died on 17th Rabiulawwal 1045 Hijri and according to his will was buried beside Mian Natha Ji who was one of his bosom friends.

Prince Dara Shikoh built a grand tomb over the grave which is gracefully standing to date. The construction of the tomb was in progress when Aurangzeb occupied the throne. He removed the red stone brought by Dara Shikoh for the construction of the tomb and used them in building Badshahi Mosque of Lahore (It faces the Lahore fort). Thus Mian Mir's tomb could not be built according to the wishes of Dara Shikoh. At the command of Maharaja Ranjit Singh the tomb was repaired, renovated and Rs. 500 were granted from the royal exchequer. Maharaja used to come to the fair every year and made large contributions. A fair is held every year and it is now with Auqaf Department.



ਮਜ਼ਾਰ ਹਜ਼ਰਤ ਸ਼ਾਹ ਦੌਲਾ, ਗੁਜਰਾਤ ਸ਼ਹਿਰ

ਗੁਜਰਾਤ ਸ਼ਹਿਰ ਅੰਦਰ ਹਜ਼ਰਤ ਸ਼ਾਹ ਦੌਲਾ ਜੀ ਦਾ ਮਜ਼ਾਰ ਮੁਸਲਮਾਨਾਂ ਦੀ ਇੱਕ ਵੱਡੀ ਜ਼ਿਆਰਤਗਾਹ ਹੈ । ਇਹ ਦਰਗਾਹ ਪੁਰਾਣੇ ਸ਼ਹਿਰ ਤੋਂ ਬਾਹਰ ਹੈ । ਆਪ ਦਾ ਜਨਮ ੯੫੯ ਹਿਜਰੀ/੧੫੫੪ ਈ ਨੂੰ ਅਬਦੁਲ ਰਹੀਮ ਲੋਧੀ ਤੇ ਮਾਤਾ ਨਿਆਮਤ ਬੀਬੀ ਦੇ ਘਰ ਹੋਇਆ । ਆਪ ਇਬਰਾਹੀਮ ਲੋਧੀ ਦੀ ਔਲਾਦ ਵਿੱਚੋਂ ਸਨ । ਆਪ ਨੇ ਇੱਥੇ ਗੁਜਰਾਤ ਸ਼ਹਿਰ ਅੰਦਰ ਹੀ ਸਤਿਗੁਰੂ ਸ੍ਰੀ ਗੁਰੂ ਹਰਿਗੋਬਿੰਦ ਜੀ ਦੇ ਦਰਸ਼ਨ ਕੀਤੇ ਸਨ । ਇਹਨਾਂ ਦਸ਼ਮੇਸ਼ ਪਿਤਾ ਜੀ ਨੂੰ ੧੦੦ ਤੋਲੇ ਸੋਨਾ ਭੇਟ ਭੇਜਿਆ ।

ਸ਼ਾਹ ਦੌਲਾ ਜੀ ਦੀ ਵਜ੍ਹਾ ਤੋਂ ਗੁਜਰਾਤ ਦਾ ਨਾਂ ਸ਼ਾਹ ਦੌਲਾ ਕੀ ਗੁਜਰਾਤ ਹੋਇਆ । ਆਪ ਦਾ ਦਿਹਾਂਤ ੧੦੮੫ ਹਿਜਰੀ/੧੬੭੪ ਈ ਨੂੰ ਗੁਜਰਾਤ ਸ਼ਹਿਰ ਅੰਦਰ ਹੀ ਹੋਇਆ । ਆਪਦੇ ਮਜ਼ਾਰ ਉੱਤੇ ਹਜ਼ਾਰਾਂ ਅਕੀਦਤਮੰਦ ਹਾਜ਼ਰੀ ਭਰਨ ਦੇਸ਼ ਵਿਦੇਸ਼ ਤੋਂ ਆਉਂਦੇ ਹਨ ।

مزار حضرت شاہ دولا گجرات شہر

گجرات شہر اندر حضرت شاہ دولا جی دا مزار مسلماناں دی اِک وڈی زیارت گاہ ہے. ایہ درگاہ پرانے شہر توں باہر ہے. آپ دا جنم 959ھ 1554ء نُوں عبدالرحیم لودھی تے ماتا نعمت بی بی دے گھر ہویا. آپ ابراہیم لودھی دی اولاد وچوں سن.

آپ نے ایتھے گجرات شہر اندر ہی ست گر ہرگوبندھ جی دے درشن کیتے. ایہناں دشمیش پتا جی نُوں 100 تولے سونا بھینٹا بھیجیا.

شاہ دولا جی دی وجھا توں ہی گجرات دا ناں شاہ دولا کی گجرات ہویا آپ دا دیہانت 1905ھ / 1674ء نوں گجرات شہر اندر ہی ہویا. آپ دے مزار اتے ہر روز ہزاراں عقیدت مند حاضری بھرن دیس ودیس توں آوندے ہن.

MAZAR HAZRAT SHAH DAULA AT GUJRAT CITY

The mazar of Hazrat Shah Daula in Gujrat city is a very big shrine of Muslims. It is located outside the old town. He was a descendent of Ibrahim Lodhi and was born of the family of Abdur Rahim and Niamat Bibi in 959 Hijri (1554 AD).

Shah Daula met Sat Guru Gobind Singh Ji in Gujrat and offered him 100 tolas of gold as ablution. Gujrat came to be called Shah Daula ki Gujrat because of him. He died in Gujrat in 1085 Hijri (1674 AD). Thousands of devotees from here and abroad come to visit this mazar daily.


لا اله الا الله محمد رسول الله

ਗੁਰਦੁਆਰਾ ਟਾਹਲੀ ਸਾਹਿਬ, ਬਾਬਾ ਸਿਰੀ ਚੰਦ, ਲਾਹੌਰ

ਬਾਬਾ ਸਿਰੀ ਚੰਦ ਜੀ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਵੱਡੇ ਸਪੁੱਤਰ ਸਨ । ਇਹਨਾ ਦਾ ਜਨਮ ਭਾਦੋਂ ਸੁਦੀ ੯ ਸੰਮਤ ੧੫੫੧ ਨੂੰ ਮਾਤਾ ਸੁਲਖਣੀ ਜੀ ਦੀ ਕੁੱਖ ਤੋਂ ਸੁਲਤਾਨਪੁਰ ਵਿੱਚ ਹੋਇਆ । ਇਹਨਾਂ ਉਦਾਸੀ ਮੱਤ ਚਲਾਇਆ । ਆਪ ਨੇ ਸ਼ਾਦੀ ਨਹੀਂ ਕੀਤੀ । ਆਪ ਜੀ ਨੇ ਬਾਬਾ ਗੁਰਦਿੱਤਾ ਜੀ ਨੂੰ ਆਪਣਾ ਚੇਲਾ ਬਣਾ ਕੇ ਉਦਾਸੀ ਪੰਥ ਦਾ ਪ੍ਰਚਾਰ ਕਰਾਇਆ ।

ਬਾਬਾ ਸਿਰੀ ਚੰਦ ਜੀ ਦਾ ਦਿਹਾਂਤ ੧੫ ਅਸੋਜ਼ ਸੰਮਤ ੧੬੯੯ ਨੂੰ ਲਾਹੌਰ ਵਿਖੇ ਹੋਇਆ । ਆਪ ਦਾ ਡੇਰਾ ਲਾਹੌਰ ਰੇਲਵੇ ਸਟੇਸ਼ਨ ਕੋਲ ਟਾਹਲੀ ਸਾਹਿਬ ਦੇ ਨਾਂ ਨਾਲ ਪ੍ਰਸਿੱਧ ਸੀ ਜੋ ਹੁਣ ਅਲੋਪ ਹੋ ਚੁੱਕਾ ਹੈ ।

گردوارا ٹاہلی صاحب بابا سری چند' لاہور

بابا سری چند جی بابا نانک دیو جی دے وڈے سپُتّر سن. ایہناں دا جنم بھادوں سُدی 9 سمت 1551 نُوں ماتا سلکھنی جی دی ککھ توں سلطان پور وچ ہویا. ایہناں اُداسی مت چلایا. آپ نے شادی نہیں کیتی. آپ نے بابا گردتا جی نُوں اپنا چیلا بنا کے اداسی پنتھ دا پرچار کروایا.

بابا سری چند جی دا دیہانت 15 اسوج سمت 1669 نُوں لاہور وِکھے ہویا. آپ دا ڈیرا لاہور ریلوے سٹیشن پاس ٹاہلی صاحب دے ناں توں پرسدھ سی جو ہُن الوپ ہو چکا ہے.

GURDWARA TAHLI SAHIB BABA SRI CHAND JI, LAHORE

Baba Sri Chand Ji was the eldest son of Jagat Guru Baba Nanak Dev Ji. Mata Ji Sulakhne gave him birth at Sultanpur Lodhi on Bhadun Suddi 9, Samvat 1951.

He founded the "Udasi mat" (a sect) and did not marry. He made Baba Gurditta his closest disciple and entrusted him with the task of preaching Udasi panth.

He died in Lahore on 15th Assu Samvat 1669. His residence near Lahore Railway Station was known as Tahli Sahib which has vanished now.



ਦਰਬਾਰ ਬਾਬਾ ਸਿਰੀ ਚੰਦ, ਭੁਮਣ ਸ਼ਾਹ (ਜ਼ਿਲਾ ਓਕਾੜਾ)

ਡੇਰਾ ਬਾਬਾ ਭੁਮਣ ਸ਼ਾਹ ਜੀ ਦੇ ਕੰਪਲੈਕਸ ਦੇ ਅੰਦਰ ਹੀ ਦਰਬਾਰ ਬਾਬਾ ਸਿਰੀ ਚੰਦ ਜੀ ਆਪਣੀਆ ਸ਼ਾਨਾ ਵਿਖਾ ਰਿਹਾ ਹੈ । ਇਹ ਦਰਬਾਰ ਦੋ ਮੰਜ਼ਲਾ ਹੈ । ਇਸ ਅੰਦਰ ਇੱਕ ਸੁੰਦਰ ਦੀਵਾਨ ਹਾਲ ਹੈ । ਜਿਹਦੇ ਅੰਦਰ ਗੁੰਬਦਦਾਰ ਮਨਮੋਹਣਾ ਪ੍ਰਕਾਸ਼ ਅਸਥਾਨ ਹੈ, ਜਿਹਦੀਆ ਕੰਧਾ ਉੱਤੇ ਕਈ ਪ੍ਰਕਾਰ ਦੇ ਫੁੱਲ ਬਣੇ ਹੋਏ ਹਨ । ਦਰਬਾਰ ਦੀ ਸੁੰਦਰ, ਇਮਾਰਤ ਦੇ ਮੱਥੇ ਉੱਤੇ ਮੋਰ, ਚਿੜੀਆ, ਸ਼ੇਰ, ਹਾਥੀ, ਸਾਰੰਗੀਆ, ਤਬਲੇ ਬਣੇ ਹੋਏ ਹਨ । ਕੰਧਾ ਉੱਤੇ ਗੁਰੂ ਗਰੰਥ ਸਾਹਿਬ ਜੀ ਦੇ ਵਾਕ ਥਾਉ ਥਾਈ ਉੱਕਰੇ ਹੋਏ ਹਨ । ਇਹ ਦਰਬਾਰ ਮਹੰਤ ਹਰਭਜਨ ਦਾਸ ਜੀ ਨੇ ੧੯੧੦ ਈ: ਸੰਮਤ ੧੯੬੭ ਵਿੱਚ ਬਣਵਾਇਆ, ਇਸ ਦੀ ਸਿੱਲ ਉੱਤੇ ਲਿਖਿਆ ਹੈ :

੧ਓ ਦਰਬਾਰ ਬਾਬਾ ਸ੍ਰੀ ਚੰਦਰ ਜੀ
ਆਲੀਕਦਰ ਜਨਾਬ ਮਹੰਤ ਹਰਭਜਨ ਦਾਸ ਸਾਹਿਬ ਕੀ ਤਜਵੀਜ ਸੇ ਬਨਾ । ਸੰ: ੧੯੬੭)
ਦਰਬਾਰ ਬਾਵਾ ਸਿਰੀ ਚੰਦਰ ਸਾਹਿਬ, ਬਾਨੀ ਫਿਰਕਾ ਉਦਾਸੀਆ ਅਜ਼ ਤਜਵੀਜ਼ ਆਲੀ ਕਾਦਰ ਜਨਾਬ ਮਹੰਤ ਹਰਭਜਨ ਦਾਸ ਸਾਹਿਬ ਜ਼ੇਬ ਇਖਤਤਾਮ ਯਾਫਤ ੧੯੧੦ ਈ: ।

ਡੇਰਾ ਬਾਬਾ ਭੁੰਮਣ ਸ਼ਾਹ ਜੀ ਦੇ ਆਸ ਪਾਸ ਬਹੁਤ ਸਾਰੀਆ ਉਦਾਸੀ ਸਾਧੂਆ ਦੀਆ ਸਮਾਧਾ ਹਨ । ਇਹਨਾ ਸਮਾਧਾ ਦੇ ਸਾਹਮਣੇ ਗੁਰੂ ਗੋਬਿੰਦ ਸਿੰਘ ਜੀ ਦਾ ਦਰਬਾਰ ਹੈ, ਜਿੱਥੇ ਦਸਮ ਗਰੰਥ ਜੀ ਦਾ ਪ੍ਰਕਾਸ਼ ਹੁੰਦਾ ਸੀ । ਇਸ ਅਸਥਾਨ ਦਾ ਮੁਖ ਦੁਆਰ ਸਮਾਧਾ ਵਲ ਹੈ ਜਦਕਿ ਇੱਕ ਦਰਵਾਜ਼ਾ ਸਰਾ ਵੱਲ ਖੁਲਦਾ ਹੈ । ਵੇਲੇ ਦੇ ਨਾਲ ਨਾਲ ਇਹ ਸਭ ਕੁਝ ਮਿੱਟੀ ਦਾ ਢੇਰ ਹੁੰਦਾ ਜਾ ਰਿਹਾ ਹੈ । ਉਹ ਸਮਾ ਦੂਰ ਨਹੀ ਜਦ ਇਹ ਸਭ ਕੁਝ ਕੇਵਲ ਕਿਤਾਬਾ ਦੇ ਪੰਨਿਆ ਉੱਤੇ ਹੀ ਰਹਿ ਜਾਵੇਗا ।

دربار بابا سری چند بھُمّن شاہ ضلع اوکاڑا

ڈیرا بابا بھُمّن شاہ جی دے کمپلیکس دے اندر ہی دربار بابا شری چند جی اپنیاں شاناں وِکھا رہیا ہے. ایہ دربار دو منزلا ہے. اِس اندر اِک سُندر دیوان ہال ہے. جہدے اندر گنبد دار من موہنا پرکاش استھان ہے. جہدیاں کندھاں اُتے کئی پرکار دے پھُل بنے ہوئے ہن. دربار دی سُندر عمارت دے متھے اُتے مور' چڑیاں' شیر' ہاتھی' سرنگیاں' طبلے بنے ہوئے ہن. کندھاں اُتے گرو گرنتھ صاحب جی دے واک وی تھاوں تھائیں اُکرے ہوئے ہن. ایہ دربار مہنت ہربھجن داس جی نے 1910ء (سمت 1967ء" وچ بنوایا. اِس دی سل اُتے لکھیا ہے:

"دربار باوا سری چندر صاحب بانی فرقہ اُداسیاں از تجویز عالی قدر جناب مہنت ہربھجن داس صاحب زیب اختتام یافت 1910ء"

ڈیرا بابا بھُمّن شاہ جی دے آس پاس بہُت سارے اُداسی سادھواں دیاں سمادھاں ہن. ایہناں سمادھاں دے ساہمنے گرو گوبند سنگھ جی دا دربار ہے. جتھے دسم گرنتھ جی دا پرکاش ہوندا سی. اِس استھان دا مُکھ دوار سمادھاں ول ہے. جد کہ اِک دروازا سراں ول کھلدا ہے. ویلے دے نال نال ایہ سبھ کجھُ مٹی دا ڈھیر ہوندا جا رہیا ہے. اوہ سما دور نہیں جد ایہ سبھ کجھُ کیول کتاباں دے پنیاں اُتے ہی رہ جاوے گا.

DARBAR BABA SRI CHAND AT BHUMAN SHAH DISTRICT OKARA

The Darbar of Baba Shri Chand Ji is displaying its splendour within the complex of Dera Baba Bhuman Shah. It is a double storey building with a Beautiful Diwan hall. Inside the hall the domed Prakashasthan is captivating. The walls are decorated with beautiful frescoes depicting peacocks, birds, tigers, elephants, sarangis and tablas. Rhymes from Guru Granth Sahib are also inscribed at different places.

This darbar was built by Mahant Harbhajan Das in Samvat 1967 (1910 AD). The inscriptions on the plaque reads;

"Darbar Baba Sri Chand Ji Aali Qadar Janab Mahant Harbhajan Sahib ki tajviz say bana."

(Darbar Baba Sri Chand was built at the proposal of Honourable Mahant Harbhajan Singh)

There are a number of samadhs of many Udasi Sadhus around Dera Baba Bhuman Shah. The darbar of Guru Gobind Singh Ji is in front of these Samadhs where "Dassam Granth Ji" used to be recited. The main gate here is towards the Samadh, a door from the other side leads towards the inn. With the passage of time everything is becoming a heap of dust. The time is not far off when the whole complex will only be found on the pages of history books.



ਭੁੰਮਣ ਸ਼ਾਹ

ਭੁੰਮਣਸ਼ਾਹ ਨਾਮੀਂ ਇਹ ਪਿੰਡ ਤਹਿਸੀਲ ਥਾਣਾ ਦੀਪਾਲਪੁਰ, ਜ਼ਿਲਾ ਔਕਾੜਾ ਵਿੱਚ ਦੀਪਾਲਪੁਰ - ਹਵੇਲੀ ਲੱਖਾ ਰੋਡ ਉੱਤੇ ੨੪ ਕਿਲੋਮੀਟਰ ਦੀ ਵਿੱਥ ਉੱਤੇ ਸਥਿਤ ਹੈ । ਭਾਈ ਕਾਹਨ ਸਿੰਘ ਜੀ ਅਨੁਸਾਰ ਭਾਈ ਭੁੰਮਣ ਸ਼ਾਹ ਜੀ ਨੂੰ ਦਸ਼ਮੇਸ਼ ਜੀ ਨੇ ਵਰ ਬਖਸ਼ਿਆ ਸੀ ਕਿ ਤੇਰਾ ਲੰਗਰ ਚੱਲੇਗਾ ।

ਇਹ ਪਾਵਨ ਅਸਥਾਨ ਇੱਕ ਬਹੁਤ ਹੀ ਵੱਡੇ ਕਿਲੇ ਦੇ ਰੂਪ ਵਿੱਚ ਹੈ । ਇਸ ਕਿਲੇ ਵਰਗੀ ਇਮਾਰਤ ਅੰਦਰ ਬਾਬਾ ਸ੍ਰੀ ਚੰਦ ਜੀ ਦਾ ਗੁਰਦੁਆਰਾ, ਬਾਬਾ ਭੁੰਮਣ ਸ਼ਾਹ ਦਾ ਡੇਰਾ, ਅਨੇਕਾਂ ਮਹੰਤਾਂ ਦੀਆ ਸਮਾਧਾਂ, ਯਾਤਰੂਆਂ ਦੇ ਰਹਿਣ ਵਾਸਤੇ ਸੈਂਕੜੇ ਕਮਰੇ, ਲੰਗਰਖਾਨਾਂ, ਸਰੋਵਰ ਅਤੇ ਅਨੇਕਾਂ ਪ੍ਰਕਾਰ ਦੀਆ ਗੁਫਾਵਾਂ ਬਣੀਆਂ ਹੋਈਆਂ ਹਨ । ਇਸ ਅਸਥਾਨ ਵਿੱਚ ਦਾਖਲ ਹੋਣ ਵਾਸਤੇ ਚਾਰ ਵੱਡੇ ਗੇਟ ਹਨ, ਕੰਧਾਂ ਉੱਤੇ ਰੰਗਲੀਆਂ ਮੂਰਤਾਂ ਤੇ ਵਾਕ ਉੱਕਰੇ ਹੋਏ ਹਨ । ਇਸ ਅਸਥਾਨ ਦੇ ਨਾਂ ਇੱਕ ਹਜ਼ਾਰ ਘੁਮਾਉਂ ਤੋਂ ਜ਼ਿਆਦਾ ਜ਼ਰਈ ਜਮੀਨ ਹੈ । ਇਸ ਵੇਲੇ ਇਹ ਇਮਾਰਤ ਮਹਿਕਮਾ ਮਤਰੋਕਾ ਵਕਫ ਬੋਰਡ ਕੋਲ ਹੈ । ਇਮਾਰਤ ਦੀ ਹਾਲਤ ਬਹੁਤ ਹੀ ਮੰਦੀ ਹੈ । ਛੱਤਾਂ ਡਿੱਗ ਚੁੱਕੀਆਂ ਹਨ ਕੰਧਾਂ ਨੂੰ ਕੇਰਾ ਲੱਗ ਚੁੱਕਿਆ ਹੈ । ਆਉਣ ਵਾਲੇ ਵੇਲਿਆਂ ਵਿੱਚ ਜੇ ਇਹ ਇਮਾਰਤ ਢਹਿ ਗਈ ਤਾਂ ਕਲਾ ਦੀ ਇੱਕ ਅਣਮੁੱਲੀ ਵੰਨਗੀ ਮੁੱਕ ਜਾਵੇਗੀ ।

بھُمّن شاہ

بھُمّن شاہ نامی ایہ پِنڈ تحصیل تھانا دیپالپور ضلع اوکاڑا وچ دیپالپور حویلی لکھا روڈ اُتے 24 کلومیٹر دی وِتھ اُتے سھتت ہے. بھائی کاہن سنگھ جی انوسار بھائی بھُمّن شاہ جی نُوں دشمیش جی نے ور بخشیا سی کہ تیرا لنگر چلے گا."

ایہ پاون استھان اِک بہُت ہی وڈے قلعے دے رُوپ وچ ہے. اِس قلعے ورگی عمارت اندر بابا شری چند جی دا گردوارا بابا بھُمّن شاہ جی دا ڈیرا انیکاں مہنتاں دیاں سمادھاں یاترواں دے رہن واسطے سینکڑیاں کمرے، 'لنگر خانا' سروور اَتے انیکاں پرکار دیاں گفاواں بنیاں ہوئیاں ہن. اِس استھان وچ داخل ہوون واسطے چار وڈے گیٹ ہن. کندھاں اُتے رانگلیاں مورتاں اَتے واک اُکرے ہوئے ہن. اِس استھان دے ناں اِک ہزار گھماؤں توں زیادا زرعی زمین ہے. اِس ویلے ایہ عمارت محکما متروکا وقف بورڈ کول ہے. عمارت دی حالت بہُت ہی مندی ہے. چھتاں ڈِگ چُکیاں ہن. کندھاں نُوں کیرا لگ چُکیا ہے. آون والے ویلیاں وچ جے ایہ عمارت ڈھے گئی تاں کلا دی اِک انمُلی ونگی مُک جاوے گی.

GURDWARA BHUMAN SHAH DIPALPUR DISTRICT OKARA

This village called Bhuman Shah is in the Jurisdiction of P.S. and Tehsil Dipalpur of district Okara. It is located at a distance of 24 kilometers from Dipalpur on Dipalpur-Haveli Lakha road. According to Bhai Kahan Singh Ji, Dashmesh Ji had given blessing to Bhai Bhuman Shah that his langar would continue serving.

The shrine is built in the style of a big fort and inside this fort-like structure the Gurdwara of Baba Sri Chand, residence of Baba Bhuman Shah , the Samadh of various Mahants are located alongwith hundreds of rooms for visitors, langarkhana and the tank.

There are four big gates to enter this shrine and the walls are decorated with colourful pictures the sayings of Gurus. More than 1000 Ghumaon of agricultural land is endowed to shrine. This building is now in charge of the Evacuee Waqf Board. The present condition of the building is miserable, the walls have developed cracks and the roofs have collapsed. In case this building collapses in the time to come an invaluable treasure of art will also be destroyed with it.



ਗੁਰਦੁਆਰਾ ਭਾਈ ਜੋਗਾ ਸਿੰਘ, ਪੇਸ਼ਾਵਰ

ਇਹ ਗੁਰਦੁਆਰਾ ਨਮਕ ਮੰਡੀ ਪੇਸ਼ਾਵਰ ਸ਼ਹਿਰ ਦੇ ਇੱਕ ਮੁਹੱਲੇ ਜੋਗਣ ਸ਼ਾਹ ਵਿੱਚ ਸਥਿੱਤ ਹੈ, ਜਿੱਥੇ ਪੇਸ਼ਾਵਰ ਦੀ ਸੰਗਤ ਸਵੇਰੇ ਸ਼ਾਮ ਇਕੱਤਰ ਹੁੰਦੀ ਹੈ । ਨਿੱਤ ਗੁਰੂ ਗਰੰਥ ਸਾਹਿਬ ਦਾ ਪ੍ਰਕਾਸ਼ ਹੁੰਦਾ ਹੈ । ਜੋਗਾ ਪੇਸ਼ਾਵਰ ਨਿਵਾਸੀ ਭਾਈ ਗੁਰਮੁਖ ਸਿੰਘ ਦਾ ਪੁੱਤਰ ਸੀ । ਜੋ ਕਲਗੀਧਰ ਪਾਤਿਸ਼ਾਹ ਤੋਂ ਅੰਮ੍ਰਿਤ ਛੱਕ ਕੇ ਸਿੰਘ ਸਜਿਆ । ਸਤਿਗੁਰ ਭਾਈ ਜੋਗਾ ਸਿੰਘ ਨੂੰ ਸਪੁੱਤਰ ਜਾਣ ਕੇ ਹਰ ਵੇਲੇ ਆਪਣੀ ਹਜ਼ੂਰੀ ਵਿੱਚ ਰੱਖਦੇ । ਭਾਈ ਗੁਰਮੁਖ ਸਿੰਘ ਦੀ ਬੇਨਤੀ ਉੱਤੇ ਸਤਿਗੁਰ ਜੀ ਨੇ ਭਾਈ ਜੋਗਾ ਸਿੰਘ ਨੂੰ ਵਿਆਹ ਕਰਵਾਉਣ ਵਾਸਤੇ ਵਾਪਸ ਭੇਜ ਦਿੱਤਾ ਅਤੇ ਇੱਕ ਹੋਰ ਸਿੰਘ ਨੂੰ ਹੁਕਮਨਾਮਾ ਦੇ ਕੇ ਪਿੱਛੇ ਘੱਲ ਦਿੱਤਾ ਕਿ ਜਦ ਜੋਗਾ ਸਿੰਘ ਤਿੰਨ ਲਾਵਾਂ ਲੈ ਚੁੱਕੇ ਤਦ ਇਹ ਹੁਕਮਨਾਮਾ ਉਸ ਨੂੰ ਦੇ ਦੇਣਾ । ਉਸਨੇ ਇੰਝ ਹੀ ਕੀਤਾ । ਹੁਕਮ ਸੀ ਕਿ " ਇਸ ਨੂੰ ਵੇਖਦਿਆਂ ਅਨੰਦਪੁਰ ਵੱਲ ਤੁਰ ਪਵੇ " । ਸੋ ਜੋਗਾ ਸਿੰਘ ਚੌਥੀ ਲਾਂਵ ਵਿੱਚੇ ਛੱਡ ਕੇ ਘਰੋਂ ਤੁਰ ਪਿਆ । ਬਾਕੀ ਦੀਆਂ ਲਾਵਾਂ ਉਸ ਦੇ ਕਮਰ ਬੰਦ ਨਾਲ ਦੇ ਕੇ ਵਿਆਹ ਦੀਆਂ ਰਸਮਾਂ ਪੂਰੀਆਂ ਕੀਤੀਆਂ ਗਈਆਂ ।

ਰਸਤੇ ਵਿੱਚ ਭਾਈ ਜੋਗਾ ਸਿੰਘ ਦੇ ਮਨ ਵਿੱਚ ਆਇਆ ਕਿ ਸਤਿਗੁਰ ਦੀ ਆਗਿਆ ਮੰਨਣ ਵਾਲਾ ਮੇਰੇ ਜਿਹਾ ਕੋਈ ਵਿਰਲਾ ਹੀ ਹੋਵੇਗਾ । ਜਦ ਹੁਸ਼ਿਆਰਪੁਰ ਪੁੱਜਾ ਤਾਂ ਇੱਕ ਵੇਸਵਾ ਦੇ ਸੁੰਦਰ ਰੂਪ ਨੂੰ ਦੇਖ ਕੇ ਕਾਮ ਨਾਲ ਵਿਆਕੁਲ ਹੋ ਗਿਆ ਅਤੇ ਵੇਸਵਾ ਦੇ ਕੋਠੇ ਜਾ ਪੁੱਜਿਆ । ਕਲਗੀਧਰ ਪਾਤਿਸ਼ਾਹ ਨੇ ਆਪਣੇ ਅਨਿੰਨ ਸਿੰਘ ਨੂੰ ਨਰਕ ਕੁੰਡ ਤੋਂ ਬਚਾਉਣ ਲਈ ਚੋਬਦਾਰ ਦਾ ਰੂਪ ਧਾਰ ਕੇ ਰਾਤ ਵੇਸਵਾ ਦੇ ਮਕਾਨ ਤੇ ਪਹਿਰਾ ਦਿੱਤਾ । ਜੋਗਾ ਸਿੰਘ ਨੇ ਰਾਤ ਚਾਰ ਵਾਰ ਉਸ ਮਕਾਨ ਤੇ ਜਾਣ ਦਾ ਚਾਰਾ ਕੀਤਾ ਤੇ ਹਰ ਵਾਰ ਚੋਬਦਾਰ ਨੂੰ

گردوارا بھائی جوگا سنگھ' پشاور

ایہ گردوارا نمک منڈی پشاور شہر دے اِک محلے جوگن شاہ وچ سھت ہے. جتھے پشاور دی سنگت صبح شام اِکتر ہوندی ہے. نِت گروگرنتھ جی صاحب دا پرکاش ہوندا ہے. جوگا پشاور نواسی بھائی گرمکھ دا پُتر سی جو کلغی دھرپاتشاہ توں امرت چھک کے سنگھ سجیا. ست گر بھائی جوگا نُوں سپاتر جان کے ہرویلے اپنی حضوری وچ رکھدے. بھائی گرمکھ دی بینتی اُتے ست گراں اوہنوں پشاور جا کے ویاہ کراون دی آگیا دِتی. اوس دی پرکھیا لئی ست گراں اِک ہور سنگھ نُوں حکم ناما دے کے پچھے گھل دِتا کہ جد جوگا سنگھ لاواں لے چکے تد ایہ حکم ناما اوس نوں دینا. اوس انج ہی کیتا. حکم سی کہ "ایس نُوں ویکھدیاں ہی آنند پور ول تُر پو. سو جوگا سنگھ تن لاواں وچ چھڈ کے گھروں تُر پیا. باقی دِیاں لاواں اوس دے کمربند نال دے کے ویاہ دی رسم پوری کیتی گئی.

رستے وچ بھائی جوگا سنگھ دے من وچ آیا کہ ست گر دی آگیا منن والا میرے جہیا کوئی ورلا ہی ہووے گا. جد ہشیار پور پجیا تاں اِک ویشوا دے سُندر روپ نُوں ویکھ کے کام نال ویاکل ہو گیا. اَتے ویشوا دے کوٹھے اُتے جاپجیا. کلغی دھرپاتشاہ نے اپنے انن سنگھ نُوں نرک کُنڈ توں بچاون لئی چوب دار دا روپ دھار کے رات ویشوا دے مکان اُتے پہرا دِتا. جوگا سنگھ نے رات چار وار اُس مکان تے جان دا چارا کیتا تے ہر وار چوب دار نُوں کھڑوتیاں ویکھ پچھانہہ مڑ آیا. سویرے آنند پور دی راہ پیا. ست گر دے دربار وِچ پہنچ اپنی بھُل بخشوائی.

GURDWARA BHAI JOGA SINGH AT PESHAWAR

This Gurdwara is situated in Jogan Shah locality of Namakmandi of Peshawar City where Sangat of Peshawar is held in the morning and evening and Parakash of Granth Sahib takes place.

Joga was the son of Bhai Gurmukh Singh of Peshawar who was converted to Sikhism by tasting Amrit from Kalghidhar Patshah. Sat Gur took Bhai Joga as his godson and always kept him in his presence. At the request of Bhai Gurmukh Sat Gur allowed him to go to Peshawar for his marriage but to test his devotion, Sat Guru ordered another disciple to follow him. Guru Dev Ji gave him a proclamation which was to be delivered to Joga after "lawan" (Sikh rite of marriage). The note said: "Once you see this note, proceed to Anand Pur at once." The currier did accordingly and delivered the note while he was performing Lawan. Joga Singh abruptly left without even completing his Lawan. The marriage rite were completed by giving the remaining Lawan to his belt.

On the way this thought entered his mind that there could hardly be any other being who would submit before the will of Sat Gur like him. When he reached Hoshiarpur he was overwhelmed with lust when he saw the beauty of a prostitute and reached her pleasure hall. Kalghidhar disguised himself as a mace-bearer and started guarding the house of the prostitute to save his devotee from hell. Joga Singh tried to enter the house four times during the night but had to turn back as he ran into the mace-bearer every time. He set out for Anandpur. He sought forgiveness



ਖੜੋਤਿਆਂ ਦੇਖ ਕੇ ਪਿਛਾਂਹ ਮੁੜ ਆਇਆ । ਸਵੇਰੇ ਅਨੰਦਪੁਰ ਦੀ ਰਾਹ ਪਿਆ । ਸਤਿਗੁਰ ਦੇ ਦਰਬਾਰ ਵਿੱਚ ਪਹੁੰਚ ਕੇ ਆਪਣੀ ਭੁੱਲ ਬਖਸ਼ਾਈ ।

ਜੋਗਾ ਸਿੰਘ ਲਖੀ ਸਤਿ ਸੋਇ ॥
ਮਮਹਿਤ ਚੋਬਦਾਰ ਗੁਰ ਹੋਏ । (ਗੁ ਪ੍ ਸੂ)

ਗੁਰਦੁਆਰਾ ਸਾਹਿਬ ਦੀ ਇਮਾਰਤ ਬਹੁਤ ਹੀ ਸੁੰਦਰ ਤੇ ਤਿੰਨ ਮੰਜਲਾ ਬਣੀ ਹੋਈ ਹੈ । ਨਿੱਤ ਗੁਰੂ ਗਰੰਥ ਸਾਹਿਬ ਜੀ ਦਾ ਪ੍ਕਾਸ਼ ਹੁੰਦਾ ਹੈ । ਦੇਸ਼ ਵਿਦੇਸ਼ ਦੀ ਸੰਗਤ ਹਰ ਰੋਜ ਇਕੱਤਰ ਹੁੰਦੀ ਹੈ । ਗੁਰਦੁਆਰਾ ਸਾਹਿਬ ਦੇ ਨਾਲ ਸਿੱਖ ਬੱਚਿਆ ਵਾਸਤੇ ਪੰਜਾਬੀ ਸਕੂਲ ਹੈ ਜੋ ਧਾਰਮਿਕ ਵਿਦਿਆ ਦੇ ਨਾਲ ਨਾਲ ਬਾਲਕਾਂ ਨੂੰ ਦੁਨੀਆਦਾਰੀ ਦੀ ਵਿਦਿਆ ਵੀ ਦਾਨ ਕਰਦਾ ਹੈ ।

جوگا سنگھ لکھی ست سوئے
ممہت چوبدار گر ہوئے (گر.پر.سو)

گردوارا صاحب دی عمارت بہُت ہی سُندر ترِن منزلا بنی ہوئی ہے. نِت گرو گرنتھ صاحب جی دا پرکاش ہوندا ہے. دیس و دیش دی سنگت ہر روز اِکتر ہوندی ہے. گردوارا صاحب دے نال سکھ بچیاں واسطے پنجابی سکول ہے جو دھارمک وِدیا دے نال نال بالکاں نُوں دُنیا داری دی ودیا وی دان کردا ہے.

for his folly when reached the court of the Guru.

The Gurdwara is constructed as a beautiful 3- storeyed building. Prakash of Guru Granth Sahib takes place and local and foreign sangats meet daily. There is a Punjabi school for Sikh children which imparts secular education alongwith the religious education.



ਗੁਰਦੁਆਰਾ ਕੋਟ ਭਾਈ ਥਾਨ ਸਿੰਘ ਅਟਕ

ਬਾਬਾ ਥਾਨ ਸਿੰਘ ਜੀ ਇੱਕ ਬਹੁਤ ਹੀ ਪ੍ਰਸਿੱਧ ਸੰਤ ਹੋਏ ਹਨ ਜੋ ਪਿੰਡ ਫਤਿਹ ਖਾ ਜ਼ਿਲਾ ਅਟਕ ਵਿੱਚ ਆਣ ਵਸੇ । ਇਸ ਪਿੰਡ ਦਾ ਮਾਲਿਕ ਮਲਿਕ ਫਤਿਹ ਖਾਂ ਆਪ ਜੀ ਦੀ ਭਗਤੀ ਵੇਖ ਕੇ ਆਪ ਦਾ ਸ਼ਰਧਾਲੂ ਹੋ ਗਿਆ । ਉਹਨੇ ਆਪ ਨੂੰ ਰਹਿਣ ਵਾਸਤੇ ਥਾਂ ਅਤੇ ਲੰਗਰ ਦੀ ਸੇਵਾ ਵੀ ਕੀਤੀ । ਜਿੱਥੇ ਆਪ ਬਿਰਾਜੇ, ਉਸ ਇਲਾਕੇ ਦਾ ਨਾਮ ਕੋਟ ਥਾਨ ਸਿੰਘ ਪ੍ਰਸਿੱਧ ਹੋ ਗਿਆ । ਮਹਾਰਾਜਾ ਰਣਜੀਤ ਸਿੰਘ ਸਮੇਂ ਭਾਈ ਥਾਨ ਸਿੰਘ ਜੀ ਦੀ ਸਮਾਧ ਤੇ ਗੁਰਦੁਆਰਾ ਉਸਾਰਿਆ ਗਿਆ ਜੋ ਬਹੁਤ ਹੀ ਸੁੰਦਰ ਹੈ ।

گردوارا کوٹ بھائی تھان سنگھ ' اٹک

بابا تھان سنگھ جی اِک بہُت ہی پرسدھ سنت ہوئے ہن جو پنڈ فتح خاں ضلع اٹک وچ آن وسے. ایس پنڈ دا مالک ملک فتح خان آپ دی بھگتی نوں ویکھ کے آپ دا شردھالو ہو گیا. اوس آپ نوں ایتھے رہن واسطے تھاں اتے لنگر دی سیوا وی کیتی جتھے آپ ویراجے اوس علاقے دا ناؤں کوٹ تھان سنگھ پرسدھ ہو گیا. مہاراجا رنجیت سنگھ سمے بھائی تھان سنگھ جی دی سمادھ اتے گردوارا اساریا گیا جو بہُت ہی سندر ہے.

GURDWARA KOT BHAI THAN SINGH, DISTRICT ATTOCK

Baba Than Singh was a famous saint and had settled in the village Fateh Khan of Attock district. Malik Fateh Khan, the feudal lord of the village, having seen Bhakti became his devotee, arranged a place for his residence and donated towards langar. Thus the place where he stayed was named after him as Kot Than Singh. His samadh and Gurdwara were built during the reign of Maharaja Ranjit Singh, which is very beautiful.



ਗੁਰਦੁਆਰਾ ਨਿਰੰਕਾਰੀ, ਰਾਵਲਪਿੰਡੀ

ਇਹ ਇਤਿਹਾਸਕ ਗੁਰਦੁਆਰਾ ਰਾਵਲਪਿੰਡੀ ਸ਼ਹਿਰ ਅੰਦਰ ਨਿਰੰਕਾਰੀ ਬਜ਼ਾਰ ਅੰਦਰ ਹੈ । ਅਸਲੀ ਨਿਰੰਕਾਰੀਆਂ ਦਾ ਜਨਮ ਇਸ ਅਸਥਾਨ ਤੋਂ ਹੋਇਆ । ਇਸ ਫਿਰਕੇ ਦੇ ਮੋਢੀ ਭਾਈ ਦਿਆਲ ਸਿੰਘ ਜੀ ਸਨ, ਜਿਹਨਾਂ ਦਾ ਜਨਮ ੧੫ ਵਿਸਾਖ ਸੰਮਤ ੧੮੪੦, ੧੭੮੩ ਨੂੰ ਦਸ਼ਮੇਸ਼ ਜੀ ਦੇ ਖਜਾਨਚੀ ਭਾਈ ਵਸਾਖਾ ਸਿੰਘ ਦੀ ਸਪੁੱਤਰੀ ਬੀਬੀ ਲਾਡਕੀ ਦੇ ਉਦਰ ਤੋਂ ਹੋਇਆ । ਉਹਨਾਂ ਦੇ ਪਿਤਾ ਦਾ ਨਾਮ ਰਾਮ ਸਿਹਾਏ ਸੀ, ਜੋ ਪਿਸ਼ਾਵਰ ਨਿਵਾਸੀ ਸਨ ।

ਤੀਹ ਵਰ੍ਹਿਆਂ ਦੀ ਉਮਰੇ ਬੀਬੀ ਲਾਡਕੀ ਚਲਾਣਾ ਕਰ ਗਈ ਤੇ ਦਿਆਲ ਜੀ ਆਪਣੇ ਮਾਮੇ ਮਿਲਖਾ ਸਿੰਘ ਕੋਲ ਰਾਵਲਪਿੰਡੀ ਰਹਿਣ ਲੱਗੇ । ਦਿਆਲ ਜੀ ਦੀ ਸ਼ਾਦੀ ਭੇਰੇ ਵਿੱਚ ਮੂਲਾ ਦੇਵੀ ਨਾਲ ਹੋਈ ਜਿਸ ਤੋਂ ਤਿੰਨ ਪੁੱਤਰ ਦਰਬਾਰਾ ਸਿੰਘ, ਭਾਰਾ ਸਿੰਘ ਅਤੇ ਰੱਤਾ ਸਿੰਘ ਜੀ ਜੰਮੇ । ਦਿਆਲ ਜੀ ਹਰ ਵੇਲੇ " ਨਿਰੰਕਾਰ " ਦਾ ਜਾਪ ਕਰਦੇ ਅਤੇ ਮੂਰਤੀ ਪੂਜਾ ਦੀ ਵਿਰੋਧਤਾ ਕਰਦੇ । ਇਸ ਕਰਕੇ ਉਹਨਾਂ ਦੀ " ਨਿਰੰਕਾਰੀ " ਸੰਗਿਆ ਹੋਈ ਅਤੇ ਇਹਨਾਂ ਦੇ ਸੰਪ੍ਰਦਾਏ ਦੀ " ਨਿਰੰਕਾਰੀ " ਅੱਲ ਪਈ ।

ਇਹ ਗੁਰਦੁਆਰਾ ਨਿਰੰਕਾਰੀਆਂ ਦਾ ਕੇਦਰ ਬਣਿਆ । ਭਾਈ ਦਿਆਲ ਜੀ ਦਾ ਚਲਾਣਾ ੧੮ ਮਾਘ ਸੰਮਤ ੧੯੧੧ ਨੂੰ ਰਾਵਲਪਿੰਡੀ ਵਿਖੇ ਹੋਇਆ । ਦਰਬਾਰ ਸਾਹਿਬ ਦੇ ਖੱਬੇ ਹੱਥ ਉੱਤੇ ਬਾਬਾ ਜੀ ਦੀ ਸਮਾਧ ਹੈ । ਸਮਾਧ ਵਾਲੇ ਕਮਰੇ ਸਾਹਮਣੇ ਨਿੱਕਾ ਜਿਹਾ ਬ੍ਰਾਮਦਾ ਹੈ । ਇਸ ਦੇ ਨਾਲ ਹੀ ਸੰਗਮਰਮਰ ਦਾ ਬਣਿਆ ਹੋਇਆ ਮੰਜੀ ਸਾਹਿਬ ਹੈ । ਇੱਥੇ ਗੁਰੂ ਸਾਹਿਬ ਜੀ ਦੀ ਪਾਲਕੀ ਰੱਖੀ ਜਾਂਦੀ ਸੀ । ਇਸ ਦੇ ਨਾਲ ਹੀ ਕੇਸਰੀ ਨਿਸ਼ਾਨ ਸਾਹਿਬ ਝੁਲ ਰਿਹਾ ਹੁੰਦਾ ਸੀ । ਇਸ ਦੇ ਸਾਹਮਣੇ ਵੱਡਾ ਹਾਲ ਹੈ, ਇਸ ਅੰਦਰ ਪ੍ਰਕਾਸ਼ ਅਸਥਾਨ ਹੈ । ਇਸ ਦੇ ਨਾਲ ਹੀ ਲੰਗਰ ਹਾਲ ਹੈ । ਸੰਗਤਾਂ ਦੇ ਠਹਿਰਨ ਵਾਸਤੇ ਅਨੇਕਾਂ ਕਮਰੇ ਹਨ । ਪੂਰੀ ਇਮਾਰਤ ਤਿੰਨ ਮੰਜ਼ਿਲਾ ਹੈ । ਵਿਹੜਾ ਬਹੁਤ ਹੀ ਨਿੱਕਾ ਹੈ । ਇਸ ਗੁਰਦੁਆਰੇ ਵਿੱਚ ਸੰਮਤ ੧੮੪੨ ਦੀ ਲਿਖੀ ਹੋਈ ਇੱਕ ਬੀੜ ਸੀ । ਉਸ ਵਿੱਚ ਨਾਮਦੇਵ ਜੀ ਦਾ ਛੇ ਨੰਬਰ

گردوارا نرنکاری راولپنڈی

ایہ اتہاسک گردوارا راولپنڈی شہراندر نرنکاری بازار وچ ہے. اصلی' نرنکاریاں دا جنم ایسے استھان توں ہویا. اس فرقے دے موڈھی بھائی دیال سنگھ جی سن جہناں دا جنم 15 وساکھ سمت 1840' (1783) نوں دشمیش جی دے خزانچی بھائی وساکھا سنگھ جی دی سپتری بی بی لاڈکی دے اُدر توں ہویا. اوہناں دے پِتا دا نام رام سہائے سی جو پشاور نواسی سن.

تیہ ورھیاں دی عمرے بی بی لاڈکی چلانا کرگئی تے دیال جی اپنے مامے ملکھا سنگھ پاس راولپنڈی رہن لگے. دیال جی دی شادی بھیرے وچ مولا دیوی نال ہوئی جس توں تِن پُتر' دربارا سنگھ' بھارا سنگھ' اتے رتا سنگھ جی جمے' دیال جی ہر ویلے "نرنکار" شبدھ دا جاپ کردے اتے مورتی پوجا دی ویرودھتا کردے. اس کر کے اوہناں دی "نرنکاری" سنگیا ہوئی. اتے ایہناں دے سن پردائے دی "نرنکاری" ال پئی.

ایہ گردوارا نرنکاریاں دا کیندر بنیا. بھائی دیال جی دا چلانا 18 ماگھ سمت 1911 نوں راولپنڈی وکھے ہویا. دربار صاحب دے کھبے ہتھ اُتے بابا جی دی سمادھ ہے. سمادھ والے کمرے ساہمنے نکاجیہا برامدا ہے. اِس دے نال ہی سنگ مرمر دا بنیا منجی صاحب ہے. جتھے گرو گرنتھ صاحب جی دی پالکی رکھی جاندی سی. اِس دے نال ہی کیسری نشان صاحب جھول رہیا ہوندا سی.

GURDWARA NARANKARI AT RAWALPINDI

This historical Gurdwara is in Narankari Bazaar of Rawalpindi. In fact the Narankari sect was born in this very place. Bhai Dayal Singh was the founder of this sect. Bibi Ladki, daughter of the treasurer of Deshmesh (Tenth Guru), gave him birth on 15th Visakh Samvat 1840 (1783 AD). His father was Ram Sihai who was a resident of Peshawar.

Bhai Dayal Singh went to live with his maternal uncle Mulakkha Singh in Peshawar after his mother Bibi Ladki had died at the age of thirty. He was married again to Mula Devi of Bhera, and had 3 sons from her namely Darbara Singh, Bhara Singh and Ratta Singh. Dayal Singh used to recite the word "Narankar" and opposed idol worship. His companions too were Narankari as such his followers came to be called Narankari.

This Gurdwara became the centre of Narankaris. Bhai Dayal Singh died on 18th Magh, Samvat 1911. The samadh of Baba Ji is on the left side of the darbar. There is a small foyer in front of the Samadh and room adjacent to it is Manji Sahib, built in marble, where Palki (carriage) of Guru Granth Ji was kept. The Kesari (saffron) Nishan Sahib (flag) used to be hanging beside it. Prakashasthan is in a spacious hall facing Manji Sahib. Langar is close to it. There are many rooms for the residence of Sangats. It is a 3-storeyed building with a big courtyard. There used to be a volume of Granth Sahib in this Gurdwara written in Samvat 1842. This volume had one extra verse (Shabd) of Namdev Ji whose first line read:



ਦਾ ਇੱਕ ਵਾਧੂ ਸ਼ਬਦ ਹੈ । ਜਿਸ ਦੀ ਪਹਿਲੀ ਤੁਕ ਹੈ :

ਸਤ ਸਮੁੰਦ ਜਾਦੀ ਹੈ ਕਿਰਣੀ ਧਰਤੀ ਜਾਕਾ ਬੇਦੋ

ਇਸ ਹੀ ਗੁਰਦੁਆਰੇ ਅੰਦਰ ਭਾਈ ਭੋਲਾ ਸਿੰਘ ਅਤੇ ਬੀਬੀ ਨਿਹਾਲ ਕੌਰ ਜੀ ਦਾ ਅਨੰਦ ਕਾਰਜ ਸਿੱਖੀ ਮਾਨ ਮਰਿਆਦਾ ਅਨੁਸਾਰ ੧੮੫੫ ਨੂੰ ਹੋਇਆ । ਇਸ ਦਰਬਾਰ ਅੰਦਰ ਬੂਟਾ ਸਿੰਘ ਨਾਮੀ ਇੱਕ ਸਿੱਖ ਕੀਰਤਨ ਕਰਦਾ ਹੁੰਦਾ ਸੀ । ਇੱਕ ਦਿਨ ਉਹ ਸ਼ਰਾਬ ਪੀ ਕੇ ਕੀਰਤਨ ਕਰਨ ਲੱਗ ਪਿਆ, ਜਿਹਨੂੰ ਬਾਬਾ ਦਿਆਲ ਜੀ ਹੋਰਾਂ ਨੇ ਧੱਕੇ ਮਾਰਕੇ ਬਾਹਰ ਕੱਢ ਦਿੱਤਾ । ਉਸ ਨੇ ਮਰੀ ਜਾ ਕੇ ਇੱਕ ਨਵਾਂ ਦਰਬਾਰ ਬਣਾ ਲਿਆ । ਇਥੋਂ ਹੀ ਨਕਲੀ ਨਿਰੰਕਾਰੀਆਂ ਦੀ ਲਹਿਰ ਚੱਲੀ ਬੂਟਾ ਸਿੰਘ ਅਟਕ ਦਾ ਰਹਿਣ ਵਾਲਾ ਸੀ । ਉਹ ਮਰੀ ਵਿੱਚ ਕੋਹੜ ਦੀ ਬਿਮਾਰੀ ਨਾਲ ਮਰਿਆ । ਅਵਤਾਰ ਸਿੰਘ ਪਿਸ਼ਾਵਰ ਵਾਲਾ ਉਹਦਾ ਚੇਲਾ ਹੋਇਆ । ਇਹ ਪਿਸ਼ਾਵਰ ਅੰਦਰ ਡਬਲ ਰੋਟੀਆਂ ਦਾ ਕਾਰੋਬਾਰ ਕਰਦਾ ਸੀ ।

੧੩ ਅਪ੍ਰੈਲ ੧੯੭੮ ਦੀ ਵਿਸਾਖੀ ਉੱਤੇ ਅੰਮ੍ਰਿਤਸਰ ਵਿਖੇ ਨਕਲੀ ਨਿਰੰਕਾਰੀਆਂ ਅਤੇ ਗੁਰਸਿੱਖਾ ਵਿਚਾਲੇ ਭਾਰੀ ਯੁਧ ਹੋਇਆ, ਜਿਹਦੇ ਅੰਦਰ ੧੩ ਸਿੰਘ ਸ਼ਹੀਦ ਹੋਏ । ਇਹਨਾਂ ਸ਼ਹੀਦਾਂ ਦੇ ਲਹੂ ਵਿੱਚੋਂ ਹੀ ਖਾਲਿਸਤਾਨ ਲਹਿਰ ਨੇ ਜਨਮ ਲਿਆ, ਜਿਹਦੀ ਅਗਵਾਈ ਸੰਤ ਜਰਨੈਲ ਸਿੰਘ ਭਿੰਡਰਾਂਵਾਲਿਆ ਨੇ ਕੀਤੀ ਇਹ ਯੁੱਧ ਹੁਣ ਤੱਕ ਜਾਰੀ ਹੈ । ਇਸ ਯੁੱਧ ਅੰਦਰ ਹੁਣ ਤੱਕ ੧ ਲੱਖ ੬੦ ਹਜ਼ਾਰ ਸਿੰਘ ਸ਼ਹੀਦ ਹੋ ਚੁੱਕੇ ਹਨ । ਇਸੇ ਹੀ ਲੜਾਈ ਅੰਦਰ ਹਰਿਮੰਦਰ ਸਾਹਿਬ ਉੱਤੇ ਭਾਰਤੀ ਫੌਜਾਂ ਨੇ ਟੈਂਕਾ, ਤੋਪਾਂ ਅਤੇ ਜਹਾਜ਼ਾਂ ਨਾਲ ਹਮਲਾ ਕੀਤਾ । ਇਸੇ ਹੀ ਹੱਲੇ ਦੇ ਜੁਆਬ ਵਿੱਚ ਸ਼੍ਰੀਮਤੀ ਇੰਦਰਾ ਗਾਧੀ ਕਤਲ ਹੋਈ ।

ਇਸ ਵੇਲੇ ਇਸ ਗੁਰਦੁਆਰਾ ਸਾਹਿਬ ਅੰਦਰ ਮੁੰਡਿਆ ਦਾ ਸਕੂਲ ਹੈ । ਇਮਾਰਤ ਦੀ ਹਾਲਤ ਬਹੁਤ ਹੀ ਮੰਦੀ ਹੈ । ਕਿਸੇ ਵੇਲੇ ਵੀ ਮਿੱਟੀ ਦਾ ਢੇਰ ਹੋ ਸਕਦੀ ਹੈ ।

اِس دے ساہمنے وڈا ہال ہے. اس اندر پرکاش استھان ہے. اس دے نال ہی لنگر ہال ہے' سنگتاں دے ٹھہرن واسطے انیکاں کمرے ہن' پوری عمارت ترن منزلا ہے. ویڑھا بہت ہی نکا ہے. ایسے گردوارے وچ سمت 1842 دی لکھی ہوئی اک بیڑ سی اس وچ نامدیو جی دا چھے نمبر دا اِک وادھو شبد ہے. جس دی پہلی تُک ہے.

"سات سمندر جاندی ہے' کرنی دھرت جاکا بیٹو."

ایسے ہی گردوارے اندر بھائی بھولا سنگھ جی تے بی بی نہال کور جی دا آنند کارج سکھی مان مریادا انوسار 1855ء نوں ہویا' اس دربار اندر بوٹا سنگھ نامی اِک سکھ کیرتن کردا ہوندا سی. اِک دن اوہ شراب پی کے کیرتن کرن لگ پیا. جنھوں بابا دیال سنگھ جی نرنکاری ہوراں دھکے مار کے دربار وچوں کڈھ دتا اوس نے مری جا کے اِک نواں دربار بنا لیا. ایتھوں ہی نقلی نرنکاریاں دی لہر چلی. بوٹا سنگھ اٹک دا رہن والا سی. اوہ مری وچ کوڑھ دی بیماری نال مریا. اوتار سنگھ پشاور والا اوہدا چیلا ہویا ایہ پشاور اندر ڈبل روٹیاں دا کاروبار کردا سی. 13 اپریل 1978ء دی وساکھی اتے امرتسر وکھے نقلی نرنکاریاں اتے گر سکھاں وچالے بھارا یدھ ہویا' جہدے اندر 13 سنگھ شہید ہوئے. ایہناں شہیداں دے لہو وچوں ہی خالصتان لہر نے جنم لیا جہدی اگوائی سنت جرنیل سنگھ جی بھنڈراں والیاں نے کیتی. ایہ یدھ ہن تیکر جاری ہے. اس اندر ہن تیکر اِک لکھ سٹھ ہزار سنگھ مارے جا چکے ہن. ایسے ہی لڑائی اندر ہرمندر صاحب اتے بھارتی فوج نے ٹینکاں' توپاں اتے جہازاں نال حملا کیتا. ایسے ہی حلے دے جواب وچ بھارتی پردھان منتری شری متی اندرا گاندھی قتل ہوئی.

ایس ویلے ایس گردوارا صاحب اندر منڈیاں دا سکول ہے. عمارت دی حالت بہت ہی مندی ہے کسے ویلے وی مٹی دا ڈھیر ہو سکدی ہے.

"Sat Samandar Jandi hey Karni dhrt Jaka baito"

The marriage ceremony of Bhai Bhola Singh and Bibi Nihal Kaur was solemnised in 1855 in this Gurdwara with great pomp and show.

A Sikh by the name of Boota Singh used to perform Kirtan here. Once he started Kirtan after drinking wine and he was physically pushed out of the darbar. He went to Murree and established a new darbar. Boota Singh belonged to Attock. He died in Murree due to leprosy. Autar Singh of Peshawar, a baker by profession was his follower. The wave of fake Narankaris initiated from him. A battle between Fake Narankaris and Guru's Sikh took place at Amritsar in Visakhi on 13th April 1978. 13 Sikhs died in it. Khalistan movement led by Sant Jarnayl Singh Bhindranwala emerged from the waves of this blood. This war is still going on and it is estimated that 160,000 have already laid down their lives for this movement. The Indian army attacked Harmandar Sahib with tanks, guns and air force. As a result of this Prime Minister Mrs. Indira Gandhi was killed as a consequence of the attack.

At present a boy's school is functioning in this Gurdwara. The building is in a dilapidated condition and can become a heap of dust any moment.



ਗੁਰਦੁਆਰਾ ਸਿੰਘ ਸਭਾ, ਰਾਵਲਪਿੰਡੀ

ਇਹ ਗੁਰਦੁਆਰਾ ਰਾਵਲਪਿੰਡੀ ਦੇ ਮਸ਼ਹੂਰ ਬਾਜ਼ਾਰ, ਰਾਜਾ ਬਜ਼ਾਰ ਵਿੱਚ ਹੈ । ਇਹ ਅਸਥਾਨ ਅਕਾਲੀ ਸਿੰਘਾਂ ਦਾ ਕੇਂਦਰ ਸੀ । ਗੁਰਦੁਆਰਾ ਸਾਹਿਬ ਦੀ ਇਮਾਰਤ ਬਹੁਤ ਹੀ ਸੁੰਦਰ ਅਤੇ ਦੋ ਮੰਜ਼ਲਾ ਵਿਸ਼ਾਲ ਹੈ । ਯਾਤਰੀਆਂ ਦੇ ਠਹਿਰਨ ਵਾਸਤੇ ਕਮਰੇ, ਲੰਗਰ ਹਾਲ ਅਤੇ ਪ੍ਰਕਾਸ਼ ਅਸਥਾਨ ਬਹੁਤ ਹੀ ਸੁੰਦਰ ਹੈ । ਇਸ ਅਸਥਾਨ ਦੇ ਨਾਮ ਜ਼ਰੱਈ ਜਮੀਨ ਤੋਂ ਇਲਾਵਾ ਸ਼ਹਿਰ ਅੰਦਰ ਦੁਕਾਨਾਂ ਵੀ ਹਨ । ਇਸ ਵੇਲੇ ਇਸ ਅੰਦਰ ਗੌਰਮਿੰਟ ਹਾਈ ਸਕੂਲ ਕੰਮ ਕਰ ਰਿਹਾ ਹੈ ।

گردوارا سنگھ سبھا راولپنڈی

ایہ گردوارا راولپنڈی دے مشہور بازار، راجا بازار وچ ہے. ایہ استھان اکالی سنگھاں دا کیندر سی. گردوارا صاحب دی عمارت بہت ہی سُندر اتے دو منزلا وشال ہے. یاتریاں دے ٹھہرن واسطے کمرے لنگرہال اتے پرکاش استھان بہت ہی سُندر ہے. اس استھان دے ناں زرعی زمین توں اڈ شہراندر دکاناں وی ہن. اس ویلے اس اندر گورنمنٹ ہائی سکول کم کر رہیا ہے.

GURDWARA SINGH SABHA AT RAWALPINDI

This Gurdwara is located in the famous Raja Bazaar of Rawalpindi. It was the center of Akali Sikhs. The double storeyed building of Gurdwara Sahib is very big and beautiful. The rooms for pilgrims, Langarhall and prakashasthan are very elegant. Besides agricultural land, shops inside the city are endowed to this place. Presently a Govt High School is functioning in this place.



ਗੁਰਦੁਆਰਾ ਭਾਈ ਮਨੀ ਸਿੰਘ, ਰਾਵਲਪਿੰਡੀ

ਇਹ ਪਾਵਨ ਦਰਬਾਰ ਸਰਾਫਾ ਬਜ਼ਾਰ ਰਾਵਲਪਿੰਡੀ ਵਿੱਚ ਹੈ । ਭਾਈ ਮਨੀ ਸਿੰਘ ਜੀ ਦੀ ਯਾਦ ਵਿੱਚ ਉਸਾਰਿਆ ਇਹ ਪਾਵਨ ਅਸਥਾਨ ਦੋ ਮੰਜ਼ਲਾ ਹੈ । ਇਮਾਰਤ ਖੂਬਸੂਰਤ ਤੇ ਮਜ਼ਬੂਤ ਹੈ । ਪ੍ਰਕਾਸ਼ ਅਸਥਾਨ ਦੇ ਨਾਲ ਲੰਗਰ ਹਾਲ ਤੇ ਰਿਹਾਇਸ਼ੀ ਕਮਰੇ ਵੀ ਹਨ । ਇਸ ਵੇਲੇ ਇਸ ਇਮਾਰਤ ਅੰਦਰ ਗੌਰਮਿੰਟ ਸਕੂਲ ਕੰਮ ਕਰ ਰਿਹਾ ਹੈ ।

گردوارا بھائی منی سنگھ، راولپنڈی

ایہ پاون دربار صرافا بازار راولپنڈی وچ ہے. بھائی منی سنگھ جی دی یاد وچ اسریا ایہ پاون استھان دو منزلا ہے. عمارت خوبصورت اتے مضبوط ہے. پرکاش استھان دے نال لنگرہال اتے رہائشی کمرے وی ہن. اس ویلے اس عمارت اندر گورنمنٹ سکول کم کر رہیا ہے.

GURDWARA BHAI MANI SINGH AT RAWALPINDI

This sacred darbar is located in the Sarrafa Bazaar of Rawalpindi. This sacred shrine, constructed in memory of Bhai Mani Singh, is a double storey building. The building is beautiful and strong. Langarkhana and residential rooms are beside the Prakashasthan. A Govt School is functioning in this building these days.



ਗੁਰਦੁਆਰਾ ਸਿਰੀ ਦਿਆਲ ਸਰ, ਟੋਪੀ


ਇਹ ਪਾਵਨ ਅਸਥਾਨ ਸੂਬਾ ਸਰਹੱਦ ਦੇ ਇਲਾਕੇ ਰੱਖ ਟੋਪੀ ਅੰਦਰ ਹੈ । ਜਿਸ ਥਾਂ ਉੱਤੇ ਇਹ ਪਾਵਨ ਅਸਥਾਨ ਸਥਿੱਤ ਹੈ, ਇਹ ਇੱਕ ਬਹੁਤ ਹੀ ਸੁੰਦਰ ਅਤੇ ਮਨਖਿੱਚਵੀ ਥਾਂ ਹੈ । ਇਸ ਅਸਥਾਨ ਦੀ ਕਾਰ ਸੇਵਾ ਭਾਈ ਗੁਰਬਖਸ਼ ਸਿੰਘ ਜੀ ਨਿਰੰਕਾਰੀ ਹੋਰਾਂ ਅਰੰਭੀ । ਇਹ ਪਾਵਨ ਅਸਥਾਨ ਇਲਾਕੇ ਦੇ ਨਿਰੰਕਾਰੀਆਂ ਦਾ ਵੱਡਾ ਕੇਂਦਰ ਸੀ ।

گردوارا سری دیال سر ٹوپی

ایہ پاون استھان صوبا سرحد دے علاقے رکھ ٹوپی اندر ہے. جس تھاں اُتے ایہ پاون استھان سھت ہے ایہ اِک بہت ہی سُندر اتے من کھچویں تھاں ہے. اس استھان دی کار سیوا بھائی گر بخش سنگھ جی نرنکاری ہورا ارنبھی. ایہ استھان اس علاقے دے نرنکاریاں دا وڈا کیندر سی.

GURDWARA SIRI DAYAL SAR AT TOPI

This sacred shrine is located at Rakh Topi in the N.W.F.P. The place where this holy shrine has been built is a beautiful and fascinating place. The construction of Gurdwara was started by Bhai Gur Bukhsh Singh ;i Narankari. This Gurdwara was a big center of the Narankaris of this area.



ਧਰਮਸ਼ਾਲਾ ਉੱਤਮ ਸਿੰਘ ਜੀ, ਧਰਮਾਂ ਖੇਲ, ਬੰਨੂ

ਧਰਮਾਂ ਖੇਲ ਨਾਮੀ ਇਹ ਪਿੰਡ ਬੰਨੂ ਸ਼ਹਿਰ ਦੇ ਉੱਕਾ ਨੇੜੇ ਹੈ । ਬੰਨੂ ਦੇ ਲਾਰੀ ਅੱਡੇ ਤੋਂ ਇਸ ਦੀ ਵਾਟ ਕੋਈ ਤਿੰਨ ਕਿਲੋਮੀਟਰ ਹੋਵੇਗੀ । ਕੁਹਾਟ ਰੋਡ ਤੋਂ ਦਰਿਆ ਪਾਰ ਕਰਦਿਆ ਨਾਲ ਹੀ ਇਹ ਕਸਬਾ ਹੈ । ਇਸ ਦੀ ਅਬਾਦੀ ਅੰਦਰ ਵੜਦਿਆ ਹੀ ਸੱਜੇ ਹੱਥ ਉੱਤੇ ਇੱਕ ਨਿੱਕੀ ਜਿਹੀ ਗਲੀ ਅੰਦਰ ਇਹ ਅਸਥਾਨ ਹੈ । ਕਦੇ ਇਹ ਅਸਥਾਨ ਬੰਨੂ ਦੀ ਸਿੱਖ ਸੰਗਤ ਦਾ ਕੇਂਦਰ ਸੀ, ਅੱਜ ਕੱਲ ਇਸ ਅੰਦਰ ਪ੍ਰਾਇਮਰੀ ਸਕੂਲ ਹੈ । ਪੁਰਾਣੀ ਇਮਾਰਤ ਢਾਹ ਕੇ ਨਵੀਂ ਉਸਾਰ ਦਿੱਤੀ ਹੈ । ਹੁਣ ਵੇਖਣ ਨੂੰ ਧਰਮਸ਼ਾਲਾ ਨਹੀਂ ਸਗੋਂ ਇੱਕ ਆਮ ਸਕੂਲ ਹੀ ਨਜ਼ਰ ਆਉਂਦਾ ਹੈ । ਮੁਕਾਮੀ ਲੋਕ ਇਸ ਨੂੰ ਧਰਮਸ਼ਾਲਾ ਵਾਲਾ ਸਕੂਲ ਕਹਿੰਦੇ ਹਨ।

ਇਸ ਵੇਲੇ ਇਸ ਪਾਵਨ ਅਸਥਾਨ ਅੰਦਰ ਗੌਰਮਿੰਟ ਹਾਈ ਸਕੂਲ ਨੰਬਰ ੧ ਹੈ । ਇਮਾਰਤ ਬਹੁਤ ਹੀ ਮਜ਼ਬੂਤ ਹੈ ਪਰ ਸੇਵਾ ਸੰਭਾਲ ਦੀ ਮੰਗ ਕਰਦੀ ਹੈ ।

دھرم سالا اُتم سنگھ جی، دھرما خیل بنوں

دھرما خیل نامی پنڈ بنوں شہر دے اکا کول ہے. بنوں دے لاری اڈے توں اِس دی واٹ کوئی تِن کلو میٹر ہووے گی. کوہاٹ روڈ توں دریا پار کردیاں نال ہی ایہ قصبا ہے. اس دی آبادی اندر وڑدیاں ہی سجے ہتھ اُتے اِک نکی جہی گلی اندر ایہ ستھان ہے. کدے ایہ استھان بنوں شہر دی سکھ سنگت دا کیندر سی. اج کل اس اندر پرایمری سکول ہے. پرانی عمارت ڈھا کے نویں اُسار دتی ہے. ہُن ویکھن نوں دھرم سالا نہیں سگوں اِک عام سکول ہی نظر آوندا ہے. مقامی لوک اِس نُوں دھرم سالا والا سکول کہندے ہن.

DHARAMSALA UTTAM SINGH JI AT DHARMAKHEL, BANNU

The village called Dharmakhel is very close to Bannu City. It is three kilometers from the bus stand of Bannu city. The village is located on Kohat road just across the river. This shrine is situated in a narrow street on the right hand just after the entrance to the village. Once it used to be the centre of Sikh Sangat of Bannu city. A new building has been erected after demolishing the old one. It is at present being used as a Primary school. It does not appear as a Dharamsala but wears the look of an ordinary school. The local people call it Dharamsala wala school.


گورنمنٹ گرلز سکول

ਗੁਰਦੁਆਰਾ ਜੋਗੀ ਵਾੜਾ ਸ਼ੇਰਨਾਥ, ਪਿੰਡ ਬਾਜ਼ਾਰ, ਅਹਿਮਦ ਖਾਨ ਬੰਨੂ

ਬੰਨੂ ਸ਼ਹਿਰ ਤੋਂ ਨੇੜੇ ਹੀ ਕੋਈ ਤਿੰਨ ਕਿਲੋਮੀਟਰ ਦੀ ਦੂਰੀ ਉੱਤੇ ਇੱਕ ਪਿੰਡ " ਬਾਜ਼ਾਰ ਅਹਿਮਦ ਖਾਨ " ਨਾਂ ਤੋਂ ਮਸ਼ਹੂਰ ਹੈ । ਇਸ ਪਿੰਡ ਵਿੱਚ ਵੜਨ ਤੋਂ ਪਹਿਲਾਂ ਹੀ ਪੈਲੀਆਂ ਅੰਦਰ ਇੱਕ ਪੁਰਾਣੀ ਇਮਾਰਤ ਦੇ ਖੰਡਰ ਨਜ਼ਰ ਆਉਂਦੇ ਹਨ, ਜਿਹਨਾ ਨੂੰ ਰੁਖਾਂ ਨੇ ਆਪਣੇ ਕਲਾਵੇ ਵਿੱਚ ਲਿਆ ਹੋਇਆ ਹੈ । ਇਹ ਹੀ ਗੁਰਦੁਆਰਾ ਜੋਗੀ ਵਾੜਾ ਸ਼ੇਰਨਾਥ ਹੈ ।

ਸ਼ੇਰ ਨਾਥ ਨਾਮੀ ਇੱਕ ਜੋਗੀ ਸੀ, ਜੋ ਮਗਰੋਂ ਗੁਰਸਿੱਖ ਹੋ ਨਿੱਬੜਿਆ । ਇਹ ਜੋਗੀ ਬਹੁਤ ਹੀ ਕਰਨੀ ਵਾਲਾ ਮੰਨਿਆ ਜਾਂਦਾ ਸੀ । ਇਸ ਇਲਾਕੇ ਦੇ ਲੋਕਾਂ ਵਿੱਚ ਇਸ ਜੋਗੀ ਦੀਆ ਬਹੁਤ ਸਾਰੀਆਂ ਕਰਾਮਾਤਾਂ (ਕੌਤਕ) ਮਸ਼ਹੂਰ ਹਨ ।

ਕਦੇ ਇਹ ਜੋਗੀਆ ਦਾ ਵੱਡਾ ਪੂਜਾ ਅਸਥਾਨ ਹੁੰਦਾ ਸੀ । ਇਸ ਵੇਲੇ ਇੱਕ ਖੰਡਰ ਹੈ, ਕੇਵਲ ਨੀਹਾਂ ਹੀ ਖਲੋਤੀਆਂ ਹਨ, ਜਿਹਨਾਂ ਨੂੰ ਯਾਦਗਾਰ ਕਹਿਆ ਜਾ ਸਕਦਾ ਹੈ ।

گردوارا جوگی واڑا شیر ناتھ ' پنڈ بازار احمد خاں ' بنوں

بنوں شہر توں نیڑے ہی کوئی تِن کلو میٹر دی دوری اتے اِک پنڈ "بازار احمد خاں" ناں توں مشہور ہے. اس پنڈ وچ وڑن توں پہلوں ہی پیلیاں اندر اِک پرانی عمارت دے کھنڈر نظر آوندے ہن. جہناں نوں رکھاں نے اپنے کلاوے وچ لیا ہویا ہے. ایہ ہی جوگی واڑا شیر ناتھ ہے.

شیر ناتھ نامی اِک جوگی سی. جو مگروں گر سکھ ہو نبڑیا. ایہ جوگی بہت ہی کرنی والا منیا جاندا سی. اس علاقے دے لوکاں وچ اس جوگی دیاں بہت ساریاں کرامتاں (کوتک) مشہور ہن.

کدے ایہ جوگیاں دا وڈا پوجا استھان ہوندا سی. اس ویلے اِک کھنڈر ہے. کیول نیاں ہی کھلوتیاں ہن. جہناں نوں یادگار کہیا جاسکدا ہے.

GURDWARA JOGIWARA SHERNATH AT VILLAGE BAZAAR AHMED KHAN, BANNU

A village by the name of "Bazaar Ahmed Khan" is located at a distance of about three kilometers from Bannu city. Ruins of an old building are visible in the fields just before the entrance to the village. These ruins have been surrounded by trees. This is Jogiwara Sher Nath. Sher Nath was a Jogi who later became a Sikh. He was known to be a Jogi with great powers. Many miracles, attributed to this Jogi, are popular in the area.

Once it used to be a place of worship but now it is a ruin. It can be termed as a monument. Only its foundations have survived.



ਗੁਰਦੁਆਰਾ ਭਾਈ ਬੰਨੂ ਮਾਂਗਟ, ਜ਼ਿਲਾ ਮੰਡੀ ਬਹਾਉਦੀਨ

ਜ਼ਿਲਾ ਮੰਡੀ ਬਹਾਉਦੀਨ, ਤਹਿਸੀਲ ਫਾਲੀਆ ਦਾ ਇੱਕ ਕਸਬਾ ਜੋ ਮਾਂਗਟ ਕਰਕੇ ਪ੍ਰਸਿੱਧ ਹੈ, ਇਹ ਅਸਥਾਨ ਰੇਲਵੇ ਸਟੇਸ਼ਨ ਮੰਡੀ ਬਹਾਉਦੀਨ ਤੋ ਕੋਈ ੧੨ ਕਿਲੋਮੀਟਰ ਦੂਰ ਮੰਡੀ ਬਹਾਉਦੀਨ – ਗੁਜਰਾਤ ਰੋਡ ਉੱਤੇ ਹੈ । ਇੱਥੇ ਸਤਿਗੁਰੂ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਪ੍ਰੇਮੀ ਸਿੱਖ ਭਾਈ ਬੰਨੂ ਦਾ ਨਿਵਾਸ ਸੀ ।

ਭਾਈ ਬੰਨੂ ਵਾਲੀ ਗੁਰੂ ਗਰੰਥ ਸਾਹਿਬ ਜੀ ਦੀ ਬੀੜ ਇੱਥੇ ਸੀ । ਸਿੱਖ ਰਾਜ ਸਮੇ ਮਹਾਰਾਜਾ ਰਣਜੀਤ ਸਿੰਘ ਦੇ ਹੁਕਮ ਉੱਤੇ ਇੱਥੇ ਇੱਕ ਖੁਬਸੂਰਤ ਗੁਰਦੁਆਰਾ ਤਲਾਬ ਦੇ ਕਿਨਾਰੇ ਬਣਵਾਇਆ ਗਿਆ । ਇਸ ਦੇ ਨਾਮ ਚੋਖੀ ਜਾਗੀਰ ਲਗਵਾਈ ਗਈ ਜੋ ਪੁਜਾਰੀਆ ਨੇ ਆਪਣੇ ਨਾਮ ਕਰ ਲਈ । ਇਹ ਇੱਕ ਬਹੁਤ ਹੀ ਸੁੰਦਰ ਦਰਬਾਰ ਹੈ । ਇਸ ਤੋ ਬਾਹਰ ਵਾਲਾ ਤਾਲਾਬ ਹੁਣ ਮਿੱਟੀ ਨਾਲ ਭਰਿਆ ਜਾ ਰਿਹਾ ਹੈ । ਗੁਰਦੁਆਰੇ ਤੋ ਬਾਹਰ ਸਬਜ਼ੀ ਮੰਡੀ ਲਗਦੀ ਹੈ ।

ਇਸ ਦੀਆ ਦੀਵਾਰਾ ਉੱਤੇ ਸੁੰਦਰ ਫੁਲਕਾਰੀ ਕੀਤੀ ਗਈ ਹੈ, ਜਿਸਦੀ ਆਪਣੀ ਹੀ ਇੱਕ ਦਿੱਖ ਹੈ ।

گردوارا بھائی بنو مانگٹ ضلع منڈی بہاؤالدین

ضلع منڈی بہاؤالدین تحصیل پھالیا دا اِک قصبا جو مانگٹ کر کے پرسدھ ہے. ایہ استھان ریلوے سٹیشن منڈی بہاؤالدین توں کوئی 12 کلومیٹر دُور منڈی بہاؤالدین گجرات روڈ اُتے ہے. ایتھے ست گر ارجن دیو جی دے پریمی سِکھ بھائی بنو جی دا نواس سی.
بھائی بنو والی گرو گرنتھ صاحب جی دی کتابی روپک بیڑ ایتھے سی. (ویکھو گرو گرنتھ صاحب) سکھ راج سے مہاراجا رنجیت سنگھ جی دے حکم اُتے ایتھے اِک خوبصورت گردوارا تلاب دے کنارے بنوایا گیا اَتے اِس دے ناں چوکھی جاگیر لائی گئی جو پجاریاں اپنے ناؤں کروالئی. ایہ اِک بہُت ہی سُندر دربار ہے. اِس توں باہر والا تالاب ہُن مٹی نال بھریا جا رہیا ہے. گردوارے توں باہر سبزی منڈی لگدی ہے. اِس دیاں دیواراں اُتے سُندر پھلکاری کیتی گئی ہے. جہناں دی اپنی ہی اِک دکھ ہے.

GURDWARA BHAI BANNU AT MANGAT, DISTRICT MANDI BAHAUDDIN

Mangat is a town of Tehsil Phalia (district Mandi Bahauddin). This shrine is located on the Mandi Bahauddin-Gujrat road at a distance of 12 kilometers from Mandi Bahauddin railway station. The residence of Bhai Bannu Ji, a devotee of Sat Gur Arjun Dev Ji, was at this place. "Bhai Bannu wali beerr (volume) of Granth Sahib" was kept here in the book form. (see Guru Granth Sahib).

At the side of the tank, a beautiful Gurdwara was built during Sikh rule by the royal command of Maharaja Ranjit Singh. A large endowment of land was made but the priests got it transferred in their names. This is a splendid darbar. The tank is getting filled with dust. There is now a vegetable market outside the Gurdwara. The floral frescoes have been painted on the walls which have a unique style.



ਗੁਰਦੁਆਰਾ ਦਮਦਮਾ ਸਾਹਿਬ, ਗੁਜਰਾਂਵਾਲਾ

ਇਹ ਪਾਵਨ ਅਸਥਾਨ ਗੁਜਰਾਂਵਾਲਾ ਸ਼ਹਿਰ ਅੰਦਰ ਸਿੱਟੀ ਰੇਲਵੇ ਸਟੇਸ਼ਨ ਪਾਸ ਉੱਕਾ ਰੇਲਵੇ ਲਾਈਨ ਨਾਲ ਜੁੜਿਆ ਹੋਇਆ ਹੈ । ਰੇਲਵੇ ਸਟੇਸ਼ਨ ਤੋਂ ਇਸ ਦੀ ਦੂਰੀ ਕੋਈ ਚਾਰ ਫੁੱਟ ਦੀ ਹੈ । ਇਸ ਅਸਥਾਨ ਨੂੰ ਦਮਦਮਾ ਸਾਹਿਬ ਬਾਬਾ ਸਾਹਿਬ ਸਿੰਘ ਜੀ ਬੇਦੀ ਆਖਿਆ ਜਾਂਦਾ ਹੈ । ਬਾਬਾ ਸਾਹਿਬ ਸਿੰਘ ਜੀ ਬੇਦੀ ਬਾਬਾ ਕਲਾਧਾਰੀ ਜੀ ਦੇ ਸਪੁੱਤਰ ਅਜੀਤ ਸਿੰਘ ਜੀ ਦੇ ਘਰ ਮਾਤਾ ਸਰੂਪ ਦੇਵੀ ਜੀ ਦੀ ਕੁਖ ਤੋਂ ਸੰਮਤ ੧੮੧੩ ਨੂੰ ਪੈਦਾ ਹੋਏ । ਆਪ ਵੱਡੀ ਕਰਨੀ ਵਾਲੇ ਤੇ ਗੁਰਮਤਿ ਦੇ ਪ੍ਰਚਾਰਕ ਹੋਏ ਹਨ । ਬਾਬਾ ਜੀ ਦਾ ਲੰਗਰ ਹਰ ਵੇਲੇ ਸਭ ਲਈ ਵਰਤਦਾ ਰਹਿੰਦਾ ਅਤੇ ਕਥਾ ਕੀਰਤਨ ਦਾ ਅਖੰਡ ਪ੍ਰਚਾਰ ਹੁੰਦਾ ਰਹਿੰਦਾ । ਬਾਬਾ ਜੀ ਦਾ ਦਿਹਾਂਤ ਹਾੜ ਸੁਦੀ ੧੩ ਸੰਮਤ ੧੮੯੧ ਨੂੰ ਊਨਾ ਵਿਖੇ ਹੋਇਆ ।

ਗੁਜਰਾਂਵਾਲਾ ਸ਼ਹਿਰ ਅੰਦਰ ਆਪ ਜੀ ਦਾ ਇਹ ਅਸਥਾਨ ਸਰਦਾਰ ਬਹਾਦਰ ਸੁਖਾ ਸਿੰਘ, ਪ੍ਰਧਾਨ ਦਮਦਮਾ ਸਾਹਿਬ ਕਮੇਟੀ ਤੇ ਉਹਨਾ ਦੇ ਪੁੱਤਰਾਂ ਸ੍ਰਦਾਰ ਮੰਗਲ ਸਿੰਘ ਤੇ ਮਿਹਾਨ ਸਿੰਘ ਜੀ ਨੇ ੯ ਅਕਤੂਬਰ ੧੯੨੮ ਨੂੰ ਬਣਵਾਇਆ । ਇਹ ਇੱਕ ਬਹੁਤ ਹੀ ਵੱਡੀ ਇਮਾਰਤ ਹੈ, ਇਸ ਦੇ ਅਨੇਕਾਂ ਕਮਰੇ ਹਨ । ਲੰਗਰ ਹਾਲ ਅਤੇ ਦੂਜੀਆ ਇਮਾਰਤਾਂ ਵਿਚਾਲੇ ਪ੍ਰਕਾਸ਼ ਅਸਥਾਨ ਹੈ । ਇਸ ਵੇਲੇ ਇਸ ਅੰਦਰ ਬਹੁਤ ਸਾਰੇ ਮੁਹਾਜਿਰਾਂ ਦੇ ਘਰ ਵੱਸੇ ਹੋਏ ਹਨ । ਕਾਗਜ਼ੀ ਕਬਜ਼ਾ ਮਤਰੋਕਾ ਵਕਫ ਬੋਰਡ ਦਾ ਹੈ ।

گردوارا دمدما صاحب گجرانوالا

ایہ پاون استھان گجرانوالا شہر اندر سٹی ریلوے سٹیشن پاس اُکا ریلوے لائن نال جُڑیا ہویا اے. ریلوے لائن توں اس دی دوری کوئی چار فٹ دی ہے. اس استھان نُوں دمدما صاحب بابا صاحب سنگھ جی بیدی آکھیا جاندا اے.

بابا صاحب سنگھ جی بیدی بابا کلادھاری جی دے سپُتر اجیت سنگھ جی دے گھر ماتا سروپ دیوی جی دی ککھ توں سمت 1813 نوں پیدا ہوئے. آپ وڈی کرنی والے اتے گرمت دے پرچارک ہوئے ہن. بابا جی دا لنگر سبھ لئی ہر ویلے ورتدا رہندا اتے کتھا کیرتن دا اکھنڈ پرچار ہوندا رہندا. بابا جی دا دیہانت ہاڑ سُدی 13 سمت 1891 نوں اونا وکھے ہویا.

گجرانوالا شہر اندر آپ دا ایہ استھان سردار بہادر سکھا سنگھ پردھان دمدمہ صاحب کمیٹی تے اوہناں دے پُتراں سردار منگل سنگھ تے مہان سنگھ جی نے 9 اکتوبر 1928 نوں بنوایا. ایہ اِک بہت ہی وڈی عمارت ہے. اس دے انیکاں کمرے ہن لنگر ہال اتے دوجیاں عمارتاں وچالے پرکاش استھان ہے. اس ویلے اس اندر بہت سارے مہاجراں دے گھر وسے ہوئے ہن. کاغذی قبضا متروکا وقف بورڈ دا ہے.

GURDWARA DAMDAMA SAHIB AT GUJRANWALA

This holy shrine is right on the railway line near Gujranwala City railway station and at a distance of just four feet from the railway lines. This shrine is called Damdama Sahib Baba Sahib Sing Ji Bedi.

Baba Sahib Sing Ji Bedi was born in the family of Ajit Singh Ji son of Baba Kladhari. Mata Saroop Devi Ji gave birth to him in Samvat 1813. He was a selfless and dedicated preacher of the teachings of Guru. His langar remained running round the clock and "Katha Kirtan" went on continuously. Baba Ji died at Ouna on 13th Har Suddi, Samvat 1891.

The construction of this shrine was started and completed by Sardar Bahadur Sukha Singh, President Damdama Sahib Committee, and later his sons Sardar Mangal Singh and Mahan Singh on 9th October 1928 AD.

It is a very large building with innumerable rooms. Prakashasthan is between Langarhall and many other buildings. Presently many refugee families are settled in it. Although the Evacuee Trust Board has the legal title.


GURDAWARA DAMDAMA
BABA SAHIB

ਗੁਰਦੁਆਰਾ ਸਾਹਿਬ ਅਜਨੀਆ ਵਾਲਾ, ਜ਼ਿਲਾ ਸ਼ੇਖੂਪੁਰਾ

ਅਜਨੀਆ ਵਾਲੇ ਦੀ ਆਬਾਦੀ ਅੰਦਰ ਇਹ ਪਾਵਨ ਅਸਥਾਨ ਅੱਜ ਵੀ ਮੌਜੂਦ ਹੈ । ਇਸ ਵੇਲੇ ਇਸ ਅੰਦਰ ਬਹੁਤ ਸਾਰੇ ਘਰ ਵਸੇ ਹੋਏ ਹਨ । ਇਹ ਅਸਥਾਨ ਸੁਰਜਨ ਦਾਸ ਖੱਤਰੀ ਨੇ ਬਣਵਾਇਆ ਸੀ ਜਿਸ ਦੇ ਨਾ ਤੋ " ਸੁਰਜਨਦਾਸੀਏ" ਫਿਰਕਾ ਪ੍ਰਸਿੱਧ ਹੋਇਆ । ਗੁਰਦੁਆਰੇ ਤੋ ਬਾਹਰ ਸੁਰਜਨ ਦਾਸ, ਅਠਲ ਦਾਸ ਤੇ ਦੋ ਸਮਾਧਾ ਉਹਨਾ ਦੇ ਚੇਲਿਆ ਦੀਆ ਹਨ । ਸੁਰਜਨ ਦਾਸ ਦੇ ਰਚੇ ਗਰੰਥ ਨੂੰ "ਆਜਾਤ ਗਰੰਥ ਆਖਿਆ ਜਾਦਾ ਹੈ । ਮੇਲਾ ਤਿੰਨ ਚੇਤਰ ਨੂੰ ਹੁੰਦਾ ਸੀ ।

گردوارا صاحب اجنیاں والا ضلع شیخوپورا

اجنیاں والے دی آبادی اندر ایہ پاون استھان اج وی موجود ہے. ایس ویلے ایس اندر بہت سارے گھر وسے ہوئے ہن. ایہ استھان سرجن داس کھتری نے بنوایا. جس دے ناں توں "سرجن داسیے" فرقا پرسدھ ہویا. گردوارے توں باہر سرجن داس' اٹھل داس تے دو سمادھاں اوہناں دے چیلیاں دیاں ہن. سرجن داس دے رچے گرنتھ نوں "آجات گرنتھ" آکھیا جاندا ہے.
میلا تِن چیتر نوں ہوندا سی.

GURDWARA AJNIANWALA DISTRICT SHEIKHUPURA

This sacred shrine is present even today in the settlement of Ajnianwala. Many families are settled in it now. This place was built by Surjan Das Khatri and "Surjan Dasia" sect draws its name from him. Samadhs outside the Gurdwara belong to Surjan Das, Athal Das and two of their disciples. The Granth compiled by Surjan Das is known as "Ajat Granth". Fair used to be held in Chaiter.



ਗੁਰਦੁਆਰਾ ਭਾਈ ਲਾਲੂ ਜੀ, ਤਤਲਿਆਣੀ, ਗੁਜਰਾਂਵਾਲਾ

ਗੁਰਦੁਆਰਾ ਭਾਈ ਲਾਲੂ ਜੀ ਤਤਲਿਆਣੀ, ਜ਼ਿਲਾ ਗੁੱਜਰਾਂਵਾਲਾ ਵਿੱਚ ਹੈ । ਇਹ ਪਿੰਡ ਕਾਮੋਕੀ ਤੋਂ ਪੱਛਮ ਵੱਲ ਜਾਣ ਵਾਲੀ ਸੜਕ ਉੱਤੇ ਆਬਾਦ ਹੈ । ਇਸ ਪਿੰਡ ਦੇ ਵਿਚਾਲੇ ਭਾਈ ਲਾਲੂ ਜੀ ਦਾ ਗੁਰਦੁਆਰਾ ਹੈ । ਇਸ ਦੀ ਤਾਮੀਰ ਭਾਈ ਲਾਲ ਸਿੰਘ ਜੀ ਦੇ ਉੱਦਮ ਨਾਲ ੧੯੩੯ ਨੂੰ ਅਫਰੀਕਾ ਨਿਵਾਸੀ ਸੰਗਤ ਦੀ ਮਾਇਆ ਨਾਲ ਹੋਈ । ਇਮਾਰਤ ਤਿੰਨ ਮੰਜ਼ਲਾ ਗੁੰਬਦਦਾਰ ਬਣੀ ਹੋਈ ਹੈ । ਇਸ ਵੇਲੇ ਇਸ ਅੰਦਰ ਗੌਰਮਿੰਟ ਪ੍ਰਾਇਮਰੀ ਸਕੂਲ ਹੈ । ਇਮਾਰਤ ਤਕੜੀ ਹੈ, ਪਰ ਸੇਵਾ ਸੰਭਾਲ ਨਾ ਹੋਣ ਕਰਕੇ ਢਹਿੰਦੀ ਕਲਾ ਵੱਲ ਹੈ ।

گردوارا بھائی لالو جی تِتلیالی، گجرانوالا

گردوارا بھائی لالو جی پنڈ تِتلیالی، ضلع گجرانوالا وچ ہے. ایہ پِنڈ کامونکی توں پچھم ول جاون والی سڑک اُتے آباد اے. ایس پِنڈ دے وچالے بھائی لالو جی دا گردوارا ہے. ایس دی تعمیر بھائی لال سنگھ جی دے اُدم نال 1939 نُوں افریکا نواسی سنگت دی مایا نال ہوئی. عمارت تِن منزلا گنبد دار بنی ہوئی اے. ایس ویلے ایس عمارت اندر گورنمنٹ پرایمری سکول ہے. عمارت تگڑی اے پر سیوا سنبھال نہ ہون کارن ڈھلدی کلا ول ہے.

GURDWARA BHAI LALU JI, TATLIALI

Gurdwara Bhai Lalu Ji is in village Tatliali of district Gujranwala. This village is situated on the road going westward from Kamoke and the Gurdwara of Bhai Lalu Ji is in the center of the village. It was built in 1939 AD through the effort of Bhai Lal Singh Ji and the funds of Sikh Sangats settled in Africa. The building is 3 storeyed and has domes. At present Government Primary School is housed in it. The building is strong but in the absence of maintenance its condition is deteriorating.



ਸ਼ਹੀਦ ਗੰਜ ਭਾਈ ਮਨੀ ਸਿੰਘ ਜੀ

ਭਾਈ ਮਨੀ ਸਿੰਘ ਜੀ ਦਾ ਸ਼ਹੀਦੀ ਅਸਥਾਨ ਲਾਹੌਰ ਮਸਤੀ ਦਰਵਾਜ਼ੇ ਦੇ ਅੰਦਰ ਹੈ । ਭਾਈ ਜੀ ਦਾ ਜਨਮ ਗੁਰੂ ਘਰ ਦੇ ਪ੍ਰੀਤਵਾਨ ਗੁਰਮੁਖ ਪਰਵਾਰ ਵਿੱਚ ਹੋਇਆ ਤੇ ਆਪ ਨੂੰ ਦਸ਼ਮੇਸ਼ ਪਿਤਾ ਦੇ ਬਾਲ ਸਖਾਈ ਮਿਤਰ ਹੋਣ ਦਾ ਮਾਣ ਪ੍ਰਾਪਤ ਹੈ । ਆਪ ਨੇ ਦਸ਼ਮੇਸ਼ ਜੀ ਦੇ ਸਨਮੁੱਖ ਗੁਰੂ ਗਰੰਥ ਸਾਹਿਬ ਜੀ ਦਾ ਸਰੂਪ ਤਿਆਰ ਕੀਤਾ । ੧੭੨੧ ਈ : ਨੂੰ ਮਾਤਾ ਸੁੰਦਰੀ ਜੀ ਨੇ ਆਪ ਨੂੰ ਹਰਿਮੰਦਰ ਸਾਹਿਬ ਦਾ ਗਰੰਥੀ ਥਾਪਿਆ । ਦੀਵਾਲੀ ਦੇ ਸਮੇਂ ਸਰਕਾਰ ਤੋਂ ਆਗਿਆ ਲੈ ਕੇ ਆਪ ਨੇ ਹਰਿਮੰਦਰ ਸਾਹਿਬ ਅੰਦਰ ਸਿੱਖਾਂ ਦਾ ਇਕੱਠ ਬੁਲਾਇਆ । ਜਦ ਆਪ ਜੀ ਨੂੰ ਪਤਾ ਲੱਗਾ ਕਿ ਹਕੂਮਤ ਇਕੱਤਰ ਹੋਏ ਗੁਰਸਿੱਖਾਂ ਨੂੰ ਕਤਲ ਕਰ ਦੇਵੇਗੀ ਤਾਂ ਆਪ ਜੀ ਨੇ ਸੰਗਤਾਂ ਨੂੰ ਰੋਕ ਦਿੱਤਾ । ਇਸ ਦੋਸ਼ ਵਿੱਚ ਹੀ ਭਾਈ ਜੀ ਨੂੰ ਗ੍ਰਿਫਤਾਰ ਕਰ ਲਿਆ ਗਿਆ । ਕਈ ਪ੍ਰਕਾਰ ਦੇ ਲਾਲਚ, ਡਰਾਵੇ ਅਤੇ ਧਮਃਕੀਆਂ ਆਪ ਜੀ ਨੂੰ ਸਿੱਖੀ ਸਿਦਕ ਤੋਂ ਨਾਂ ਹਟਾ ਸਕੀਆਂ । ਆਖਰਕਾਰ ੧੭੨੪ ਈ: ਨੂੰ ਇਸ ਅਸਥਾਨ ਉੱਤੇ ਭਾਈ ਸਾਹਿਬ ਜੀ ਨੂੰ ਬੰਦ ਬੰਦ ਕੱਟ ਕੇ ਸ਼ਹੀਦ ਕਰ ਦਿੱਤਾ ਗਿਆ । ਪਹਿਲਾਂ ਇਸ ਸ਼ਹੀਦ ਗੰਜ ਦਾ ਪ੍ਰਬੰਧ ਮਹੰਤਾ ਪਾਸ ਸੀ । ੧੯੨੩ ਈ: ਵਿੱਚ ਇਸ ਦਾ ਪ੍ਰਬੰਧ ਲੋਕਲ ਕਮੇਟੀ ਕੋਲ ਆ ਗਿਆ । ੧੯੨੭ ਤੋ ੧੯੪੭ ਤੱਕ ਇਸ ਦਾ ਪ੍ਰਬੰਧ ਸ਼੍ਰੋਮਣੀ ਕਮੇਟੀ ਕੋਲ ਰਿਹਾ ਤੇ ਹੁਣ ਮਤਰੋਕਾ ਵਕਫ ਬੋਰਡ ਕੋਲ ਹੈ । ਇਸ ਵੇਲੇ ਇਸ ਸਮਾਧ ਅੰਦਰ ਇੱਕ ਖਰਾਦੀਏ ਨੇ ਖਰਾਦ ਲਾਏ ਹੋਏ ਹਨ ।

شہید گنج بھائی منی سنگھ جی

بھائی منی سنگھ جی دا شہیدی استھان لاہور مستی دروازے دے اندر ہے. بھائی جی دا جنم گرو گھر دے پریت وان گرمکھ پروار وچ ہویا تے آپ نوں دشمیش پتا دے بال سکھائی متر ہون دا مان پراپت ہے. آپ نے دشمیش جی دے سن مکھ گرو گرنتھ صاحب دا سرُوپ تیار کیتا. 1721ء نوں ماتا سُندری جی نے آپ نوں ہرمندر صاحب دا گرنتھی تھاپیا. دیوالی سمے سرکار توں آگیا لے کے آپ نے ہرمندر صاحب اندر سکھاں دا اکٹھ بلایا جد آپ نوں پتا لگا کہ حکومت اکتر ہوئے گُر سکھاں نوں قتل کر دیوے گی تے آپ نے سنگتاں نوں روک دتا. ایس دوش وچ ہی بھائی جی نوں گرفتار کر لیا گیا. کئی پرکار دے لالچ' ڈراوے اتے دھمکیاں آپ نوں سکھی صدق توں نہ ہٹا سکیاں. آخر کار 1724ء نوں ایس استھان اُتے بھائی صاحب دا بند بند کٹ کے شہید کر دِتا گیا. ایس شہید گنج دا پہلا پربندھ مہنتاں پاس سی. 1923ء وچ ایس دا پربندھ لوکل کمیٹی کول آگیا. 1927ء توں 1947ء تیک ایس دا پربندھ شرمنی کمیٹی کول رہیا تے ہُن متروکا وقف بورڈ کول ہے. ایس ویلے ایس اندر اِک خرادیے نے خراد لائے ہوئے ہن.

SHAHEED GANJ BHAI MANI SINGH, LAHORE

The site of martyrdom of Bhai Mani Singh is located inside Masti Gate of Lahore. He was born of a family which strictly followed the life style set by the Guru. He has the honour of being a childhood friend of Dashmesh Pita (10th Guru). He had compiled the Guru Granth Sahib under the divine guidance of Dashmesh Ji. In 1721 AD Mata Sundri Ji appointed him as the Granthi of Harmandar Sahib. It is said that once he called a gathering of the Sikhs inside Harmandir Sahib on the occassion of Diwali with the permission of the then government. But he cancelled the sangats when he learnt that the government would massacre the Sikhs gathered there. Bhai Ji was arrested on this account. All kinds of cajoles, threats and tortures could not shake him from his belief in Sikh faith. At last in 1724 AD he was hacked to pieces and martyred at this spot. Initially the control of this Shaheed Ganj was with Mahants but in 1923 AD, it passed on to the local committee. The control remained with SGPC from 1927 upto 1947. Now it is in the charge of Waqf Board. Presently a turner has installed his lathe machines inside it



ਗੁਰਦੁਆਰਾ ਸ਼ਹੀਦ ਭਾਈ ਤਾਰੂ ਸਿੰਘ ਜੀ, ਨੌਲੱਖਾ ਬਾਜ਼ਾਰ ਲਾਹੌਰ

ਭਾਈ ਤਾਰੂ ਸਿੰਘ ਜੀ ਦਾ ਸ਼ਹੀਦੀ ਅਸਥਾਨ ਨੌਲੱਖਾ ਬਜ਼ਾਰ ਵਿੱਚ ਹੈ । ਇਹ ਲੰਡਾ ਬਜ਼ਾਰ ਦੇ ਅਖੀਰ ਤੋਂ ਸ਼ੁਰੂ ਹੋ ਕੇ ਲਾਹੌਰ ਰੇਲਵੇ ਸਟੇਸ਼ਨ ਤੱਕ ਜਾ ਨਿਕਲਦਾ ਹੈ । ਲੰਡਾ ਬਜ਼ਾਰ ਵੱਲੋਂ ਨੌਲੱਖਾ ਵਿੱਚ ਵੜਦਿਆਂ ਹੀ ਤੁਹਾਡੇ ਖੱਬੇ ਹੱਥ ਉੱਤੇ ਦੁਕਾਨਾਂ ਵਿਚਾਲੇ ਇੱਕ ਨਿੱਕਾ ਜਿਹਾ ਦਰਵਾਜ਼ਾ ਹੈ, ਜਿਹਦੇ ਮੱਥੇ ਉੱਤੇ ਲਿਖਿਆ ਹੈ, " ਗੁਰਦੁਆਰਾ ਭਾਈ ਤਾਰੂ ਜੀ "

ਭਾਈ ਤਾਰੂ ਸਿੰਘ ਜੀ ਤਹਿਸੀਲ ਕਸੂਰ ਦੇ ਪਿੰਡ ਪੂਹਲਾ ਦੇ ਰਹਿਣ ਵਾਲੇ ਸਨ । ਦਸਾਂ ਨੌਹਾਂ ਦੀ ਕਿਰਤ ਕਰਕੇ ਪ੍ਰਵਾਰ ਦਾ ਪੇਟ ਪਾਲਦੇ ਸਨ । ਗੁਰਸਿੱਖਾਂ ਦੀ ਸੇਵਾ ਕਰਦੇ । ਨਿਰੰਜਣੀ ਮਹੰਤ ਨੇ ਆਪ ਦੀ ਸ਼ਿਕਾਇਤ ਕੀਤੀ ਕਿ ਆਪ ਡਾਕੂਆਂ ਨੂੰ ਪਨਾਹ ਦਿੰਦੇ ਹਨ । ਇਸ ਉੱਤੇ ਆਪ ਨੂੰ ਗ੍ਰਿਫਤਾਰ ਕਰ ਲਿਆ ਗਿਆ । ਹਜ਼ਾਰਾਂ ਪ੍ਰਕਾਰ ਦੇ ਤਸੀਹੇ ਦਿੱਤੇ ਗਏ । ਆਖਰ ਆਪ ਦੀ ਖੋਪੜੀ ਲਾਹੁਣ ਦਾ ਹੁਕਮ ਦਿੱਤਾ । ਭਾਈ ਸਾਹਿਬ ਸ਼ਾਤ ਚਿੱਤ ਰਹੇ । ਜਪੁਜੀ ਸਹਿਬ ਦਾ ਪਾਠ ਕਰਦੇ ਰਹੇ । ੨੩ ਅੱਸੂ ਸਮੰਤ ੧੮੦੨ (੧੭੪੫ ਈ) ਨੂੰ ਆਪ ਨੇ ਸ਼ਹੀਦੀ ਪ੍ਰਾਪਤ ਕੀਤੀ । ਗੁਰੂ ਘਰ ਦੇ ਪ੍ਰੀਤਵਾਨ ਸਿੱਖਾਂ ਨੇ ਆਪ ਜੀ ਦਾ ਸ਼ਹੀਦ ਗੰਜ ਤਿਆਰ ਕੀਤਾ । ਇਸ ਦੇ ਨਾਂ ਕੋਈ ਛੇ ਕਨਾਲ ਜਮੀਨ ਸ਼ਹਿਰ ਦੇ ਅੰਦਰ ਹੈ । ਪਿੰਡ ਬੇਲਾ ਬਸਤੀ ਰਾਮ ਤਹਿਸੀਲ ਲਾਹੌਰ ਤੋਂ ੧੦੦ ਰੁਪਈਆ ਸਾਲਾਨਾ ਜਾਗੀਰ ਸਿੱਖ ਰਾਜ ਦੀ ਹੈ । ਸ਼ਹੀਦ ਗੰਜ ਨਾਲ ਬਹੁਤ ਸਾਰੀਆਂ ਦੁਕਾਨਾਂ ਹਨ । ੧੯੨੭ ਤੋਂ ੧੯੪੭ ਤੱਕ ਪ੍ਰਬੰਧ ਸ਼੍ਰੋਮਣੀ ਕਮੇਟੀ ਕੋਲ ਰਿਹਾ । ਹੁਣ ਮਹਿਕਮਾ ਔਕਾਫ ਕੋਲ ਹੈ । ਇਸ ਦੀ ਸੇਵਾ ਸੰਭਾਲ ਭਾਈ ਇੱਛਰ ਸਿੰਘ ਜੀ ਨੂੰ ਸੌਂਪੀ ਗਈ, ਜੋ ਬਾਅਦ ਵਿੱਚ ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਬਣੇ ।

گردوارا شہید گنج بھائی تارو سنگھ ' نولکھا بازار لاہور

بھائی تارو سنگھ جی دا شہیدی استھان نولکھا بازار وچ اے. ایہ بازار لنڈا بازار دے اخیرتوں شروع ہو کے ریلوے سٹیشن تے جا نکلدا اے. لنڈا بازار ولوں نولکھا وچ وڑدیاں ہی تہاڈے کھبے ہتھ اُتے ہٹیاں وچالے اِک نکا جیہا دروازا اے جہدے متھے اتے لکھیا اے گردوارا شہید گنج بھائی تارو جی.

بھائی تارو جی تحصیل قصور دے اِک پنڈ پولھا دے رہن والے سن. دساں نہواں دی کرت کرکے پروار دا پیٹ پالدے آئے گر سکھاں دی سیوا کردے' نرائیوں مہنت نے آپ دی شکایت کیتی کہ آپ ڈاکوواں نوں پناہ دیندے ہن. اس اُتے آپ نوں گرفتار کر لیا گیا. ہزاراں پرکار دے تسیہے دتے گئے' آخر آپ دی کھوپڑی لاہن دا حکم دتا گیا. بھائی صاحب شانت چت ہوئے. جپ جی صاحب دا پاٹھ کردے رہے. 23 اسوج سمت 1802' 1745ء نوں آپ نے شہیدی پراپت کیتی.

گرو گھر دے پریت وان گر سکھاں آپ دا شہید گنج تیار کیتا. اس دے ناں سو رُپیا سالانا جاگیر سکھ راج دی ہے. شہید گنج ناں بہُت ساریاں دُکاناں ہن. 1927 توں 1947ء تیکر پربندھ شرومنی کمیٹی کول رہیا ہُن محکما اوقاف کول ہے. اِس دی سیوا سنبھال بھائی اچھر سنگھ جی نوں سونپی گئی جو بعد وچ سری اکال تخت صاحب دے جتھے دار بنے.

GURDWARA SHAHEED GANJ BHAI TARU SINGH AT NAULAKHA BAZAAR LAHORE

The site of martyrdom of Bhai Taro Sing Ji is located in the Naulakha Bazaar. This Bazaar starts from the end of Landa Bazaar and runs upto Lahore Railway Station. Once you enter Naulakha Bazaar from Landa Bazaar there is a small door on the left hand side in between shops. The door carries this inscription: "Gurdwara Shaheed Ganj Bhai Taro Ji."

Bhai Taru Ji belonged to Polah, a village of District Kasur, he worked with his own hand to bring up his family and to serve the Singhs of the Guru and looked after the Sikhs. Mahant Narayan lodged a compliant against him that he was harbouring dacoits. He was arrested and put to torture in thousands of ways. At last orders were issued to behead him. Bhai Sahib faced the death heroically and kept reciting the Japji Sahib. He was beheaded on 23rd Assu, Samvat 1802 (1745 AD).

The devotees built his Shaheed Ganj at this site (place of martyrdom). There are many shops in the name of Gurdwara and an estate worth Rs 100 per annum is granted to it since the Sikh period.

It was maintained by the Gurdwara Parbandhak Committee from 1927 to 1947. Its maintenance was entrusted to Bhai Achchar Singh who later became Jathedar of Akal Takht Sahib. Evacuee Trust Board has taken over the charge now.



ਸ਼ਹੀਦ ਗੰਜ ਸਿੰਘ ਸਿੰਘਣੀਆਂ, ਨੌਲੱਖਾ ਬਜ਼ਾਰ

ਇਹ ਇਤਿਹਾਸਕ ਅਸਥਾਨ ਨੌਲੱਖਾ ਬਜ਼ਾਰ ਅੰਦਰ ਭਾਈ ਤਾਰੂ ਸਿੰਘ ਜੀ ਦੇ ਸ਼ਹੀਦ ਗੰਜ ਦੇ ਸਾਹਮਣੇ ਹੈ । ਸਿੱਖ ਇਤਿਹਾਸ ਕਾਰਾਂ ਅਨੁਸਾਰ ਲਾਹੌਰ ਦੇ ਸੂਬੇ ਮੀਰ ਮੰਨੂ ਹੱਥੋਂ ਏਥੇ ਘੱਟੋ ਘੱਟ ਢਾਈ ਲੱਖ ਸਿੰਘਾਂ ਸਿੰਘਣੀਆਂ ਨੇ ਸ਼ਹੀਦੀ ਪ੍ਰਾਪਤ ਕੀਤੀ । ੧੭੬੪ ਵਿੱਚ ਮੀਰ ਮੰਨੂ ਪੰਜਾਬ ਦਾ ਸੂਬੇਦਾਰ ਬਣਿਆ ਤਾਂ ਉਸ ਨੇ ਕਸਮ ਖਾਧੀ ਸੀ ਕਿ ਮੈਂ ਕੋਈ ਸਿੱਖ ਜ਼ਿੰਦਾ ਨਹੀਂ ਛੱਡਾਗਾ । ਉਸਦੇ ਹੁਕਮ ਉੱਤੇ ਸਿੰਘਾਂ ਸਿੰਘਣੀਆਂ ਨੂੰ ਗ੍ਰਿਫਤਾਰ ਕਰਕੇ ਲਿਆਂਦਾ ਜਾਂਦਾ ਤੇ ਇੱਥੇ ਕਤਲ ਕਰ ਦਿੱਤਾ ਜਾਂਦਾ । ਇੱਥੇ ਪਹਿਲਾ ਮਸੀਤ ਸੀ । ਮੁਸਲਮਾਨ ਇਸ ਨੂੰ ਮਸੀਤ ਸ਼ਹੀਦ ਗੰਜ ਕਹਿੰਦੇ ਸਨ ।

ਜਦ ਦੀਵਾਨ ਕੌੜਾ ਮੱਲ ਦੇ ਕਹਿਣ ਉੱਤੇ ਸਿੰਘਾ ਮੀਰ ਮੰਨੂ ਦੀ ਮੁਲਤਾਨ ਦੀ ਲੜਾਈ ਵੇਲੇ ਮਦਦ ਕੀਤੀ ਤਾਂ ਉਸ ਨੇ ਇਹ ਅਸਥਾਨ ਸਿੰਘਾ ਨੂੰ ਦੇ ਦਿੱਤਾ । ਉਹਨਾਂ ਇੱਥੇ ਪੂਜਾ ਅਸਥਾਨ ਬਣਾ ਲਿਆ । ਮੀਰ ਮੰਨੂੰ ਦੇ ਬਾਰੇ ਸਿੱਖਾਂ ਵਿੱਚ ਇਹ ਅਖਾਣ ਮਸ਼ਹੂਰ ਸੀ ਕਿ

ਮੰਨੂ ਸਾਡੀ ਦਾਤਰੀ, ਅਸੀ ਮੰਨੂ ਦੇ ਸੋਏ ।
ਜਿਉ ਜਿਉ ਸਾਨੂੰ ਵੱਢਦਾ, ਅਸੀ ਦੂਣ ਸਵਾਏ ਹੋਏ ।

ਇਸ ਸ਼ਹੀਦ ਗੰਜ ਦਾ ਝਗੜਾ ਸੰਨ ੧੯੧੦ ਵਿੱਚ ਉਸ ਵੇਲੇ ਉਠ ਖਲੋਤਾ ਜਦੋਂ ਮੁਸਲਮਾਨਾਂ ਇਸਦਾ ਕਬਜ਼ਾ ਲੈਣ ਦੀ ਕੋਸ਼ਿਸ਼ ਕੀਤੀ । ੧੯੩੬ ਵਿੱਚ ਇਹ ਝਗੜਾ ਐਨਾ ਵਧ ਗਿਆ ਕਿ ਇੱਥੇ ਪੁਲਿਸ ਨੂੰ ਗੋਲੀ ਚਲਾਉਣੀ ਪਈ । ਮੁਸਲਮਾਨਾਂ ਅਦਾਲਤ ਵਿੱਚ ਮੁਕੱਦਮਾ ਕਰ

گردوارا شہید گنج سنگھاں سنگھنیاں نولکھا بازار لاہور

ایہ اتہاسک استھان نولکھا بازار اندر بھائی تارو سنگھ جی دے شہید گنج دے ساہمنے ہے.

سکھ اتہاس کاراں انُوسار لاہور دے صوبے میر منو ہتھوں ایتھے گھٹو گھٹ ڈھائی لکھ سنگھاں سنگھنیاں نے شہیدی پراپت کیتی. 1764 وچ میر منو پنجاب دا صوبے دار بنیا تاں اس نے قسم کھادی سی کہ میں کوئی سِکھ زندا نہیں چھڈاں گا. اوہدے حکم اُتے سنگھاں سنگھنیاں نُوں گرفتار کرکے لیاندا جاندا تے ایتھے لیا کے قتل کر دتا جاندا. ایتھے پہلوں مسیت سی. مسلمان ایس نُوں مسیت شہید گنج کہندے سن.

جد دیوان کوڑا مل دے کہن اُتے سنگھاں امیر منو دی ملتان دی لڑائی ویلے مدد کیتی تاں اوس نے ایہ استھان سنگھاں نُوں دے دتا. اوہناں ایتھے پوجا استھان بنا لیا. میر منو دے اس ظلم بارے سکھاں وچ اِک اکھان مشہور سی کہ.

منو ساڈی داتری' اسیں منو دے سوئے
جیوں جیوں سانُوں کپدا' اسیں دون سوائے ہوئے

GURDWARA SHAHEED GANJ SINGH - SINGHNIAN AT NAULAKHA BAZAAR - LAHORE

This historical site is located opposite Shaheed Ganj of Gurdwara Bhai Taru Singh Shaheed Ganj in Naulakha Bazaar.

According to Sikh historians at least 250,000 Sikh men and women were martyred at the behest of Mir Mannu, the Governor of Lahore. When Mir Mannu was made the Subedar of Punjab in 1764 he made a vow not to leave a single Sikh alive. At his orders Sikhs' men and women, were arrested, brought here and then they were murdered. Once there used to be a mosque here and the Muslims used to call it Shaheed Ganj mosque.

When Divan Kaura Mal persuaded the Sikhs to help Mir Mannu at the time of the battle of Multan, he handed over this place to the Sikhs who made it a place of worship. An adage was popular amongst the Sikhs about the oppression of Mir Mannu.

"Mir Mannu saadi datri, asin mannu dey soye
Jyon jyon sano kap da, asin dunay teenay hoye."

(Mir Mannu is our sickle and we are Mannu's anseed The more he clips us the more we increase in number)

A dispute around this Shaheed Ganj erupted in 1910 AD when Muslims tried to take over



ਦਿੱਤਾ, ਜੋ ਉਹਨਾਂ ਲਾਇਰ ਕੋਰਟ ਤੋਂ ਜਿੱਤ ਲਿਆ । ਮਗਰੋਂ ਅਦਾਲਤ ਨੇ ਇਹ ਮੁਕੱਦਮਾ ਖਾਰਜ ਕਰ ਦਿੱਤਾ । ਗਵਰਨਰ ਏਮ੍ਰਸਨ ਨੇ ਇਸ ਨੂੰ ਗੁਰਦੁਆਰਾ ਹੀ ਰਹਿਣ ਦਿੱਤਾ । ਅਖੀਰੀ ਮੁਕੱਦਮਾ ੬ ਮਈ ੧੯੯੬ ਨੂੰ ਗਵਾਹ ਨਾਂ ਮਿਲਣ ਉੱਤੇ ਅਦਾਲਤ ਵੱਲੋ ਖਾਰਜ ਹੋਇਆ । ਇੰਜ ਇਹ ਗੁਰਦੁਆਰਾ ਅੱਜ ਵੀ ਗੁਰਦੁਆਰਾ ਹੀ ਹੈ ।

ایس شہید گنج دا جھگڑا 1910ء وچ اوس ویلے اُٹھ کھلوتا جدوں مسلماناں نے ایہدا قبضا لین دی کوشش کیتی. 1936ء وچ ایہ جھگڑا اینا ودھ گیا کہ ایتھے پُلس نُوں گولی چلائی پئی. مسلماناں نے عدالت وچ مقدما کر دتا. جو اوہناں لوئر کورٹ توں جت لیا مگروں اوہ عدالت نے ایہ مقدما خارج کر دتا' گورنر ایمرسن نے اس نُوں گردوارا ای رکھیا. اخیری مقدما 6 مئی 1996ء نُوں گواہ نہ ملن اتے عدالت ولوں خارج ہویا انج ایہ گردوارا اج وی گردوارا ای اے.

the possession of Shaheed Ganj. In 1936 AD the dispute became so grave that the police had to open fire. The Muslims filed a suit and the lower court decided the case in their favour. Later the Higher Court dismissed this case. Governor Emerson maintained its status as a Gurdwara. The last case was dismissed by the court on 6th may 1996 due to the non appearance of the witnesses and thus it continues to be a Gurdwara even today.



ਗੁਰਦੁਆਰਾ ਭਾਈ ਫੇਰੂ, ਜ਼ਿਲਾ ਕਸੂਰ

ਭਾਈ ਫੇਰੂ ਨਾਮੀ ਇਹ ਕਸਬਾ ਲਾਹੌਰ ਤੋਂ ਮੁਲਤਾਨ ਜਾਣ ਵਾਲੀ ਸੜਕ ਉੱਤੇ ਆਬਾਦ ਹੈ। ਲਾਹੌਰ ਤੋਂ ਕੋਈ ੬੦ ਕਿਲੋਮੀਟਰ ਦੀ ਵਿੱਥ ਉੱਤੇ ਹੈ। ਇਸ ਕਸਬੇ ਦੇ ਅਨਾਰਕਲੀ ਬਾਜ਼ਾਰ ਦੀ ਅਖੀਰੀ ਨੁੱਕਰ ਉੱਤੇ ਗੁਰਦੁਆਰਾ ਭਾਈ ਫੇਰੂ ਆਪਣੀਆ ਸ਼ਾਨਾਂ ਵਿਖਾ ਰਿਹਾ ਹੈ।

ਭਾਈ ਫੇਰੂ ਜੀ ਦਾ ਅਸਲ ਨਾਂ ਸੰਗਤਿਆ ਸੀ। ਇਹ ਇੱਕ ਵਾਰ ਕਰਤਾਰਪੁਰ ਵਿਖੇ ਘਿਉ ਦੀਆਂ ਭਰੀਆਂ ਮਸ਼ਕਾਂ ਲਿਜਾ ਰਿਹਾ ਸੀ ਤਾਂ ਗੁਰੂ ਹਰਿ ਰਾਏ ਜੀ ਦੇ ਇੱਕ ਸਿੱਖ ਨੇ ਉਹ ਘਿਉ ਖਰੀਦ ਲਿਆ ਅਤੇ ਪੈਸੇ ਅਗਲੇ ਦਿਨ ਲਿਜਾਣ ਦਾ ਆਖਿਆ। ਸੰਗਤਿਆ ਜੀ ਨੇ ਉਹ ਮਸ਼ਕਾਂ ਵਿਹਲੀਆਂ ਕਰ ਦਿੱਤੀਆਂ। ਅਗਲੇ ਦਿਨ ਉਸਨੇ ਵੇਖਿਆ ਤਾ ਮਸ਼ਕਾਂ ਉਸੇ ਤਰਾਂ ਭਰੀਆਂ ਹੋਈਆਂ ਸਨ। ਇਹ ਚਮਤਕਾਰ ਵੇਖ ਕੇ ਉਹ ਗੁਰੂ ਹਰਿਰਾਏ ਜੀ ਦੀ ਸ਼ਰਨ ਆਇਆ। ਗੁਰੂ ਜੀ ਦੀ ਪਾਹੁਲ ਲੈ ਕੇ ਸਿੱਖ ਹੋਇਆ। ਗੁਰੂ ਜੀ ਨੇ ਉਸ ਨੂੰ ਸੰਗਤਿਆ ਤੋਂ ਭਾਈ ਫੇਰੂ ਦਾ ਨਾਮ ਦਿੱਤਾ, ਜੋ ਪ੍ਰਸਿੱਧ ਹੋ ਗਿਆ। ਆਪ ਨੇ ਉਹਨੂੰ ਨੱਕਾ ਇਲਾਕੇ ਵਿੱਚ ਮਸੰਦ ਥਾਪਿਆ। ਮਸੰਦਾਂ ਦੀਆ ਹੇਰਾ ਫੇਰੀਆਂ ਨੂੰ ਵੇਖਦਿਆਂ ਜਦ ਹਿਸਾਬ ਕਿਤਾਬ ਮੰਗਿਆ ਗਿਆ ਤਾਂ ਕੇਵਲ ਭਾਈ ਫੇਰੂ ਜੀ ਦਾ ਹਿਸਾਬ ਹੀ ਠੀਕ ਨਿਕਲਿਆ, ਜਿਸ ਉੱਤੇ ਗੁਰੂ ਜੀ ਨੇ ਉਹਦਾ ਲੰਗਰ ਚੱਲਦੇ ਰਹਿਣ ਦੀ ਦੁਆ ਕੀਤੀ। ਇਸ ਨੱਕੇ ਦੇ ਇਲਾਕੇ ਵਿੱਚ ਹੀ ਭਾਈ ਫੇਰੂ ਜੀ ਨੇ ਅਕਾਲ ਚਲਾਣਾ ਕੀਤਾ ਜਿੱਥੇ ਉਹਨਾਂ ਦੀ ਸਮਾਧ ਬਣਾਈ ਗਈ। ਉੱਥੇ ਹੀ ਮਗਰੋ ਇੱਕ ਸ਼ਹਿਰ ਵਸ ਗਿਆ, ਜਿਹਦਾ ਨਾਂ ਭਾਈ ਫੇਰੂ ਪ੍ਰਸਿੱਧ ਹੋਇਆ। ਗੁਰਦੁਆਰਾ ਸਾਹਿਬ ਦੀ ਅਜੋਕੀ ਇਮਾਰਤ ਮਹੰਤਾ ਨੇ ਸੰਗਤ ਨਾਲ ਰਲ ਕੇ ੧੯੧੦ ਵਿੱਚ ਬਣਵਾਈ। ੨੧ ਦਸੰਬਰ ੧੯੨੨ ਨੂੰ ਇੱਕ ਸੰਗਤ ਸਮਝੌਤਾ ਹੋਇਆ ਜਿਸ ਰਾਹੀ ੨੮ ਦਸੰਬਰ ਨੂੰ ਗੁਰਦੁਆਰੇ ਦਾ ਕਬਜ਼ਾ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਪੁਰਦ ਕਰ ਦਿੱਤਾ ਗਿਆ।

گردوارا بھائی پھیرو، ضلع قصور

بھائی پھیرو نامی ایہ قصبا لاہور توں ملتان جاون والی سڑک اُتے اباد ہے. ایس قصبے دے انار کلی بازار دی اخیری نکر اُتے گردوارا بھائی پھیرو اپنیاں شاناں وکھا رہیا ہے.

بھائی پھیرو جی دا اصل ناں سنگتیا سی. ایہ اِک وار کرتار پور وکھے گھیو دیاں بھریاں مشکاں لیجا رہیا سی تاں گرو ہر رائے جی دے اِک سِکھ نے اوہ گھیو خرید لیا اتے پیسے اگلے دن لیجان دا آکھیا. سنگتیا جی نے اوہ مشکاں ویلھیاں کر دِتیاں. اگلے دن اوس ویکھیا تاں مشکاں اوسے طرحاں بھریاں ہوئیاں سن. ایہ چمتکار ویکھ کے اوہ گرو ہر رائے جی دے شرن آیا. گرو جی دی پاہل لے کے سِکھ ہویا. گرو جی نے اوس نوں سنگتیا توں بھائی پھیرو دا ناں دِتا جو پرسدھ ہو گیا. آپ نے اوہنوں نکّے علاقے وچ مسند تھاپیا. منداں دیاں ہیرا پھیریاں نُوں ویکھدیاں جد حساب کتاب منگیا گیا تاں کیول بھائی پھیرو جی دا حساب ہی ٹھیک نکلیا. جس اُتے گرو جی نے اوہدا لنگر چلدا رہن دی دعا دِتی. ایسے نکّے دے علاقے وچ ہی بھائی پھیرو جی اکال چلانا کیتا جتھے اوہناں دی سمادھ بنائی گئی اوتھے ہی مگروں اِک شہر وس گیا جہدا ناں بھائی پھیرو پرسدھ ہویا. گردوارا صاحب دی اجوکی عمارت مہنتاں نے سنگت نال رل کے 1910ء وچ بنوائی. 21 دسمبر 1922ء نُوں اِک سمجھوتا ہویا جہدے راہیں 28 دسمبر نُوں گردوارے دا قبضا گردوارا پربندھک کمیٹی دے سپرد کر دتا گیا. کمیٹی نے 400 رپئے مہینا مہنت دا وظیفا لا دتا. 7

GURDWARA BHAI PHERO, DISTRICT KASUR

The town woth the name of Bhai Phero is situated at a distance of Sixty Kilometers from Lahore on Lahore-Multan road. Gurdwara Bhai Phero stands majestically at the end of Local Anarkali Market. The real name of Bhai Phero was Sangtia. Once Sangtia was carrying his oil skins full of ghee to Kartarpur. One of the followers of Guru Har Rai Ji purchased the ghee from him and asked him to collect the money on the following day. Sangtia Ji emptied these oil skins. Next day he found his water-skins still full of ghee like before. Witnessing this miracle he came to Gur Dev Ji and became a follower of Guru Har Rai Ji. Guru Dev Ji converted him and changed his name to "Bhai Phero" which became popular. Guru Dev Ji appointed him as the collector of Nakka area. When misappropriation of funds by the Collectors came to limelight, a thorough check was ordered. It was found that only Bhai Phero had maintained the account honestly and scrupulously. Guru Ji prayed for the continuation of his langar. Bhai Phero died in this area of Nakka and later a samadh was built there. A town was built around it which became known as Bhai Phero.

The present building of Gurdwara was built by Mahant in collaboration with the local Sangat in 1910 AD. According to the agreement reached on 21st Dec 1922 AD, the responsibility of maintenance of Gurdwara was handed over to Gurdwara Parbandhak Committee by Mahant on 28th December 1922 AD.



ਕਮੇਟੀ ਨੇ ੪੦੦ ਰੁਪਏ ਮਹੀਨਾ ਮਹੰਤ ਦਾ ਵਜ਼ੀਫਾ ਲਗਾ ਦਿੱਤਾ । ੭ ਦਸੰਬਰ ੧੯੨੩ ਨੂੰ ਜ਼ਮੀਨ ਦੇ ਕਬਜ਼ੇ ਉੱਤੇ ਮੈਨੇਜਰ ਜਗਤ ਸਿੰਘ ਅਤੇ ੧੦ ਹੋਰ ਸਿੰਘਾ ਨੂੰ ਗ੍ਰਿਫਤਾਰ ਕਰ ਲਿਆ ਗਿਆ ।

੨ ਜਨਵਰੀ ੧੯੨੪ ਨੂੰ ੩੪ ਅਕਾਲੀ ਗ੍ਰਿਫਤਾਰ ਹੋਏ । ੫ ਜਨਵਰੀ ਤੋਂ ਬਾਕਾਇਦਾ ਗ੍ਰਿਫਤਾਰੀਆਂ ਹੋਣ ਲੱਗੀਆਂ । ੨੦ ਦਸੰਬਰ ੧੯੨੫ ਨੂੰ ਇੱਕ ਕਤਲ ਹੋ ਜਾਣ ਨਾਲ ਮੋਰਚਾ ਖਤਮ ਕਰ ਦਿੱਤਾ ਗਿਆ । ਗੁਰਦੁਆਰੇ ਦੇ ਨਾਂ ਇਸ ਵੇਲੇ ੨੨੦੦ ਘੁਮਾਉ ਜ਼ਮੀਨ ਹੈ । ਇਮਾਰਤ ਦੀ ਹਾਲਤ ਬਹੁਤ ਹੀ ਚੰਗੀ ਹੈ ਕਿਉਂਕਿ ੧੯੯੫ ਵਿੱਚ ਵਕਫ ਬੋਰਡ ਨੇ ਲੱਖਾਂ ਰੁਪਈਆ ਲਾ ਕੇ ਡਿੱਗੀਆਂ ਛੱਤਾਂ ਪੁਆਈਆਂ ਹਨ । ਇਮਾਰਤ ਦੇ ਨਾਲ ੧੦ ਦੁਕਾਨਾਂ ਹਨ ਜੋ ਕਿਰਾਏ ਉੱਤੇ ਦਿੱਤੀਆਂ ਗਈਆਂ ਹਨ । ਗੁਰਦੁਆਰੇ ਦੇ ਅੰਦਰ ਵੜਦਿਆ ਸੱਜੇ ਹੱਥ ਉੱਤੇ ਭਾਈ ਫੇਰੂ ਜੀ ਦੀ ਸਮਾਧ ਹੈ ਜਿਸ ਵਿੱਚ ਜਾਣ ਵਾਸਤੇ ਕੋਈ ਪੰਜ ਪੌੜੀਆ ਥੱਲੇ ਉਤਰਨਾ ਪੈਂਦਾ ਹੈ । ਇਸ ਦੇ ਸਾਹਮਣੇ ਦੀਵਾਨ ਹਾਲ ਹੈ ਜਿਸ ਅੱਗੇ ਨਿਸ਼ਾਨ ਸਾਹਿਬ ਝੁਲਦਾ ਹੈ ।

دسمبر 1923ء نُوں زمین دے قبضے اُتے منیجر جگت سنگھ اتے 10 ہور سنگھاں نُوں گرفتار کر لیا گیا.

2 جنوری 1924ء نُوں 34 اکالی گرفتار ہوئے. 5 جنوری توں باقاعدا گرفتاریاں ہون لگیاں. 20 دسمبر 1925ء نُوں اِک قتل ہو جان کارن مورچا ختم کر دتا گیا.

گردوارے دے ناں ایس ویلے 2200 گھماؤں زمین ہے. عمارت دی حالت بہُت ہی چنگی ہے. کیوں جے 1995ء وچ وقف بورڈ نے لکھاں رپیا لا کے ڈگیاں چھتاں پوائیاں ہن. عمارت دے نال 10 ہٹیاں ہن جو کرائے اُتے دتیاں گئیاں ہن.

گردوارے دے اندر وڑدیاں سجے ہتھ اُتے بھائی پھیرو جی دی سمادھ ہے جس وچ جاون واسطے کوئی پنج پوڑیاں تھلے اُترنا پیندا ہے. ایس دے ساہمنے دیوان ہال ہے. جِس اگے نشان صاحب جھولدا ہے.

The Committee sanctioned a monthly allowance of Rs.400 for the Mahant. On 7 December 1923 AD, manager Jagat Singh and 10 other Sikhs were arrested due to the dispute over the occupation of land, 34 Akalis were arrested on the 2nd of January. Regular arrests were offered from 5th January onwards. The agitation was called off due to a murder which took place on 20th December 1925 AD.

2200 acres of land is attached to the Gurdwara. The building is in good condition because the Evacuee Trust Board got it repaired and rebuilt the collapsed roof in 1995 AD. Ten shops adjacent to the Gurdwara have been rented out.

The Samadh of Bhai Phero is located just beside the entrance of the Gurdwara and you have to get down 5 steps to get inside it. Diwan (assembly) Hall is in front of Samadh, where Nishan Sahib remains hoisted.



ਗੁਰਦੁਆਰਾ ਸ਼ਹੀਦ ਭਾਈ ਦਲੀਪ ਸਿੰਘ ਜੀ, ਚੱਕ ਝੁਮਰਾ, ਫੈਸਲਾਬਾਦ


ਸ਼ਹੀਦ ਭਾਈ ਦਲੀਪ ਸਿੰਘ ਜੀ ਦੀ ਯਾਦ ਵਿੱਚ ਬਣਿਆ ਇਹ ਪਾਵਨ ਅਸਥਾਨ ਚੱਕ ਨੰਬਰ ੧੩੨/**RB** ਜ਼ਿਲਾ ਫੈਸਲਾਬਾਦ (ਲਾਇਲਪੁਰ) ਵਿੱਚ ਹੈ । ਇਸ ਦਾ ਰੇਲਵੇ ਸਟੇਸ਼ਨ ਤੇ ਪੁਲਿਸ ਥਾਣਾ ਚੱਕ ਝੁਮਰਾ ਹੈ । ਰੇਲਵੇ ਸਟੇਸ਼ਨ ਤੋਂ ਅੱਗੇ ਫੈਸਲਾਬਾਦ ਵਾਲੇ ਪਾਸੇ ਜਾਂਦਿਆ ਪਹਿਲੇ ਹੀ ਫਾਟਕ ਤੋਂ ਲੰਘ ਰਹੀ ਸੜਕ ਤੋਂ ਕੋਈ ਦੋ ਕਿਲੋਮੀਟਰ ਦੀ ਦੂਰੀ ਤੇ ਇੱਕ ਸੋਲਿੰਗ ਇਸ ਪਿੰਡ ਨੂੰ ਜਾਂਦਾ ਹੈ । ਇਸ ਪਿੰਡ ਦੀ ਜਾਮੇ ਮਸੀਤ ਇਸੇ ਗੁਰਦੁਆਰਾ ਸਾਹਿਬ ਦੇ ਵਿਹੜੇ ਵਿੱਚ ਬਣੀ ਹੈ । ਇਹਨਾ ਦੋਹਾ ਧਰਮ ਅਸਥਾਨਾ ਦਾ ਬੂਹਾ ਇੱਕ ਹੈ । ਇਸ ਨੂੰ ਗੁਰਦੁਆਰੇ ਵਾਲੀ ਮਸੀਤ ਵੀ ਆਖਿਆ ਜਾਂਦਾ ਹੈ । ਇਹ ਇਮਾਰਤ ਦੋ ਹਾਲ ਕਮਰਿਆਂ ਦੀ ਹੈ ਜਿਹਨਾ ਅੱਗੇ ਇੱਕ ਵਰਾਂਡਾ ਹੈ । ਇਮਾਰਤ ਦੀਆ ਕੰਧਾਂ ਮਜ਼ਬੂਤ ਹਨ ਪਰ ਛੱਤਾਂ ਡਿੱਗ ਰਹੀਆਂ ਹਨ । ਮੁਰੰਮਤ ਦੀ ਸਖਤ ਲੋੜ ਹੈ ।

گردوارا شہید بھائی دلیپ سنگھ جی چک جھمرا، فیصل آباد

شہید بھائی دلیپ سنگھ جی دی یاد وچ بنیا ایہ پاون استھان چک نمبر132/R.B ضلع فیصل آباد (لائیلپور) وچ ہے. اس دا ریلوے سٹیشن تے پُلس تھانا چک جھمرا ہے. ریلوے سٹیشن توں اگے فیصل آباد والے پاسے جاندیاں پہلے ہی پھاٹک توں لنگھ رہی سڑک توں کوئی دو کلو میٹر دی دوری تے اِک سولنگ اس پِنڈ نوں جاندا ہے. اس پِنڈ دی جامع مسیت ایسے گردوارا صاحب دے ویڑھے وچ بنی ہوئی ہے. ایہناں دوہاں دھرم استھاناں دا بوہا اِک ہے. اس نوں گردوارے والی مسیت وی آکھیا جاندا اے. ایہ عمارت دو ہال کمریاں دی ہے. جہناں اگے اِک برآمدا ہے. عمارت دیاں کندھاں مضبوط ہن پر چھتاں ڈگ رہیاں ہن. مرمت دی سخت لوڑ ہے.

GURDWARA SHAHEED BHAI DILIP SINGH AT CHAK JHUMRA DISTRICT FAISALABAD

This sacred shrine built in memory of Shaheed Bhai Dilip Singh is in Chak No 132 RB of district Faisalabad (Layyalpur). Chak Jhumra is its railway as well as Police Station. A paved path leads towards the village about 2km from road passing through the first railway crossing while going from railway station to Faisalabad. The Jamia Mosque of the village is built within the courtyard of this Gurdwara and entrance for both the religious places is common. The mosque is also called *gurdware wali maseet*. The building has two halls with a verandah in front. The walls of Gurdwara are strong but the roof is collapsing and needs immediate repair.



ਗੁਰਦੁਆਰਾ ਭਾਈ ਖਾਨ ਚੰਦ, ਮਘਿਆਣਾ, ਝੰਗ

ਝੰਗ ਮਘਿਆਣਾ ਦੇ ਮਸ਼ਹੂਰ ਬਜ਼ਾਰ ਚੰਬੇਲੀ ਮਾਰਕੀਟ ਅੰਦਰ ਇਹ ਪਾਵਨ ਅਸਥਾਨ ਹੈ । ਇਹ ਇਸ ਇਲਾਕੇ ਦਾ ਮਸ਼ਹੂਰ ਗੁਰਦੁਆਰਾ ਹੈ । ਪਹਿਲਾ ਇਹ ਇੱਕ ਨਿੱਕਾ ਜਿਹਾ ਗੁਰਦੁਆਰਾ ਸੀ । ੧੯੫੩ - ੫੪ ਵਿੱਚ ਗੋਰਮਿੰਟ ਆਫ ਪਾਕਿਸਤਾਨ ਨੇ ਇਸ ਦੀ ਨਵੀਂ ਇਮਾਰਤ ਬਣਵਾਈ । ਇਹ ਇਮਾਰਤ ਅੱਜ ਵੀ ਉਸੇ ਹੀ ਹਾਲਤ ਵਿੱਚ ਖਲੋਤੀ ਹੈ, ਜਿਸ ਵਿੱਚ ਉਸ ਵੇਲੇ ਸੀ ।

ਇਹ ਇੱਕ ਬਹੁਤ ਹੀ ਵੱਡੀ ਇਮਾਰਤ ਹੈ । ਇਸ ਵੇਲੇ ਇਸ ਅੰਦਰ ਸ਼ਰਨਾਰਥੀਆਂ ਦੇ ਕੁਝ ਘਰ ਵਸੇ ਹੋਏ ਹਨ । ਕਾਨੂੰਨੀ ਕਬਜ਼ਾ ਵਕਫ ਬੋਰਡ ਦਾ ਹੈ ।

گردوارا بھائی خان چند، گھیانا جھنگ

جھنگ گھیانے دے مشہور بازار چنبیلی مارکیٹ اندر ایہ پاون استھان ہے. ایہ اس علاقے دا بہت ہی مشہور گردوارا ہے. پہلوں ایہ اِک نکا جہیا گردوارا سی. 1953.54ء وچ گورنمنٹ آف پاکستان نے اس دی نویں عمارت بنوائی ایہ عمارت اج وی اوسے ای حالت وچ کھلوتی ہے، جس وچ اوس ویلے سی.
ایہ اِک بہت ہی وڈی عمارت ہے. اس اندر اس ویلے شرنارتھیاں دے کجھ گھر وسے ہوئے ہن. قانونی قبضا وقف بورڈ دا اے.

GURDWARA BHAI KHAN CHAND AT MAGGHIANA, JHANG

This sacred shrine is located in the famous Chambeli Bazaar of Jhang-Magghiana and is a very well known Gurdwara of the area. Initially it was a small Gurdwara but in 1953-54 the Govt of Pakistan built its new building. This building stands in the same condition today as it was before. It is a very big building. Legal possession vests in Evacuee Trust Board although some refugees are settled in it present:y.



ਧਰਮਸ਼ਾਲਾ ਭਾਈ ਹੇਮਾ ਜੀ, ਮਘਿਆਣਾ, ਝੰਗ


ਝੰਗ ਮਘਿਆਣਾ ਦੇ ਮੁਹੱਲੇ ਭਬਰਾਣਾ ਅੰਦਰ ਇਹ ਇੱਕ ਬਹੁਤ ਹੀ ਸੁੰਦਰ ਤੇ ਵਿਸ਼ਾਲ ਅਸਥਾਨ ਹੈ । ਤਿੰਨ ਮੰਜ਼ਲਾ ਇਹ ਇੱਕ ਆਲੀਸ਼ਾਨ ਇਮਾਰਤ ਹੈ । ਅਸਲ ਵਿੱਚ ਭਾਈ ਹੇਮਾ ਜੀ ਨੇ ਇਹ ਅਸਥਾਨ ਉਹਨਾਂ ਯਾਤਰੂਆਂ ਵਾਸਤੇ ਬਣਵਾਇਆ ਸੀ ਜੋ ਸਤਿਗੁਰੂ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਜਨਮ ਦਿਨ ਦੇ ਮੇਲੇ ਉੱਤੇ ਇਸ ਥਾਂ ਇਕੱਠੇ ਹੁੰਦੇ ਸਨ । ਇਸ ਇਮਾਰਤ ਅੰਦਰ ਯਾਤਰੂਆਂ ਦੀਆਂ ਹਰ ਪ੍ਰਕਾਰ ਦੀਆ ਲੋੜਾਂ ਦਾ ਧਿਆਨ ਰੱਖਿਆ ਗਿਆ ਹੈ । ਇਸ ਇਮਾਰਤ ਦੀ ਮੁਰੰਮਤ ੧੯੫੩ - ੫੪ ਵਿੱਚ ਪਾਕਿਸਤਾਨ ਸਰਕਾਰ ਨੇ ਕਰਵਾਈ । ਇਸ ਵੇਲੇ ਇਸ ਅੰਦਰ ਬਹੁਤ ਸਾਰੇ ਸ਼ਰਨਾਰਥੀਆਂ ਦੇ ਘਰ ਵਸੇ ਹੋਏ ਹਨ । ਇਮਾਰਤ ਇੱਕ ਵਾਰ ਫਿਰ ਸੰਪੂਰਨ ਮੁਰੰਮਤ ਦੀ ਮੰਗ ਕਰ ਰਹੀ ਹੈ ।

دھرم سالا بھائی ہیما جی، مگھیانا جھنگ

جھنگ مگھیانا دے محلے بھبرانا اندر ایہ اِک بہُت ہی سُندر اتے وشال استھان ہے، تِن منزلا ایہ اِک عالی شان عمارت ہے اصل وچ بھائی ہیما جی نے ایہ استھان اوہناں یاتروں واسطے بنوایا سی. جو ست گر نانک دیو جی دے جنم دن دے میلے اُتے اس تھاں اکٹھے ہوندے سن. اس عمارت اندر یاتروں لئی ہر پرکار دیاں لوڑاں دا دھیان رکھیا گیا ہے. اس عمارت دی مرمت 1953.54 وچ گورنمنٹ آف پاکستان نے کروائی. اس ویلے اس اندر بہُت سارے شرنارتھیاں دے گھر وسے ہوئے ہن. عمارت اِک وار مُڑ سنپورن مرمت دی منگ کر رہی ہے.

DHARAMSALA BHAI HEMA JI, AT MAGGHIANA, JHANG

This is a large and beautiful place in the Bhabrana Mohalla of Jhang Magghiana. It has a splendid 3-storeyed building. The building was actually built by Bhai Hema Ji for the pilgrims who used to assemble in the fair organised on the birthday of the Sat Gur Nanak Dev Ji. All the needs of the pilgrims have been taken care of within the building. The Government of Pakistan arranged for its repair in 1953-54. Presently many refugees are settled in it. The building is again in need of extensive repairs.


رب زدنی علما
صفہ ماڈل مڈل سکول
نرسری تا ہشتم
قریشی دستکاری سکول
داخلہ جاری ہے

ਗੁਰਦੁਆਰਾ ਭਾਈ ਹੇਮਾ ਜੀ, ਮਘਿਆਣਾ, ਝੰਗ

ਇਹ ਪਾਵਨ ਅਸਥਾਨ ਪੁਰਾਣੇ ਸ਼ਹਿਰ ਦੇ ਮੁਹੱਲੇ ਭਬਰਾਣਾ ਅੰਦਰ ਹੈ । ਇਸ ਦੇ ਪਾਸ ਹੀ ਧਰਮਸ਼ਾਲਾ ਹੇਮਾ ਜੀ ਹੈ । ਇਸ ਕਰਕੇ ਇਸ ਇਲਾਕੇ ਨੂੰ ਮੁਹੱਲਾ ਧਰਮਸ਼ਾਲਾ ਵੀ ਆਖਿਆ ਜਾਂਦਾ ਹੈ । ਇਹ ਇੱਕ ਤਿੰਨ ਮੰਜ਼ਲਾ ਇਮਾਰਤ ਹੈ । ਇਸ ਦੇ ਵਿਚਾਲੇ ਪ੍ਰਕਾਸ਼ ਅਸਥਾਨ ਹੈ । ਮਹਾਰਾਜ ਅਸਥਾਨ ਮੰਜੀ ਸਾਹਿਬ ਬਾਰਾਂਦਰੀ ਵਰਗਾ ਲੱਕੜ ਦਾ ਬਣਿਆ ਹੋਇਆ ਹੈ ਜਿਸ ਦੇ ਅੰਦਰ ਮਨ ਖਿੱਚਵੇਂ ਫੁੱਲ ਉੱਕਰੇ ਹੋਏ ਹਨ । ਇਸ ਮੰਜੀ ਸਾਹਿਬ ਦੇ ਨਾਲ ਹੀ ਲਾਇਬਰੇਰੀ ਹੈ । ਇਹ ਲਾਇਬਰੇਰੀ ਪਹਿਲਾਂ ਧਾਰਮਿਕ ਲਾਇਬਰੇਰੀ ਸੀ, ਹੁਣ ਨੇਤਰਹੀਣ ਲੋਕਾਂ ਦੀ ਹੈ । ਇਸ ਇਮਾਰਤ ਅੰਦਰ ਇਸ ਵੇਲੇ ਅੰਨ੍ਹਿਆਂ ਦਾ ਸਕੂਲ ਹੈ । ਪੌੜੀਆਂ ਦੇ ਨਾਲ ਹੀ ਇੱਕ ਨਿੱਕਾ ਜਿਹਾ ਗੁੰਬਦਦਾਰ ਸੰਗੇਮਰਮਰ ਦਾ ਅਸਥਾਨ ਬਣਿਆ ਹੋਇਆ ਹੈ, ਜਿਸ ਉੱਤੇ ਲਿਖਿਆ ਹੈ, " ਭਜਨ ਅਸਥਾਨ ਭਾਈ ਮਾਇਆ ਰਾਮ ਸਾਹਿਬ ਜੀ "

ਇਮਾਰਤ ਬਹੁਤ ਹੀ ਸੁੰਦਰ ਅਤੇ ਖੂਬਸੂਰਤ ਹੈ, ਸੇਵਾ ਸੰਭਾਲ ਕੋਈ ਚੰਗੀ ਨਹੀਂ ।

گردوارا بھائی ہیما جی مگھیانا جھنگ

ایہ پاون استھان پرانے شہر دے محلا بھبرانا اندر ہے. اس دے پاس ہی دھرم سالا ہیما جی مہاراج ہے. اس کرکے اس علاقے نوں محلا دھرم سالا وی آکھیا جاندا ہے. ایہ اِک تِن منزلا عمارت ہے. اس دے وچالے پرکاش استھان ہے. استھان منجی صاحب باراں دری ورگا لکڑ دا بنْیا ہویا اے. جس اندر بہت ہی من کھچویں پھُل اُکرے ہوئے ہن. اس منجی صاحب دے نال ہی لائبریری ہے. ایہ لائبریری پہلوں دھارمک لائبریری سی ہُن نیترہین لوکاں دی ہے. اس عمارت اندر ایس ویلے انھیاں دا اِک سکول ہے. پوڑیاں دے نال ہی اک نکا جہیا گنبد دار سنگ مرمر دا استھان بنْیا ہویا اے جس اُتے لکھیا اے "بھجن استھان بھائی مایا رام صاحب جی".

عمارت بہت سُندر راتے خوبصورت ہے. سیوا سنبھال کوئی چنگی نہیں.

GURDWARA BHAI HIMA JI, MAGHYANA, JHANG.

This shrine is situated in Bhabrana locality of the old city. Nearby lies Dharamsala Hema Ji Maharaj. That is why it is also known as Dharamsala locality. It is a three storeyed building. In the middle of it prakashasthan lies. Manji Sahib is made of wood like Baradari on which heart arresting flowers are engraved. Near by the Manji Sahib lies a library. IN the beginning, this was religious library but now it is for blind people. At the present, in this building, these lies a school for blinds. Nearby the stairs lies a dome shaped small sacred place that is made of marble on which it is written:-

"Bhajan Asthan Bhai Maya Rama Sahib Ji"

This building is very beautiful but it needs more case to exist



ਗੁਰਦੁਆਰਾ ਅਮੀਰ ਸ਼ਾਹ ਸਿੰਘ, ਝੰਡਾ ਰਾਮ ਸਟਰੀਟ, ਡੀ ਆਈ ਖਾਨ

ਇਹ ਪਾਵਨ ਅਸਥਾਨ ਡੇਰਾ ਇਸਮਾਈਲ ਖਾਨ ਦੇ ਇਲਾਕੇ ਛੋਟਾ ਬਜ਼ਾਰ ਨੇੜੇ ਝੰਡਾ ਰਾਮ ਗਲੀ ਵਿੱਚ ਹੈ । ਇਸ ਸ਼ਹਿਰ ਅੰਦਰ ਇਹ ਗੁਰਦੁਆਰਾ ਸਿੱਖ ਸੰਗਤਾਂ ਦਾ ਦੂਜਾ ਵੱਡਾ ਕੇਂਦਰ ਸਮਝਿਆ ਜਾਂਦਾ ਹੈ ।

ਇਸ ਪਾਵਨ ਅਸਥਾਨ ਦੀ ਅਜੋਕੀ ਇਮਾਰਤ ਏ ਡੀ ੧੮੯੫ ਵਿੱਚ ਉੱਸਰੀ । ਇਮਾਰਤ ਤਿੰਨ ਮੰਜ਼ਲਾ ਹੈ ਸਾਹਮਣੇ ਉੱਚਾ ਮੁੱਖ ਦਵਾਰ ਹੈ । ਇਸ ਤੋਂ ਅੰਦਰ ਦੋ ਕਮਰੇ ਅਤੇ ਇਹਨਾਂ ਕਮਰਿਆਂ ਤੋਂ ਅੱਗੇ ਲੰਘ ਕੇ ਇੱਕ ਖੁੱਲਾ ਵਿਹੜਾ ਹੈ, ਜਿਸ ਦੇ ਆਸ ਪਾਸ ਰਿਹਾਇਸ਼ੀ ਕਮਰੇ ਹਨ । ਇਹਨਾਂ ਕਮਰਿਆ ਵਿਚਾਲੇ ਪ੍ਰਕਾਸ਼ ਅਸਥਾਨ ਹੈ । ਕੇਸਰੀ ਨਿਸ਼ਾਨ ਸਾਹਿਬ ਪੌੜੀਆਂ ਪਾਸ ਹੈ, ਜੋ ਅੱਜ ਵੀ ਆਪਣੀਆਂ ਸ਼ਾਨਾਂ ਵਿਖਾ ਰਿਹਾ ਹੈ । ਇਹ ਨਿਸ਼ਾਨ ਸਾਹਿਬ ਰਾਜ ਇੰਦਰ ਸ਼ਾਹ ਸਿੰਘ ਦੀ ਯਾਦ ਵਿੱਚ ਸਥਾਪਤ ਕੀਤਾ ਗਿਆ, ਜਿਸ ਦਾ ਦੇਹਾਂਤ ੧੪ ਮਾਘ ਸੰਮਤ ੧੯੯੦ ਨੂੰ ਹੋਇਆ ।

گردوارا امیر شاہ سنگھ ' جھنڈا رام سٹریٹ ' ڈی آئی خان

ایہ پاون استھان ڈیرا اسماعیل خان دے علاقے چھوٹا بازار نیڑے جھنڈا رام گلی وچ ہے. اس شہر اندر ایہ گردوارا سکھ سنگتاں دا دوجا وڈا کیندر سمجھیا جاندا سی. اس پاون استھان دی اجوکی عمارت 1895ء وچ اُسری ' عمارت تِن منزلا ہے. ساہمنے اُچا مُکھ دوار ہے. اس توں اندر دو کمرے اتے ایہناں کمریاں توں اگے لنگھ کے اِک کھلا ویڑھا ہے جہدے آسے پاسے رہایشی کمرے ہن. ایہناں کمریاں وچالے پرکاش استھان ہے. کیسری نشان صاحب پوڑھیاں پاس ہے. جو اج وی اپنیاں شاناں وکھا رہیا ہے. ایہ نشان صاحب راج اندر شاہ سنگھ دی یاد وچ ستھاپت کیتا گیا جس دا دیہانت 14 ماگھ سمت 1990 نوں ہویا.

ایس ویلے اس پاون استھان اندر گورنمنٹ ہائیر سیکنڈری سکول نمبر1 ہے. عمارت بہت مضبوط ہے پر سیوا سنبھال دی منگ کر رہی ہے.

GURDWARA AMIR SHAH SING AT JHANDA RAM STREET, D.I.KHAN.

This sacred shrine is situated in Jhanda Ram Street near Chota Bazaar of Dera Ismail Khan. It was considered as the second biggest centre of Sangat in this town. The three storeyed building of this sacred place was built in 1895 AD. There is a high main gate in the front. There are two rooms inside and beyond these rooms is a courtyard with rooms for yatree around it. The Prakashasthan is in these rooms and saffron Nishan Sahib (flag) is flying near the stairs with splendour. This Nishan Sahib was placed in memory of Raj Indar Shah Singh who died on 14th Magh Samvat 1990.

Presently it is housing the Govt Higher Secondary school No.1. The building is very strong but requires proper care and maintenance.



ਗੁਰਦੁਆਰਾ ਗੜ੍ਹ ਫਤਿਹਸ਼ਾਹ, ਜ਼ਿਲਾ ਝੰਗ

ਗੁਰਦੁਆਰਾ ਗੜ੍ਹ ਫਤਿਹ ਸ਼ਾਹ ਚਨਿਓਟ ਤੋਂ ਝੰਗ ਜਾਣ ਵਾਲੀ ਸੜਕ ਉੱਤੇ ਹੈ। ਗੜ੍ਹ ਫਤਿਹ ਸ਼ਾਹ ਨਾਮੀ ਇਹ ਪਿੰਡ ਮੇਨ ਰੋਡ ਤੋਂ ਕੋਈ ਤਿੰਨ ਕਿਲੋਮੀਟਰ ਉੱਤਰ ਪੱਛਮ ਵੱਲ ਹੈ। ਇੱਥੋਂ ਤੱਕ ਅੱਪੜਨ ਵਾਸਤੇ ਟਾਂਗੇ ਮਿਲ ਜਾਂਦੇ ਹਨ।

ਗੜ੍ਹ ਫਤਿਹ ਸ਼ਾਹ ਨਾਮੀ ਇਹ ਪਿੰਡ ਏਥੋਂ ਦੇ ਇੱਕ ਮਸ਼ਹੂਰ ਮੁਸਲਮਾਨ ਸੂਫੀ ਹਜ਼ਰਤ ਫਤਿਹ ਅਲੀ ਸ਼ਾਹ ਦੇ ਨਾਮ ਤੋਂ ਮਸ਼ਹੂਰ ਹੈ। ਉਹਨਾਂ ਦਾ ਮਜ਼ਾਰ ਪਿੰਡ ਤੋਂ ਬਾਹਰ ਦੱਖਣ ਵਾਲੇ ਪਾਸੇ ਹੈ। ਪਿੰਡ ਦੀ ਆਬਾਦੀ ਦੇ ਵਿਚਾਲੇ ਗੁਰਦੁਆਰਾ ਸਾਹਿਬ ਦੀ ਇਮਾਰਤ ਹੈ। ੧੯੪੭ ਤੋ ੧੯੯੦ ਤੱਕ ਇਹ ਇਮਾਰਤ ਖਾਲੀ ਪਈ ਰਹੀ। ਇਸ ਤੋਂ ਮਗਰੋਂ ਇਸੇ ਇਮਾਰਤ ਉੱਤੇ ਮੀਨਾਰ ਲਾ ਕੇ ਮਸੀਤ ਬਣਾ ਲਿਆ ਗਿਆ। ਇਸ ਮਸੀਤ ਦਾ ਨਾ "ਜਾਮਿਹਾ ਚਿਸ਼ਤੀਆ ਨਿਜ਼ਾਮੀਆਂ" ਹੈ। ਲੋਕ ਇਹਨੂੰ ਗੁਰਦੁਆਰੇ ਵਾਲੀ ਮਸੀਤ ਕਹਿ ਕੇ ਯਾਦ ਕਰਦੇ ਹਨ।


گردوارا گڑھ فتح شاہ، ضلع جھنگ

گردوارا گڑھ فتح شاہ چنیوٹ توں جھنگ جاوݨ والی سڑک اُتے ہے. گڑھ فتح شاہ نامی ایہ پنڈ مین روڈ توں کوئی تِن کلو میٹر اُتر پچھم ہے. ایتھوں تک اپڑن واسطے تانگے مِل جاندے ہن.

گڑھ فتح شاہ نامی پنڈ ایتھوں دے اِک مشہور مسلمان صوفی حضرت فتح علی شاہ دے نام توں مشہور ہے. اوہناں دا مزار پنڈ توں باہر دکھن والے پاسے ہے. پنڈ دی آبادی دے وچالے گردوارا صاحب دی عمارت ہے. 1947ء توں 1990ء تیکر ایہ عمارت خالی پئی رہی. اِس توں مگروں ایسے عمارت اتے مینار لا کے ایہنوں میت بنا لیا گیا. اس میت دا ناں "جامعہ چشتیہ نظامیہ" ہے لوک ایہنوں گردوارے والی میت کرکے یاد کردے ہن.

GURDWARA GARH FATEH SHAH DISTRICT JHANG

Gurdwara Garh Fateh Shah is located on Chiniot-Jhang road. Village Garh Fateh Shah is three km northeast of the main road. Tongas (horse driven cart) are available to reach this place. The village came to be called Garh Fateh Shah after the name of Sufi saint Hazrat Fateh Ali Shah. His tomb is outside the village towards south. There is a Gurdwara inside the village. The building remained abandoned from 1947 to 1990. Afterwards it was turned into a mosque by building minarets on it. It is called as "Jamia Chishtia Nizamia" but the people call it as *gurdware wali maseet*.



ਗੁਰਦੁਆਰਾ ਕੰਗਣਪੁਰ ਜਿਲਾ ਕਸੂਰ


ਇਹ ਗੁਰਦੁਆਰਾ ਕੰਗਣਪੁਰ ਨਵੇਂ ਸ਼ਹਿਰ ਦੇ ਮੁਹੱਲੇ ਮੋਤੀ ਮਸੀਤ ਵਿੱਚ ਹੈ । ਗੁਰਦੁਆਰੇ ਦੀ ਇਮਾਰਤ ਬਹੁਤ ਹੀ ਸੁੰਦਰ ਗੁੰਬਦਦਾਰ ਤੇ ਮਜ਼ਬੂਤ ਹੈ । ਇਹ ਗੁਰਦੁਆਰਾ ਪ੍ਰਿੰਸੀਪਲ ਸ੍ਰ ਬੜਾ ਸਿੰਘ ਵਧਾਵਾ ਦਾ ਗੁਰਦੁਆਰਾ ਕਰਕੇ ਪ੍ਰਸਿੱਧ ਹੈ । ਪਾਵਨ ਦਰਬਾਰ ਦੇ ਸਾਹਮਣੇ ਪੁਜਾਰੀਆਂ ਦੇ ਰਹਿਣ ਵਾਸਤੇ ਕਮਰੇ ਹਨ । ਇਹਨਾਂ ਕਮਰਿਆਂ ਵਿੱਚ ਅਤੇ ਗੁਰਦੁਆਰਾ ਸਾਹਿਬ ਅੰਦਰ ਜਿਲਾ ਫਿਰੋਜ਼ਪੁਰ ਦੇ ਸ਼ਰਨਾਰਥੀ ਵਸੇ ਹੋਏ ਹਨ ।

گردوارا کنگن پور، ضلع قصور

ایہ گردوارا کنگن پور نویں شہر دے محلے موتی میست وِچ ہے. گردوارے دی عمارت بہُت ہی سُندر گُنبدار اَتے مضبوط ہے. ایہ گردوارا پرنسپل سردار بڑا سنگھ ودھاوا دا گردوارا کر کے پرسدھ ہے. پاون دربار دے ساہمنے پجاریاں دے رہن واسطے کمرے ہن. ایہناں کمریاں اتے گردوارا صاحب اندر ضلع فیروزپور دے شرنارتھی وسے ہوئے ہن.

GURDWARA SAHIB AT KANGANPUR DISTRICT KASUR

This Gurdwara is situated in the Moti Masjid Mohalla (locality) of the new Kangan Pur City. The domed building of Gurdwara is very beautiful and strong. This Gurdwara is also known as Gurdwara Principal Sardar Bara Singh Wadhawa. There are rooms for priests in front of the sacred darbar. Refugees from District Ferozepur are settled in these rooms and the Gurdwara Sahib.



ਗੁਰਦੁਆਰਾ ਹਰਦੋ ਸਿਹਾਰੀ (ਜ਼ਿਲਾ ਕਸੂਰ)

ਜ਼ਿਲਾ ਤਹਿਸੀਲ ਕਸੂਰ ਦੇ ਇਹ ਇੱਕੋ ਨਾ ਦੇ ਦੋ ਪਿੰਡ ਸਿਹਾਰੀ ਹਨ , ਇਸ ਕਰਕੇ ਇਹਨਾ ਨੂੰ ਹਰਦੋ ਭਾਵ ਦੋਵੇ ਸਿਹਾਰੀ ਕਰਕੇ ਮਸ਼ਹੂਰ ਹਨ । ਇਸ ਪਿੰਡ ਨੂੰ ਜਾਣ ਵਾਸਤੇ ਕਸੂਰ ਦੇ ਕੋਟ ਮੁਰਾਦ ਖਾ ਤੋ ਟਾਗੇ ਜਾਦੇ ਹਨ ਜਾ ਫਿਰ ਰੇਲਵੇ ਸਟੇਸ਼ਨ ਭੀਲਾ ਹਿਥਾੜ ਜਾ ਕੇ ਉਤਰਨਾ ਪੈਦਾ ਹੈ ।

ਇਸ ਪਿੰਡ ਤੋ ਬਾਹਰ ਸਿਹਾਰੀ ਪੀਰ ਦਾ ਗੁਰਦੁਆਰਾ ਹੈ । ਉਹਦੀ ਸਮਾਧ ਵੀ ਗੁਰਦੁਆਰੇ ਦੇ ਨਾਲ ਹੀ ਹੈ । ਸਰੋਵਰ ਛੱਪੜ ਦਾ ਰੂਪ ਧਾਰਨ ਕਰ ਚੁੱਕਾ ਹੈ । ਗੁਰਦੁਆਰੇ ਦੀ ਇਮਾਰਤ ਨਵੀ ਹੋਣ ਕਰਕੇ ਤਕੜੀ ਹੈ । ਇਸ ਅਸਥਾਨ ਦੇ ਨਾ ੮੫ ਘੁਮਾ ਜ਼ਮੀਨ ਇਸੇ ਪਿੰਡ ਵਿੱਚ ਹੈ ।

ਇੱਥੋ ਦੇ ਮੁਸਲਮਾਨ ਇਸ ਨੂੰ ਪੀਰ ਸਿਹਾਰੀ ਕਰਕੇ ਯਾਦ ਕਰਦੇ ਹਨ । ਇਹਨਾ ਨੇ ਮਰਨ ਤੋ ਪਹਿਲਾ ਵਸੀਅਤ ਕੀਤੀ ਸੀ ਕਿ ਮੈਨੂੰ ਸਾੜਨ ਦੀ ਥਾ ਸਿੱਧਾ ਬਿਠਾ ਕੇ ਆਸੇ ਪਾਸੇ ਤੋ ਚਿਣ ਦਿੱਤਾ ਜਾਵੇ ਤਾ ਜੋ ਸਾੜਨ ਅਤੇ ਦੱਬਣ ਵਾਲਿਆ ਵਿੱਚੋ ਕਿਸੇ ਦਾ ਦਿਲ ਨਾ ਦੁਖੇ ।

ਹੁਣ ਉਹਨਾ ਦੀ ਸਮਾਧ ਉੱਤੇ ਕੁਰਾਨੀ ਆਇਤ ਵਾਲਾ ਕੱਪੜਾ ਪਿਆ ਰਹਿੰਦਾ ਹੈ । ਪਿੰਡ ਦੇ ਮੁਸਲਮਾਨ ਕੁਰਾਨ ਏ ਪਾਕ ਦੀ ਤਿਲਾਵਤ ਕਰਦੇ ਹਨ । ਹਰ ਸਾਲ ਮੇਲਾ ਜੁੜਦਾ ਹੈ । ਸੇਵਾਦਾਰ ਮੁਸਲਮਾਨ ਫਕੀਰ ਹੈ । ਪੀਰ ਸਿਹਾਰੀ ਛੀਨਾ ਜੱਟ ਸਤਿਗੁਰੂ ਅਮਰਦਾਸ ਜੀ ਦਾ ਸਿੱਖ ਹੋ ਕੇ ਮਹਾਨ ਉਪਕਾਰੀ ਹੋਇਆ ।

"ਗੰਗੂ ਅਪਰ ਸਹਾਰ ਭਾਰੂ"

گردوارا ہردو سہاری، ضلع قصور

ضلع تحصیل قصور دے ایہ اِکو ناں دے دو پنڈ "سہاری" نیں. ایس واسطے ایہناں نُوں ہردو بھاؤ دوویں سہاری کر کے مشہور نیں. ایس پنڈ نُوں جاون واسطے قصور دے کوٹ مراد خاں توں تانگے جاندے نیں یاں فیر ریلوے سٹیشن بھیلا ہتھاڑ جا کے اُترنا پیندا اے. ایس پنڈ توں باہر سہاری پیر دا گردوارا اے. ایتھے ہی اوہدی سمادھ وی گردوارے دے نال ہی ہے. سرور چھپڑ دا روپ دھار گیا ہے. گردوارے دی عمارت نویں ہون کر کے تگڑی اے. ایس استھان دے ناں 85 گھماؤں زمین ایسے پنڈ وچ اے.

ایتھوں دے مسلمان ایس نُوں پیر سہاری کر کے یاد کردے نیں. ایہناں مرن توں پہلوں وصیت کیتی سی کہ مینوں ساڑن دی تھاں سدھا بٹھا کے آسے پاسے توں چِن دِتا جاوے تاں جو ساڑن اتے دبن والیاں وچوں کسے دا وی من نہ دُکھے.

ہُن اوہناں دی سمادھ اُتے قرآنی آیات والا کپڑا پیا رہندا اے. پنڈ دے مسلمان قرآن پاک دی تلاوت کردے نیں. ہر سال میلا جُڑدا اے. سیوادار مسلمان فقیر اے. پیر سہاری چھینہ جٹ ست گرامرداس جی دا سکھ ہو کے مہان پراُپکاری ہویا.

"گنگو اپر سہار بھارُو" (گر پرساد)

GURDWARA HARDUSAHARI AT SAHARI DISTRICT KASUR

There are two villages by the same name i.e., Sahari in tehsil and district Kasur and have earned the name Hardusahari (hardu in 'Persian' means both). The village can be reached by Tonga from Kot Murad Khan of Kasur otherwise you have to get down at Bhilla Hatthar railway station.

The Gurdwara Sahari Pir is located in the outskirt of the village and his samadh too is built adjacent to it. The tank has changed into a pool of stagnated water. The building is strong being new. 85 ghumaon of land granted to the Gurdwara is located in this village.

The Muslims of the village call this place Sahari Pir. He left a will saying that after his death his body should be built within walls in an upright position at the cremation grounds so that none is hurt whether they burry or cremate their dead.

A sheet of cloth with Quranic verses covers his Samadh now and Muslim villagers recite Quran. A fair is held annually. Muslim fakir looks after the shrine.

Pir Sahari Chhina Jat became a great saint after becoming a Sikh of Guru Amar Das Ji.

"Gangu uper sahar bharu" (Gur parsad)



ਗੁਰਦੁਆਰਾ ਬਾਬਾ ਜਮੀਅਤ ਸਿੰਘ ਜੀ, ਕਾਹਨਾ ਨੌ, ਲਾਹੌਰ

ਇਹ ਪਾਵਨ ਅਸਥਾਨ ਲਾਹੌਰ ਫਿਰੋਜ਼ਪੁਰ ਰੋਡ ਉੱਤੇ ਕਾਹਨਾ ਨੌ ਨਾਮੀ ਕਸਬੇ ਵਿੱਚ ਹੈ । ਗੁਰਦੁਆਰਾ ਸਾਹਿਬ ਦੀ ਇਮਾਰਤ ਬਹੁਤ ਹੀ ਸੁੰਦਰ ਤਿੰਨ ਮੰਜ਼ਲਾ ਹੈ । ਇਸ ਦੇ ਸਾਹਮਣੇ ਦੋ ਮੰਜ਼ਲਾ ਲੰਗਰ ਹਾਲ ਹੈ । ਆਸੇ ਪਾਸੇ ਸੰਗਤਾ ਦੇ ਠਹਿਰਨ ਵਾਸਤੇ ਕਮਰੇ ਹਨ । ਹੁਣ ਇਹ ਇੱਕ ਉੱਜੜਿਆ ਹੋਇਆ ਨਗਰ ਹੈ । ਇਸ ਦੀ ਸੇਵਾ ਸੰਭਾਲ ਕਰਿਆਲੇ ਵਾਲੇ ਪੀਰ ਕਰਦੇ ਹਨ ਜੋ ਸੇਵਾ ਸੰਭਾਲ ਹੈ ਉਹ ਸਭ ਦੇ ਸਾਹਮਣੇ ਹੈ । ਹੁਣ ਲੋਕਾ ਨੇ ਇਸ ਇਮਾਰਤ ਦੀ ਥਾ ਉੱਤੇ ਕਬਜ਼ਾ ਕਰਨਾ ਸ਼ੁਰੂ ਕਰ ਦਿੱਤਾ ਹੈ । ਗੁਰਦੁਆਰੇ ਦੇ ਨਾ ੫੦੦ ਘੁਮਾਉ ਜ਼ਮੀਨ ਅਤੇ ੧੦ ਹੱਟੀਆ ਇਸ ਪਿੰਡ ਵਿੱਚ ਹਨ ।

ਬਾਬਾ ਜਮੀਅਤ ਸਿੰਘ ਜੀ ਆਪਣੇ ਇਲਾਕੇ ਦੇ ਮੰਨੇ ਪਰਮੰਨੇ ਚੋਰ ਸਨ । ਇੱਕ ਵਾਰ ਮੱਝਾ ਚੁਰਾ ਕੇ ਨਿਕਲੇ ਹੀ ਸਨ ਕਿ ਵਾਹਰ ਚੜ੍ਹ ਪਈ । ਉਹਨਾ ਫੜੇ ਜਾਣ ਦੇ ਡਰ ਤੋ ਮਨ ਵਿੱਚ ਹੀ ਸਤਿਗੁਰੂ ਜੀ ਦਾ ਨਾਮ ਧਿਆਇਆ ਤੇ ਅੱਗੇ ਤੋ ਚੋਰੀ ਨਾ ਕਰਨ ਦਾ ਪ੍ਣ ਕੀਤਾ । ਵਾਹਰ ਜਦੋ ਸਿਰ ਉੱਤੇ ਆਈ ਤਾ ਉਹ ਆਪਣੀਆ ਮੱਝਾ ਨਾ ਸਿਆਣ ਸਕੇ । ਇਸ ਘਟਨਾ ਤੋ ਬਾਬਾ ਜੀ ਸਤਿਗੁਰੂ ਦੇ ਲੜ ਲੱਗ ਗਏ ਤੇ ਬਾਕੀ ਉਮਰ ਨਾਮ ਜਪਦਿਆ ਗੁਜਾਰੀ ।

ਇਹ ਪਾਵਨ ਅਸਥਾਨ ਸੰਮਤ ੧੯੪੨ ਵਿੱਚ ਬਣ ਕੇ ਤਿਆਰ ਹੋਇਆ । ਹਰ ਵਰ੍ਹੇ ਮੇਲਾ ਹੁਣ ਵੀ ਹੁੰਦਾ ਹੈ । ਪਰ ਉਹ ਪਹਿਲਾ ਵਾਲੀਆ ਸ਼ਾਨਾ ਨਹੀ ਰਹੀਆ ।

گردوارا بابا جمیعت سنگھ جی کاہنا نو' لاہور

ایہ پاون استھان لاہور فیروز پور روڈ اُتے کاہنا نو نامی قصبے وچ ہے. گردوارا صاحب دی عمارت بہُت ہی سُندر ترِتن منزلا ہے. اِس دے ساہمنے دو منزلا لنگر ہال ہے. آسے پاسے سنگت دے ٹھہرن واسطے کمرے ہن. ہُن ایہ اِک اُجڑیا ہویا نگر ہے. اِس دی سیوا سنبھال کریالے والے پیر کردے ہن جو سیوا سنبھال ہے اوہ سبھ دے ساہمنے ہے. ہُن لوکاں اِس عمارت دی تھاں اُتے قبضا کرنا شروع کر دتا ہے. گردوارے دے ناں 500 گھماؤں زمین اَتے 10 ہٹیاں اِس پنڈ وچ ہن.

بابا جمیعت سنگھ جی اپنے علاقے دے منے پرمنے چور سن. اِک وار مجھاں چرا کے نکلے ہی سن کے واہر چڑھ پئی. اوہناں پھڑے جاون دے ڈر توں من وچ ہی ست گر دا نام دھیایا تے اگے توں چوری نہ کرن دا پرن کیتا. واہر جد سِر اُتے آئی تاں اوہ اپنیاں مجھاں نہ سیہان سکے. اِس گھٹنا توں بابا جی ست گر دے لڑ لگ گئے. باقی ساری عمر نام جپدیاں گزار دتی.

ایہ پاون استھان سمت 1942 وچ بن کے تیار ہویا ہر ورھے میلا ہُن وی ہوندا ہے پر اوہ پہلوں والیاں شاناں نہیں رہیاں.

GURDWARA BABA JAMIAT SINGH JI AT KAHNA NAU DISTRICT, LAHORE

This holy shrine is in the town of Kahna Nau located on the Lahore-Ferozpur road. Gurdwara complex is a beautifully built three storeyed building. There is a two storey Langar hall and residential rooms for Sikh pilgrims in front of it. This is now a deserted place. This shrine is looked after by Karyalewalé Pir but the facts speak for themselves. People have started encroaching upon it. A Jagir of 500 ghumaon of land and ten shops are endowed to the shrine are in this village.

Baba Jamiat Singh was a notorious thief of his area. Once, while he was getting away after stealing some buffaloes, a pursuit was started. He was likely to be caught red handed. Under the fear of apprehension he in this mind recited the name of Sat Guru and resolved not to steal again. The owner of the buffaloes came close to his cattle but could not identify them. After this incident Jamiat Singh became a devotee of Guru and passed his whole life reciting the name of Sat Guru.

The construction work of the shrine was completed in Samvat 1942. A fair is a organised every year but lacks luster of the past.



ਗੁਰਦੁਆਰਾ ਬਾਬਾ ਗੁਰਬਖਸ਼ ਸਿੰਘ, ਨੈਨਾਕੋਟ

ਤਹਿਸੀਲ ਸ਼ਕਰਗੜ੍ਹ ਤੋਂ ੨੪ ਕਿਲੋਮੀਟਰ ਅੱਗੇ ਨੈਨਾਕੋਟ ਨਾਮੀਂ ਇੱਕ ਵੱਡਾ ਕਸਬਾ ਹੈ । ਇਸ ਕਸਬੇ ਅੰਦਰ ਪੂਰਬ ਵਾਲੇ ਪਾਸੇ ਗੌਰਮਿੰਟ ਪ੍ਰਾਇਮਰੀ ਸਕੂਲ ਨੈਨਾਕੋਟ ਹੈ । ਇਹ ਸਕੂਲ ਬਾਬਾ ਬੁੱਢਾ ਜੀ ਦੀ ਵੰਸ਼ ਦੇ ਰਤਨ ਬਾਬਾ ਗੁਰਬਖਸ਼ ਸਿੰਘ (ਰਾਮ ਕੰਵਰ) ਜੀ ਦੇ ਅਸਥਾਨ ਗੁਰਦੁਆਰਾ ਬਾਬਾ ਗੁਰਬਖਸ਼ ਸਿੰਘ ਵਿੱਚ ਵਿਦਿਆ ਵਰਤਾ ਰਿਹਾ ਹੈ । ਗੁਰਦੁਆਰਾ ਸਾਹਿਬ ਦੀ ਵਿਸ਼ਾਲ ਹਵੇਲੀ ਜਿਹਦੀਆਂ ਕੰਧਾਂ ਢਹਿ ਚੁੱਕੀਆਂ ਹਨ, ਪ੍ਰਕਾਸ਼ ਅਸਥਾਨ ਇੰਨਾ ਸੁੰਦਰ ਹੈ ਕਿ ਅੱਜ ਵੀ ਵੇਖਣ ਵਾਲੇ ਨੂੰ ਕੀਲ ਲੈਂਦਾ ਹੈ । ਇਹ ਅਸਥਾਨ ਇੱਕ ਕਤਾਰ ਵਿੱਚ ਬਣੇ ਤਿੰਨ ਕਮਰਿਆਂ ਵਿੱਚ ਹੈ । ਇਸ ਦੇ ਸਾਹਮਣੇ ਗੋਲ ਇਮਾਰਤ ਬਾਬਾ ਗੁਰਬਖਸ਼ ਸਿੰਘ ਦੀ ਸਮਾਧ ਹੈ ਜੋ ਇੱਕ ਫੁੱਟ ਉੱਚੇ ਥੜੇ ਉੱਤੇ ਬਣੀ ਹੋਈ ਹੈ ।

گردوارا بابا گربخش سنگھ نیناکوٹ تحصیل شکر گڑھ ضلع نارووال

شکر گڑھ تحصیل توں 24 کلومیٹر اگے نیناکوٹ نامی اِک وڈا قصبا ہے. ایس قصبے اندر پورب والے پاسے گورنمنٹ پرائمری سکول نیناکوٹ ہے. ایہ سکول بابا بُڈھا جی دی ونش دے رتن بابا گربخش سنگھ (رام کنور) جی دے استھان گردوارا بابا گربخش سنگھ وچ ودیا ورتا رہیا ہے. گردوارا صاحب دی وِشال حویلی جہدیاں کندھاں ڈھے چکیاں ہن پرکاش استھان اینا سُندر ہے کہ اج وی ویکھن والے نُوں کیل لیندا ہے. ایہ استھان اِک قطار وچ بنے تِن کمریاں وچ ہے. ایس دے ساہمنے گول عمارت بابا گربخش سنگھ جی دی سمادھ ہے. جو اک فٹ اُچے تھڑے اُتے بنی ہوئی ہے.

GURDWARA BABA GURBAKHSH SINGH NAINANKOT TEHSIL SHAKKARGARH, DISTRICT NAROWAL

There is a big town called Nainankot about 24 kms from Tehsil Shakar Garh. Government Primary School Nainankot is on the eastern side of the village. This school is imparting education in the sacred place of Baba Gurbakhsh Singh (Ram Kanwar) Ji the pride of Baba Budha Ji's descendants. The walls of the mansion-like Gurdwara have collapsed, but the beauty of the Prakashasthan is spell binding even today. The shrine is located in 3 rooms built in a row. The circular building facing it is the samadh of Baba Gurbakhsh Singh which is built on a platform one foot above the ground level. beautifully built to commemorate this incident. In 1935 AD a water tank was constructed by Gurdwara Parbandhak Committee under the leadership of Sardar Bahadur Mahtab Ji. This water tank is 5 feet above the ground level.

There is endowment of 3000 acres of land in the name of this sacred Gurdwara.

Prakash does not take place now. Yatrees visit this place and get spiritual satisfaction.



ਗੁਰਦੁਆਰਾ ਦਫਤੂਹ, ਜ਼ਿਲਾ ਕਸੂਰ

ਲਾਹੌਰ ਤੋਂ ਫਿਰੋਜ਼ਪੁਰ ਜਾਣ ਵਾਲੀ ਸੜਕ ਉੱਤੇ ਇੱਕ ਇਤਿਹਾਸਕ ਕਸਬਾ ਲਲਿਆਣੀ ਕਰ ਕੇ ਆਬਾਦ ਹੈ । ਇਸ ਕਸਬੇ ਤੋਂ ਕੋਈ ਚਾਰ ਕਿਲੋਮੀਟਰ ਦੀ ਵਿੱਥ ਉੱਤੇ ਦਫਤੂਹ ਨਾਂ ਦਾ ਬਹੁਤ ਹੀ ਮਸ਼ਹੂਰ ਪਿੰਡ ਹੈ । ਇਸ ਪਿੰਡ ਅੰਦਰ ਇੱਕ ਬਹੁਤ ਹੀ ਸੁੰਦਰ ਗੁਰਦੁਆਰਾ ਸਾਹਿਬ ਦੀ ਇਮਾਰਤ ਤੁਹਾਨੂੰ ਦੂਰੋਂ ਹੀ ਨਜ਼ਰ ਆ ਜਾਵੇਗੀ । ਇਹ ਉਹ ਗੁਰਦੁਆਰਾ ਹੈ, ਜਿਹਦੇ ਬਾਰੇ ਕਿਹਾ ਜਾਂਦਾ ਹੈ ਕਿ ਜਦੋਂ ਪਿੰਡ ਪਾਂਡੋਕੀ ਦੇ ਚੌਧਰੀਆਂ ਨੇ ਬਾਬਾ ਬੁੱਲ੍ਹੇ ਸ਼ਾਹ ਨੂੰ ਪਿੰਡੋਂ ਕੱਢ ਦਿੱਤਾ ਤਾਂ ਉਹਨਾਂ ਇਸ ਪਾਵਨ ਅਸਥਾਨ ਅੰਦਰ ਸ਼ਰਨ ਲਈ ।

ਇਹ ਇੱਕ ਬਹੁਤ ਹੀ ਵੱਡਾ ਕਿਲੇ ਵਰਗਾ ਗੁਰਦੁਆਰਾ ਹੈ । ਇਸ ਦੇ ਨਾਂ ੮੦ ਘੁਮਾਉਂ ਜ਼ਮੀਨ ਦੱਸੀ ਜਾਂਦੀ ਹੈ । ਇਹ ਜ਼ਮੀਨ ਇਸ ਪਿੰਡ ਦੀ ਪ੍ਰਸਿੱਧ ਸਰਦਾਰਨੀ ਬੀਬੀ ਈਸ਼ਰ ਕੌਰ ਵੱਲੋਂ ਹੈ । ਇਸ ਪਿੰਡ ਅੰਦਰ ਬੀਬੀ ਈਸ਼ਰ ਕੌਰ ਦਾ ਮਕਾਨ " ਇਸਰੋ ਦੇ ਮਹਿਲ " ਕਰ ਕੇ ਮਸ਼ਹੂਰ ਹੈ । ਜੋ ਹੁਣ ਮਿੱਟੀ ਦਾ ਢੇਰ ਹੁੰਦਾ ਜਾ ਰਿਹਾ ਹੈ ।

گردوارا دفتو، ضلع قصور


لاہور توں فیروزپور جان والی سڑک اُتے اِک اتہاسک قصبا للیانی کر کے اباد ہے. ایس قصبے توں کوئی چار کلومیٹر دی وتھ اُتے دفتو ناں دا بہُت ہی مشہور پنڈ ہے. ایس پنڈ اندر اِک بہُت ہی خوبصورت گردوارا صاحب دی عمارت تہانُوں دوروں ہی نظر آ جاوے گی. ایہ اوہ ہی گردوارا ہے جہدے بارے کیہا جاندا ہے کہ جد پنڈ پانڈوکی دے چودھریاں بابا بلھے شاہ جی نُوں پنڈوں کڈھ دتا تاں اوہناں ایس پاون استھان اندر شرن لئی.

ایہ اِک بہُت ہی وڈا قلعے ورگا گردوارا ہے. ایس دے ناں 80 مربعے زمین دسی جاندی ہے. ایہ زمین ایس پنڈ دی پرسدھ سردارنی بی بی ایشر کور ولوں ہے. ایس پنڈ اندر بی بی ایشر کور دا مکان "ایسرو دے محل" کر کے مشہور ہے. جو ہُن مٹی دا ڈھیر ہوندا جا رہیا ہے.

GURDWARA SAHIB AT DAFTU DISTRICT KASUR

The historic town of Lalyani is situated on the Lahore-Ferozpur road. A very famous village by the name of Daftu is located at a distance of four Kilometer from Lalyani. The beautiful building of the Gurdwara inside the village in visible from a distance. It is said that this was the Gurdwara where Baba Bullhe Shah took refuge when he was banished from the village by the Chaudhris (Leaders) of Pandoki.

It is a very big fort-like Gurdwara. 80 Squares of lands is said to be endowed to this gurdwara by Bibi Isher Kaur the famous sardarni (chieftain). The house of Bibi Isher Kaur is in the village popularly known as Ishero-de-Mehel (the palace of Ishero) which is gradually becoming a heap of dust.



ਗੁਰਦੁਆਰਾ ਨਾਨਕਵਾੜਾ, ਨਿਰੰਕਾਰੀਆਂ,

ਕੰਧਕੋਟ ਅੰਦਰ ਇੱਕ ਹੋਰ ਪਾਵਨ ਅਸਥਾਨ ਜੋ ਸਤਿਗੁਰੂ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਇੱਥੇ ਪਧਾਰਨ ਦੀ ਪਾਵਨ ਯਾਦ ਵਿੱਚ ਬਣਿਆ ਹੋਇਆ ਹੈ, ਇਸ ਨੂੰ ਗੁਰਦੁਆਰਾ ਨਾਨਕਵਾੜਾ ਨਿਰੰਕਾਰੀਆ ਕਰਕੇ ਆਖਿਆ ਜਾਦਾ ਹੈ । ਇਹ ਵੱਡੇ ਦਰਬਾਰ ਤੋ ਕੋਈ ਦੋ ਗਲੀਆ ਦੀ ਵਿੱਥ ਉੱਤੇ ਹੈ । ਪੁਜਾਰੀ ਨਾਨਕ ਪੰਥੀ ਹਿੰਦੂ ਹਨ । ਦਰਬਾਰ ਦੋ ਮੰਜ਼ਲਾ ਘਰ ਦੀ ਸੂਰਤ ਵਿੱਚ ਬਣਿਆ ਹੋਇਆ ਹੈ । ਗੁਰੂ ਗਰੰਥ ਸਾਹਿਬ ਜੀ ਦਾ ਪਰਕਾਸ਼ ਹੁੰਦਾ ਹੈ । ਦੋ ਵੇਲੇ ਸੰਗਤ ਜੁੜਦੀ ਹੈ ।

گردوارا نانک واڑا نرنکاریاں، کندھ کوٹ

کندھ کوٹ اندر اِک ہور پاون استھان جو ست گر نانک دیو جی دے ایتھے پدھارن دی پاون یاد وچ بنْیا ہویا ہے. ایس نوُں "گردوارا نانک واڑا نرنکاریاں" کر کے آکھیا جاندا ہے. ایس نوُں چھوٹا دربار کر کے وی یاد کیتا جاندا ہے. ایہ وڈے دربار توں کیول دو گلیاں دی وِتھ اُتے ہے. پجاری نانک پنتھی ہندو ہن. دربار دو منزلا گھر دی صورت دا بنْیا ہویا ہے. گرو گرنتھ جی صاحب دا پرکاش ہوندا ہے. دو ویلے سنگت جُڑدی ہے.

GURDWARA NANAKWARA, NARANKARIAN AT KANDHKOT DISTRICT JACOBABAD

There is another sacred shrine in Kandhkot which was built to commemorate the arrival of Jagat Guru Nanak Dev Ji to this place. The shrine is called "Gurdwara Nanakwara Narankarian". It is also known as Chota Darbar. It is at a distance of two lanes from Vadda (Bigger) Darbar. The priests are Nanakpanthi Hindus, the shrine is built as a double storey house. Parakash of Guru Granth Sahib takes place and Sangat assembles twice daily.



ਗੁਰਦੁਆਰਾ ਭਾਈ ਗੁਰਦਾਸ ਜੀ, ਸ਼ਿਕਾਰਪੁਰ, ਜ਼ਿਲਾ ਸੱਖਰ

ਸ਼ਿਕਾਰਪੁਰ ਨਾਮੀ ਇਹ ਕਸਬਾ ਸੱਖਰ ਸ਼ਹਿਰ ਤੋਂ ਕੋਈ ੨੫ ਕਿਲੋਮੀਟਰ ਦੀ ਦੂਰੀ ਤੇ ਹੈ । ਇਸ ਦੀ ਆਬਾਦੀ ਅੰਦਰ ਹੀ ਭਾਈ ਗੁਰਦਾਸ ਜੀ ਦੀ ਧਰਮਸ਼ਾਲਾ ਹੈ । ਭਾਈ ਸਾਹਿਬ ਇੱਕ ਉਦਾਸੀ ਸਾਧੂ ਸਨ । ਉਹਨਾਂ ਇੱਥੇ ਗੁਰਸਿੱਖੀ ਦਾ ਪ੍ਰਚਾਰ ਕੀਤਾ । ਅੱਜ ਵੀ ਇੱਥੋਂ ਦਿਨ ਵਿੱਚ ਦੋ ਵਾਰ ਗੁਰਸ਼ਬਦ ਦੀ ਧੁੰਨੀ ਗੂੰਜਦੀ ਹੈ । ਭਾਈ ਸਾਹਿਬ ਨੇ ਗੁਰੂ ਗਰੰਥ ਸਾਹਿਬ ਜੀ ਦੇ ਅਰਥ ਵੀ ਲਿਖੇ ਹੋਏ ਹਨ ।
ਧਰਮਸ਼ਾਲਾ ਸੁੰਦਰ ਬਣੀ ਹੋਈ ਹੈ । ਹਰ ਰੋਜ਼ ਸੰਗਤ ਆਉਂਦੀ ਹੈ । ਗੁਰੂ ਕਾ ਲੰਗਰ ਚਲਦਾ ਹੈ ।

گردوارا بھائی گرداس جی شکار پور ضلع سکھر

شکار پور نامی ایہ قصبا سکھر شہرتوں کوئی 25 کلو میٹر دی دوری تے ہے. اس دی آبادی اندر ہی بھائی گرداس جی دی دھرم شالا ہے. بھائی صاحب اِک اداسی سادھو سن اوہناں ایتھے گرسکھی دا پرچار کیتا. اج وی ایتھوں دن وچ دو وار گر شبد دی ڈھن اُٹھدی ہے. بھائی صاحب نے گرو گرنتھ جی صاحب دے پریایے وی لکھے ہن.
دھرم شالا سُندر بنْی ہوئی ہے. ہر روز سنگت اِکتر ہوندی ہے. گرو کا لنگر چلدا ہے.

GURDWARA BHAI GURDAS JI AT SHIKARPUR DISTRICT SUKKUR

Shikarpur is at a distance of 25 kilometer from Sukkur and the Dharamsala of Bhai Gurdas Ji is inside town, Bhai Sahib was an Udasi Sadhu and he preached the religion of Sikhs. Even today the tunes of the verses of Gurus are sung twice a day Dev Bhai Sahib had also written explanatory notes on the margins of Guru Granth Sahib.

Dharamsala is beautifully built. The sangat assembles daily and the langarkhana remains open.


TRUTH

ਸਮਾਧ ਅਲਪਾ, ਜ਼ਿਲਾ ਕਸੂਰ

"ਅਲਪਾ" ਜ਼ਿਲਾ ਕਸੂਰ ਦਾ ਇੱਕ ਪਿੰਡ ਹੈ ਜੋ ਰਾਵੀ ਕਿਨਾਰੇ ਆਬਾਦ ਹੈ । ਇਸ ਪਿੰਡ ਵਿੱਚ ਸਤਿਗੁਰੂ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਪਾਵਨ ਅਸਥਾਨ ਧਰਮਸ਼ਾਲਾ ਛੋਟਾ ਨਾਨਕਿਆਣਾ ਦੇ ਨਾਮ ਨਾਲ ਪ੍ਰਸਿੱਧ ਹੈ । ਇਸ ਪਿੰਡ ਵਿੱਚ ਵੜਨ ਤੋ ਪਹਿਲਾ ਤੁਹਾਡੇ ਖੱਬੇ ਹੱਥ ਉੱਤੇ ਇੱਕ ਨਿੱਕੀ ਜਿਹੀ ਟਿੱਬੀ ਉੱਤੇ ਕੁਝ ਕੱਚੇ ਘਰ ਨਜ਼ਰੀ ਆਉਣਗੇ । ਇਹਨਾ ਕੱਚੇ ਘਰਾ ਵਿਚਾਲੇ ਇਕ ਸੁੰਦਰ ਸਮਾਧ ਹੈ, ਜਿਸ ਉੱਤੇ ਸਮੂਹ ਗੁਰੂ ਸਾਹਿਬਾਨਾ ਦੇ ਚਿੱਤਰਾ ਤੋ ਉਪਰੰਤ ਸੋਹਣੇ ਸੋਹਣੇ ਰੰਗਾ ਨਾਲ ਫੁੱਲ ਬੂਟੇ ਵੀ ਬਣੇ ਹੋਏ ਹਨ । ਚਿੱਤਰਕਾਰੀ ਦਾ ਇਹ ਇੱਕ ਸੁੰਦਰ ਨਮੂਨਾ ਹੈ । ਪੂਰੀ ਕੋਸ਼ਿਸ਼ ਕਰਨ ਤੇ ਵੀ ਮੈਨੂੰ ਇਸ ਬਾਰੇ ਕੋਈ ਜਾਣਕਾਰੀ ਪ੍ਰਾਪਤ ਨਹੀ ਹੋ ਸਕੀ । ਉੱਥੋ ਦੇ ਵਸਨੀਕ ਇਸ ਨੂੰ ਸਮਾਧ ਅਲਪਾ ਸਿਧਾਰੀ ਕਰ ਕੇ ਜਾਣਦੇ ਹਨ ।

سمادھ الپا، ضلع قصور

"الپا" ضلع قصور دا اِک پنڈ جو راوی کنارے آباد ہے. ایس پنڈ وچ ست گر نانک دیو جی دا پاون استھان' دھرم سالا چھوٹا نانکیانا دے ناؤں توں پرسدھ ہے. ایس پنڈ وِچ وڑن توں پہلوں تہاڈے کھبے ہتھ اُتے اِک نکی جہی ٹبی اُتے تہانوں کجھ کچے گھر نظریں آن گے. ایہناں کچے گھراں وچالے اِک سُندر سمادھ ہے. جس اُتے سموہ گرو صاحبان دے چتراں توں اپرنت سوہنے سوہنے رنگاں نال پھُل بوٹے وی بنے ہوئے ہن. چترکاری دا ایہ اِک سُندر نمونا ہے. پوری کوشش کرن اُپرنت وی مینوں ایس بارے کوئی جانکاری پراپت نہیں ہو سکی. اوتھوں دے وسنیک ایس نوں سمادھ "الپا سدھاری" کر کے جاندے ہن.

SAMADH ALPA AT ALPA DISTRICT KASUR

Alpa is a village of district Kasur and it is situated on the bank of the River Ravi. The holy shrine of Sat Guru Nanak Dev Ji, located in this village, is popularly known as "Dharamsala Chota Nanakiana". Before entering the village you will see some mud houses on a small mound. There is a beautiful Samadh placed between these mud houses. It is decorated with portraits of Gurus over which floral patterns have been painted in enchanting colours. It is a beautiful specimen of art. Despite my best efforts I could not get any information about it. The local inhabitants know it as "Alpa Sadhari".



ਸਮਾਧ ਚੜ੍ਹਤ ਸਿੰਘ, ਗੁਜਰਾਂਵਾਲਾ

ਸਰਦਾਰ ਚੜ੍ਹਤ ਸਿੰਘ ਜੀ ਦੀ ਸਮਾਧ ਗੁਜਰਾਂਵਾਲੇ ਸ਼ਹਿਰ ਅੰਦਰ ਜਰਨੈਲੀ ਸੜਕ ਕਿਨਾਰੇ ਬਣੇ ਸ਼ੇਰਾਂ ਵਾਲੇ ਬਾਗ ਦੇ ਪਿਛਵਾੜੇ ਹੈ । ਵੇਖਣ ਨੂੰ ਇਹ ਇੱਕ ਹਵੇਲੀ ਦਾ ਬੂਹਾ ਲਗਦਾ ਹੈ । ਇਸ ਵੇਲੇ ਇਸ ਦੇ ਅੰਦਰ ਕੁਝ ਘਰ ਆਬਾਦ ਹਨ । ਇਸ ਦੇ ਵੱਡੇ ਗੇਟ ਸਾਹਮਣੇ ਬਾਗ ਅੰਦਰ ਮਹਾਰਾਜਾ ਰਣਜੀਤ ਸਿੰਘ ਵੱਲੋਂ ਬਣਵਾਈ ਹੋਈ ਬਾਰਾਂਦਰੀ ਸੀ, ਜੋ ਹੁਣ ਅਲੋਪ ਹੋ ਚੁੱਕੀ ਹੈ ।

ਸਰਦਾਰ ਚੜ੍ਹਤ ਸਿੰਘ ਸ਼ੁਕਰਚੱਕੀਆ ਮਿਸਲ ਦਾ ਮੋਢੀ ਅਤੇ ਮਹਾਰਾਜਾ ਰਣਜੀਤ ਸਿੰਘ ਜੀ ਦਾ ਦਾਦਾ ਸੀ ਜੋ ਸੰਮਤ ੧੭੭੯ ਨੂੰ ਪੈਦਾ ਹੋਇਆ ਅਤੇ ਖਾਲਸਾ ਰਾਜ ਵਾਸਤੇ ਜੂਝਦਾ ਰਿਹਾ । ਉਹਨੇ ਗੁਜਰਾਂਵਾਲੇ ਦੇ ਇਲਾਕੇ ਉੱਤੇ ਕਬਜ਼ਾ ਕਰ ਕੇ ਇੱਕ ਵੱਡੀ ਸਿੱਖ ਰਿਆਸਤ ਕਾਇਮ ਕੀਤੀ । ਇਹਨਾਂ ਦਾ ਦਿਹਾਂਤ ਆਪਣੀ ਹੀ ਬੰਦੂਕ ਪਾਟ ਜਾਣ ਕਾਰਨ ਸੰਮਤ ੧੮੩੨ (੧੭੭੨ ਈ:) ਨੂੰ ਹੋਇਆ । ਇਮਾਰਤ ਖੂਬਸੂਰਤ ਅਤੇ ਮਜ਼ਬੂਤ ਬਣੀ ਹੋਈ ਹੈ ।

سمادھ سردار چڑھت سنگھ، گجرانوالا

سردار چڑھت سنگھ جی دی سمادھ گجرانوالا شہر اندر جرنیلی سڑک کنارے بنے شیراں والے باغ دے پچھواڑے ہے. ویکھن نوں ایہ اِک حویلی دا بوہا لگدا ہے. اِس ویلے اِس اندر کجھ گھر آباد ہن. اِس دے وڈے گیٹ دے ساہمنے باغ اندر مہاراجا رنجیت سنگھ ولوں بنوائی ہوئی باراں دری سی جو ہُن الوپ ہو چکی ہے.

سردار چڑھت سنگھ سُکر چکیاں دی مِسل دا موڈھی اَتے مہاراجا رنجیت سنگھ جی دا دادا سی جو سمت 1779 نُوں پیدا ہویا اتے خالصا راج واسطے جوجھدا رہیا. اوس گجرانوالے دے علاقے اُتے قبضا کر کے اِک وڈی سکھ ریاست قائم کیتی. ایہناں دا دیہانت اپنی ہی بندوق پاٹ جاون کر کے سمت 1832 (1722ء) نُوں ہویا. عمارت خوبصورت اَتے مضبوط بنی ہوئی ہے.

SAMADH SARDAR CHARRAT SINGH AT GUJRANWALA

The samadh of Sardar Charrat Singh is behind Sheranwala Bagh on G.T. road inside Gujranwala city. It appears to be the gate of a mansion. Presently there are few houses inside it. There used to be a Baradari (Summer house with 12 entrances) built by Maharaja Ranjit Singh which has vanished now.

Sardar Charrat Singh was the founder of Succur Chakian Misl and grandfather of Maharaja Ranjit Singh. He was born in Samvat 1779 and fought a life long battle for the establishment of Khalsa Raj. He captured Gujranwala and succeeded in establishing a Sikh principality over a large area. He died in Samvat 1832 (1722 AD) when his matchlock accidently exploded.

The building of Samadh is strong and beautifully built.



ਸਮਾਧ ਮਹਾਂ ਸਿੰਘ, ਗੁੱਜਰਾਂਵਾਲਾ

ਸਰਦਾਰ ਮਹਾਂ ਸਿੰਘ ਦਾ ਜਨਮ ੧੭੬੦ ਈ: ਨੂੰ ਸਰਦਾਰ ਚੜ੍ਹਤ ਸਿੰਘ ਜੀ ਦੇ ਘਰ ਹੋਇਆ । ੧੭੭੨ ਈ: ਵਿੱਚ ਆਪਣੀ ਮਿਸਲ ਦੀ ਵਾਗਡੋਰ ਸੰਭਾਲੀ । ਬਹੁਤ ਸਾਰੇ ਸਿੱਖ ਸਰਦਾਰਾਂ ਨੂੰ ਮਿਲਾ ਕੇ ਇੱਕ ਵੱਡੀ ਰਿਆਸਤ ਦੀ ਨੀਂਹ ਰੱਖੀ । ਸਰਦਾਰ ਮਹਾਂ ਸਿੰਘ ਦੇ ਪੁੱਤਰ ਰਣਜੀਤ ਸਿੰਘ ਨੇ ਇਸ ਰਿਆਸਤ ਨੂੰ ਵਧਾਇਆ ਅਤੇ ਪੂਰੇ ਪੰਜਾਬ ਦਾ ਮਹਾਰਾਜਾ ਤੇ ਸ਼ੇਰੇ ਪੰਜਾਬ ਹੋਇਆ ।

ਸਰਦਾਰ ਮਹਾਂ ਸਿੰਘ ਦਾ ਦਿਹਾਂਤ ੧੭੯੨ ਨੂੰ ਗੁੱਜਰਾਂਵਾਲੇ ਵਿੱਚ ਹੋਇਆ । ਉਹਨਾਂ ਦੀ ਯਾਦ ਵਿੱਚ ਮਹਾਰਾਜਾ ਰਣਜੀਤ ਸਿੰਘ ਨੇ ਸਮਾਧ ਦੀ ਇਹ ਇਮਾਰਤ ਬਣਵਾਈ ਜੋ ਇੱਕ ਆਲੀਸ਼ਾਨ ਇਮਾਰਤ ਹੈ । ਇਹ ਸਮਾਧ ਗੁੱਜਰਾਂਵਾਲੇ ਸ਼ਹਿਰ ਦੇ ਮਸ਼ਹੂਰ ਸ਼ੇਰਾਂਵਾਲੇ ਬਾਗ ਦੀ ਨੁੱਕਰ ਉੱਤੇ ਹੈ । ਅੱਜ ਵੀ ਇਹ ਇਮਾਰਤ ਆਪਣੀ ਸ਼ਾਨ ਪੱਖੋਂ ਵੱਖਰੀ ਨਜ਼ਰ ਆਉਂਦੀ ਹੈ ।

سمادھ سردار مہاں سنگھ، گجرانوالا

سردار مہاں سنگھ دا جنم سمت 1760 نُوں سردار چڑھت سنگھ جی دے گھر ہویا. 1772ء وچ اپنی مثل دی واگ ڈور سنبھالی. بہت سارے سکھ سرداراں نُوں نال رلا کے اِک وڈی سکھ ریاست دی نینہ رکھی. سردار مہاں سنگھ دے پُتر رنجیت سنگھ نے اِس ریاست نُوں ودھایا اَتے پورے پنجاب دا مہاراجا اَتے شیر پنجاب ہویا.

سردار مہاں سنگھ دا دیہانت سن 1792ء نوں گجرانوالے وچ ہویا. اوہناں دی یاد وچ مہاراجا رنجیت سنگھ نے سمادھ دی ایہ عمارت بنوائی جو اِک عالی شان عمارت ہے. ایہ سمادھ گجرانوالے شہر دے مشہور شیرانوالے باغ دی اِک نکُر اُتے ہے. اج وی ایہ عمارت اپنی شان پکھوں وکھری نظر آوندی ہے.

SAMADH SARDAR MAHAN SINGH AT GUJRANWALA

Sardar Mahan Singh was born in the house of Charrat Singh in Samvat 1760. In 1722 AD. He took the reins of his Misl, forged an alliance with many Sikh Sardars of Punjab and laid the foundation of a big Sikh State. His son Sardar Ranjit Singh expanded this state and became the ruler of Punjab and Sher-e-Punjab (Lion of Punjab).

Sardar Mahan Singh died in 1792 AD at Gujranwala. The present building was built by Maharaja Ranjit Singh in the memory of his father. It is located in one corner of famous Sheranwala Bagh of Gujranwala.



ਜਨਮ ਅਸਥਾਨ ਮਹਾਰਾਜਾ ਰਣਜੀਤ ਸਿੰਘ, ਸਬਜ਼ ਮੰਡੀ, ਗੁਜਰਾਂਵਾਲਾ ਸ਼ਹਿਰ

ਮਹਾਰਾਜਾ ਰਣਜੀਤ ਸਿੰਘ ਜੀ ਦਾ ਜਨਮ ਅਸਥਾਨ ਗੁਜਰਾਂਵਾਲਾ ਸ਼ਹਿਰ ਦੀ ਸਬਜ਼ੀ ਮੰਡੀ ਵਿੱਚ ਹੈ । ਇਹ ਇੱਕ ਬਹੁਤ ਸੁੰਦਰ ਮਕਾਨ ਹੈ । ਮਕਾਨ ਦੇ ਮੁੱਖ ਦਰਵਾਜ਼ੇ ਤੋਂ ਅੰਦਰ ਲੰਘ ਕੇ ਫਿਰ ਖੁੱਲਾ ਵਿਹੜਾ ਆ ਜਾਂਦਾ ਹੈ । ਇਸ ਵਿਹੜੇ ਦੇ ਦੋ ਹਿੱਸੇ ਹਨ । ਪਿਛਲੇ ਹਿੱਸੇ ਵਿੱਚ ਤੁਹਾਡੇ ਸੱਜੇ ਹੱਥ ਉਹ ਕਮਰਾ ਹੈ ਜਿਥੇ ਮਹਾਰਾਜਾ ਰਣਜੀਤ ਸਿੰਘ ਦਾ ਜਨਮ ਹੋਇਆ ਸੀ । ਆਪ ਦਾ ਜਨਮ ਸੰਮਤ ੧੮੩੭ (੨ ਨਵੰਬਰ ੧੭੮੦) ਨੂੰ ਹੋਇਆ । ਆਪ ਜੀ ਦੇ ਪਿਤਾ ਜੀ ਦਾ ਨਾਮ ਮਹਾਂ ਸਿੰਘ ਅਤੇ ਮਾਤਾ ਜੀ ਦਾ ਨਾਮ ਬੀਬੀ ਰਾਜ ਕੌਰ ਸੀ । ਆਪ ਦੀ ਬਾਲ ਉਮਰ ਇਸੇ ਘਰ ਗੁਜ਼ਰੀ । ਇੱਥੇ ਹੀ ਆਪ ਦੇ ਉੱਤੇ ਮਾਤਾ ਦੇ ਰੋਗ ਦਾ ਹੱਲਾ ਹੋਇਆ, ਜਿਸ ਵਿੱਚ ਆਪ ਜੀ ਦੀ ਇੱਕ ਅੱਖ ਜਾਂਦੀ ਰਹੀ । ਹੁਣ ਮਕਾਨ ਦੀ ਡਿਉੜੀ ਵਿੱਚ ਸੁਨਿਆਰੇ ਦੀ ਹੱਟੀ ਹੈ । ਮਹਿਕਮਾ ਅਸਾਰੇ ਕਦੀਮਾਂ (ਪੁਰਾਣੀਆਂ ਥਾਵਾਂ ਦਾ ਸੰਭਾਲੂ ਮਹਿਕਮਾ) ਇਸ ਮਕਾਨ ਦੀ ਕੋਈ ਦੇਖ ਭਾਲ ਨਹੀਂ ਕਰ ਰਿਹਾ । ਛੱਤਾਂ ਡਿੱਗ ਚੁੱਕੀਆ ਹਨ, ਕੰਧਾਂ ਨੂੰ ਵੀ ਕੇਰਾ ਲੱਗ ਚੁੱਕਿਆ ਹੈ । ਸੁਨਿਆਰੇ ਦੀ ਹੱਟੀ ਏਅਰ ਕੰਡੀਸ਼ਨਡ ਹੈ । ਜੇ ਇਹੀ ਹਾਲਾਤ ਰਹੇ ਤਾਂ ਇਤਿਹਾਸ ਦਾ ਇਹ ਪੰਨਾ ਵੀ ਇੱਕ ਦਿਨ ਮਿਟ ਜਾਵੇਗਾ ।

جنم استھان مہاراجا رنجیت سنگھ' سبز منڈی گجرانوالا شہر

مہاراجا رنجیت سنگھ جی دا جنم استھان گجرانوالا شہر دی سبزی منڈی وچ اے. ایہ اِک بہت ہی سُندر مکان ہے. مکان دے مُکھ دروازے توں اندر لنگھ کے اِک کُھلا ویڑھا آ جاندا اے. اس ویڑھے دے دو حصے ہن پچھلے حصے وچ تہاڈے سجے ہتھ اوہ کمرا ہے جتھے شیر پنجاب مہاراجا رنجیت سنگھ جی دا جنم ہویا. آپ دا جنم سمت 1837 (2 نومبر سن 1780ء) نُوں ہویا. آپ دے پتا جی دا نام سردار مہان سنگھ سی. اتے ماتا جی دا ناں بی بی راج کور سی. آپ دی بال عمر ایسے گھر وچ گزری ایتھے ہی آپ اتے ماہتا دی بیماری دا ہلا ہویا جس وچ آپ دی اِک اکھ جاندی رہی.

ہُن مکان دی ڈیوڑھی وچ سنیارے دی ہٹی ہے. محکما آثار قدیما (پرانیاں تھاواں دا سنبھالو محکما) اس مکان دی کوئی ویکھ بھال نہیں کر رہیا. چھتاں ڈگ چکیاں ہن کندھاں نُوں وی کیرا لگ چکیا ہے. سنیارے دی ہٹی ائرکنڈیشنڈ ہے. جے ایہ ہی حالت رہی تاں اِک دن اتہاس دا ایہ پنا مٹ جاوے گا.

JANAMASTHAN, MAHARAJA RANJIT SINGH AT SABZI MANDI, GUJRANWALA CITY

The birth place of Maharaja Ranjit Singh Ji is in the Sabzi Mandi (Vegetable Market) of Gujranwala. It is a very beautiful house. There is an open courtyard inside the main door. It is divided in two parts. In the hind portion the room on your right is the room which was the birth place of Maharaja Ranjit Singh. He was born in Samvat 1837 (2nd Nov 1780 AD). His father's name was Sardar Mahan Singh and Bibi Raj Kaur was his mother. It is the house where he had spent his early childhood. It is here that he had smallpox due to which he lost one eye .

There is a goldsmith's shop in the foyer of the house. Archeology Department (the department responsible for maintaining old sites) is not looking after the house at all. The roofs have collapsed and the walls have developed cracks. The shop of the goldsmith is air-conditioned. This page of history will definitely be wiped out some day if the present state of affairs is allowed to continue.



ਸਮਾਧ ਮਹਾਰਾਜਾ ਰਣਜੀਤ ਸਿੰਘ ਲਾਹੌਰ

ਲਾਹੌਰ ਸ਼ਹਿਰ ਦੇ ਰੋਸ਼ਨਾਈ ਦਰਵਾਜ਼ੇ ਤੋਂ ਬਾਹਰ ਬਾਦਸ਼ਾਹੀ ਮਸੀਤ ਦੀ ਪੂਰਬੀ ਕੰਧ ਦੀ ਦੱਖਣੀ ਨੁੱਕਰ ਨਾਲ ਇੱਕ ਗੁੰਬਦ ਵਾਲੀ ਇਮਾਰਤ ਜੁੜੀ ਹੋਈ ਹੈ । ਇਹ ਸ਼ੇਰੇ ਪੰਜਾਬ ਮਹਾਰਾਜਾ ਰਣਜੀਤ ਸਿੰਘ ਦੀ ਸਮਾਧ ਹੈ । ਮਹਾਰਾਜਾ ਰਣਜੀਤ ਸਿੰਘ ਨੇ ਕੋਈ ਚਾਲੀ ਵਰ੍ਹੇ ਪੰਜਾਬ ਤੇ ਕਸ਼ਮੀਰ ਉੱਤੇ ਹਕੂਮਤ ਕੀਤੀ ।

ਆਖਰਕਾਰ ੧੫ ਹਾੜ ੧੮੯੬ (੨੭ ਜੂਨ ੧੮੩੯) ਨੂੰ ਅਧਰੰਗ ਦੇ ਰੋਗ ਕਾਰਨ ਇਸ ਦੁਨੀਆ ਤੋਂ ਮੂੰਹ ਮੋੜਿਆ । ਅਗਲੇ ਦਿਨ ੧੬ ਹਾੜ ਨੂੰ ਇਸ ਅਸਥਾਨ ਉੱਤੇ ਉਹਨਾਂ ਦਾ ਅੰਤਮ ਸੰਸਕਾਰ ਕੀਤਾ ਗਿਆ, ਜਿੱਥੇ ਖ਼ੂਬਸੂਰਤ ਸਮਾਧ ਬਣੀ ਹੋਈ ਹੈ ।

ਇਹ ਇੱਕ ਬਹੁਤ ਹੀ ਵੱਡੀ ਤੇ ਦੋ ਮੰਜ਼ਲਾ ਇਮਾਰਤ ਹੈ । ਇਸ ਦੇ ਵਿਚਾਲੇ ਮਹਾਰਾਜਾ ਦੀ ਸਮਾਧ ਹੈ । ਆਸੇ ਪਾਸੇ ਮਹਾਰਾਜੇ ਦੀਆ ਉਹਨਾਂ ਗਿਆਰਾਂ ਮਹਾਰਾਣੀਆਂ ਦੀਆਂ ਸਮਾਧਾਂ ਹਨ, ਜੋ ਉਹਨਾਂ ਦੀ ਦੇਹ ਨਾਲ ਸਤੀ ਹੋਈਆਂ । ਦੋ ਸਮਾਧਾਂ ਉਹਨਾਂ ਕਬੂਤਰਾਂ ਦੀਆਂ ਹਨ ਜੋ ਉਡਦੇ ਹੋਏ ਇਸ ਚਿਤਾ ਵਿੱਚ ਡਿਗ ਕੇ ਸੜ ਮਰੇ ।

ਇਸ ਗੁੰਬਦਦਾਰ ਇਮਾਰਤ ਨੂੰ ਅੱਠ ਥੰਮਾਂ ਉੱਤੇ ਖਲ੍ਹਾਰਿਆ ਹੋਇਆ ਸੀ । ਕੁਝ ਸਾਲਾਂ ਮਗਰੋਂ ਇਹਨਾ ਥੰਮਾ ਵਿੱਚ ਤਰੇੜਾ ਪੈ ਗਈਆ, ਜਿਸ ਨਾਲ ਇਮਾਰਤ ਦਾ ਜ਼ਮੀਨ ਉੱਤੇ ਡਿੱਗਣ ਦਾ ਖਤਰਾ ਪੈਦਾ ਹੋ ਗਿਆ । । ਅੰਗਰੇਜ਼ ਸਰਕਾਰ ਦੇ ਹੁਕਮ ਉੱਤੇ ਕਨੱਈਆ ਲਾਲ ਹਿੰਦੀ ਹੋਰਾਂ (ਜੋ ਉਸ ਵੇਲੇ ਐਗਜ਼ੈਕਟਿਵ ਇੰਨਜੀਨੀਅਰ ਇਮਾਰਤ ਲਾਹੌਰ ਸਨ) ਨੇ ਇਹਨਾਂ ਥੰਮਾਂ ਨੂੰ ਲੋਹੇ ਦੇ ਮੋਟੇ ਕੜੇ ਪਵਾ ਦਿੱਤੇ ਅਤੇ ਨਾਲ ਹੀ ਅੱਠ ਥੰਮ ਹੋਰ ਉਸਾਰ ਦਿੱਤੇ ਗਏ । ਇਸ ਵੇਲੇ ਇਹ ਇਮਾਰਤ ਉਹਨਾਂ ੧੬ ਥੰਮਾ ਉੱਤੇ ਖੜੋਤੀ ਹੋਈ ਹੈ ।

سمادھ مہاراجا رنجیت سنگھ' لاہور

لاہور شہر دے روشنائی دروازے توں باہر بادشاہی میت دی پوربی کندھ دی دکھنی نکر نال اِک گُنبداں والی عمارت جُڑی ہوئی ہے. ایہ شیر پنجاب مہاراجا رنجیت سنگھ دی سمادھ ہے. مہاراجا رنجیت سنگھ جی نے کوئی چالھی ورھے پنجاب اتے کشمیر اُتے حکومت کیتی.

آخر کار 15 ہاڑ سمت 1896 (27 جون 1839) نوں ادھرنگ دے روگ کارن اس دنیا توں موُنہہ موڑیا. اگلے دن 16 ہاڑ نوں اس مقام اتے اوہناں دا انتم سنسکار کیتا گیا جتھے خوبصورت سمادھ بنی ہوئی ہے. ایہ اِک بہت ہی وڈی اتے دو منزلا عمارت ہے. اِس دے وچالے مہاراجا دی سمادھ ہے. آسے پاسے مہاراجے دیاں اوہناں یاراں مہارانیاں دیاں سمادھاں ہن جو اوہناں دی لاش نال ستی ہوئیاں. دو سمادھاں اوہناں کبوتراں دیاں ہن جو اُڈدے ہوئے اِس چتا وچ ڈِگ کے سڑ مرے.


اِس گنبد دار عمارت نوں اٹھ تھماں اتے کھلاریا ہویا سی کجھ سالاں مگروں ایہ تھم پاٹ گئے نیڑے سی کہ ساری عمارت زمین اتے آن ڈگدی' انگریز سرکار دے حکم اتے کنہیا لال ہندی ہوراں (جو اس ویلے ایگزیکٹو انجینئر عمارات لاہور ڈویژن سن) ایہناں تھماں نوں لوہے دے موٹے کڑے پا دتے اتے نال ہی اٹھ تھم ہور اُسار دتے گئے. اس ویلے ایہ عمارت ایہناں 16 تھماں اُتے کھڑوتی ہوئی ہے.

SAMADH MAHARAJA RANJIT SINGH AT LAHORE

A domed building is adjacent to the southern corner of eastern wall of Badshahi Mosque outside Roshanai Gate. This building is the Samadh of Sher-e-Punjab Maharaja Ranjit Singh, who ruled over Punjab and Kashmir for forty years. He died of paralysis on 15th Har Samvat 1896 (27th June 1839) and was cremated at this spot on the next day i.e., on 16th Har Samvat 1896 where a beautiful samadh has been built. It is a very big double storey building. The samadh of Maharaja Ranjit Singh at its centre is surrounded by the samadhs of his eleven queens who were burnt alive (sati) with the dead body of their husband. The Samadhs of two pigeons burnt while flying over the flames of cremation fire are also there.

This domed building was built on eight pillars, but after a few years these pillars cracked and the building was about to collapse. Then at the orders of the British Government, Kanhaya Lal Hindi (Executive Engineer, Buildings Lahore Division) put thick iron rings around the old pillars, eight additional pillars were also erected and now the whole building is standing on 16 pillars.

The building is very beautiful. The wood panels of the ceiling are decorated with tainted glass work and walls have floral design done skilfully in extreme beauty.




ਇਮਾਰਤ ਬਹੁਤ ਹੀ ਖੂਬਸੂਰਤ ਹੈ । ਛੱਤ ਉੱਤੇ ਲੱਕੜ ਉੱਤੇ ਰੰਗਲੇ ਕੱਚ ਦਾ ਕੰਮ ਹੋਇਆ ਹੈ । ਕੰਧਾਂ ਉੱਤੇ ਫੁਲਕਾਰੀ ਬੜੇ ਹੀ ਸੋਹਣੇ ਢੰਗ ਨਾਲ ਕੀਤੀ ਗਈ ਹੈ ।

ਜੂਨ ਮਹੀਨੇ ਵਿੱਚ ਮੇਲਾ ਜੁੜਦਾ ਹੈ ਦੇਸ਼ ਵਿਦੇਸ਼ ਤੋਂ ਭਾਰੀ ਸੰਗਤ ਆਉਂਦੀ ਹੈ । ਸਮਾਧ ਦਾ ਵੱਡਾ ਬੂਹਾ ਪੂਰਬ ਵਾਲੇ ਪਾਸੇ ਹੈ । ਪੱਥਰ ਵਿੱਚ ਸੋਹਣੇ ਫੁੱਲ ਉੱਕਰੇ ਹੋਏ ਹਨ । ਇਸ ਵੇਲੇ ਇਹਦਾ ਪ੍ਰਬੰਧ ਮਹਿਕਮਾ ਔਕਾਫ ਕੋਲ ਹੈ ।

عمارت بہُت ہی خوبصورت ہے. چھت اُتے لکڑ اتے رنگلے کچ دا کم ہویا اے. کندھاں اُتے پھلکاری بڑے ہی سوہنے ڈھنگ نال کیتی گئی ہے.

جون مہینے وچ میلا جُڑدا ہے. دیش ودیش توں بھاری سنگت اکٹھی ہوندی ہے. سمادھ دا وڈا بوہا پورب والے پاسے ہے. جو لال پتھر دا بنْیا ہویا ہے. پتھر وچ سوہنے پھُل اُکرے ہوئے ہن. ایس ویلے ایہدا پربندھ محکما اوقاف کول ہے.

A fair is organised in the month of June and a large number of local and foreign sangats assemble. The main gate done in red stone has floral patterns engraved in them. Its control is in the hands of Evacuee Trust Board these days.


SAMADH
SRI MAHARAJA RANJIT SINGH SAHIB

ਜਨਮ ਅਸਥਾਨ ਹਰੀ ਸਿੰਘ ਨਲੂਆ, ਕਸੈਰਾ ਬਜ਼ਾਰ, ਗੁਜਰਾਂਵਾਲਾ

ਸਰਦਾਰ ਹਰੀ ਸਿੰਘ ਨਲੂਆ ਦਾ ਜਨਮ ਅਸਥਾਨ ਕਸੈਰਾ ਬਜ਼ਾਰ ਗੁਜਰਾਂਵਾਲਾ ਸ਼ਹਿਰ ਅੰਦਰ ਹੈ । ਇਹ ਹਵੇਲੀ ਗੁਜਰਾਂਵਾਲਾ ਸ਼ਹਿਰ ਦੀ ਇੱਕ ਮਸ਼ਹੂਰ ਹਵੇਲੀ ਹੈ । ਇੱਥੇ ਹੀ ਮਸ਼ਹੂਰ ਸਿੱਖ ਜਰਨੈਲ ਸਰਦਾਰ ਹਰੀ ਸਿੰਘ ਨਲੂਆ ਜੀ ਨੇ ੧੭੯੧ ਈ ਨੂੰ ਜਨਮ ਲਿਆ । ਆਪ ਜੀ ਦੇ ਪਿਤਾ ਦਾ ਨਾਮ ਸ੍ ਗੁਰਦਿਆਲ ਸਿੰਘ ਤੇ ਮਾਤਾ ਜੀ ਦਾ ਨਾਮ ਧਰਮ ਕੌਰ ਸੀ । ਉਹਨਾਂ ਦੀ ਗੋਤ ਉੱਪਲ ਖੱਤਰੀ ਸੀ ।

ਮਹਾਰਾਜਾ ਰਣਜੀਤ ਸਿੰਘ ਦੇ ਰਾਜ ਵਾਸਤੇ ਉਹਨਾਂ ਨੇ ਅਨੇਕਾਂ ਮੱਲਾਂ ਮਾਰੀਆਂ । ਉਹ ਪੰਜਾਬੀ ਫੌਜ ਦੇ ਮਸ਼ਹੂਰ ਜਰਨੈਲਾ ਵਿੱਚੋਂ ਇੱਕ ਸਨ । ਉਹਨਾ ੧੮੩੭ ਨੂੰ ਜਮਰੌਦ ਦੇ ਕਿਲੇ ਅੰਦਰ ਲੜਦਿਆਂ ਪ੍ਰਾਣ ਤਿਆਗੇ ।

ਕਸੈਰਾ ਬਜ਼ਾਰ ਵਾਲੀ ਇਹ ਹਵੇਲੀ ਉਹਨਾਂ ਦੀ ਜੱਦੀ ਹਵੇਲੀ ਸੀ । ਇਸ ਹਵੇਲੀ ਦੀਆਂ ਮਨਮੋਹਣੀਆਂ ਬਾਰੀਆਂ ਅਤੇ ਬੂਹੇ ਉਤਾਰ ਕੇ ਲਾਹੌਰ ਅਜਾਇਬ ਘਰ ਵਿੱਚ ਰੱਖ ਦਿੱਤੇ ਗਏ, ਜੋ ਅੱਜ ਵੀ ਮੌਜੂਦ ਹਨ ।

੧੯੪੭ ਤੋਂ ਮਗਰੋਂ ਇਸ ਹਵੇਲੀ ਅੰਦਰ ਹਾਫਿਜ਼ ਗੁਲਾਮ ਰਸੂਲ ਸਾਹਿਬ ਆਣ ਵੱਸੇ ਜੋ ਲੁਧਿਆਣੇ ਤੋਂ ਉੱਜੜ ਕੇ ਆਏ ਸਨ । ਉਹ ਇਸ ਇਲਾਕੇ ਦੇ ਮਸ਼ਹੂਰ ਹਕੀਮ ਤੇ ਅਲਾਹ ਲੋਕ ਹੋਏ ਹਨ । ਇਸ ਵੇਲੇ ਇਹਨਾਂ ਦੀ ਔਲਾਦ ਇੱਥੇ ਰਹਿੰਦੀ ਹੈ ਅਤੇ ਇੱਥੇ ਹੀ ਉਹਨਾਂ ਦੀ ਦਰਗਾਹ ਹੈ ।

جنم استھان سردار ہری سنگھ نلوا' کسیرا بازار گجرانوالا

سردار ہری سنگھ نلوا دا جنم استھان کسیرا بازار گجرانوالا شہر اندر ہے. ایہ حویلی گوجرانوالے شہر دی اِک بہت ہی مشہور حویلی اے. ایتھے ہی مشہور سکھ جرنیل سردار ہری سنگھ نلوا جی نے 1791ء نوں جنم لیا آپ دے پتا داناں سردار گردیال سنگھ اتے ماتا جی داناں دھرم کور سی. اوہناں دی گوت "اُپل" کھتری سی.

مہاراجا رنجیت سنگھ جی دے راج واسطے اوہناں انیکاں ملاں ماریاں. اوہ پنجابی فوج دے مشہور جرنیلاں وچوں اِک سن. اوہناں 1837ء نُوں جمرود دے قلعے اندر لڑدیاں ہویاں پران تیاگے.

کسیرا بازار والی ایہ حویلی اوہناں دی جدی حویلی سی. اس حویلی دیاں من موہنیاں باریاں اتے بوہے' اتار کے لاہور عجایب گھر وچ رکھ دتے گئے جو اج وی موجود ہن.


1947ء مگروں ایس حویلی اندر حافظ غلام رسول صاحب آن وسے جو لدھیانے توں اُجڑ کے آئے سن. اوہ اس علاقے اندر مشہور حکیم اتے اللہ لوک ہوئے ہن. اِس ویلے اوہناں دی اولاد ایتھے رہندی ہے' اتے ایتھے ہی اوہناں دی درگاہ ہے.

BIRTH PLACE, SARDAR HARI SINGH NALWA, AT KASAYRA BAZAAR, GUJRANWALA

The Janamasthan of Sardar Hari Singh Nalwa is in Kasayra Bazar of Gujranwala City. This is a renowned mansion of Gujranwala city. It was here that the famous Sikh general Sardar Hari Singh Nalwa was born in 1797 AD. His father was Sardar Gurdayal Singh and his mother was Dharam Kaur. His family belonged to the "Upal" Khatri tribe. He was one of the outstanding generals in the service of Ranjit Singh's army who fought and won many battles for Maharaja Ranjit Singh. He laid down his life fighting inside Jamrud fort in 1837 AD.

The mansion in Kasarya Bazaar was his ancestral home. Fascinating doors and windows of this mansion have been placed in Lahore Museum as exhibits.

After 1947, Hafiz Ghulam Rasool, who had been uprooted from Ludhiana, settled in this mansion. He was a renowned Hakeem (medicine man) and God-loving person of the area. His descendants live here now and his dargah is also within its premises.



ਗੁਰਦੁਆਰਾ ਜਮਰੌਦ

ਜਮਰੌਦ ਨਾਮੀ ਇੱਕ ਕਿਲਾ ਪਿਸ਼ਾਵਰ ਤੋਂ ਅੱਗੇ ਹੈ । ਇੱਥੇ ਮਸ਼ਹੂਰ ਸਿੱਖ ਜਰਨੈਲ ਹਰੀ ਸਿੰਘ ਨਲੂਆ ਅਫਗਾਨ ਫੌਜ ਨਾਲ ਲੜਦਾ ਹੋਇਆ ੧੯ ਵਿਸਾਖ ਸੰਮਤ ੧੮੯੪ (੧੮੩੭ ਈ:) ਨੂੰ ਗੁਰੂ ਪਿਆਰਾ ਹੋਇਆ । ਜਮਰੌਦ ਕਿਲੇ ਵਿੱਚ ਹੀ ਇਸ ਬਹਾਦਰ ਜਰਨੈਲ ਦੀ ਸਮਾਧ ਅਤੇ ਗੁਰਦੁਆਰਾ ਹੈ ।

ਸਰਦਾਰ ਹਰੀ ਸਿੰਘ ਨਲੂਆ ਜੀ ਸੰਮਤ ੧੮੪੮ (੧੭੯੧) ਨੂੰ ਗੁਜਰਾਂਵਾਲੇ ਸ਼ਹਿਰ ਵਿੱਚ ਸਰਦਾਰ ਗੁਰਦਿਆਲ ਸਿੰਘ ਅਤੇ ਮਾਤਾ ਧਰਮ ਕੌਰ ਦੇ ਘਰ ਪੈਦਾ ਹੋਏ । ਉਹਨਾਂ ਦੀਆ ਮਸ਼ਹੂਰ ਲੜਾਈਆਂ ਕਸੂਰ, ਮੁਲਤਾਨ, ਅਟਕ, ਹਜ਼ਾਰਾ, ਕਸ਼ਮੀਰ, ਨੌਸ਼ਹਿਰਾ, ਪਿਸ਼ਾਵਰ ਤੇ ਜਮਰੌਦ ਦੀਆ ਲੜਾਈਆ ਹਨ । ਐਲਫ ਕੈਰੋ ਅਨੁਸਾਰ ਪਠਾਣ ਔਰਤਾਂ ਅੱਜ ਵੀ ਆਪਣੇ ਬੱਚਿਆਂ ਨੂੰ " ਹਰੀਆ ਰਾਂਗਲੇ " (ਹਰੀ ਸਿੰਘ ਨਲੂਆ ਆ ਗਿਆ) ਕਹਿ ਕੇ ਡਰਾਉਂਦੀਆਂ ਹਨ ।

گردوارا جمرود

جمرود نامی ایہ قلعا پشاور توں اگے ہے. ایتھے مشہور سکھ جرنیل سردار ہری سنگھ نلوا افغان فوج نال لڑدا ہویا 19 وساکھی سمت 1894' 1837ء نوں گرو پیارا ہویا. جمرود قلعے وچ ہی ایس بہادر جرنیل دی سمادھ اتے گردوارا ہے.

سری ہری سنگھ نلوا جی سمت 1848' 1791ء نوں گجرانوالے شہروچ سردار گردیال سنگھ اتے ماتا دھرم کور دے گھر پیدا ہویا. اوہدیاں مشہور لڑائیاں قصور' ملتان' اٹک' ہزارا' کشمیر' نوشہرا' پشاور تے جمرود دیاں لڑائیاں ہن. ایلف کیروں انوسار پٹھان عورتاں اج وی اپنے بچیاں نوں "ہریا راغلے" (ہری سنگھ نلوا آ گیا) کہ کے ڈراوندیاں ہن.

GURDWARA AND SAMADH; SARDAR HARI SINGH NALWA, JAMRUD

This fort called Jamrud is located in the north of Peshawar. It is the place where famous Sardar Hari Singh Nalwa fought valiantly against Afghan army and laid down his life on 19th Visakh, Samvat 1894 (1837 AD). The gurdwara and the samadh of this valiant general is inside Jamrud fort. Sardar Hari Singh Nalwa was born in Samvat 1848 (1791 AD) at Gujranwala to Mata (Mother) Dharam Kaur and Sardar Gurdiyal Singh. He fought his famous battles at Kasur, Multan, Attock, Hazara, Kashmir, Nowshehra, Peshawar and Jamrud. According to Olaf Caroe the Pathan women used to scare their babies by saying *"Hariya Raghle"* (Hari Singh has come.)



ਸਮਾਧ ਭਾਈ ਫੂਲਾ ਸਿੰਘ, ਨੌਸ਼ਿਹਰਾ

ਭਾਈ ਫੂਲਾ ਸਿੰਘ ਜੀ ਅਕਾਲੀ ਮਹਾਰਾਜਾ ਰਣਜੀਤ ਸਿੰਘ ਦੇ ਨਾਮਵਰ ਜਰਨੈਲ ਸਨ । ਆਪ ਦਾ ਜਨਮ ਸੰਮਤ ੧੮੧੮ ਨੂੰ ਸਰਦਾਰ ਈਸ਼ਰ ਸਿੰਘ ਦੇ ਘਰ ਹੋਇਆ । ਆਪ ਨੇ ਅਕਾਲੀ ਦਲ ਨੂੰ ਪਿੱਛੇ ਲਾ ਕੇ ਗੁਰਦੁਆਰਿਆ ਅਤੇ ਸਿੱਖ ਕੌਮ ਦੀ ਭਾਰੀ ਸੇਵਾ ਕੀਤੀ । ਅੰਮ੍ਰਿਤਸਰ ਅੰਦਰ ਆਪ ਦੇ ਨਾਮ ਦਾ ਬੁਰਜ ਅਤੇ ਆਪ ਦੇ ਜਥੇ ਦੀ ਛਾਉਣੀ ਹੈ । ਅਕਾਲੀ ਜੀ ਨੇ ਮਹਾਰਾਜਾ ਰਣਜੀਤ ਸਿੰਘ ਦੀ ਫੌਜ ਵਿੱਚ ਜਰਨੈਲ ਵਜੋਂ ਅਨੇਕਾਂ ਜੰਗਾਂ ਦੀ ਅਗਵਾਈ ਕੀਤੀ ਅਤੇ ਫਤਿਹ ਪਾਈ ।

੧੪ ਮਾਰਚ ੧੮੨੩ (ਪਹਿਲੀ ਚੇਤ ਸੰਮਤ ੧੮੭੯) ਨੂੰ ਸਰਹੱਦੀ ਪਠਾਣਾਂ ਨਾਲ ਲੜਦੇ ਹੋਏ ਇਸ ਥਾਂ ਸ਼ਹੀਦ ਹੋਏ । ਮਗਰੋਂ ਇੱਥੇ ਹੀ ਆਪ ਦੀ ਸਮਾਧ ਬਣਾ ਦਿੱਤੀ ਗਈ ।

ਇਹ ਅਸਥਾਨ ਜਿਲਾ ਪੇਸ਼ਾਵਰ ਦੇ ਸ਼ਹਿਰ ਨੌਸ਼ਹਿਰਾ ਤੋਂ ਅਟਕ ਵਾਲੇ ਪਾਸੇ ਆਉਦਿਆ ਕੋਈ ੮ ਕਿਲੋਮੀਟਰ ਦੀ ਵਿੱਥ ਉੱਤੇ ਜਰਨੈਲੀ ਸੜਕ ਤੋਂ ੪ ਕਿਲੋਮੀਟਰ ਪਿੱਛੇ ਦਰਿਆ ਲੁੰਡੀ ਦੇ ਪਰਲੇ ਕਿਨਾਰੇ ਤੇ ਪਿੰਡ ਪੀਰ ਸਬਾਕ ਵਿੱਚ ਹੈ । ਜਿੱਥੇ ਜਾਣ ਵਾਸਤੇ ਸਿਵਾਏ ਬੇੜੀ ਦੇ ਹੋਰ ਕੋਈ ਰਾਹ ਨਹੀ ਹੈ । ਅਸਥਾਨ ਖ਼ੂਬਸੂਰਤ ਬਣਿਆ ਹੋਇਆ ਹੈ । ਇਸ ਵੇਲੇ ਸੇਵਾ ਸੰਭਾਲ ਕੋਈ ਨਹੀ । ਇਸ ਸਮਾਧ ਦੇ ਨਾਂ ਭਾਰੀ ਜਗੀਰ ਹੈ ਜਿਸ ਨੂੰ ਮਹੰਤ ਨੇ ਵੇਚਣ ਦਾ ਯਤਨ ਕੀਤਾ । ੧੯੧੬ ਵਿੱਚ ਉਸ ਦੇ ਖਿਲਾਫ ਮੁਕੱਦਮਾ ਕੀਤਾ ਗਿਆ, ਜਿਹਦਾ ਫੈਸਲਾ ੧੯੧੮ ਨੂੰ ਹੋਇਆ । ਮਹੰਤ ਨੂੰ ਹਟਾ ਦਿੱਤਾ ਗਿਆ ਤੇ ਪ੍ਰਬੰਧ ਕਮੇਟੀ ਹਵਾਲੇ ਕਰ ਦਿੱਤਾ ਗਿਆ । ਹਰ ਸਾਲ ਵਿਸਾਖੀ ਤੇ ਦੁਸਿਹਰੇ ਦਾ ਮੇਲਾ ਜੁੜਦਾ ਸੀ ਜੋ ਹੁਣ ਇੱਕ ਸੁਪਨਾ ਹੈ ।

سمادھ بھائی پھُولا سنگھ اکالی نوشہرا' پشاور

بھائی پھُولا سنگھ جی اکالی مہاراجا رنجیت سنگھ دے نامور جرنیل سن. آپ دا جنم سمت 1818 نُوں سردار ایشر سنگھ دے گھر ہویا. آپ نے اکالی دل نُوں پچھے لا کے گردواریاں اتے سکھ قوم دی بھاری سیوا کیتی. امرتسر صاحب اندر آپ دے ناں دا بُرج اتے آپ دے جتھے دی چھاونْی ہے.
اکالی جی نے مہاراجا رنجیت سنگھ دی فوج وچ جرنیل وجوں انیکاں جنگاں دی اگوائی کیتی اتے فتح پائی. 14 مارچ 1823ء (پہلی چیت سمت 1879ء) نُوں سرحدی پٹھاناں نال لڑدے ہوئے ایس تھاں شہید ہوئے مگروں ایتھے ہی آپ دی سمادھ بنا دِتی گئی.
ایہ استھان ضلع پشاور دے شہر نوشہرہ توں اٹک والے پاسے آوندیاں کوئی اٹھ کلومیٹر دی وِتھ اُتے جرنیلی سڑک توں چار کلومیٹر پچھانہہ دریا لُنڈی دے پرلے کنارے پِنڈ پیر سباق وِچ ہے جتھے جاون واسطے سوائے بیڑی دے ہور کوئی راہ نہیں. استھان خوبصورت بنْیا ہویا ہے. ایس ویلے سیوا سنبھال کوئی نہیں. ایس سمادھ دے ناں بھاری جاگیر ہے جِنھوں مہنت نے ویچن دا جتن کیتا. 1916ء وِچ اوس خلاف مقدما کیتا گیا جہدا فیصلا 1918ء نُوں ہویا. مہنت نُوں ہٹا دِتا گیا تے پربندھ کمیٹی حوالے کر دتا گیا. ہر سال وساکھی اتے دسہرے دا میلا جُڑدا سی جو ہُن اِک سفنا ہے.

SAMADH BHAI PHOOLA SINGH AKALI AT NAUSHEHRA

Phoola Singh Ji was a renowned general of Maharaja Ranjit Singh. He was born in the family of Sardar Ishar Singh in Samvat 1818. He performed great services for the Sikh nation and gurdwaras by activating the Akali Dal. A tower built in his memory is in Amritsar and there are special quarters for his contingent.

Akali Ji led the army of Ranjit Singh in many battles and emerged victorious. He martyred while fighting Frontier Pathans on 14th March 1823 AD (1st Chaiter Samvat 1879). Later his samadh was erected here.

This place is at a distance of 8 kilometer while traveling towards Attock from Noshehra (a town of Peshawar District). It is in village Pir Sabaq on the other bank of the River Lundi about 4 kilometer from GT road. It is not accessible without a boat. Its construction is beautiful but no maintenance is being carried out these days. There is large endowment of land which Mahant tried to sell. A suit was filed against him in 1916 which was decided in 1918. He was dismissed and the control of the same was handed over to Gurdwara Parbandhak Committee in 1918.

In the past fairs used to be organised on Visakhi and Dasehra but that's history now.



ਗੁਰਦੁਆਰਾ ਨਿਹੰਗ ਸਿੰਘ ਛਾਉਣੀ, ਨੌਸ਼ਹਿਰਾ

ਇਹ ਗੁਰਦੁਆਰਾ ਅਕਾਲੀ ਫੂਲਾ ਸਿੰਘ ਦੀ ਸਮਾਧ ਨਾਲ ਸਬੰਧਿਤ ਪਿੰਡ ਪੀਰ ਸਬਾਕ ਵਿੱਚ ਹੀ ਹੈ । ਸਮਾਧ ਦੀ ਇੱਕ ਨਿੱਕੀ ਜਿਹੀ ਚੌਖੰਡੀ ਹੈ । ਜਦਕਿ ਗੁਰਦੁਆਰਾ ਸਾਹਿਬ ਦੀ ਇਮਾਰਤ ਇੱਕ ਕਿਲੇ ਦੇ ਰੂਪ ਵਿੱਚ ਉੱਸਰੀ ਹੋਈ ਹੈ । ਇਸ ਨਾਲ ਖਾਲੀ ਜਮੀਨ ਵੀ ਹੈ । ਜੋ ਗੁਰਦੁਆਰੇ ਦਾ ਹਿੱਸਾ ਹੀ ਹੈ । ਇੱਥੇ ਨਿਹੰਗ ਸਿੰਘ ਸ਼ਸਤਰ ਅਭਿਆਸ ਕਰਦੇ ਹੁੰਦੇ ਸਨ । ਇਹ ਖਾਲੀ ਜਮੀਨ ਕੋਈ ਡੇਢ ਮੁਰੱਬੇ ਦੇ ਨੇੜੇ ਹੈ । ਗੁਰਦੁਆਰਾ ਸਾਹਿਬ ਦੀ ਇਮਾਰਤ ਬਹੁਤ ਹੀ ਸੁੰਦਰ ਹੈ ਅਤੇ ਮਜ਼ਬੂਤ ਹੈ । ਦਰਿਆ ਕੰਢੇ ਹੋਣ ਕਰਕੇ ਇਹਦੀ ਸ਼ਾਨ ਵਿੱਚ ਹੋਰ ਵੀ ਵਾਧਾ ਹੋ ਗਿਆ ਹੈ ।

گردوارا نہنگ سنگھ چھاوَنی' نوشہرا

ایہ گردوارا پھُولا اکالی سنگھ جی دی سمادھ نال سبندھت ہے. پنڈ دا ناں پیر سباق ہے. سمادھ دی عمارت اک نکی جہی چوکھنڈی ہے. جد کہ گردوارا صاحب دی عمارت اِک قلعے دے روپ وِچ اُسری ہوئی ہے. ایس نال خالی زمین وی ہے جو گردوارے دا حِصا ہے. ایتھے نہنگ سنگھ ششتر ابھیاس کردے ہوندے سن. ایہ خالی زمین کوئی ڈیڈھ مربعے دے قریب ہے. گردوارا صاحب دی عمارت بہُت ہی سُندر اتے مضبوط ہے. دریا کنڈھے ہون کر کے ایہدی شان وچ ہور وی وادھا ہو گیا ہے.

GURDWARA NAHING SINGH CHAWNI AT NAUSHEHRA

The Gurdwara is attached with the Samadh of Sardar Phoola Singh Akali. The Samadh is a small Chaukhandi (room with door in each of the 4 walls) whereas the Gurdwara is built in the form of a fort. The vacant land beside it is a part of the Gurdwara. Nahing Singh used to practice war skills here. This vacant land measures about 1.5 squares. The building is elegant and strong. Its location by the river has added much to its grace.



ਸਮਾਧ ਜਮਾਂਦਾਰ ਖੁਸ਼ਹਾਲ ਸਿੰਘ, ਲਾਹੌਰ

ਪਿੰਡ ਇੱਕਰੀ ਪਰਗਨਾ ਮੇਰਠ ਦਾ ਵਸਨੀਕ ਗੌੜ ਬ੍ਰਾਹਮਣ ਜਿਸ ਦੇ ਬਾਪ ਦਾ ਨਾਂ ਹਰਗੋਬਿੰਦ ਸੀ, ਸੰਮਤ ੧੮੬੪ ਨੂੰ ਇਹ ਮਹਾਰਾਜਾ ਰਣਜੀਤ ਸਿੰਘ ਜੀ ਦੀ ਫੌਜ ਵਿੱਚ ਸਿਪਾਹੀ ਭਰਤੀ ਹੋਇਆ । ਇਸ ਦੀ ਪਲਟਨ ਧੌਂਕਲ ਸਿੰਘ ਸੀ । ਇਸ ਦੀ ਸੁੰਦਰ ਡੀਲ ਡੋਲ ਨੂੰ ਵੇਖਦਿਆਂ ਮਹਾਰਾਜੇ ਨੇ ਆਖਿਆ ਕਿ ਕਾਸ਼ ਇਹ ਸਿੱਖ ਹੁੰਦਾ । ਇਹ ਸੁਣ ਕੇ ਉਸ ਨੇ ਕੇਸ ਰੱਖ ਲਏ ਅਤੇ ਖੁਸ਼ਹਾਲ ਰਾਮ ਤੋਂ ਖੁਸ਼ਹਾਲ ਸਿੰਘ ਹੋ ਗਿਆ । ਹੌਲੀ ਹੌਲੀ ਇਹ ਮਹਾਰਾਜਾ ਦੀ ਡਿਉੜੀ ਦਾ ਜਮਾਂਦਾਰ ਹੋ ਗਿਆ ਅਤੇ ਫਿਰ ਰਾਜੇ ਦੀ ਪਦਵੀ ਪ੍ਰਾਪਤ ਕੀਤੀ । ਖੁਸ਼ਹਾਲ ਸਿੰਘ ਦੀ ਮੌਤ ਸੰਨ ੧੮੪੪ ਨੂੰ ਲਾਹੌਰ ਵਿੱਚ ਹੋਈ । ਮਸਤੀ ਦਰਵਾਜ਼ੇ ਤੋਂ ਬਾਹਰ ਉਸਦੇ ਹੀ ਬਾਗ ਵਿੱਚ ਉਸਦੀ ਸਮਾਧ ਬਣਾਈ ਗਈ । ਇੱਥੇ ਹੀ ਇਸਦੇ ਭਰਾ ਤੇਜਾ ਰਾਮ ਉਰਫ ਤੇਜਾ ਸਿੰਘ ਤੇ ਪੁੱਤਰ ਰਾਮਲਾਲ ਉਰਫ ਰਾਮ ਸਿੰਘ ਦੀਆਂ ਵੀ ਸਮਾਧਾਂ ਹਨ ।

سمادھ جمعدار خوشحال سنگھ ' لاہور

پنڈ اکری پرگنا میرٹھ دا وسنیک گوڑ باہمن ایس دے باپ دا ناں ہرگوبند سی. سمت 1864 نوں ایہ مہاراجا رنجیت سنگھ دی فوج وچ سپاہی بھرتی ہویا. ایس دی پلٹن دھونکل سنگھ سی. ایس دے سُندر ڈیل ڈول نوں ویکھدیاں مہاراجا آکھیا کاش ایہ سنگھ ہوندا. ایہ سُن اوس کیس رکھ لئے اتے خوشحال رام توں خوشحال سنگھ ہوگیا. ہولی ہولی ایہ مہاراجا دی ڈیوڑھی دا جمعدار ہوگیا تے فیر راجے دی پدوی پراپت کیتی. خوشحال سنگھ دی موت 1844ء نُوں لاہور وچ ہوئی. مستی دروازے توں باہر اوہدے ہی باغ وچ اوہدی سمادھ بنائی گئی. ایتھے ہی ایہدے بھرا تیجا رام عرف تیجا سنگھ تے پُتر رام لال عرف رام سنگھ دیاں سمادھاں دی ہن.

SAMADH JAMADAR KHUSHAL SINGH AT LAHORE

Jamadar Khushal Singh was a Gaur Brahmin of village Akari Pargana of Meerath. The name of his father was Hargobind. He joined the army of Maharaja Ranjit Singh as an ordinary sepoy in Samvat 1864 and was placed in Dhaunkal Singh battalion. Seeing his sturdy physique Maharaja Ranjit Singh said (to his courtiers), "Had he been a Sikh!". Learning about Maharaja's wish, he grew his hair long and became a Sikh, thus he became Khushal Singh from Khushal Ram. Gradually he rose to the rank of Jamadar of the foyer of Maharaja and later got the title of Raja. He died in 1844 AD in Lahore. His Samadh was built in his own garden, outside Masti gate. This is also the eternal abode of his brothers Teja Ram alias Teja Singh, his sons Ram Lal alias Ram Singh.



ਸਮਾਧ ਸਰਦਾਰ ਜਵਾਹਰ ਸਿੰਘ, ਲਾਹੌਰ

ਜਵਾਹਰ ਸਿੰਘ ਮਹਾਰਾਜਾ ਦਲੀਪ ਸਿੰਘ ਦਾ ਮਾਮਾ ਅਤੇ ਮਹਾਰਾਣੀ ਜਿੰਦਾ ਦਾਂ ਵੱਡਾ ਭਰਾ ਸੀ । ਇਹ ਦਲੀਪ ਸਿੰਘ ਦਾ ਵਜ਼ੀਰ ਵੀ ਰਿਹਾ । ਇਸ ਨੂੰ ੨੧ ਸਤੰਬਰ ੧੮੪੫ ਨੂੰ ਫੌਜ ਨੇ ਲਾਹੌਰ ਵਿੱਚ ਕਤਲ ਕਰ ਦਿੱਤਾ ਅਤੇ ਉਸ ਦੀ ਥਾਂ ਮਿਸਰ ਲਾਲ ਸਿੰਘ ਡੋਗਰੇ ਨੂੰ ਵਜ਼ੀਰ ਬਣਾ ਦਿੱਤਾ । ਉਸ ਦੀ ਸਮਾਧ ਮਸਤੀ ਦਰਵਾਜੇ ਤੋਂ ਬਾਹਰ ਬਦਾਮੀ ਬਾਗ ਵਾਲੇ ਪਾਸੇ ਹੈ ।

سمادھ سردار جواہر سنگھ ' لاہور

جواہر سنگھ جو مہاراجا دلیپ سنگھ دا ماما اتے مہارانی جنداں دا وڈا بھرا سی. ایہ دلیپ سنگھ دا وزیر وی رہیا. ایس نوں 21 ستمبر 1845ء نوں فوج نے لاہور وچ قتل کر دتا اتے اوس دی تھاں میسر لال سنگھ ڈوگرے نوں وزیر بنوا دتا سی. اوس دی سمادھ مستی دروازے توں باہر بادامی باغ والے پاسے ہے.

SAMADH SARDAR JAWAHAR SINGH, LAHORE

Jawahar Singh was the maternal uncle of Maharaja Dilip Singh and the elder brother of Maharani Jindan. He also served as a minister of Dilip Singh. He was killed by the army on 21st Sept 1845 AD. Maisar Lal Singh Dogra was appointed as minster in his place. His Samadh is located outside Masti Gate towards Badami Bagh side.



ਸਮਾਧ ਮਹਾਰਾਜਾ ਖੜਕ ਸਿੰਘ ਤੇ ਕੰਵਰ ਨੌਨਿਹਾਲ ਸਿੰਘ ਲਾਹੌਰ

ਇਹ ਦੋ ਸਮਾਧਾਂ ਮਹਾਰਾਜਾ ਰਣਜੀਤ ਸਿੰਘ ਦੀ ਸਮਾਧ ਦੇ ਪੱਛਮੀ ਪਾਸੇ ਇਸੇ ਇਮਾਰਤ ਦਾ ਭਾਗ ਹਨ । ਖੜਕ ਸਿੰਘ ਮਹਾਰਾਜਾ ਰਣਜੀਤ ਸਿੰਘ ਦਾ ਪੁੱਤਰ ਸੀ ਜੋ ਮਹਾਰਾਣੀ ਦਾਤਾਰ ਕੌਰ ਦੇ ਉਦਰ ਤੋਂ ੧੮੬੦ ਸੰਮਤ ਨੂੰ ਪੈਦਾ ਹੋਇਆ ਤੇ ਮਹਾਰਾਜੇ ਦੇ ਮਰਨ ਤੋਂ ਮਗਰੋਂ ਤਖਤ ਤੇ ਬੈਠਾ । ਇੱਕ ਸਾਲ ਬਿਮਾਰ ਰਹਿ ਕੇ ੨੧ ਕੱਤਕ ਸੰਮਤ ੧੮੯੭ ਨੂੰ ੩੮ ਵਰਿਆਂ ਦੀ ਉਮਰ ਵਿੱਚ ਚਲਾਣਾ ਕਰ ਗਿਆ । ਜਿਸ ਥਾਂ ਉਸ ਦਾ ਸਸਕਾਰ ਕੀਤਾ ਗਿਆ ਉਸ ਥਾਂ ਤੇ ਇਹ ਸਮਾਧ ਬਣੀ ਹੋਈ ਹੈ ।

ਕੰਵਰ ਨੌਨਿਹਾਲ ਸਿੰਘ ਖੜਕ ਸਿੰਘ ਦਾ ਪੁੱਤਰ ਸੀ । ਉਸ ਦੀ ਮਾਂ ਦਾ ਨਾਂ ਚੰਦ ਕੌਰ ਸੀ । ਉਸ ਦਾ ਜਨਮ ਫੱਗਨ ਸੰਮਤ ੧੮੭੭ (੧੧ ਫਰਵਰੀ ਸੰਨ ੧੮੨੦) ਨੂੰ ਲਾਹੌਰ ਵਿੱਚ ਹੋਇਆ । ਉਹ ਡੋਗਰਿਆਂ ਦੀਆਂ ਸਾਜਸ਼ਾਂ ਦਾ ਪਹਿਲਾ ਸ਼ਿਕਾਰ ਸੀ । ਉਸਨੇ ਪਿਉ ਨੂੰ ਕੈਦ ਵਿੱਚ ਰੱਖਿਆ ਤੇ ਆਪ ਰਾਜ ਕਰਦਾ ਰਿਹਾ । ੫ ਨਵੰਬਰ ੧੮੪੦ ਨੂੰ ਜਦ ਉਹ ਆਪਣੇ ਪਿਤਾ ਖੜਕ ਸਿੰਘ ਦਾ ਅੰਤਮ ਸੰਸਕਾਰ ਕਰ ਕੇ ਕਿਲੇ ਵੱਲ ਨੂੰ ਆ ਰਿਹਾ ਸੀ ਤਾ ਉਸ ਉੱਤੇ ਸਮਾਧਾਂ ਤੇ ਕਿਲੇ ਦੇ ਵਿਚਾਲੇ ਵਾਲਾ ਦਰਵਾਜ਼ਾ ਡੇਗ ਕੇ ਉਸਨੂੰ ਕਤਲ ਕਰ ਦਿੱਤਾ ਗਿਆ । ਉਸ ਦੇ ਨਾਲ ਰਾਜਾ ਗੁਲਾਬ ਸਿੰਘ ਦਾ ਪੁੱਤਰ ਉਧਮ ਸਿੰਘ ਵੀ ਸੀ । ਇਉਂ ਖੜਕ ਸਿੰਘ ਤੋਂ ਅਗਲੇ ਦਿਨ ਉਹਦੇ ਪੁੱਤਰ ਦੀ ਲੋਥ ਦਾ ਵੀ ਉਸੇ ਥਾਂ ਸੰਸਕਾਰ ਕੀਤਾ ਗਿਆ । ਬਾਅਦ ਵਿੱਚ ਇੱਥੇ ਹੀ ਸਮਾਧੀਆਂ ਬਣਾ ਦਿੱਤੀਆਂ ਗਈਆਂ, ਜੋ ਅੱਜ ਵੀ ਮੌਜੂਦ ਹਨ ।

سمادھ مہاراجا کھڑک سنگھ تے کنور نونہال سنگھ 'لاہور

ایہ دو سمادھاں مہاراجا رنجیت سنگھ دی سمادھ دے پچھمی پاسے ایسے عمارت دا بھاگ ہن.

کھڑک سنگھ مہاراجا رنجیت سنگھ دا پُتر سی جو مہارانی داتار کور دے اُدر توں 1860 سمت نوں پیدا ہویا تے مہاراجا دے مرن مگروں لاہور دے تخت اُتے بیٹھا. اِک سال بیمار رہ کہ 21 کتک سمت 1897 نوں 38 ورھیاں دی عمر وچ چلانا کر گیا. جس تھاں اس دا سنکار کیتا گیا اوتھے ایہ سمادھ بنی ہوئی اے.

کنور نونہال سنگھ 'کھڑک سنگھ دا پُتر سی. اوس دی ماں دا ناں چند کور سی. اِس دا جنم پھگن سمت 1877 (11 فروری سن 1820) نوں لاہور وچ ہویا. اوہ ڈوگریاں دیاں سازشاں دا پہلا شکار سی. اوہنے پیو نوں قید وچ رکھیا اتے آپ راج کردا رہیا. 5 نومبر 1840ء نوں جد اوہ اپنے پیا کھڑک سنگھ دا انتم سسکار کرکے قلعے ول نُوں آ رہیا سی تاں اوس اتے سمادھاں تے قلعے دے وچالے والا دروازا ڈیگ کے قتل کر دِتا گیا. اس دے نال راجا گلاب سنگھ دا پُتر اودھم سنگھ وی سی. ایوں کھڑک سنگھ توں اگلے دن اوہدے پُتر دی لوتھ دا وی اوسے تھاں ہی سسکار کیتا گیا. بعد وچ ایتھے ہی سمادھاں بنا دتیاں گئیاں. جو اج وی موجود ہن.

SAMADH MAHARAJA KHARRAK SINGH AND KUNWAR NAUNEHAL SINGH AT LAHORE

Both of these Samadhs are located at the western side of the Samadh of Maharaja Ranjit Singh and are a part of this complex.

Kharrak Singh was the son of Maharaja Ranjit Singh who was born to Maharani Datar Kaur in Samvat 1860. He succeeded to the throne of Lahore after the death of Maharaja Ranjit Singh. He had died young at the age of thirty eight after remaining ill for a year on 21st Kattak, Samvat 1897. He was cremated at the site of his Samadh.

Kunwar Naunehal Singh was the son of Kharrak Singh. His mother's name was Chand Kaur He was born in Lahore on Phaggan Samvat 1877 (11th Feb; 1820 AD). He was the first victim of Dogra intrigues. He imprisoned his father and himself became ruler.

He was killed by dropping the door between the samadh and the fort on 5th November 1840 AD. Udham Singh, the son of Raja Gulab Singh, was also with him and thus just one day after the cremation of Kharrak Singh his son's body too was cremated at the same spot.



ਸਮਾਧ ਮਹਾਰਾਣੀ ਨਕਾਇਨ, ਚੰਦ ਕੌਰ ਤੇ ਗੁਲਾਬ ਕੌਰ, ਲਾਹੌਰ

ਇਹ ਤਿੰਨੋਂ ਸਮਾਧੀਆ ਲਾਹੌਰ ਜ਼ਿਲਾ ਕਚਿਹਰੀ ਦੇ ਨਾਲ ਐਸ ਐਸ ਪੀ ਦੇ ਆਫਿਸ ਦੇ ਸਾਹਮਣੇ ਗੌਰਮਿੰਟ ਇਸਲਾਮੀਆ ਕਾਲਿਜ, ਸਿਵਲ ਲਾਈਨ ਦੇ ਲਾਨ ਵਿੱਚ ਹਨ । ਵਿਚਾਲੇ ਵੱਡੀ ਸਮਾਧ ਮਹਾਰਾਣੀ ਦਾਤਾਰ ਕੌਰ ਦੀ ਹੈ, ਜਿਸਨੂੰ ਮਹਾਰਾਣੀ ਨਕਾਇਨ ਵੀ ਆਖਿਆ ਜਾਂਦਾ ਸੀ । ਇਹ ਮਹਾਰਾਜਾ ਖੜਕ ਸਿੰਘ ਦੀ ਮਾਂ ਤੇ ਮਹਾਰਾਜਾ ਰਣਜੀਤ ਸਿੰਘ ਦੀ ਧਰਮ ਪਤਨੀ ਸੀ । ਇਸ ਦੇ ਸੱਜੇ ਪਾਸੇ ਵਾਲੀ ਸਮਾਧ ਮਹਾਰਾਣੀ ਚੰਦ ਕੌਰ ਦੀ ਹੈ, ਜੋ ਕੰਵਰ ਨੌ ਨਿਹਾਲ ਸਿੰਘ ਦੀ ਮਾਂ ਤੇ ਖੜਕ ਸਿੰਘ ਦੀ ਪਤਨੀ ਸੀ । ਖੱਬੇ ਪਾਸੇ ਵਾਲੀ ਸਮਾਧ ਕੰਵਰ ਨੌਨਿਹਾਲ ਸਿੰਘ ਦੀ ਪਤਨੀ ਗੁਲਾਬ ਕੌਰ ਦੀ ਹੈ ।

ਇਹ ਸਮਾਧਾਂ ਸਿੱਖ ਰਾਜ ਦੇ ਅਖੀਰੀ ਵੇਲੇ ਉਸਰੀਆਂ । ਇਸ ਵੇਲੇ ਇਹਨਾਂ ਅੰਦਰ ਦਫਤਰ ਦਾ ਕੰਮ ਹੁੰਦਾ ਹੈ । ਇਮਾਰਤਾਂ ਤਗੜੀਆਂ ਤੇ ਪੱਕੀਆਂ ਹਨ, ਕਾਲਿਜ ਦੇ ਘੇਰੇ ਵਿੱਚ ਹੋਣ ਕਾਰਨ ਬਚੀਆਂ ਹੋਈਆਂ ਹਨ ।

سمادھاں' مہارانی نکائین' چند کور تے گلاب کور' لاہور

ایہ تنوں سمادھاں' لاہور ضلع کچہری دے نال ایس ایس پی آفس دے ساہمنے گورنمنٹ اسلامیا کالج سول لاین دے لان وچ ہن. وچالے وڈی سمادھ مہارانی داتار کور دی ہے. جہنوں مہارانی نکائین وی آکھیا جاندا سی. ایہ مہاراجا کھڑک سنگھ دی ماں اتے مہاراجا رنجیت سنگھ دی دھرم پتنی سی. اس دے سجے پاسے والی سمادھ مہارانی چند کور دی ہے. جو کنور نونہال سنگھ دی ماں اتے کھڑک سنگھ دی پتنی سی. کھبے پاسے والی سمادھ کنور نونہال سنگھ دی دھرم پتنی گلاب کور دی ہے.

ایہ سمادھاں سکھ راج دے اخیری ویلے اُسریاں' اِس ویلے ایہناں اندر کالج دے دفتر دا کم ہوندا ہے. عمارتاں تگڑیاں اتے پکیاں ہن. کالج دے گھیرے وچ ہون کارن بچیاں ہوئیاں ہن.

SAMADHS MAHARANI NAKAIN CHAND KAUR AND GULAB KAUR AT LAHORE

These samadhs are located in the lawns of Govt Islamia College Civil Lines. The college is in front of the office of SSP adjacent to the Lahore District Court. The bigger samadh, at the centre, is that of Maharani Datar Kaur who was also known as Maharani Nakain. She was the wife of Maharaja Ranjit Singh and the mother of Kharrak Singh. On its right is the samadh of Maharani Chand Kaur who was the wife of Kharrak Singh and the mother of Naunehal Singh. The samadh on the left belongs to Ghulab Kaur, the wife of Kunwar Naunehal Singh.

All these Samadhs were built during the last days of Sikh rule. At present the office of the college functions in these samadhs. The buildings are strong and have remained safe so for due to its location within the college compound.



ਸਮਾਧ ਮਹਾਰਾਜਾ ਸ਼ੇਰ ਸਿੰਘ, ਚਾਹ ਮੀਰਾ, ਲਾਹੌਰ

ਮਹਾਰਾਜਾ ਸ਼ੇਰ ਸਿੰਘ ਉਹਦੀ ਧਰਮ ਪਤਨੀ ਰਾਣੀ ਰੰਧਾਵੀ ਧਰਮ ਕੌਰ ਅਤੇ ਰਾਣੀ ਪ੍ਰਤਾਪ ਕੌਰ ਦੀਆਂ ਸਮਾਧੀਆਂ ਇਸੇ ਥਾਂ ਉੱਤੇ ਹਨ । ਇਸ ਇਲਾਕੇ ਨੂੰ ਦੱਖਣੀ ਲਾਹੌਰ ਆਖਿਆ ਜਾਂਦਾ ਹੈ ।

ਕਦੇ ਇਸ ਥਾਂ ਉੱਤੇ ਰਾਵੀ ਦਰਿਆ ਵਗਦਾ ਸੀ । ਇਸ ਦਰਿਆ ਦੇ ਕਿਨਾਰੇ ਹੀ ਬਾਰਾਦਰੀ ਸ਼ਾਹ ਬਿਲਾਵਲ ਸੀ । ੧੫ ਸਤੰਬਰ ੧੮੪੩ ਨੂੰ ਮਹਾਰਾਜਾ ਇਸ ਥਾਂ ਫੌਜ ਦਾ ਮੁਆਇਨਾ ਕਰਨ ਆਇਆ ਤਾਂ ਉਸ ਦੇ ਜਰਨੈਲ ਸਰਦਾਰ ਅਜੀਤ ਸਿੰਘ ਸੰਧਾਵਾਲੀਆ ਨੇ ਬੰਦੂਕ ਪੇਸ਼ ਕੀਤੀ । ਜਦ ਮਹਾਰਾਜਾ ਉਹ ਬੰਦੂਕ ਫੜਨ ਲੱਗਾ ਤਾਂ ਉਸ ਨੇ ਘੋੜਾ ਦਬਾ ਦਿੱਤਾ, ਜਿਸ ਦੇ ਫੱਟ ਜਾਣ ਨਾਲ ਮਹਾਰਾਜਾ ਉੱਥੇ ਹੀ ਸੁਰਗਵਾਸ ਹੋ ਗਿਆ । ਉਸੇ ਹੀ ਵੇਲੇ ਲਹਿਣਾ ਸਿੰਘ ਸੰਧਾਵਾਲੀਆ ਨੇ ਮਹਾਰਾਜ ਦੇ ਸੱਤ ਸਾਲਾਂ ਦੇ ਪੁੱਤਰ ਕੰਵਰ ਪ੍ਰਤਾਪ ਸਿੰਘ ਨੂੰ ਵੀ ਕਤਲ ਕਰ ਦਿੱਤਾ ।

ਇਥੇ ਹੀ ਉਹਨਾਂ ਦਾ ਅੰਤਮ ਸੰਸਕਾਰ ਹੋਇਆ ਅਤੇ ਮਗਰੋਂ ਸਮਾਧੀਆਂ ਬਣਾ ਦਿੱਤੀਆਂ ਗਈਆਂ । ਮਹਾਰਾਜਾ ਸ਼ੇਰ ਸਿੰਘ ਦੀ ਸਮਾਧੀ ਦੇ ਪੂਰਬੀ ਪਾਸੇ ਰਾਣੀ ਰੰਧਾਵੀ ਦੀ ਸਮਾਧ ਹੈ ਅਤੇ ਪੱਛਮ ਵਾਲੇ ਪਾਸੇ ਰਾਣੀ ਪ੍ਰਤਾਪ ਕੌਰ ਦੀ । ਰਾਣੀ ਰੰਧਾਵੀ ੧੪ ਸੰਮਤ ੧੯੨੭ ਨੂੰ ਤੇ ਪ੍ਰਤਾਪ ਕੌਰ ਦਾ ਦਿਹਾਤ ਸੰਮਤ ੧੯੧੨ ਨੂੰ ਹੋਇਆ ।

ਇਸ ਵੇਲੇ ਬਾਰਾਂ ਦਰੀ ਸ਼ਾਹ ਬਿਲਾਵਲ ਅਤੇ ਇਹ ਸਮਾਧੀਆਂ ਖੰਡਰ ਦੇ ਰੂਪ ਵਿੱਚ ਖਲੋਤੀਆਂ ਹਨ, ਜੋ ਕਿਸੇ ਵੇਲੇ ਵੀ ਅਲੋਪ ਹੋ ਸਕਦੀਆਂ ਹਨ ।

سمادھ مہاراجا شیر سنگھ' چاہ میراں لاہور

مہاراجا شیر سنگھ اوہدی دھرم پتنی رانی رندھاوی دھرم کور اتے رانی پرتاب کور دیاں سمادھاں ایسے تھاں تے ہی ہن. اِس علاقے نُوں دکھنی لاہور آکھیا جاندا ہے.

کدی اس تھاں تے راوی دریا وگدا سی. اس دریا دے کنارے ہی بارھاں دری شاہ بلاول سی. 15 ستمبر 1843ء نوں مہاراجا اس تھاں فوج دا معاینا کرن آیا تاں اس دے جرنیل سردار اجیت سنگھ سندھاں والیا نے بندوق پیش کیتی جد مہاراجا اوہ بندوق پھڑن لگا تاں اوس گھوڑا دبا دتا جہدے پھٹ نال مہاراجا اوتھے ہی سورگ واس ہوگیا. اوسے ہی ویلے لہنا سنگھ سندھاں والیا نے مہاراجے دے ست سالاں دے پُت کنور پرتاب سنگھ نُوں قتل کر دتا.

ایتھے ہی اوہناں دا انتم سسکار ہویا اتے مگروں سمادھیاں بنا دتیاں گئیاں. مہاراجا شیر سنگھ دی سمادھ دے پوربی پاسے مہارانی رندھاوی دی سمادھ ہے تے پچھم والے پاسے رانی پرتاب کور دی. رانی رندھاوی سمت 1927 نُوں تے رانی پرتاب کور دا دیہانت سمت 1912 نُوں ہویا.

اس ویلے بارھاں دری شاہ بلاول' اتے ایہ سمادھیاں کھنڈراں دے روپ وچ کھلوتیاں ہن جو کسے ویلے وی الوپ ہو سکدیاں ہن.

SAMADH MAHARAJA SHER SINGH CHAH MIRAN LAHORE

The samadhs of Maharaja Sher Singh, his wife queen Randhawi, Dharam Kaur and Rani Partab Kaur are located in this place. This area is known as Southern Lahore. Once River Ravi flowed here and the Baradari of Shah Bilawal was on this river. Sher Singh came here to inspect the troops on 15th September 1843. His General Sardar Ajit Singh Sindhan Walia presented him a gun and pulled the trigger when Maharaja was about to hold the gun. He died at the spot. Lehna Singh Sindhan Walia killed his seven year old son, Kunwar Partab Singh, simultaneously.

They were cremated at this place, later their Samadhs were built here. The samadh of Maharani is on the eastern side of Maharaja Sher Singh's samadh whereas the one on the western side is the samadh of Rani Partab Kaur. Rani Randhawi died in Samvat 1927 while Partab Kaur met her lord in Samvat 1912

The baradari of Shah Balawal and the samadhs are still present but may be completely vanish any moment.



ਗੁਰਦੁਆਰਾ ਮਾਮੇਸਰ, ਲਲਿਆਣੀ, ਜ਼ਿਲਾ ਕਸੂਰ

ਮਾਮੇਸਰ ਨਾਮੀ ਗੁਰਦੁਆਰਾ ਜ਼ਿਲ੍ਹਾ ਕਸੂਰ ਦੇ ਮਸ਼ਹੂਰ ਕਸਬੇ ਲਲਿਆਣੀ ਦੇ ਇਲਾਕੇ ਵਿੱਚ ਹੈ । ਇਹ ਕਸਬਾ ਲਾਹੌਰ ਤੋਂ ਫਿਰੋਜ਼ਪੁਰ ਜਾਣ ਵਾਲੀ ਸੜਕ ਉੱਤੇ ਹੈ । ਇਸ ਕਸਬੇ ਦੀ ਆਬਾਦੀ ਤੋਂ ਉੱਤਰ ਪੱਛਮ ਵਾਲੇ ਪਾਸੇ ਕੋਈ ਡੇਢ ਕਿਲੋਮੀਟਰ ਦੀ ਦੂਰੀ ਉੱਤੇ ਇਹ ਪਾਵਨ ਅਸਥਾਨ ਹੈ ।

ਇਸ ਇਲਾਕੇ ਅੰਦਰ ਬਾਬਾ ਮਾਮੇ ਸਿੰਘ ਇੱਕ ਬਹੁਤ ਹੀ ਮਸ਼ਹੂਰ ਸੂਫੀ ਹੋਇਆ ਹੈ, ਇਹ ਉਸ ਦਾ ਅਸਥਾਨ ਸੀ । ਉਸਨੇ ਇੱਥੇ ਗੁਰਦੁਆਰਾ ਬਣਵਾਇਆ ਜਿਹਦਾ ਨਾਂ ਮਾਮੇਸਰ ਮਸ਼ਹੂਰ ਹੋ ਗਿਆ । ਇਸ ਪਾਵਨ ਅਸਥਾਨ ਦੇ ਨਾਂ ੮੫ ਘੁਮਾਉਂ ਜ਼ਰੱਈ ਜਮੀਨ ਹੈ ।

ਗੁਰਦੁਆਰ ਸਾਹਿਬ ਦੀ ਇਮਾਰਤ ਇਸ ਵੇਲੇ ਖੰਡਰ ਹੋ ਚੁੱਕੀ ਹੈ । ਇਸ ਦੇ ਨਾਲ ਲਗਦਾ ਖੂਹ ਅੱਜ ਵੀ ਜਲ ਪ੍ਰਸ਼ਾਦ ਛਕਾ ਰਿਹਾ ਹੈ । ਇਸ ਦੇ ਵੱਡੇ ਵੱਡੇ ਰੁੱਖ ਇੱਕ ਸੁੰਦਰ ਨਜ਼ਾਰਾ ਪੇਸ਼ ਕਰਦੇ ਹਨ । ਇਮਾਰਤ ਦੇ ਅਖੀਰੀ ਨਿਸ਼ਾਨ ਕੁਝ ਸਾਲਾਂ ਦੇ ਪ੍ਰਾਹੁਣੇ ਹਨ ।

گردوارا ماہے سرٔ للیانی ضلع قصور

ماہے سرنامی گرداورہ ضلع قصور دے مشہور قصبے للیانی دے علاقے وچ ہے. ایہ قصبا لاہور توں فیروز پور جان والی سڑک اُتے ہے. اس قصبے دی آبادی توں اُتر پچھم والے پاسے کوئی ڈیڈھ کلو میٹر دی دُوری اُتے ایہ پاون استھان ہے.

اس علاقے اندر بابا ماہے سنگھ اِک بہت مشہور صوفی ہویا ہے. ایہ اس دا استھان سی. اوس نے ایتھے گردوارا بنوایا جہدا ناں ماہے سر مشہور ہو گیا اس پاون استھان دے ناں 85 گھماؤں زرعی زمین ہے.

گردوارا صاحب دی عمارت اس ویلے کھنڈر ہو چکی ہے. اس نال لگدا کھوہ اج وی جل پرشاد چھکا رہیا ہے. اس دے وڈے وڈے رکھ اِک سُندر نظارا دان کردے ہن. عمارت دے اخیری نشان کجھ سالاں دے پروہنے ہن.

GURDWARA MAHME SAR AT LALYANI DISTRICT KASUR

The Gurdwara Mahme Sar is located in the vicinity of Lalyani town of Kasur district. It is on the Lahore-Ferozpur road. This holy shrine is one and a half km north-west of the town.

Baba Mahme Singh was a well known sufi (mystic) of this area. It was his residence. He built a Gurdwara here which came to be known as Mahme Sar Gurdwara.

85 ghumaon of agricultural land is attached to this holy shrine. The building of Gurdwara is in ruins but the well attached to it is still running and provides water. Its tall trees present a beautiful scene. The remnants of the building may survive a few years more.



ਗੁਰਦੁਆਰਾ ਅਜੀਤਸਰ, ਓਕਾੜਾ

ਇਹ ਪਾਵਨ ਅਸਥਾਨ ਰਿਨਾਲਾ ਖ਼ੁਰਦ ਤੋਂ ਦੀਪਾਲਪੁਰ ਜਾਣ ਵਾਲੀ ਸੜਕ ਉੱਤੇ ਪਿੰਡ 11/1-L ਵਿੱਚ ਹੈ। ਇਸ ਦਾ ਬੱਸ ਸਟਾਪ ਚੱਕ ਨੰ: 10/1-L ਦਾ ਰਜਵਾਏ ਵਾਲੀ ਪੁਲੀ ਹੈ। ਇਸ ਰਜਵਾਏ ਦੇ ਨਾਲ ਨਾਲ ਟੁਰਦਿਆਂ ਲਹਿੰਦੇ ਪਾਸੇ ਤਿਨ ਕਿਲੋਮੀਟਰ ਦੀ ਵਿੱਥ ਉਤੇ ਉਕਾ ਰਜਵਾਏ ਕਿਨਾਰੇ ਹੈ। ਗੁਰਦੁਆਰੇ ਦੀਆਂ ਇਮਾਰਤਾਂ ਅੰਦਰ ਅਮ੍ਰਿਤਸਰ ਦੇ ਮੁਹਾਜਿਰ ਵੱਸੇ ਹੋਏ ਹਨ। ਇਸ ਪਾਵਨ ਅਸਥਾਨ ਦੇ ਨਾਲ ਇਕ ਸਕੂਲ ਸੀ ਜੋ ਹੁਣ ਗੌਰਮਿੰਟ ਹਾਈ ਸਕੂਲ ਚੱਕ ਨੰ: 11/1-L ਅਜੀਤ ਸਰ ਦੇ ਨਾਂ ਤੋਂ ਜਾਣਿਆ ਜਾਂਦਾ ਹੈ

گردوارا اجیت سر' اوکاڑا

ایہ پاون استھان رینالا خورد توں دیپال پور جان والی سڑک اُتے پنڈ L-11/1 وِچ ہے. ایس دا بس سٹاپ چک نمبر L-10/1 دا رجوائے والی پلی ہے. ایس رجوائے دے نال نال ٹردیاں لہندے پاسے تِن کلو میٹر دی وِتھ اُتے اُکا رجوائے کنارے ہے. گردوارے دِیاں عمارتاں اندر امرتسر دے مہاجر وسے ہوئے ہن. ایس پاون استھان دے نال اک سکول سی جو ہُن گورنمنٹ ہائی سکول چک نمبر L-11/1 اجیت سر دے ناں توں جانیا جاندا ہے.

GURDWARA AJEET SAR OKARA

This sacred shrine is in village 11/1-L situated on Renala Khurd-Dipalpur Road. Its bus stop is the bridge for chak No: 10/1-L on the canal. The shrine can be reached by walking 3 km along the canal towards west of the bridge. Refugees from Amritsar are settled in the buildings of the Gurdwara. The school now going by the name of Government High School Chak No 11/1-L was once a part of this Gurdwara.



BIBLIOGRAPHY

1. *Aad Sikh te aad Sakhian* by Satbir Singh, 1987, Jullandhar.
2. *Khalse Di Vaasi*, by Satbir Singh, 1966, Jullandhar.
3. *Sada Itihas* Vol 1, by Satbir Singh, 1957, Jullandhar.
4. *Ashtam Balbira*, by Satbir Singh, 1980, Jullandhar.
5. *Nirbhao Nirvair*, by Satbir Singh, 1981, Jullandhar.
6. *Gur Bhari*, by Satbir Singh, 1968, Jullandhar.
7. *Bhai Vir Singh Rachnaavli*, Vol 5, 1973, Patiala.
8. *Siri Guru Nanak Chamatkar*, Vol 1, by Bhai Veer Singh Ji, 1971, Amritsar.
9. *Raaj Khalsa*, by Bhai Kartar Singh Giani, Classvalia, 1934, Lahore.
10. *Tawareekh Guru Khalsa*, by Bhai Gian Singh Giani, 1897, Lahore.
11. *Gurmat Darshan*, by Prof. Sher Singh Giani, 1992, Amritsar.
12. *Naqoosh*, Lahore Number, 1962, Lahore.
13. *Tehqiqat-e-Chishti*, by Molvi Noor Ahmad Chishti, 1964, Lahore.
14. *Mahan Kosh*, by Bhai Kahn Singh Nabha, 1990, Patiala.
15. *Tareekh Makhzan-e-Punjab*, by Mufti Ghulam Sarver Lahori, 1997, Lahore.
16. *Dekh lia Multan*, by Dr. Zahid Ali Wasti, 1992, Multan.
17. *Tareekh-e-Punjab*, by Kinhaya Lal Hindi, 1981, Lahore.
18. *Tareekh-e-Lahore*, by Kinhaya Lal Hindi, 1981, Lahore.
19. *Tareekh-e-Lahore*, by Syed Muhammad Latif, 1992, Lahore.
20. *Tareekh-e-Punjab*, by Syed Muhammad Latif, 1992, Lahore.
21. *Tareekh-e-Vihari*, by Kaleem Shehzad, 1994, Lahore.
22. *Tareekh-e-Muzaffargarh*, by Sajjad Haidar Pervaiz, 1989, Lahore.
23. *Tareekh Depalpur*, by Mian Allah Ditta Naseem Saleemi, 1993, Lahore.
24. *Tareekh Gujrat*, by Dr. Ahmad Hassan Qureshi Qiladari, Lahore.
25. *Tareekh Hafizabad*, by Aziz Ali Sheikh, 1997, Lahore.
26. *Tuzk-e-Jehangiri*, translated by Molvi Ahmad Ali Rampuri, 1997, Lahore.
27. *Tareekh Pakpattan*, by Mian Allah Bakhsh Tariq, 1987, Lahore.
28. *Gurmat Prakash*, May 1992, Amritsar.
29. *Dharmshala te Gurdware*, by Shamsher Singh Ashok, 1970, Amritsar.
30. *Karachi Tareekh ke Aaine men*, by Muhammad Usman Dmohi, Karachi.
31. *Tawareekh Zila Dera Ghazi Khan*, by Munshi Hukm Chand, Karachi.
32. *Aakhia Baba Farid ne*, compiled by Muhammad Asif Khan, Lahore.
33. *Jang Hind Punjab*, edited by Muhammad Asif Khan, Lahore.
34. *Gurdware Gurdham*, published by Shiromni Committee, Amritsar.
35. *Sikh Shrines in West Pakistan*, by Khan Muhammad Waliullah Khan, 1962, Lahore.
36. *Sikh pilgrims to Pakistan*, by Hardeep Singh Choudhary, London.
37. *Travels of Guru Nanak*, by Dr. Prof. Surindar Singh Kohli, 1978, Chandigarh.
38. *Sikh Shrines in Jammu & Kashmir*, by Jasbir Singh Sarna, 1994, Canada.

ACKNOWLEDGMENTS

Although the author's name appears on the cover, this type of books are team sports. The talent of many others contribute to a book's sucess. In this case I would like to acknowledge the contribution of Hafeez Ahmad, Tanveer Ahmad (Ravel) Aashaq Ali Faisal, Noorulain Saadia, Syed Rizwan Ali Shah (Syed Photo Studio, Nisbat Road), Shehzad Bhatti, Aamer Habib, Majesty Photographers, Sajjad Bokhari, Raja Hammadullah, Zuhoor Ahmad Khan, Yousaf Punjabi, Mohammad Shafique Tabassum, Mohammad Anwar (Lahore), Khalid Arman, Alim Shakeel (Kasur), Prof. Abad Nabeel Shad (Kangan pur) Tajammal Kaleem, Raza Hasan, Ali Shakar, Mohammad Mustafa (Chunian) Tasaddaq Bhatti (Renala Khurd), Shafqat Hussain Qazi (Hujra Shah Muqeem) Waseem Gardezi (Naroval) Aziz Ali Sheikh, Habibullah Shaheen (Hafizabad), Mamtaz Baloch, Tahir Shirazi (Jhang), Tariq Gujjar, Latif Fatehpuri, Imtiaz Latif, Munir Chughtai, Saleem Gurmani (Layya), Abdul Ghafoor Qureshi (Bhakkar), Touqir Chughtai, Rawal Rath, Nisar Hussain (Karachi), Khalil Ahmad Faridi (Muzaffargarh).

Iqbal Qaisar